ੴ

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ

# ਗੁਰ ਬਾਲਮ ਸਾਖੀਆਂ

**ਭਾਈ ਸਾਹਿਬ ਭਾਈ ਵੀਰ ਸਿੰਘ**

**ਭਾਈ ਵੀਰ ਸਿੰਘ ਸਾਹਿਤ ਸਦਨ**

ਭਾਈ ਵੀਰ ਸਿੰਘ ਮਾਰਗ, ਗੋਲ ਮਾਰਕਿਟ, ਨਵੀਂ ਦਿੱਲੀ-110001

 www.sikhbookclub.com

## ਛਪਾਈ ਦਾ ਵੇਰਵਾ

| | | |
|---|---|---|
| ਪਹਿਲੀ ਵਾਰ | ਮਈ, | 1955 |
| ਦੂਜੀ ਵਾਰ | ਮਾਰਚ, | 1958 |
| ਤੀਜੀ ਵਾਰ | ਜੂਨ, | 1967 |
| ਚੌਥੀ ਵਾਰ | ਅਪ੍ਰੈਲ, | 1971 |
| ਪੰਜਵੀਂ ਵਾਰ | ਫਰਵਰੀ, | 1981 |
| ਛੇਵੀਂ ਵਾਰ | ਅਗਸਤ, | 1992 |
| ਸਤਵੀਂ ਵਾਰ | ਫਰਵਰੀ, | 1994 |
| ਅਠਵੀਂ ਵਾਰ | ਸਤੰਬਰ, | 1995 |
| ਨੌਵੀਂ ਵਾਰ | ਨਵੰਬਰ, | 1996 |
| ਦਸਵੀਂ ਵਾਰ | ਦਸੰਬਰ, | 1998 |
| ਗਯਾਰਵੀਂ | ਅਪ੍ਰੈਲ, | 2000 |
| ਬਾਰ੍ਹਵੀਂ | ਸਤੰਬਰ, | 2003 |
| ਤੇਰ੍ਹਵੀਂ | ਜੂਨ, | 2004 |
| ਚਉਧਵੀਂ | ਜਨਵਰੀ, | 2008 |

Gur Balam Sakhian Guru Nanak Dev Ji

Bhai Vir Singh

ISBN : 978-93-80854-38-0

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

15 ਵੀਂ ਐਡੀਸ਼ਨ : ਅਪ੍ਰੈਲ, 2011

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

***Printer***
Printograph
2966/41, Beadon Pura
Karol Bagh, New Delhi-110 005

ਮੁੱਲ : **75/-** ਰੁਪਏ

 www.sikhbookclub.com

# ਸੂਚੀ ਪੱਤ੍ਰ ਸਾਖੀਆਂ


| ਸਾਖੀ | ਪੰਨਾ |
|---|---|
| ੧. ਸਾਡੇ ਸੋਹਣੇ ਗੁਰੂ ਜੀ ਦਾ ਘਰ ਬਾਰ। | ੫ |
| ੨. ਗੁਰੂ ਜੀ ਦਾ ਔਤਾਰ। | ੭ |
| ੩. ਬਾਲ ਚੋਜ। | ੮ |
| ੪. ਬਾਲਪਨੇ ਵਿਚ ਦਾਨ-ਸੁਭਾਵ। | ੯ |
| ੫. ਪਾਂਧਾ | ੧੧ |
| ੬. ਪਾਂਧੇ ਨੂੰ ਉਪਦੇਸ਼ | ੧੩ |
| ੭. ਪੰਡਿਤ ਬ੍ਰਿਜ ਨਾਥ। | ੧੫ |
| ੮. ਮੁੱਲਾਂ। | ੧੭ |
| ੯. ਜਨੇਊ। | ੨੦ |
| ੧੦. ਮੱਝੀਆਂ ਦਾ ਛੇੜੂ। | ੨੪ |
| ੧੧. ਸੱਪ ਦੀ ਛਾਇਆ। | ੨੮ |
| ੧੨. ਬਿਰਛ ਦੀ ਛਾਂ। | ੩੦ |
| ੧੩. ਖੇਤੀ। | ੩੧ |
| ੧੪. ਵੈਦ। | ੩੭ |
| ੧੫. ਖਰਾ ਸੌਦਾ। | ੪੪ |
| ੧੬. ਰਾਇ ਬੁਲਾਰ ਦਾ ਪਜਾਰ | ੫੨ |
| ੧੭. ਇਕ ਅਤੀਤ ਸਾਧੂ। | ੫੭ |
| ੧੮. ਸੁਲਤਾਨਪੁਰ ਆਏ। | ੫੯ |
| ੧੯. ਜਗਤ ਦਾ ਗੁਰੂ ਹੁਣ ਮੋਦੀ ਬਣਿਆ। | ੬੦ |
| ੨੦. ਮਰਦਾਨਾ। | ੬੨ |
| ੨੧. ਸਰਬੱਤ ਦਾ ਭਲਾ | ੬੩ |
| ੨੨. ਗੁਰੂ ਨਾਨਕ ਜੀ ਗ੍ਰਿਹਸਤੀ। | ੬੪ |
| ੨੩. ਗੁਰੂ ਨਾਨਕ ਦਾ ਸਤਿਸੰਗ ਖੇੜਾ। | ੬੮ |
| ੨੪. ਭਾਈ ਭਗੀਰਥ | ੬੯ |
| ੨੫. ਮਰਦਾਨੇ ਦੀ ਧੀ ਦਾ ਵਜਾਹ | ੭੧ |
| ੨੬. ਲਾਹੌਰ ਤੋਂ ਵਿਆਹ ਦੀ ਸੌਜ ਤੇ ਮਨਸੁਖ। | ੭੨ |
| ੨੭. ਮਨਸੁਖ ਨਿਸਤਾਰਾ। | ੭੬ |
| ੨੮. ਭਗੀਰਥ ਦੀ ਹੋਰ ਸਾਖੀ। | ੮੨ |
| ੨੯. ਸੁਲਤਾਨ ਪੁਰ ਸਤਿਸੰਗੀ ਵਾੜੀ। | ੮੩ |
| ੩੦ ਗੁਰੂ ਜੀ ਦਾ ਗੁੰਮ ਹੋ ਜਾਣਾ। | ੮੬ |
| ੩੧. ਗੁਰੂ ਜੀ ਤੇ ਵਾਹਿਗੁਰੂ ਜੀ। | ੮੮ |
| ੩੨. ਗੁਰੂ ਬਾਬੇ ਨੇ ਡੇਰਾ ਲੁਟਾ ਦਿਤਾ। | ੯੪ |
| ੩੩. ਮੁੱਲਾਂ। | ੯੬ |
| ੩੪. ਮਸੀਤ ਤੇ ਨਿਮਾਜ਼। | ੯੭ |
| ੩੫. ਸੁਲਤਾਨ ਪੁਰੋਂ ਵਿਦੈਗੀ। | ੯੯ |
| ੩੬. ਮਾਈ ਵਿਰਾਈ। | ੧੦੨ |

| ਸਾਖੀ | ਪੰਨਾ |
|---|---|
| ੩੭. ਅੰਮ੍ਰਿਤ ਸਰੋਵਰ। | ੧੦੫ |
| ੩੮. ਸੈਦਪੁਰ ਸੰਡਿਆਲੀ। | ੧੦੭ |
| ੩੯. ਦੁੱਧ ਕਿ ਲਹੂ। | ੧੦੯ |
| ੪੦. ਫਕੀਰਾਂ ਦੀ ਬੰਦ ਛੁਡਾਈ। | ੧੧੨ |
| ੪੧. ਤਿਲਵੰਡੀ ਫੇਰੀ। | ੧੧੭ |
| ੪੨. ਤੁਲਸਾਂ ਦਾਸੀ। | ੧੨੦ |
| ੪੩. ਮੁੜ ਸੈਦਪੁਰ ਆਏ। | ੧੨੩ |
| ੪੪. ਹੜੱਪੇ ਦੀ ਸਾਖੀ। | ੧੨੫ |
| ੪੫. ਸੱਜਣ ਠੱਗ। | ੧੨੭ |
| ੪੬. ਇਕ ਪੀਰ ਸੰਵਾਰਿਆ। | ੧੩੨ |
| ੪੭. ਹਰਿਦੁਆਰ ਫੇਰੀ। | ੧੩੮ |
| ੪੮. ਕੁਰਛੇਤ੍ਰ ਫੇਰੀ। | ੧੪੪ |
| (ਗ੍ਰਹਣ) | ੧੪੬ |
| ੪੯. ਮਨਸੁਖ ਸ਼ਿਵਨਾਭ। | ੧੫੨ |

| ਸਾਖੀ | ਪੰਨਾ |
|---|---|
| ੫੦. ਪਾਣੀਪਤ। | ੧੫੬ |
| ੫੧. ਦਿੱਲੀ। | ੧੫੮ |
| ੫੨. ਸ਼ੇਖ ਬਜੀਦ। | ੧੬੧ |
| ੫੩. ਨਾਨਕ ਮਤਾ। | ੧੬੩ |
| ੫੪. ਮਿੱਠਾ ਰੀਠਾ। | ੧੬੯ |
| ੫੫. ਪੰਡਤ ਚਤੁਰ ਦਾਸ। | ੧੬੯ |
| ੫੬. ਸ੍ਰੀ ਗੁਰੂ ਜੀ ਪਟਨੇ ਆਇ। (ਸਾਲਸਰਾਇ) | ੧੭੦ |
| ੫੭. ਗਯਾ। | ੧੮੪ |
| ੫੮. ਬੁਧ ਗਯਾ-ਦੇਵਗਿਰ। | ੧੮੬ |
| ੫੯. ਰਾਜੌਲੀ। | ੧੯੨ |
| ੬੦. ਪਾਲੀ ਨੂੰ ਪਾਤਸ਼ਾਹੀ। | ੧੯੨ |
| ੬੧. ਮੋਹਰਾਂ ਦੇ ਕੋਲੇ ਤੇ ਸੂਲੀ ਦੀ ਸੂਲ। | ੧੯੪ |
| ੬੨. ਠੱਗ ਤਾਰੇ। | ੨੦੧ |


## ਛੇ 'ਗੁਰ ਬਾਲਮ ਗੀਤ'


| | |
|---|---|
| ੧. ਗੁਰ ਨਾਨਕ ਗੁਰ ਨਾਨਕ ਤੂੰ। | ੨੦੬ |
| ੨. ਗੁਰ ਨਾਨਕ ਜਗ ਆਇਆ। | ੨੦੮ |
| ੩. ਗੁਰ ਨਾਨਕ ਦਾ ਥੀ। | ੨੧੦ |
| ੪. ਸ੍ਵਾਗਤ ਸੋਹਿਲਾ। | ੨੧੨ |
| ੫. ਗੁਰ ਨਾਨਕ ਆਇਆ। | ੨੧੪ |
| ੬. ਦੁਹਾਈ ਹੈ। | ੨੧੬ |


❖❖❖

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

— — — —

## ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ

# ਗੁਰ ਬਾਲਮ ਸਾਖੀਆਂ

— — — —

## ੧. ਸਾਡੇ ਸੋਹਣੇ ਗੁਰੂ ਜੀ ਦਾ ਘਰ ਬਾਰ।

**ਸਾਡੇ** ਸੋਹਣੇਂ ਗੁਰੂ ਜੀ ਦਾ ਨਾਉਂ ਸ੍ਰੀ ਗੁਰੂ ਨਾਨਕ ਦੇਵ ਜੀ ਹੈ। ਸ੍ਰੀ ਗੁਰੂ ਜੀ ੧੪੬੯ ਈਸਵੀ ਨੂੰ ਇਸ ਦੁਨੀਆਂ ਵਿਚ ਆਏ ਸਨ। ਤਦੋਂ ਇਥੇ ਬਹਿਲੋਲ ਲੋਧੀ ਦਾ ਰਾਜ ਸੀ। ਜੇ ਹਿਸਾਬ ਸਿਰ ਗੱਲ ਕਰੀਏ ਤਾਂ ਤਦੋਂ ਸੰਮਤ ਸੀ ੧੫੨੬ ਬਿਕ੍ਰਮੀ। ਗੁਰੂ ਜੀ ਦੇ ਰੱਬ ਜੀ ਦੇ ਪਾਸੋਂ ਦੁਨੀਆਂ ਵਿਚ ਆਉਣ ਨੂੰ 'ਅਵਤਾਰ' ਆਖੀਦਾ ਹੈ। ਰਬ ਜੀ ਨੇ ਉਹਨਾਂ ਨੂੰ ਘੱਲਿਆ ਸੀ ਜੋ ਉਹ ਲੋਕਾਂ ਨੂੰ ਭਲੇ ਕੰਮਾਂ ਵਿਚ ਲਾਉਣ, ਆਪੋ ਵਿਚ ਪਿਆਰ ਕਰਨਾ ਸਿਖਾਲਣ ਤੇ ਰੱਬ ਜੀ ਨਾਲ ਬੀ ਪਿਆਰ ਕਰਨ ਦੀ ਸੁਹਣੀ ਮਤਿ ਦੇਣ।

ਜਿਸ ਪਿੰਡ ਆਪ ਜੀ ਦਾ ਅਵਤਾਰ ਹੋਇਆ ਉਸਦਾ ਨਾਉਂ ਸੀ, 'ਰਾਇ ਭੋਇ ਦੀ ਤਲਵੰਡੀ'। ਇਹ ਥਾਂ ਲਾਹੌਰ ਤੋਂ ਲਹਿੰਦੇ ਵਲ ਨੂੰ ਹੈ ਕੋਈ ੧੭ ਯਾ ੨੦ ਕੋਹ ਦੀ ਵਿੱਥ ਉਤੇ*।

---

*ਤਲਵੰਡੀ ਦਾ ਪਹਿਲਾ ਨਾਉਂ ਸੀ ਰਾਇ ਪੁਰ, ਫੇਰ ਪਿਆ ਰਾਇ ਭੋਇ ਦੀ ਤਲਵੰਡੀ। ਹੁਣ ਇਸ ਨੂੰ ਆਖਦੇ ਹਨ 'ਨਨਕਾਣਾ ਸਾਹਿਬ'। ਇਹ ਸ਼ਰਕ ਪੁਰ ਦੇ ਪਰਗਨੇ ਜ਼ਿਲਾ ਸ਼ੇਖੂ ਪੁਰਾ (ਪਾਕਿਸਤਾਨ) ਵਿਚ ਹੈ।

 www.sikhbookclub.com

ਗੁਰੂ ਜੀ ਦੀ ਮਾਤਾ ਜੀ ਦਾ ਨਾਉਂ ਸੀ ਬੀਬੀ ਤ੍ਰਿਪਤਾ ਜੀ, ਅਤੇ ਪਿਤਾ ਜੀ ਦਾ ਨਾਉਂ ਸੀ ਮਹਿਤਾ ਕਾਲੂ ਰਾਮ ਜੀ; ਪਰ ਲੋਕੀਂ ਬੁਲਾਉਂਦੇ 'ਕਾਲੂ ਜੀ' ਕਰਕੇ ਹੀ ਸਨ। ਆਪ 'ਖਤ੍ਰੀ' ਸਨ ਤੇ 'ਬੇਦੀ' ਕਹਾਉਂਦੇ ਸਨ।

ਕਾਲੂ ਜੀ ਕੀਹ ਕੰਮ ਕਰਦੇ ਸਨ? ਜਿਸ ਪਿੰਡ ਵਸਦੇ ਸਨ ਉਸ ਨਾਲ ਹੋਰ ਕਿਤਨੇ ਹੀ ਪਿੰਡ ਸਨ; ਇਹਨਾਂ ਨੂੰ 'ਤਪਾ' ਆਖਦੇ ਸਨ। ਇਸ ਤਪੇ ਦਾ ਇਕ ਰਾਇ ਸੀ। 'ਰਾਇ' ਛੋਟੇ ਰਾਜਾ ਨੂੰ ਆਖੀਦਾ ਹੈ। ਇਸ ਰਾਏ ਦਾ ਨਾਉਂ ਸੀ 'ਰਾਇ ਬੁਲਾਰ'। ਇਸ ਰਾਇ ਬੁਲਾਰ ਨੇ ਮਹਿਤਾ ਕਾਲੂ ਜੀ ਨੂੰ ਆਪਣਾ ਕਾਰਦਾਰ ਬਣਾਇਆ ਹੋਇਆ ਸੀ। ਕਾਰਦਾਰ ਆਖਦੇ ਹਨ ਜੋ ਜ਼ਮੀਨਾਂ ਦਾ ਤੇ ਹੋਰ ਹਿਸਾਬ ਲੇਖਾ ਰਖੇ ਤੇ ਲੈਣ ਦੇਣ ਦੇ ਕੰਮ ਭੁਗਤਾਵੇ; ਜੋ ਰਾਇ ਨੂੰ ਸਾਰੇ ਕੰਮ ਆਪ ਨਾ ਕਰਨੇ ਪੈਣ।

ਇਹ ਮਹਿਤਾ ਕਾਲੂ ਹੋਰ ਕੰਮ ਕਾਜ ਕਰਦਾ ਜ਼ਿਮੀਆਂ ਦੇ ਬੀ ਸਾਰੇ ਹਿਸਾਬ ਰਖਦਾ ਸੀ, ਇਸ ਕਰਕੇ ਇਸਨੂੰ ਪਟਵਾਰੀ ਬੀ ਆਖਦੇ ਸਨ। ਇਹ ਹੋਰ ਸਾਰੇ ਪਿੰਡਾਂ ਦੇ ਪਟਵਾਰੀਆਂ ਦਾ ਵਡਕਾ ਬੀ ਸੀ।

ਮਹਿਤਾ ਕਾਲੂ ਦੇ ਘਰ ਸੰਮਤ ੧੫੨੧ ਨੂੰ ਇਕ ਕਾਕੀ ਜਨਮੀ ਸੀ; ਉਸ ਦਾ ਨਾਉਂ ਸੀ 'ਨਾਨਕੀ'। ਤੇ ਲਾਡ ਨਾਲ ਉਸ ਨੂੰ ਬੁਲਾਉਂਦੇ ਸਨ 'ਬੀਬੀ ਨਾਨਕੀ'। ਇਹ ਬੀਬੀ ਬੜੇ ਪਿਆਰ ਵਾਲੀ ਸੀ। ਛੋਟੀ ਉਮਰੇ ਹੀ ਚੰਗੀ ਸੋਹਣੀ ਹੋਸ਼ ਵਾਲੀ ਸੀ। ਛੋਟੀ ਹੁੰਦੀ ਹੀ ਮਾਂ ਨਾਲ ਨਿੱਕੇ ਨਿੱਕੇ ਕੰਮ ਕਰਾਉਂਦੀ ਹੁੰਦੀ ਸੀ ਤੇ ਮਾਂ ਪਾਸੋਂ ਪਰਮੇਸ਼ਰ ਜੀ ਦੀਆਂ ਗੱਲਾਂ ਸੁਣਦੀ ਹੁੰਦੀ ਸੀ। ਕਹਾਣੀਆਂ ਬੀ ਕਰਦੀ ਸੁਣਦੀ ਸੀ, ਬੁਝਾਰਤਾਂ ਬੀ ਪਾਉਂਦੀ ਸੀ, ਪਰ ਪਰਮੇਸ਼ੁਰ ਜੀ ਦੀਆਂ ਗੱਲਾਂ ਤੇ ਭਲਿਆਂ ਲੋਕਾਂ ਦੇ ਹਾਲ ਸੁਣਕੇ ਬਹੁਤ ਖੁਸ਼ ਹੋਇਆ ਕਰਦੀ ਸੀ।

ਜਦੋਂ ਬੀਬੀ ਆਪਣੇ ਹਾਣ ਦੀਆਂ ਕੁੜੀਆਂ ਨਾਲ ਖੇਡਦੀ ਸੀ ਤਾਂ ਉਹਨਾਂ ਲੋਕਾਂ ਨਾਲ ਰਲਕੇ ਨਿੱਕੇ ਨਿੱਕੇ ਗੀਤ ਗਾਉਂਦੀ ਹੁੰਦੀ ਸੀ;

ਗੀਤਾਂ ਵਿਚ ਵੀਰ ਦੇ ਗੀਤ ਬੀ ਗਾਉਂਦੀ ਸੀ। ਇਸ ਦਾ ਜੀ ਲੋਚਦਾ ਸੀ ਕਿ ਰਬ ਜੀ ਮੇਰੇ ਲਈ ਵੀਰ ਬੀ ਘੱਲਣ। ਇਹ ਇਸ ਤਰ੍ਹਾਂ ਦੇ ਟੱਪੇ ਗਾਉਂਦੀ ਹੁੰਦੀ ਸੀ :-

ਆ ਵੀਰਾ ਮੇਰਿਆ, ਭੈਣ ਵਾਜਾਂ ਪਈ ਮਾਰੇ,
ਆ ਵੀਰਾ ਸੋਹਣਿਆਂ, ਭੈਣ ਤੈਥੋਂ ਗਈ ਵਾਰੇ!

❖❖❖

## ੨. ਗੁਰੂ ਜੀ ਦਾ ਔਤਾਰ।

**ਏਸ** ਮਹਿਤਾ ਕਾਲੂ ਜੀ ਦੇ ਘਰ ਔਤਾਰ ਹੋਇਆ ਸਾਡੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ, ਜਦੋਂ ਬੀਬੀ ਨਾਨਕੀ ਪੰਜਾਂ ਕੁ ਵਰਿਹਾਂ ਤੋਂ ਉਪਰ ਦੀ ਹੋ ਗਈ ਸੀ।

ਜਦੋਂ ਗੁਰੂ ਜੀ ਏਸ ਘਰ ਨਿੱਕੇ ਨਿਆਣੇ ਬਾਲ ਜਿਹੇ ਹੋ ਕੇ ਆਏ ਤਾਂ ਘਰ ਵਿਚ ਆਪ ਤੋਂ ਆਪ ਚਾਨਣ ਹੋ ਗਿਆ। ਆਪ ਜੀ ਦੇ ਆਉਣ ਤੋਂ ਮਹਿਤਾ ਕਾਲੂ ਨੇ ਆਪਣੇ ਬ੍ਰਾਹਮਣ ਨੂੰ, ਜਿਸ ਦਾ ਨਾਉਂ ਹਰਦਿਆਲ ਸੀ, ਸੱਦ ਘੱਲਿਆ। ਕਾਲੂ ਜਾਤਿ ਦਾ ਵੇਦੀ ਸੀ ਤੇ ਹਰਦਿਆਲ ਵੇਦੀਆਂ ਦਾ ਪ੍ਰੋਹਿਤ ਸੀ। ਪ੍ਰੋਹਿਤ ਕੀ ਹੁੰਦਾ ਹੈ? ਪ੍ਰੋਹਿਤ ਹੁੰਦਾ ਹੈ ਉਹ ਬ੍ਰਾਹਮਣ, ਜਿਸ ਨੂੰ ਓਸ ਸਮੇਂ ਹਿੰਦੂ ਲੋਕ ਆਪਣੇ ਘਰ ਵਿਆਹ ਅਤੇ ਬਾਲ ਜਨਮ ਵੇਲੇ ਸੱਦਦੇ ਸਨ ਤੇ ਜੋ ਸਾਰੇ ਸ਼ੁਭ ਕੰਮ ਕਰਾਉਂਦਾ ਹੁੰਦਾ ਸੀ। ਏਸ ਨੂੰ ਆਪਣੇ ਦਾਨ ਪੁੰਨ ਦੀਆਂ ਚੀਜ਼ਾਂ ਬੀ ਦੇਂਦੇ ਸਨ। ਇਹ ਵਿਦਜਾ ਬੀ ਪੜ੍ਹਦਾ ਪੜ੍ਹਾਉਂਦਾ ਹੁੰਦਾ ਸੀ।

ਹਰਦਿਆਲ ਨੇ ਟੇਵੇ ਲਾਏ ਤੇ ਦੱਸਿਆ ਕਿ ਇਹ ਬਾਲਕ ਬੜਾ ਵਡਾ, ਬਹੁਤ ਵਡਾ ਹੋਵੇਗਾ? ਤਾਂ ਬਾਬੇ ਕਾਲੂ ਨੇ ਪੁਛਿਆ ਕੀ ਬਹੁਤ ਪੈਸੇ ਵਾਲਾ ਹੋਏਗਾ? ਤਾਂ ਪ੍ਰੋਹਿਤ ਨੇ ਦੱਸਿਆ : 'ਇਹ ਰਬ ਦਾ ਪਿਆਰਾ ਹੋਵੇਗਾ। ਲੋਕ ਏਸ ਨੂੰ ਆਪਣਾ ਵਡਾ ਮੰਨਣਗੇ। ਇਹ ਲੋਕਾਂ ਨੂੰ ਭਲੇ ਕੰਮਾਂ ਵਿਚ ਲਾਏਗਾ। ਪਰਮੇਸ਼ੁਰ ਦਾ ਪਿਆਰ

ਸਿਖਾਏਗਾ। ਇਹ ਭਾਈ! ਪਰਮੇਸ਼ੁਰ ਦਾ ਘੱਲਿਆ ਹੋਇਆ ਆਇਆ ਹਈ, ਇਹ ਹਈ ਔਤਾਰ। ਹਾਂ ਧਿਆਨ ਰਖੀਂ ਹੋਰ ਬਾਲਾਂ ਵਾਂਞੂ ਨਾ ਸਮਝੀਂ।'

ਇਹ ਬਾਲਕਾ ਸਚ ਮੁਚ ਹੋਰ ਬਾਲਕਾਂ ਵਾਂਞੂ ਰੋਂਦਾ ਨਹੀਂ ਸੀ। ਮਾਂ ਆਪ ਵੇਲੇ ਸਿਰ ਦੁੱਧ ਦੇਂਦੀ ਸੀ, ਪਰ ਇਹ ਕਦੇ ਭੁੱਖ ਵੇਲੇ ਬੀ ਨਹੀਂ ਸੀ ਰੋਂਦਾ, ਚੁੱਪ ਕਰਕੇ ਲੇਟਿਆ ਰਹਿੰਦਾ। ਕਦੇ ਉਪਰ ਨੂੰ ਵੇਖਦਾ, ਕਦੇ ਸੌਂ ਜਾਂਦਾ ਤਾਂ ਚਿਹਰੇ ਤੇ ਰੌਣਕ ਹੋ ਜਾਂਦੀ ਤੇ ਨਿੱਕੀਆਂ ਬੁਲ੍ਹੀਆਂ ਮੁਸਕਰਾ ਪੈਂਦੀਆਂ ਮਲੂਮ ਹੁੰਦੀਆਂ। ਜੇ ਮਾਂ ਬਾਹਰ ਚਲੀ ਜਾਵੇ ਤਾਂ ਇਹ ਨਿੱਕਾ ਜਿਹਾ ਕਾਕਾ ਪੰਘੂੜਿਆਂ ਵਿਚ ਚੁੱਪ ਚਾਪ ਪਿਆ ਰਹੇ। ਕਦੇ ਭੈਣ ਆ ਲਾਡੀਆਂ ਕਰਕੇ ਤੇ ਨਿੱਕੀਆਂ ਨਿੱਕੀਆਂ ਪਜਾਰ ਦੀਆਂ ਗੱਲਾਂ ਕਰੇ ਤਾਂ ਉਸ ਨੂੰ ਤੱਕਦਾ ਐਉਂ ਜਾਪੇ ਜਿਵੇਂ ਖੁਸ਼ ਖੁਸ਼ ਹੋ ਰਿਹਾ ਹੈ।

❖❖❖

## ੩. ਬਾਲ ਚੋਜ

**ਏਸ** ਤਰ੍ਹਾਂ ਰਬ ਦੇ ਦਰੋਂ ਆਇਆ ਇਹ ਬਾਲਕ ਤ੍ਰੈ ਵਰਿਹਾਂ ਦਾ ਹੋ ਗਿਆ। ਹੁਣ ਗਲਾਂ ਬੀ ਕਰਨ ਲਗ ਪਿਆ, ਖੇਡਣ ਬੀ ਲਗ ਪਿਆ। ਪਰ ਇਸ ਦੀ ਖੇਡ ਕੋਈ ਵਖਰੀ ਹੀ ਹੁੰਦੀ ਸੀ। ਭੈਣ ਕੋਈ ਗੱਲਾਂ ਕਰੇ, ਕਹਾਣੀਆਂ ਨਿੱਕੀਆਂ ਨਿੱਕੀਆਂ ਪਾਵੇ ਤਾਂ ਇਹ ਸੁਣਦਾ ਸੁਣਦਾ ਵਿਚ ਵਿਚ ਕਹਿ ਜਾਵੇ: ਹਾਂ ਹੈਗਾ ਏ; ਹੈਗਾ ਏ। ਕਦੇ ਕਦੇ ਕਹਿ ਜਾਵੇ-ਵੇਖਨਾ, ਉਹ ਵੇਖਨਾ ਕੀ ਏ? ਉਹੋ ਏ, ਉਹੋ। ਫੇਰ ਹੱਥਾਂ ਨੂੰ ਉੱਚਾ ਕਰੇ ਤੇ ਆਖੇ ਓਹੋ ਏ, ਓਹੋ ਏ। ਇਸ ਤਰ੍ਹਾਂ ਖੇਡਾਂ ਤੇ ਚੋਚਲੀਆਂ ਗਲਾਂ ਵਿਚ ਕੁਛ ਕੁਛ ਕਹਿ ਜਾਵੇ ਜੋ ਘਰ ਵਾਲੇ ਸਮਝਣ ਨਾ ਕਿ ਕੀਹ ਆਖਦਾ ਏ।

ਹੁਣ ਇਹ ਬਾਲਕਾ ਟੁਰਨ ਵੀ ਲਗ ਪਿਆ, ਪਰ ਵਿਹੜੇ ਵਿਚ ਕਿ ਮਾਂ ਦੇ ਦਲਾਨ ਵਿਚ ਟੁਰਦਾ ਟੁਰਦਾ ਕਦੇ ਬੈਠ ਜਾਵੇ, ਚੌਂਕੜੀ

ਮਾਰ ਲਵੇ ਤਾਂ ਅੱਖਾਂ ਮੀਟ ਲਵੇ। ਫੇਰ ਕੁਛ ਚਿਰ ਮਗਰੋਂ ਅੱਖਾਂ ਖੋਲ੍ਹ ਕੇ ਹੱਸ ਪਵੇ ਤੇ ਆਖੇ-ਹਾਂ ਜੀਓ! ਫੇਰ ਬਾਲਾਂ ਨਾਲ ਖੇਡ ਵਿਚ ਪਰਚ ਜਾਵੇ। ਘਰ ਆ ਜਾਏ ਕੋਈ ਬਾਲ ਉਸਨੂੰ ਟੁੱਕਰ ਦੇ ਦੇਵੇ, ਮੱਖਣ ਅਗੇ ਰਖ ਦੇਵੇ। ਮਾਂ ਜੋ ਖਿਡਾਉਣੇ ਲਿਆ ਦੇਵੇ, ਭੈਣ ਜੋ ਗੁੱਡੀ ਪਟੋਲੇ ਆਪਣੇ ਦੇ ਦੇਵੇ ਤਾਂ ਇਹ ਅਨੋਖਾ ਬਾਲ ਘਰ ਆਏ ਬਾਲਾਂ ਨੂੰ ਵੰਡ ਦਿਆ ਕਰੇ। ਹੋਰਨਾਂ ਬਾਲਾਂ ਵਾਂਙੂ ਮੇਰੇ ਮੇਰੇ ਕਰਕੇ ਖਿਡਾਉਣਿਆਂ ਨੂੰ ਨਾ ਚੰਬੜੇ।

ਜੋ ਭੈਣ ਗੁੱਡੀ ਗੁੱਡਾ ਅੱਗੇ ਲਿਆ ਰਖੇ ਤੇ ਆਖੇ ਆ ਵੀਰ ਖੇਡੀਏ, ਤਾਂ ਗੁੱਡੀ ਗੁੱਡਾ ਲੰਮਾ ਪਾਕੇ ਆਖੇ-ਬੋਲ ਨਾ! ਬੋਲ ਬੀ! ਆਖ ਨਾ ਓਹੋ। ਜਦ ਗੁੱਡੀ ਗੁੱਡਾ ਨਾ ਬੋਲਣ ਤਾਂ ਭੈਣ ਨੂੰ ਆਖੇ :- ਬੋਲਦੇ ਨਹੀਂ।

❖❖❖

## ੪. ਬਾਲਪਨੇ ਵਿਚ ਦਾਨ ਸੁਭਾਵ।

**ਏਸ** ਤਰ੍ਹਾਂ ਕਰਦਿਆਂ ਇਹ ਸੋਹਣੇ ਬਾਲਕੇ ਜੀ ਪੰਜਾਂ ਛੇਆਂ ਵਰਿਹਾਂ ਦੀ ਉਮਰਾ ਦੇ ਹੋ ਗਏ। ਹੁਣ ਘਰੋਂ ਬਾਹਰ ਵੀ ਫਿਰ ਟੁਰ ਆਉਂਦੇ। ਗੱਲਾਂ ਬੀ ਸੁਹਣੀਆਂ ਕਰਦੇ। ਬਾਹਰ ਗਿਆਂ ਕਈ ਤ੍ਰੀਮਤਾਂ, ਕਈ ਮਰਦ ਖੜਾ ਕਰ ਲੈਂਦੇ ਤੇ ਕੁਛ ਪੁੱਛਦੇ। ਜੋ ਉੱਤਰ ਆਪ ਜੀ ਦੇਂਦੇ ਸੁਣਕੇ ਸਾਰੇ ਹਰਿਆਨ ਹੋ ਜਾਂਦੇ; ਕਿਉਂ ਜੋ ਆਪ ਜੀ ਗੱਲਾਂ ਵੱਡਿਆਂ ਮਨੁਖਾਂ ਵਾਂਙੂ ਕਰਦੇ। ਲੋਕੀਂ ਕਹਿੰਦੇ ਕਿੱਡੀ ਛੋਟੀ ਉਮਰਾ ਹੈ ਤੇ ਗੱਲਾਂ ਕੇਡੀਆਂ ਅਕਲ ਦੀਆਂ ਕਰਦਾ ਹੈ। ਕਈ ਵੇਰ ਲੋਕੀ ਉਨ੍ਹਾਂ ਦੀ ਗੱਲ ਨੂੰ ਸਮਝਦੇ ਹੀ ਨਾ। ਆਪ ਗੱਲਾਂ ਕਰਦੇ 'ਸੋਈ ਸੋਈ' ਕਰਦੇ ਨੱਠ ਜਾਂਦੇ। ਲੋਕੀ ਨਾ ਸਮਝਦੇ 'ਸੋਈ ਸੋਈ' ਕੀਹ ਆਖਦਾ ਹੈ ਤੇ 'ਓਹੋ ਹੈ, ਓਹੋ ਹੈ' ਕੀਹ ਬੋਲ ਜਾਂਦਾ ਹੈ। ਹੁਣ ਜਿਉਂ ਵਡੇ ਹੋਣ, ਗੱਲਾਂ ਵਿਚ ਗੱਲਾਂ ਕਰ ਜਾਣ, ਜੋ ਸਮਝੇ ਪੈ ਜਾਣ ਤੇ ਓਹ ਗੱਲਾਂ ਰੱਬ ਜੀ ਦੀਆਂ ਹੁੰਦੀਆਂ ਸਨ। ਲੋਕੀ ਸੁਣਨ ਵਾਸਤੇ ਤਾਂਘ ਕਰਦੇ ਰਹਿਣ। ਜਦ

ਬਾਹਰ ਵਣਾਂ ਬੂਟਿਆਂ ਹੇਠਾਂ ਆ ਬੈਠਣ ਤਾਂ ਲੋਕੀ ਦੁਆਲੇ ਝੁਰਮਟ ਪਾ ਬੈਠਣ ਤੇ ਗੱਲਾਂ ਪੁੱਛਣ ਤੇ ਸੁਣ ਸੁਣ ਕੇ ਹਰਿਆਨ ਵੀ ਹੋਵਣ ਤੇ ਖੁਸ਼ੀ ਵੀ ਹੋਣ। ਗੁਰੂ ਜੀ, ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ "ਵਡਾ ਹੋਆ ਤਾਂ ਲੱਗਾ ਗੱਲਾਂ ਅਗਮ ਨਿਗਮ ਦੀਆਂ ਕਰਨ।'

ਹੁਣ ਇਸ ਬਾਲਕ ਵਿਚ ਹੋਰ ਗਲ ਆ ਗਈ। ਜੇ ਬਾਹਰ ਜਾਵੇ ਤੇ ਹੱਥ ਵਿਚ ਕੋਈ ਚੀਜ਼ ਹੋਵੇ ਤੇ ਕੋਈ ਮੰਗੇ ਤਾਂ ਝਟ ਦੇ ਦੇਵੇ। ਇਕ ਦਿਨ ਆਪ ਇਕ ਗੜਵੀ ਲਈ ਜਾ ਰਹੇ ਸਨ। ਇਕ ਸਾਧੂ ਨੇ ਕਿਹਾ : ਬਾਲਕੇ! ਮੇਰੇ ਪਾਸ ਪਾਣੀ ਪੀਣ ਨੂੰ ਭਾਂਡਾ ਨਹੀਂ ਹੈ ਇਹ ਗੜਵੀ ਮੈਨੂੰ ਦੇ ਦੇ। ਬਾਲਕੇ ਨੇ ਝਟ ਦੇ ਦਿਤੀ। ਇਸ ਤਰ੍ਹਾਂ ਘਰ ਦੀਆਂ ਕਿੰਨੀਆਂ ਚੀਜ਼ਾਂ ਲੋੜਵੰਦਾਂ ਨੂੰ ਦੇ ਦਿੱਤੀਆਂ। ਮਾਂ ਦਾ ਪਿਆਰ ਬੜਾ ਸੀ, ਬੜਾ ਲਾਡ ਕਰਦੀ ਸੀ; ਪਰ ਇਹ ਗੱਲਾਂ ਵੇਖਕੇ ਘਬਰਾਉਂਦੀ ਸੀ। ਫੇਰ ਸੋਚਦੀ ਸੀ ਕਿ ਕੋਈ ਮਾੜੀ ਗਲ ਤਾਂ ਨਹੀਂ ਕਰਦਾ, ਭਲੇ ਪਾਸੇ ਹੀ ਦਾਨ ਪੁੰਨ ਕਰ ਦੇਂਦਾ ਹੈ। ਪਿਤਾ ਕਾਲੂ ਬੀ ਪਿਆਰ ਕਰਦਾ ਸੀ ਬਹੁਤ, ਪਰ ਇਹ ਸੁਭਾ ਵੇਖਕੇ ਘਬਰਾ ਬਹੁਤ ਪੈਂਦਾ ਸਾਸੂ; ਸੋਚਦਾ ਸੀ ਮਤਾਂ ਪੁੱਤ ਕਮਲਾ ਨਾ ਹੋਵੇ। ਫੇਰ ਉਹ ਕਦੇ ਪ੍ਰੋਹਿਤ ਨੂੰ ਜਾ ਆਖਦਾ, ਤੂੰ ਆਖਦਾ ਸੈਂ ਵਡਾ ਲੋਕ ਹੋਵੇਗਾ, ਇਹ ਤਾਂ ਘਰ ਲੁਟਾਉਂਦਾ ਜਾਂਦਾ ਹੈ। ਤਾਂ ਉਸ ਨੇ ਕਾਲੂ ਜੀ ਦਾ ਦਿਲ ਧਰਾਉਣਾ ਤੇ ਆਖਣਾ:-ਜਜਮਾਨ ਜੀ! ਤੁਸੀਂ ਓਦਰੋ ਨਾ ਜੋ ਪਰਮੇਸ਼ੁਰ ਵਲੋਂ ਦੁਨੀਆਂ ਨੂੰ ਸੁਖ ਦੇਣ ਆਉਂਦੇ ਹਨ, ਉਦਾਰ ਹੁੰਦੇ ਹਨ। ਇਹ ਤਾਂ ਸਭ ਤੋਂ ਵਡਾ ਦਾਤਾ ਆਇਆ ਹੈ। ਡੋਲ ਨਾ, ਨਿਹਚਾ ਰੱਖ।

ਭਲਾ, ਜਜਮਾਨ ਕੀ ਹੁੰਦਾ ਹੈ? ਬ੍ਰਾਹਮਣ ਨੂੰ ਲੋਕੀਂ ਪ੍ਰੋਹਿਤ ਆਖਦੇ ਹਨ ਤੇ ਪ੍ਰੋਹਿਤ ਉਹਨਾਂ ਨੂੰ ਜਜਮਾਨ ਆਖਦੇ ਹਨ ਜਿਨ੍ਹਾਂ ਕੋਲੋਂ ਪ੍ਰੋਹਿਤ ਲੈ ਕੇ ਖਾਂਦਾ ਪੀਂਦਾ ਹੈ। ਉਦਾਰ ਤੇ ਦਾਤਾ ਕਿਸ ਕਿਸ ਨੂੰ ਆਖੀਦਾ ਹੈ? ਜਿਸ ਦਾ ਦਿਲ ਲੋੜ ਵਾਲਿਆਂ ਨੂੰ ਕੁਛ ਦੇਣ ਲਈ

ਕਰਦਾ ਹੋਵੇ ਤੇ ਦੇਣਾ ਚਾਹੇ ਉਹ 'ਉਦਾਰ ਚਿਤ' ਵਾਲਾ ਹੁੰਦਾ ਹੈ, ਜੋ ਦੇਂਦਾ ਹੈ ਉਹ 'ਦਾਤਾ' ਹੁੰਦਾ ਹੈ।

❖❖❖

## ੫. ਪਾਂਧਾ।

**ਇਸ** ਸੁਹਣੇ ਬੱਚੇ ਦੇ ਬਾਪੂ, ਮਹਿਤਾ ਕਾਲੂ ਜੀ, ਨੇ ਜਦ ਇਕ ਦਿਨ ਫੇਰ ਪ੍ਰੋਹਿਤ ਨੂੰ ਆਖਿਆ ਕਿ ਬਾਲਕ ਤਾਂ ਬੜਾ ਘਰ ਲੁਟਾਊ ਏ, ਮੈਂ ਦੱਸ ਕੀਹ ਕਰਾਂ? ਇਕੋ ਪੁਤਰ ਏ, ਸਿਕ ਸਿਕ ਕੇ ਲੀਤਾ ਏ: ਮਾਰਨ ਨੂੰ ਜੀ ਨਹੀਂ ਕਰਦਾ। ਤਾਂ ਪ੍ਰੋਹਿਤ ਹਰਦਿਆਲ ਨੇ ਕਿਹਾ: ਜਜਮਾਨ! ਪੜ੍ਹਨੇ ਪਾ ਦੇਹ ਨਾ, ਪਾਂਧੇ ਦੇ ਜਾਇਆ ਕਰੇ, ਲੇਖਾ ਲਿਖਣਾ ਸਿੱਖ ਲਵੇ ਜੋ ਵਡਾ ਹੋਕੇ ਕੰਮ ਕਾਜ ਕਰੇ। ਸਾਰਾ ਦਿਨ ਪਾਂਧੇ ਦੇ ਰੁਝਾ ਰਹੇਗਾ। ਪਰ ਵੇਖੀਂ ਧੱਪਾ ਧੌਲ ਨਾ ਮਾਰ ਬੈਠੀਂ ਉਹ ਰੱਬ ਜੀ ਦਾ ਪਿਆਰਾ ਹਈ।

ਤਾਂ ਮਹਿਤਾ ਕਾਲੂ ਆਪਣੇ ਪੁਤਰ ਨੂੰ ਪਾਂਧੇ ਪਾਸ ਲੈ ਗਿਆ। ਪਾਂਧੇ ਦਾ ਨਾਉਂ ਸੀ 'ਗੁਪਾਲ'। ਪਾਂਧਾ ਕੀ ਹੁੰਦਾ ਏ? ਪਿੰਡਾਂ ਯਾ ਮਹੱਲਿਆਂ ਵਿਚ ਇਕ ਅਦਾਮੀ ਹੁੰਦਾ ਸੀ, ਜਿਸ ਕੋਲ ਸਾਰੇ ਮੁੰਡੇ ਪੜ੍ਹਨੇ ਪਾਈਦੇ ਸੀ। ਇਹ ਮੁੰਡਿਆਂ ਨੂੰ ਲੇਖਾ ਕਰਨਾ ਸਿਖਾਉਂਦਾ ਸੀ, ਜੋੜ ਤੋਂ ਲੈਕੇ ਦਰਾਂ ਤੋੜੀ, ਤੇ ਵਹੀਆਂ ਹਿਸਾਬਾਂ ਦੀਆਂ ਲਿਖਣ ਦੀ ਜਾਚ ਦੱਸਦਾ ਹੁੰਦਾ ਸੀ। ਨਾਲੇ ਦੂਜੇ ਵ੍ਯਪਾਰੀਆਂ ਨੂੰ ਹੋਰਨੀਂ ਸ਼ਹਿਰੀਂ ਚਿੱਠੀਆਂ ਲਿਖਣੀਆਂ ਦੱਸਦਾ ਸੀ। ਇਹ ਸਿਖਾਲਦਾ ਸੀ ਅੱਖਰ ਜਿਸ ਨੂੰ ਲੰਡੇ ਕਿ ਟਾਕਰੇ ਆਖੀਦਾ ਹੈ, ਤੇ ਅੰਗ ਸਿਖਾਲਦਾ ਸੀ ਇਕ, ਦੋ, ਤਿੰਨ, ਸੈਂਕੜਿਆਂ ਤੋੜੀ ਤੇ ਹੋਰ ਲੇਖੇ। ਜੀਕੂੰ ਅੱਜ ਕਲ ਬਾਲਾਂ ਨੂੰ ਮਦਰੱਸੇ ਕਿ ਸਕੂਲੇ ਘੱਲੀਦਾ ਹੈ ਤੇ ਓਥੇ ਹਿਸਾਬ ਤੇ ਹੋਰ ਲਿਖਣਾ ਸਿੱਖਦੇ ਹਨ, ਤਦੋਂ ਲੋਕੀ ਪਾਂਧੇ ਪਾਸ ਬਾਲਾਂ ਨੂੰ ਪੜ੍ਹਨ ਘੱਲਦੇ ਹੁੰਦੇ ਸਨ।

ਮਹਿਤੇ ਨੇ ਜਾ ਗੁਪਾਲ ਪਾਂਧੇ ਨੂੰ ਆਖਿਆ: ਲੈ ਬਈ ਪਾਂਧਾ! ਮੇਰੇ ਕਾਕੇ ਨੂੰ ਬੀ ਪੜ੍ਹਾਇਆ ਕਰ। ਇਸਨੂੰ ਸਾਰਾ ਲੇਖਾ ਤੇ ਜੋ ਕੁਝ

ਤੈਨੂੰ ਆਉਂਦਾ ਹੈ ਸਿਖਾ ਦੇਹ। ਨਾਲ ਕਾਲੂ ਜੀ ਨੇ ਮਠਿਆਈ ਦਾ ਥਾਲ ਅੱਗੇ ਧਰਿਆ ਤੇ ਕੁਝ ਰੁਪਏ ਵੀ ਨਾਲ ਰੱਖ ਦਿੱਤੇ। ਪਾਂਧੇ ਨੇ ਮਠਿਆਈ ਵੰਡ ਦਿੱਤੀ ਤੇ ਨਵੇਂ ਆਏ ਕਾਕਾ ਜੀ ਨੂੰ ਪਿਆਰ ਦੇਕੇ ਕੋਲ ਬਹਾਲ ਲਿਆ ਤੇ ਪੱਟੀ ਲੈਕੇ ਉਸ ਉਤੇ 'ਓਨਮ ਸਿਧੰ' ਲਿਖਕੇ ਕਾਕੇ ਨੂੰ ਚਾਰ ਅੱਖਰ ਪਾ ਦਿੱਤੇ।

'ਓਨਮ ਸਿਧੰ' ਨੂੰ ਬਾਲਾਂ ਨੇ ਕੀ ਸਮਝਣਾਂ ਸੀ। ਉਹ ਤਾਂ ਪਾਂਧਾ ਅਸੀਸ ਵਾਂਙੂ ਲਿਖਦਾ ਹੁੰਦਾ ਸੀ ਕਿ 'ਸਿਧ ਨੂੰ ਮੱਥਾ ਟੇਕਦਾ ਹਾਂ', ਉਸ ਦੀ ਅਸੀਸ ਨਾਲ ਬਾਲ ਪੜ੍ਹ ਜਾਵੇ। ਸਿਧ ਦਾ ਅਰਥ ਸਮਝ ਲਓ ਸਾਧੂ, ਸੰਤ; ਮਹਾਤਮਾ ਹੈ।

ਇਸ ਸੁਹਣੇ ਨਾਨਕ ਬਾਲਕ ਨੇ ਪਾਂਧੇ ਦੇ ਸਾਰੇ ਅੱਖਰ ਐਉਂ ਪੜ੍ਹ ਲਏ ਜਿਵੇਂ ਪਹਿਲੋਂ ਹੀ ਜਾਣਦਾ ਸੀ। ਫੇਰ ਪਾਂਧੇ ਨੇ ਦਸ ਅੰਗ ਪਾ ਦਿਤੇ, ਏਕੇ ਤੋਂ ਲੈਕੇ ਦਹਾਏ ਤੀਕ। ਉਹ ਬੀ ਬਾਲਕੇ ਨੇ ਝਟਪਟ ਲਿਖ ਲਏ। ਤਾਂ ਇਕ ਦਿਨ ਪਾਂਧੇ ਨੇ ਅੱਖਰ ਜੋੜਨੇ ਦੱਸੇ ਤੇ ਕਿਹਾ ਅਖਰ ਜੋੜ ਜੋੜਕੇ ਨਾਵੇਂ ਲਿਖੀਦੇ ਹਨ, ਤੇ ਨਾਵੇਂ ਆ ਜਾਣ ਤਾਂ ਚਿੱਠੀ ਲਿਖ ਲਈਦੀ ਹੈ, ਤੇ ਮਨ ਵਿਚ ਜੋ ਆਵੇ ਲਿਖ ਲਈਦਾ ਹੈ। ਤਾਂ ਇਕ ਦਿਨ ਪਾਂਧਾ ਕੀ ਵੇਖੇ ਕਿ ਬਾਲਕੇ ਨੇ ਇਕ ਨਾਵਾਂ ਲਿਖਿਆ ਹੈ। ਜਦ ਉਸ ਨੇ ਪੁੱਛਿਆ : ਬੱਚਾ ਕੀ ਲਿਖਿਆ ਹਈ? ਤਾਂ ਉਤਰ ਦਿਤੋ ਸੂ ਕਿ ਮੈਂ ਲਿਖਿਆ ਏ ਸਸਾ ਤੇ ਸਸਾ ਲਿਖ ਕੇ ਲਾਈਏ ਈੜੀ, ਤਾਂ ਬਣ ਗਿਆ 'ਸੋਇ'। ਤਾਂ ਪਾਂਧੇ ਨੇ ਹਰਿਆਨ ਹੋ ਕੇ ਪੁੱਛਿਆ 'ਸੋਇ' ਕੀ ਹੋਇਆ?' ਤਾਂ ਸੋਹਣੇ ਬਾਲਕੇ ਨੇ ਕਿਹਾ 'ਜੀ ਸਸਾ ਸੋਇ। 'ਸੋਇ' ਪਾਂਧਾ ਜੀ! ਜਿਸ ਨੇ ਸਾਨੂੰ ਬਣਾਇਆ ਹੈ, ਉਹ ਹੋਇਆ ਨਾ ਸਾਡਾ ਸਸਾ-ਸਾਹਿਬ, ਮਾਲਕ, ਜਿਸ ਨੇ ਸਾਜੀ ਹੈ ਸਸਾ ਸਰਿਸ਼ਟੀ'।

ਪਾਂਧਾ ਸੁਣਕੇ ਹੱਕਾ ਬੱਕਾ ਰਹਿ ਗਿਆ। ਕਿੰਨਾ ਚਿਰ ਚੁਪ ਰਿਹਾ, ਫੇਰ ਪੁੱਛਣ ਲਗਾ 'ਹੋਰ ਬੀ ਕੁਛ?'

ਬਾਲਕਾ-ਪਾਂਧਾ ਜੀ, ਫੇਰ ਸਸਾ ਸੇਵਾ, ਜੋ ਸਾਹਿਬ ਦੀ ਸੇਵਾ ਕਰੇ ਸੋ ਸਸਾ ਸਫਲਾ।

ਪਾਂਧਾ-ਸਫਲਾ ਕੀ ਹੁੰਦਾ ਏ ਕਾਕਾ ਜੀ?

ਬਾਲਕ-ਚੰਗਾ ਚੰਗਾ। ਐਵੇਂ ਕਿਵੇਂ ਨਾ ਗਿਆ। ਪੰਡਿਤ ਹਰਿਆਨੀ ਦਾ ਮਾਰਿਆ ਸੋਚਾਂ ਸੋਚਦਾ ਆਪਣੀ ਤ੍ਰਪੜੀ ਤੇ ਜਾ ਬੈਠਾ। ਇਧਰ ਬਾਲਕਾ ਪੱਟੀ ਅੱਗੇ ਰੱਖਕੇ ਅੱਖਾਂ ਮੀਟਕੇ ਚੁਪ ਬੈਠਾ ਰਿਹਾ।

ਇਹ ਬਾਲਕਾ, ਜਿਸ ਨੂੰ ਰਬ ਦਾ ਬਾਲਕਾ ਆਖਣਾ ਬਣਦਾ ਹੈ, ਕੁਛ ਦਿਨ ਹੋਰ ਪੜ੍ਹਦਾ ਰਿਹਾ। ਇਕ ਦਿਨ ਪਾਂਧੇ ਸੱਦਿਆ। ਕਾਕਾ ਜੀ! ਤੁਸਾਂ ਨੂੰ ਮੁਹਾਰਨੀ ਸਿਖਾਈ ਸੀ, ਅੱਖਰ ਦੇ ਨਾਲ ਇਕ ਇਕ ਬੋਲ ਬੋਲਣ ਦੀ, ਉਹ ਲਿਖੀ ਆ? ਤਾਂ ਕਾਕਾ ਜੀ ਨੇ ਪੱਟੀ ਪਾਂਧੇ ਦੇ ਅੱਗੇ ਲਿਆ ਰਖੀ। ਇਸ ਪੱਟੀ ਉਤੇ ਐਉਂ ਲਿਖਿਆ ਸੀ-
**"ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ॥ ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ ਆਇਆ ਤਿਨ੍ ਕਾ ਸਫਲੁ ਭਇਆ*॥੧॥"**

ਜਾਂ ਪਾਂਧੇ ਨੇ ਸਾਰੀ ਪਟੀ ਪੜ੍ਹੀ, ਜੋ ਬੜੀ ਲੰਮੀ ਸੀ, ਤਾਂ ਕਦੇ ਕਾਕਾ ਜੀ ਦੇ ਸਿਰ ਵਲ ਤੱਕੇ ਤੇ ਕਦੇ ਪੈਰਾਂ ਵਲ; ਫੇਰ ਸਿਰ ਪਾਂਧੇ ਦਾ ਮੱਥਾ ਟੇਕਣ ਵਾਂਙੂ ਨੀਵਾਂ ਹੋ ਗਿਆ ਤੇ ਮਨ ਹੀ ਮਨ ਆਖਣ ਲਗਾ: ਇਹ ਬਾਲ ਇਡੀ ਛੋਟੀ ਉਮਰੇ ਪਰਮੇਸ਼ੁਰ ਦੀਆਂ ਸਾਰੀਆਂ ਗਲਾਂ ਜਾਣਦਾ ਹੈ ਜਿਵੇਂ ਕਿ ਪੰਡਤ ਵੀ ਨਹੀਂ ਜਾਣਦੇ। ਹੋਵੇ ਨਾ ਤਾਂ ਇਹ ਰਬ ਦੇ ਦਰੋਂ ਕੋਈ ਔਤਾਰ ਆਯਾ ਹੈ।

# ੬. ਪਾਂਧੇ ਨੂੰ ਉਪਦੇਸ਼।

**ਸੁਹਣਾ** ਬਾਲਕਾ ਪਾਂਧੇ ਦੇ ਜਾਂਦਾ ਰਿਹਾ; ਪੜ੍ਹਦਾ ਬੀ ਰਿਹਾ ਪਰ ਕੁਛ ਦਿਨ ਮਗਰੋਂ ਪੜ੍ਹੇ ਨਾ ਤੇ ਅੱਖਾਂ ਮੀਟ ਕੇ ਬੈਠਾ ਰਹੇ

*ਇਹ ਪਟੀ ਲੰਮੀ ਹੈ ਸਾਰੇ ਅੱਖਰਾਂ ਦੀ ਹੈ। ਜੋ ਆਸਾ ਰਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੀ ਹੋਈ ਹੈ।

ਯਾ ਚੁਪ ਚਾਪ ਇਕ ਪਾਸੇ ਵੇਂਹਦਾ ਰਹੇ। ਤਦ ਪਾਂਧੇ ਪੁੱਛਿਆ: ਤੁਸੀਂ ਪੜ੍ਹਦੇ ਨਹੀਂ ਹੋ, ਕਾਕਾ ਜੀ! ਹੁਣ ਮਨ ਵਿਚ ਆਈਆਂ ਤਾਂ ਸੋਹਣੀਆਂ ਲਿਖ ਲੈਂਦੇ ਹੋ, ਕੁਛ ਲੇਖਾ ਪੱਤਾ ਹੋਰ ਸਿਖ ਲਓ ਤਾਂ ਚੰਗਾ ਹੋਵੇ।

ਤਦ ਸੋਹਣੇ ਬਾਲਕੇ ਦੀਆਂ ਅੱਖੀਆਂ ਤਰਸ ਵਾਲੀਆਂ ਹੋ ਗਈਆਂ, ਤ੍ਰਪੜੀ ਤੇ ਬੈਠੇ ਪਾਂਧੇ ਵਲ ਬਾਲਕੇ ਨੇ, ਤਰਸ ਭਰੀ ਨਜ਼ਰ ਪਾ ਕੇ ਵੇਖਿਆ; ਹੇ ਬਾਬਾ! ਤੂੰ ਲੇਖੇ ਨਾ ਲਿਖ, ਨਾ ਸਿਖਾ, ਇਹਨਾਂ ਨਾਲ ਫਾਹੀ ਪੈਂਦੀ ਹੈ, ਤੂੰ (ਸਸੇ) ਸਾਹਿਬ ਦਾ ਨਾਉਂ ਲਿਖ, ਉਸਦੀ (ਸਸਾ) ਸਲਾਹੁਤ ਲਿਖ, ਜੋ ਓਸ ਸਾਹਿਬ ਦਾ ਅੰਤ ਕੋਈ ਨਹੀਂ, ਉਹ ਪਰੇ ਤੋਂ ਪਰੇ ਹੈ।

ਪਾਂਧੇ ਨੂੰ ਫੇਰ ਸੁਣ ਕੇ ਹਰਿਆਨੀ ਹੋਈ। ਸੋਚਣ ਲਗਾ ਜੋ ਇਹ ਬਾਲਕਾ ਤਾਂ ਸਭ ਕੁਛ ਪੜ੍ਹਿਆ ਹੋਇਆ ਹੈ, ਏਹ ਤਾਂ ਪੰਡਿਤਾਂ ਨਾਲੋਂ ਬੀ ਚੰਗੀ ਗਲ ਕਰਦਾ ਹੈ, ਇਹ ਤਾਂ ਮੱਤਾਂ ਦੇਂਦਾ ਹੈ ਜਿਵੇਂ ਕੋਈ ਪਰਮੇਸ਼ੁਰ ਦਾ ਘੱਲਿਆ ਹੈ। ਤਦ ਪਾਂਧੇ ਨੇ ਸੋਚਿਆ ਕਿ ਕੁਛ ਪੁੱਛ ਵੇਖਾਂ, ਕੀਹ ਉੱਤਰ ਦੇਂਦਾ ਹੈ; ਤਾਂ ਆਖਣ ਲੱਗਾ : ਇਹ ਨਾਮ ਤੇ ਸਲਾਹੁ ਕਿਵੇਂ ਲਿਖੀਦਾ ਹੈ? ਤਾਂ ਰੱਬ ਦੇ ਬਾਲਕੇ ਨੇ ਭੋਲੇ ਭਾ ਨਾਲ ਆਖਿਆ:-ਪਾਂਧਾ ਜੀ! ਮੋਹ ਜੋ ਹੈ ਮੋਹ, ਮਮਾਂ ਮੋਹ, ਓਸ ਮੋਹ ਨੂੰ ਸਾੜ ਦਿਓ, ਫੇਰ ਘਸਾਕੇ ਬਣਾ ਲਓ ਸ਼ਾਹੀ, ਤੁਸੀਂ ਬਣਾਉਂਦੇ ਹੋ ਨਾ ਫੁੱਲੇ ਦੀ ਸ਼ਾਹੀ, ਉਵੇਂ। ਤੇ ਇਹ ਜੋ ਤੇਰੇ ਅੰਦਰ ਹੈ ਨਾ 'ਮਤਿ', ਜਿਸ ਨਾਲ ਸਿਖਾਉਂਦਾ ਹੈਂ ਸਾਨੂੰ, ਇਸਨੂੰ ਬਣਾ ਲੈ ਕਾਗਤ, ਤੇ (ਸਸਾ ਜੋ ਹੈ) ਸਾਹਿਬ ਨਾਲ ਕਰ ਪਿਆਰ, ਇਹ ਫੇਰ ਬਣ ਜਾਏ ਲਿੱਖਣ, ਹੈਂ ਪਾਂਧਾ ਜੀ! ਕਲਮ। ਫੇਰ ਆਪਣੇ ਮਨ ਨੂੰ ਬਣਾ ਲਓ ਲਿਖਣੇ ਵਾਲਾ ਬਾਲਕਾ, ਜਿਸ ਤਰ੍ਹਾਂ ਮੈਂ ਹਾਂ ਬਾਲਕਾ, ਜਿਸ ਨੂੰ ਲਿਖਣਾ ਸਿਖਾਲ ਰਹੇ ਹੋ, ਤੇ ਆਪਣੀ ਥਾਂਵੇਂ, ਪਾਂਧੇ ਜੀ! ਕੋਈ ਬਣਾ ਲਓ ਗੁਰੂ। ਗੁਰੂ ਉਹ ਹੁੰਦਾ ਹੈ ਜੋ 'ਸੋਇ' ਦਾ ਰਾਹ ਜਾਣਦਾ ਹੈ,

ਉਸ ਨੂੰ ਪੁੱਛ ਤੇ ਲਿਖ ਜੋ ਆਖੇ, ਉਹ ਦੱਸੇਗਾ ਕਿ ਲਿਖ ਨਾਮ, ਲਿਖ ਸਲਾਹੁਤ ਰਬ ਦੀ।

ਪਾਂਧਾ ਹੁਣ ਹੋਰ ਅਚਰਜ ਹੋਇਆ, ਪਰ ਮੂੰਹ ਪੱਕਾ ਕਰਕੇ ਆਖਣ ਲਗਾ-ਹੇ ਨਾਨਕ! ਫੇਰ ਜੇ ਇਹ ਲੇਖਾ ਲਿਖਣਾ ਆ ਗਿਆ ਤਾਂ ਕੀ ਬਣੂ? ਜੇ ਤੂੰ ਮੇਰਾ ਲੇਖਾ ਸਿਖ ਲਵੇਂ ਤਾਂਤਾਂ ਤੂੰ ਵਡਾ ਲਿਖਾਰੀ ਤੇ ਲੇਖੇ ਪੱਤੇ ਦਾ ਵਡਾ ਜਾਣੂ ਬਣ ਜਾਏਂਗਾ, ਮੁਨੀਬ ਕਿ ਮੁਨਸ਼ੀ ਕਿ ਹਿਸਾਬੀਆ; ਪਰ ਤੇਰੇ ਲੇਖੇ ਨਾਲ ਕੀਹ ਬਣੂ? ਤਾਂ ਬਾਲਕੇ ਨੇ ਫੇਰ ਪਾਂਧੇ ਵਲ ਤਰਸ ਦੀ ਨਜ਼ਰ ਤੱਕ ਕੇ ਆਖਿਆ-ਹੇ ਪਾਂਧਾ! ਜੇ ਤੂੰ ਇਹ ਲੇਖਾ ਸਿਖ ਲਵੇਂ ਤਾਂ ਅੱਗੇ ਜਾਕੇ ਜਿਥੇ ਤੇਰੇ ਤੋਂ ਤੇਰੀ ਦੁਨੀਆਂ ਦੇ ਕੰਮਾਂ ਦਾ ਲੇਖਾ ਮੰਗਿਆ ਜਾਏਗਾ ਉਥੇ ਇਹ ਲੇਖਾ ਪੜ੍ਹਿਆ ਤੈਨੂੰ ਕੰਮ ਆਵੇਗਾ ਤੈਨੂੰ ਆਖਣਗੇ ਭਲਾ ਪਾਂਧਾ ਤੂੰ (ਸਸਾ) ਸਫਲ ਹੋਕੇ ਆਇਆ ਹੈਂ।*

ਤਦ ਪਾਂਧਾ ਹੋਰ ਗੱਲਾਂ ਪੁੱਛਦਾ ਰਿਹਾ। ਪਾਂਧਾ ਹੈਰਾਨ ਹੁੰਦਾ ਰਿਹਾ ਕਿ ਸਸਾ ਅੱਖਰ ਕੀਕੂੰ ਸਫਲ ਕੀਤਾ ਸੂ।

ਤਦ ਪੰਡਿਤ ਨੇ ਮੱਥਾ ਟੇਕਿਆ ਤੇ ਆਖਿਆ; ਤੂੰ ਬਾਲਕਾ ਨਹੀਂ ਤੂੰ ਗੁਰੂ ਹੈਂ, ਮੇਰੀ ਮਤਿ ਸਵਾਰੀਆ, ਤੇਰਾ ਰੱਬ ਭਲਾ ਕਰੇ। ਤੂੰ, ਜੋ ਤੇਰੀ ਮਤਿ ਆਵੇ ਸੋ ਕਰ, ਮੈਂ ਕੌਣ ਹਾਂ ਤੈਨੂੰ ਮਤਿ ਦੇਣ ਵਾਲਾ। ਤਦ ਇਹ ਰੱਬ ਦਾ ਪਿਆਰਾ ਬਾਲਕਾ ਘਰ ਆ ਬੈਠਾ ਤੇ ਬੈਠਾ ਹੀ ਰਿਹਾ ਕਰੇ, ਕੋਈ ਕੰਮ ਨਾ ਕਰੇ। ਜੇ ਸਵੇਂ ਤਾਂ ਸੁੱਤਾ ਹੀ ਰਹੇ। ਜੇ ਬਾਹਰ ਗਿਰਾਂ ਤੋਂ ਜਾ ਬੈਠੇ ਤਾਂ ਫਕੀਰਾਂ ਸਾਧਾਂ ਨਾਲ ਗੱਲਾਂ ਕਰੇ ਰੱਬ ਜੀ ਦੀਆਂ।

❖❖❖

## ੭. ਪੰਡਿਤ ਬ੍ਰਿਜ ਨਾਥ।

**ਤਾਂ** ਇਕ ਦਿਨ ਬਾਪੂ ਕਾਲੂ ਫੇਰ ਪ੍ਰੋਹਿਤ ਨੂੰ ਮਿਲਿਆ ਤੇ ਆਖਣ ਲੱਗਾ : ਪੰਡਿਤਾ! ਭਲਾ ਟੇਵਾ ਲਾਇਓ ਈ! ਪੁਤ ਮੇਰਾ ਕਮਲਿਆਂ

*ਇਹ ਸਾਰਾ ਸ਼ਬਦ ਸਿਰੀ ਰਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ। 'ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ'।

ਵਾਂਙੂ ਪਿਆ ਰਹਿੰਦਾ ਏ। ਪਾਂਧੇ ਵੀ ਨਹੀਓਂ ਜਾਂਦਾ, ਪੜ੍ਹਦਾ ਬੀ ਨਹੀਂ, ਕੁਛ ਕਰਦਾ ਬੀ ਨਹੀਂਓ। ਗਜਾਨ ਘੋਟਦਾ ਏ ਫੁਕਰਿਆਂ ਫਕੀਰਾਂ ਨਾਲ। ਦੱਸ ਕਿਵੇਂ ਕਰਾਂ? ਸਿਆਣਾ ਏਂ, ਕੋਈ ਰਾਹ ਦੱਸ!

ਤਦ ਹਰਦਿਆਲ ਨੇ ਕਿਹਾ: ਜੇ ਗਜਾਨ ਦੀਆਂ ਗੱਲਾਂ ਕਰਦਾ ਜੇ ਇਸ ਉਮਰੇ ਤਾਂ ਕੋਈ ਵੱਡਾ ਰਿਖੀ ਏ ਕਿ ਅਵਤਾਰ ਏ। ਰੁਚੀ ਉਸ ਦੀ ਉੱਚੀਆਂ ਗੱਲਾਂ ਵੱਲ ਏ ਤਾਂ ਪੰਡਿਤ ਬ੍ਰਿਜ ਨਾਥ ਕੋਲ ਲੈ ਜਾ, ਜੋ ਸੰਸਕ੍ਰਿਤ ਬੋਲੀ ਪੜ੍ਹਾ ਦੇਵੇ ਸੁ। ਪੜ੍ਹਕੇ ਵੱਡਾ ਪੰਡਿਤ ਬਣ ਜਾਏਗਾ। ਉਂਞ ਵੀ ਬਾਲ ਦੀ ਰੁਚੀ ਵਾਲੇ ਪਾਸੇ ਬਾਲ ਨੂੰ ਲਾਇਆਂ ਬਾਲ ਚੰਗਾ ਪਰਚ ਜਾਂਦਾ ਏ ਤੇ ਸਿਆਣਾ ਹੋ ਜਾਂਦਾ ਏ।

ਪੰਡਿਤ ਦੀ ਗੱਲ ਮੰਨ ਕੇ ਪਿਤਾ ਕਾਲੂ ਆਪਣੇ ਪੁਤ ਨੂੰ ਪੰਡਿਤ ਬ੍ਰਿਜ ਨਾਥ ਪਾਸ ਲੈ ਗਿਆ। ਪੰਡਿਤ ਅੱਗੇ ਹੀ ਲੋਚਦਾ ਸੀ ਕਿ ਜਿਸ ਬਾਲਕੇ ਦੀਆਂ ਸਾਰੇ ਨਗਰ ਵਿਚ ਗੱਲਾਂ ਹੁੰਦੀਆਂ ਹਨ, ਮੇਰੇ ਕੋਲ ਆਵੇ ਤਾਂ ਵੇਖਾਂ ਕੀਹ ਗੱਲ ਬਾਤ ਹੈ। ਸੋ ਉਸ ਨੇ ਆਦਰ ਨਾਲ ਪਾਸ ਬਹਾਲ ਲਿਆ ਤੇ ਅੱਖਰ ਪਾ ਦਿਤੇ, ਜਿਨ੍ਹਾਂ ਨੂੰ ਦੇਵ ਨਾਗਰੀ ਆਖਦੇ ਹਨ ਤੇ ਜਿਸ ਵਿਚ ਔਖੀ ਬੋਲੀ ਸੰਸਕ੍ਰਿਤ ਦੀ ਲਿਖਦੇ ਹਨ। ਪਰ ਦੇਖੋ ਰੱਬੀ ਬਾਲਕੇ ਨੇ ਉਹ ਅੱਖਰ ਬੀ ਝਟ ਪਟ ਲਿਖ ਲਏ। ਜੋ ਪੰਡਿਤ ਪਾ ਦੇਵੇ ਉਹ ਝਟ ਪੜ੍ਹ ਲਵੇ। ਪੰਡਿਤ ਹਰਿਆਨ ਹੋ ਜਾਵੇ ਕਿ ਏਡੀ ਮਤਿ ਇਸ ਨੂੰ ਕਿੱਥੋਂ ਮਿਲ ਪਈ।

ਇਕ ਦਿਨ ਕੋਈ ਕਾਗਤ ਹੱਥ ਵਿਚ ਵੇਖਕੇ ਬਾਪੂ ਕਾਲੂ ਜੀ ਨੇ ਪੁੱਛਿਆ: ਇਹ ਕੀ ਏ? ਆਖਣ ਲਗੇ: ਸਪਤ ਸ਼ਲੋਕੀ ਏ। ਪਿਤਾ ਹਰਿਆਨ ਹੋ ਗਿਆ ਕਿ ਐਡੀ ਛੇਤੀ ਕਾਕਾ ਐਨਾ ਕੀਕੂੰ ਪੜ੍ਹ ਗਿਆ। ਉਹ ਨਾਲ ਲੈ ਕੇ ਕਾਕਾ ਜੀ ਨੂੰ ਪੰਡਿਤ ਪਾਸ ਗਿਆ ਤੇ ਸਾਰੀ ਗੱਲ ਜਾ ਦੱਸੀ। ਪੰਡਿਤ ਨੇ ਕਿਹਾ-ਕਾਕਾ ਜੀ! ਪੜ੍ਹੋ ਤਾਂ ਸਹੀ।

ਤਦ ਬਾਲਕੇ ਨੇ ਉਹ ਪੜ੍ਹ ਸੁਣਾਈ ਤੇ ਅਰਥ ਬੀ ਕਰ ਦਿੱਤੇ। ਪੰਡਿਤ ਤਾਂ ਹੱਕਾ ਬੱਕਾ ਹੋਕੇ ਪੈਰੀਂ ਢੈ ਪਿਆ ਤੇ ਆਖਣ ਲੱਗਾ: ਰੱਖ ਲਈਂ ਦਾਸ ਨੂੰ, ਰੱਖ ਲਈਂ, ਤੂੰ ਤਾਂ ਉਹੋ ਹੈਂ, ਉਹੋ ਹੈਂ, ਜਿਸ ਦੀ ਇਹ ਸਪਤ ਸ਼ਲੋਕੀ ਹੈ।

ਇਸ ਵੇਲੇ ਰੱਬੀ ਬਾਲਕਾ ਚੁੱਪ ਕਰਕੇ ਚਲਾ ਗਿਆ ਸੀ, ਜਾਂਦੇ ਦਾ ਪਤਾ ਬੀ ਨਾ ਸੀ ਲੱਗਾ। ਆਪਣੀ ਉਮਰਾ ਦੇ ਬਾਲਾਂ ਵਿਚ ਜਾ ਖੇਡਿਆ। ਫੇਰ ਬਾਲਕੇ ਜੀ ਆਪਣੇ ਸਾਰੇ ਸਾਥੀ ਬਾਲਕਾਂ ਨੂੰ ਘਰ ਲੈ ਆਏ। ਤ੍ਰਿਕਾਲਾਂ ਹੋ ਗਈਆਂ ਸਨ, ਰੋਟੀ ਪੱਕ ਚੁੱਕੀ ਸੀ, ਸੋ ਸਾਰੇ ਸਾਥੀਆਂ ਨੂੰ ਖੁਆ ਕੇ ਟੋਰ ਦਿੱਤਾ। ਮਾਂ ਨੇ ਪੁਤ ਦੇ ਸਾਥੀ ਬਾਲਕਾਂ ਨੂੰ ਪਿਆਰ ਨਾਲ ਰੋਟੀ ਖੁਆਈ।

❖❖❖

## ੮. ਮੁੱਲਾਂ।

**ਉਂਞ** ਸਾਰਿਆਂ ਤੋਂ ਵੱਡਾ ਪਰ ਅਜੇ ਉਮਰਾ ਵਿਚ ਨਿੱਕਾ ਗੁਰੂ ਨਾਨਕ ਮਾਤਾ ਪਿਤਾ ਦੇ ਘਰ ਵਿਚ ਖੇਡ ਰਿਹਾ ਸੀ। ਪਰ ਉਸ ਦੀਆਂ ਖੇਡਾਂ ਦੀ ਸਮਝ ਨ ਸੋ ਪੈਂਦੀ। ਉਹ ਰੱਬ ਜੀ ਨੂੰ ਐਉਂ ਜਾਣਦਾ ਸੀ ਕੋਲ ਕੋਲ, ਨੇੜੇ ਨੇੜੇ, ਨਾਲ ਨਾਲ, ਜੀਕੂੰ ਹੋਰ ਬਾਲਕੇ ਆਪਣੇ ਮਾਂ ਪਿਉ ਨੂੰ ਕੋਲ ਕੋਲ ਜਾਣਦੇ ਹਨ। ਸੋ ਉਸ ਪਿਆਰ ਵਿਚ ਕਦੇ ਹੱਸਦੇ ਖੇਡਦੇ ਦੌੜਦੇ ਭੱਜਦੇ ਸਨ; ਕਦੇ ਚੁਪ ਚਾਪ ਹੋਕੇ ਬਹਿ ਜਾਂ ਲੇਟ ਜਾਂਦੇ ਸਨ। ਪਿਤਾ ਕਾਲੂ ਤੇ ਮਾਤਾ ਤ੍ਰਿਪਤਾ ਜੀ ਖੇੜਿਆਂ ਵਿਚ ਖੇਡਦਾ ਵੇਖ ਵੇਖ ਤਾਂ ਖੁਸ਼ ਹੁੰਦੇ ਸਨ ਪਰ ਚੁਪ ਚਾਪ ਵੇਖਕੇ ਉਦਾਸ ਹੁੰਦੇ ਸਨ। ਪਰ ਜਿਉਂ ਜਿਉਂ ਵਡੇਰੇ ਹੁੰਦੇ ਜਾਂਦੇ ਸਨ ਉਦਾਸੀ ਵਧਦੀ ਜਾਂਦੀ ਸੀ। ਘਰ ਬਾਹਰ ਪਿੰਡੋਂ ਦੁਰਾਡੇ ਬਨ ਵਿਚ ਜਾ ਬੈਠਦੇ ਸਨ। ਇਸ ਤਰ੍ਹਾਂ ਕੁਛ ਦਿਨ ਉਦਾਸੀ ਦੇ ਲੰਘੇ, ਫੇਰ ਅਚਾਨਕ ਟਹਿਕ ਪਏ। ਖੁਸ਼ ਖੁਸ਼ ਵੇਖਕੇ ਪਿਤਾ ਜੀ ਨੇ ਕਿਹਾ: ਕਾਕਾ ਜੇ ਤੇਰਾ ਦਿਲ ਲੱਗੇ ਤੇ ਮੁੱਲਾਂ ਪਾਸ ਲੈ ਚੱਲਾਂ? ਫਾਰਸੀ ਪੜ੍ਹ ਲੈ ਜੋ ਅਜ ਕਲ 'ਰਾਜ ਭਾਸ਼ਾ' ਹੈ।

ਰਾਜ ਭਾਸ਼ਾ ਕੀਹ ਹੁੰਦੀ ਹੈ? ਜਿਸ ਦਾ ਰਾਜ ਹੋਵੇ ਉਸ ਦੀ ਬੋਲੀ ਨੂੰ 'ਰਾਜ ਭਾਸ਼ਾ' ਕਹੀਦਾ ਹੈ। ਤਦੋਂ ਰਾਜ ਪਠਾਣਾਂ ਦਾ ਸੀ; ਉਹਨਾਂ ਦੀ ਬੋਲੀ ਫਾਰਸੀ ਸੀ। ਸਾਰੇ ਸਰਕਾਰੀ ਕੰਮ ਫਾਰਸੀ ਵਿਚ ਹੁੰਦੇ ਸਨ। ਤਦ ਪਿਤਾ ਨੇ ਕਿਹਾ : ਫਾਰਸੀ ਪੜ੍ਹਾ ਵੇਖੀਏ, ਜੇ ਪੜ੍ਹ ਗਿਆ ਤਾਂ ਵੱਡਾ ਮੁਨਸ਼ੀ ਹੋ ਜਾਏਗਾ। ਖਿੜੇ ਹੱਸਦੇ ਬਾਲਕੇ ਨੇ ਕਿਹਾ:-ਹੱਛਾ ਬਾਪੂ ਜੀ। ਤਦ ਮਹਿਤਾ ਕਾਲੂ ਜੀ ਬਾਲਕੇ ਨੂੰ ਮੁੱਲਾਂ ਦੇ ਲੈ ਗਏ।

ਮੁੱਲਾਂ ਨੇ ਕਾਰਦਾਰ ਦਾ ਪੁੱਤ ਜਾਣਕੇ ਆਦਰ ਨਾਲ ਬਹਾਲ ਲਿਆ ਤੇ ਫਾਰਸੀ ਦੇ ਤੀਹ ਅੱਖਰ ਪਾ ਦਿਤੇ। ਉਹ ਬਾਲਕੇ ਨੇ ਐਉਂ ਯਾਦ ਕਰ ਲਏ ਜਿਵੇਂ ਅੱਗੇ ਹੀ ਪੜ੍ਹਿਆ ਸੀ। ਫੇਰ ਉਸ ਨੇ ਅੱਖਰਾਂ ਦੇ ਜੋੜ ਸਿਖਾਏ ਤੇ ਫੇਰ ਫਾਰਸੀ ਬੋਲੀ ਦਾ ਬਾਲ ਉਪਦੇਸ਼ ਅਗੇ ਰੱਖਿਆ; ਪਰ ਦੇਖੋ ਕਿ ਬਾਲਕ ਉਹ ਬੀ ਝਟ ਪੜ ਗਿਆ।

ਕੁਛ ਦਿਨ ਮੁੱਲਾਂ ਦੇ ਠੀਕ ਸਮੇਂ ਸਿਰ ਜਾ ਜਾ ਕੇ ਫੇਰ ਸੁਹਣੇ ਬਾਲਕ ਜੀ ਘੁਸਾਈਆਂ ਮਾਰਨ ਲਗ ਪਏ ਤੇ ਉਦਾਸ ਰਹਿਣ ਲਗ ਪਏ। ਮਦਰੱਸੇ ਨਾਗੇ ਬੀ ਪੈ ਜਾਣ। ਤਾਂ ਉਸਤਾਦ ਨੇ ਕਿਹਾ: ਨਾਨਕ ਤੂੰ ਹੁਣ ਓਸ ਤਰ੍ਹਾਂ ਨਹੀਂ ਪੜ੍ਹਦਾ ਦਿਲ ਲਾ ਕੇ, ਜਿਵੇਂ ਪਹਿਲਾਂ ਪੜ੍ਹਦਾ ਸੈਂ। ਤਾਂ ਬਾਲਕੇ ਨੇ ਕਿਹਾ: ਮੈਂ ਪੜ੍ਹਿਆ ਹਾਂ। ਉਸ ਨੇ ਕਿਹਾ: ਦੱਸ ਕੀ ਪੜ੍ਹਿਆ ਹੈਂ? ਤਾਂ ਆਪ ਨੇ ਇਕ ਕਾਗਤ ਮੁੱਲਾਂ ਨੂੰ ਦਿਤਾ; ਇਸ ਕਾਗਤ ਪਰ ਫਾਰਸੀ ਦਾ ਇਕ ਇਕ ਅੱਖਰ ਲਿਖਕੇ ਅਗੇ ਪਰਮੇਸ਼ੁਰ ਦੀਆਂ ਗੱਲਾਂ ਲਿਖੀਆਂ ਸਨ। ਇਹ ਵਾਚਕੇ ਮੁੱਲਾਂ ਨੇ ਬਾਲਕੇ ਦੇ ਪੈਰਾਂ ਅੱਗੇ ਸਿਰ ਨਿਵਾ ਦਿਤਾ ਤੇ ਕਿਹਾ: ਤੂੰ ਕੋਈ ਵਲੀ ਹੈਂ, ਜੋ ਬਿਨਾਂ ਪੜ੍ਹਾਏ ਪੜ੍ਹ ਗਿਆ ਏਂ। ਵਲੀ ਮੁਸਲਮਾਨਾਂ ਵਿਚ ਉੱਚੇ ਮਨੁੱਖ ਨੂੰ ਆਖਦੇ ਹਨ, ਜੋ ਪਰਮੇਸ਼ੁਰ ਨਾਲ ਜੁੜਿਆ ਰਹਿੰਦਾ ਹੋਵੇ।

ਪਰਮੇਸ਼ੁਰ ਦੇ ਪਿਆਰ ਵਿਚ ਰਹਿਣ ਵਾਲੇ ਬਾਲਕ ਜੀ, ਹੁਣ ਫੇਰ ਚੁਪ ਧਾਰ ਬੈਠੇ। ਘਰ ਲੰਮੇ ਪਏ ਰਿਹਾ ਕਰਨ ਯਾ ਅੱਖਾਂ ਮੀਟਕੇ ਬੈਠੇ ਰਹਿਣ। ਰੋਟੀ ਬੀ ਕਦੇ ਖਾਣੀ ਕਦੇ ਨਾ। ਤਾਂ ਮਾਂ ਪਿਉ ਨੂੰ ਫਿਕਰ ਲੱਗਾ। ਫੇਰ ਮੁੱਲਾਂ ਨੂੰ ਸੱਦ ਘੱਲਿਆ ਕਿ ਦੇਖ ਕਾਕੇ ਨੂੰ ਕੀ ਹੋਇਆ ਹੈ? ਮੁੱਲਾਂ ਨੇ ਆਕੇ ਗੁਰੂ ਬਾਲਕ ਨਾਲ ਕਈ ਗੱਲਾਂ ਕੀਤੀਆਂ ਤੇ ਬੁਲਾਉਣ ਦੇ ਜ਼ੋਰ ਲਾਏ, ਪਰ ਬਾਲਕ ਜੀ ਚੁੱਪ ਚਾਪ ਲੇਟੇ ਰਹੇ। ਫੇਰ ਮੁੱਲਾਂ ਨੇ ਕੰਨ ਵਿਚ ਕਿਹਾ:-ਨਾਨਕ ਜਿਸ ਸਾਹਿਬ ਦਾ ਤੈਨੂੰ ਪਿਆਰ ਹੈ ਉਸ ਦੇ ਵਾਸਤੇ ਉਠ ਬੈਠ। ਤਾਂ ਉਹ ਸੁਹਣਾ ਬਾਲਕ ਉਠ ਬੈਠਾ। ਹੁਣ ਚਿਹਰਾ ਚਮਕ ਰਿਹਾ ਸੀ; ਮੱਥਾ ਖਿੜ ਰਿਹਾ ਸੀ; ਕੋਈ ਉਦਾਸੀ ਨਹੀਂ ਸੀ। ਤਦ ਮੁੱਲਾਂ ਵਲ ਤੱਕਕੇ ਫਾਰਸੀ ਦਾ ਇਕ ਸ਼ਬਦ ਬੋਲੇ* ਜਿਸ ਵਿਚ ਉਸ ਨੂੰ ਇਹ ਮਤਿ ਦਿੱਤੀ ਸੀ ਕਿ ਹੇ ਮੁੱਲਾਂ! ਅਰਦਾਸ ਕਰਿਆ ਕਰ ਪਰਮੇਸ਼ੁਰ ਅੱਗੇ। ਅਰਦਾਸ ਹੁੰਦੀ ਹੈ ਬੇਨਤੀ, ਮਨ ਦੀ ਗਲ ਪਰਮੇਸ਼ੁਰ ਜੀ ਅੱਗੇ ਆਖਣੀ।

ਸੋ ਉਸ ਅਰਦਾਸ ਵਿਚ ਮੁੱਲਾਂ ਨੂੰ ਸਮਝਾ ਰਹੇ ਸਨ ਕਿ ਪਰਮੇਸ਼ੁਰ ਅਗੇ ਆਖ ਭਾਈ! ਅਸੀਂ ਦਿਨ ਰਾਤ ਦੁਨੀਆਂ ਦੇ ਲਾਲਚ ਵਿਚ ਹਾਂ, ਤੈਨੂੰ ਭੁਲਾਈ ਰਖਦੇ ਹਾਂ। ਦੁਨੀਆਂ ਤੇ ਸਦਾ ਰਹਿਣਾ ਨਹੀਂ; ਤੂੰ ਹੇ ਰੱਬ! ਸਾਡੇ ਮਾੜੇ ਕੰਮ ਨਾ ਵੇਖ, ਸਾਨੂੰ ਭਲੇ ਕੰਮਾਂ ਵਿਚ ਲਾ, ਆਪਣੇ ਪਿਆਰ ਵਿਚ ਪਾ, ਆਪਣੇ ਪਿਆਰਿਆਂ ਵਿਚ ਸਾਨੂੰ ਬਿਠਾ, ਸਾਨੂੰ ਪਿਆਰ ਕਰ, ਹੇ ਪਰਮੇਸ਼ੁਰ!

ਇਹ ਫਾਰਸੀ ਵਿਚ ਰਚਿਆ ਸ਼ਬਦ ਸੁਣਕੇ ਮੁੱਲਾਂ ਪੈਰੀਂ ਪੈ ਗਿਆ ਤੇ ਗੁਰੂ ਜੀ ਤੋਂ ਸਿਖਯਾ ਲੈ ਕੇ ਪਰਮੇਸ਼ੁਰ ਦੇ ਪਿਆਰ ਵਿਚ

---

*ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਤਿਲੰਗ ਰਾਗ ਵਿਚ ਹੈ :-
'ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ।

ਲਗ ਪਿਆ*। ਅਤੇ ਉਸ ਪਰਮੇਸ਼ੁਰ ਦੇ ਨਾਮ ਨੂੰ ਜਪਣ ਲਗ ਪਿਆ।

❖❖❖

# ੯. ਜਨੇਊ।

**ਗੁਰੂ** ਨਾਨਕ ਦੇਵ ਜੀ ਖਤ੍ਰੀ ਕੁਲ ਵਿਚ ਔਤਾਰ ਹੋਏ ਸੇ, ਜਿਨ੍ਹਾਂ ਨੂੰ ਵੇਦੀ ਆਖਦੇ ਹਨ। ਕੁਲ ਆਖਦੇ ਹਨ ਜਾਤਿ ਨੂੰ। ਹਿੰਦੂਆਂ ਵਿਚ ਇਕ ਜਾਤਿ ਹੈ ਬ੍ਰਾਹਮਣ, ਇਕ ਖਤ੍ਰੀ, ਇਹ ਦੋ ਜਾਤਾਂ ਉੱਚੀਆਂ ਆਖਦੇ ਹਨ। ਇਹਨਾਂ ਵਿਚ ਇਕ ਚਾਲ ਹੈ ਕਿ ਬਾਲ ਜਦ ਨੌਂ ਕਿ ਯਾਰਾਂ ਵਰ੍ਹਿਆਂ ਦਾ ਹੋ ਜਾਵੇ ਤਾਂ ਉਸ ਦੇ ਗਲ ਵਿਚ ਜਨੇਊ ਪਾਉਂਦੇ ਹਨ।

ਹੁਣ ਗੁਰੂ ਜੀ ਦੇ ਪਿਤਾ ਜੀ ਨੇ ਸੋਚਿਆ ਕਿ ਬਰਖ਼ੁਰਦਾਰ ਪੁਤ੍ਰ ਨੂੰ ਜਨੇਊ ਪਾਈਏ।

ਜਨੇਊ ਪਾਉਣ ਵੇਲੇ ਬਹੁਤ ਰੌਣਕ ਕਰਦੇ ਸਨ। ਸਾਰੇ ਸਾਕ ਭਰਾ ਮਿਤ੍ਰ ਸੱਦਦੇ ਹਨ, ਚੰਗੇ ਚੰਗੇ ਭੋਜਨ ਬਣਾਉਂਦੇ ਹਨ। ਖਤ੍ਰੀ ਘਰਾਂ ਵਿਚ ਤਾਂ ਬਕਰੇ ਮਾਰਕੇ ਮਾਸ ਬੀ ਰਿੰਨ੍ਹਦੇ ਹਨ ਤੇ ਆਇਆਂ ਨੂੰ ਖੁਆਲਦੇ ਹਨ। ਮਹਿਤਾ ਕਾਲੂ ਜੀ ਇਹ ਖੁਸ਼ੀ ਆਪਣੇ ਪੁਤ੍ਰ ਦੀ ਵੇਖਣੀ ਲੋਚਦੇ ਸਨ; ਸੋ ਹਰਦਿਆਲ ਪ੍ਰੋਹਿਤ ਨਾਲ ਸਲਾਹ ਕਰਕੇ ਸਾਰੀ ਤਿਆਰੀ ਕਰ ਲਈ। ਜੋ ਦਿਨ ਇਸ ਕੰਮ ਲਈ ਥਾਪਿਆ ਸੀ, ਕਿ ਫਲਾਣੇ ਦਿਨ ਇਹ ਖੁਸ਼ੀਆਂ ਮਨਾਵਾਂਗੇ, ਓਸ ਦਿਨ ਪੰਡਿਤ ਆ ਗਿਆ।

ਪੰਡਿਤ ਨੇ ਆਕੇ ਵਿਹੜੇ ਵਿਚ ਚੌਕਾ ਪੁਆਕੇ ਇਸ ਨੂੰ ਸੁਥਰਾ ਬਣਵਾਇਆ। ਫੇਰ ਇਕ ਵਡੀ ਚੌਕੀ ਡਹਾਈ; ਇਸ ਉਤੇ

*ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ ਕਿ ਮੁੱਲਾਂ ਨੇ ਹੱਥ ਜੋੜਕੇ ਕਿਹਾ— ਚਰਨ ਸ਼ਰਣ ਮੈਂ ਕੀਨੋ ਪਰਨਾ। ਹਰਹੁ ਮੋਹਿ ਜਗ ਜਨਮ ਰੁ ਮਰਨਾ। ਬ੍ਰਿੱਧਨ ਤੇ ਤੁਮ ਬ੍ਰਿੱਧ ਬਡੇਰੇ। ਕਰ ਉਪਦੇਸ਼ ਕਟਹੁ ਦੁਖ ਮੇਰੇ। (ਗੁ: ਨਾ: ਪ੍ਰ:)

ਇਕ ਆਸਣ ਵਿਛਾਕੇ ਆਪ ਬਹਿ ਗਿਆ ਤੇ ਆਪਣੇ ਅੱਗੇ ਆਟੇ ਨਾਲ ਚੌਕ ਪੂਰਿਆ।

ਚੌਕ ਪੂਰਨਾ ਕੀਹ ਹੁੰਦਾ ਹੈ? ਬ੍ਰਾਹਮਣ ਆਟਾ ਉਂਗਲਾਂ ਦੀ ਚੁਟਕੀ ਵਿਚ ਲੈਕੇ ਕੋਈ ਸ਼ਕਲਾਂ ਵਾਹੁੰਦਾ ਹੈ, ਇਕ ਅੱਖਰ ਬਣਾਉਂਦਾ ਹੈ। ਅੱਖਰ ਹੁੰਦਾ ਹੈ 'ॐ' ਏਸ ਸ਼ਕਲ ਦਾ: ਜਿਸ ਨੂੰ ਓਂ ਆਖਦੇ ਹਨ, ਨਾਲ ਅਸਮਾਨ ਦੇ ਨੌ ਤਾਰਿਆਂ ਦੇ ਨਿਸ਼ਾਨ ਬਣਾਉਂਦਾ ਹੈ। ਫੇਰ ਇਕ ਸ਼ਕਲ ਐਉਂ ਦੀ 卐 ਬਣਾਉਂਦਾ ਹੈ, ਜਿਸ ਦਾ ਨਾਉਂ ਗਣੇਸ਼ ਆਖਦਾ ਹੈ। ਇਸ ਤਰ੍ਹਾਂ ਚੌਕ ਪੂਰਕੇ ਉਸਨੇ ਇਸ ਤੋਂ ਦੂਜੇ ਪਾਸੇ ਆਪਣੇ ਸਾਹਮਣੇ ਗੁਰੂ ਬਾਲਕੇ ਨੂੰ ਬਹਾਲ ਲੀਤਾ ਤੇ ਲਗਾ ਕੁਛ ਪੜ੍ਹਨ, ਜਿਸ ਨੂੰ ਮੰਤ੍ਰ ਪੜ੍ਹਨਾ ਆਖਦੇ ਹਨ। ਓਨ੍ਹੇ ਐਉਂ ਪੂਜਾ ਕੀਤੀ ਸਾਰੀਆਂ ਬਣਾਈਆਂ ਮੂਰਤਾਂ ਦੀ, ਪੰਡਿਤ ਤਾਂ ਪੂਜਾ ਕਰਦਾ ਪਿਆ ਸੀ ਤੇ ਨਾਨਕ ਗੁਰੂ ਜੀ ਮਿੱਠੀ ਮਿੱਠੀ ਮੁਸਕਰਾਹਟ ਵਿਚ ਸਨ: ਅੱਖਾਂ ਵਿਚ ਇਕ ਚਮਕ ਸੀ ਸੁਆਦ ਵਾਲੀ, ਐਉਂ ਪਿਆ ਜਾਪੇ ਜਿਵੇਂ ਆਪਣੇ ਆਪ ਵਿਚ ਫੁਲ ਵਾਂਙੂ ਖਿੜੇ ਹੋਏ ਪਰ ਟਿਕੇ ਹੋਏ ਬੈਠੇ ਹਨ। ਪ੍ਰੋਹਿਤ ਹਰਦਿਆਲ ਨੇ ਹੁਣ ਹੋਰ ਮੰਤ੍ਰ ਪੜ੍ਹੇ ਤੇ ਇਕ ਜਨੇਊ ਚੱਕਕੇ ਉਸ ਪੁਰ ਬੀ ਮੰਤ੍ਰ ਪੜ੍ਹੇ।

ਜਨੇਊ ਇਕ ਸੱਤ ਤਾਰਾਂ ਵਾਲੇ ਤਾਗਿਆਂ ਦਾ, ਜੋ ਵੱਟੇ ਹੋਏ ਹੁੰਦੇ ਹਨ, ਇਕ ਗੋਲ ਘੇਰਾ ਜਿਹਾ ਬਣਿਆ ਹੁੰਦਾ ਹੈ ਜੋ ਏਡਾ ਵਡਾ ਹੁੰਦਾ ਹੈ ਕਿ ਗਲੇ ਵਿਚ ਪਾਕੇ ਬਾਂਹ ਤੋਂ ਹੇਠਾਂ ਵਾਰ ਇਕ ਪਾਸੇ ਕਰ ਲਓ ਤਾਂ ਪੂਰਾ ਆ ਜਾਂਦਾ ਏ। ਸੋ ਏਸ ਵੇਲੇ ਇਹ ਤਾਗੇ ਦੀਆਂ ਤਾਰਾਂ ਦੀ ਜਾਣੋਂ ਇਕ ਮਾਲਾ ਸੀ ਜੋ ਰਬੀ ਬਾਲਕੇ ਦੇ ਗਲ ਪਾਉਣੀ ਸੀ। ਜਦੋਂ ਪ੍ਰੋਹਿਤ ਇਹ ਜਨੇਊ ਚੁੱਕਕੇ ਆਪ ਜੀ ਦੇ ਗਲੇ ਪਾਉਣ ਲਗਾ ਤਾਂ ਹੱਥ ਉੱਚਾ ਕਰਕੇ ਤੇ ਰੋਕ ਕੇ ਪ੍ਰੋਹਿਤ ਨੂੰ ਬਾਲਕੇ ਜੀ ਨੇ ਆਖਿਆ: ਇਹ ਕੀ ਹੈ ਤੇ ਕਿਉਂ ਪਾਉਂਦੇ ਹੋ?

ਪ੍ਰੋਹਿਤ ਬੋਲਿਆ:-ਭਲੇ ਸੋਹਣੇ ਬਰਖ਼ੁਰਦਾਰ ਜੀ! ਇਹ ਯਗਜੋਪਵੀਤ ਹੈ, ਤੁਸੀਂ ਉੱਚ ਕੁਲ ਵੇਦੀ ਖਤ੍ਰੀ ਹੋ, ਇਹ ਪਹਿਰ ਕੇ ਤੁਸੀਂ ਦ੍ਵਿਜ ਹੋ ਜਾਓਗੇ। ਤੁਹਾਡਾ ਦੂਜਾ ਜਨਮ ਹੋ ਜਾਏਗਾ। ਦ੍ਵਿਜ ਲੋਕ ਉੱਚੇ ਹੁੰਦੇ ਹਨ, ਜੋ ਦ੍ਵਿਜ ਨਹੀਂ ਹਨ ਉੱਚ ਕੁਲ ਖਤ੍ਰੀ ਨਹੀਂ ਹਨ, ਉਹ ਨੀਵੇਂ ਹੁੰਦੇ ਹਨ। 'ਨੀਵੇਂ ਹੁੰਦੇ ਹਨ' ਸੁਣਕੇ ਬਾਲਕ ਦੇ ਮੱਥੇ ਤੇ ਵੱਟ ਪਿਆ, ਪਰ ਫੇਰ ਖੁਲ੍ਹ ਗਿਆ ਤੇ ਪ੍ਰੋਹਿਤ ਤੋਂ ਪੁੱਛਣਾ ਕੀਤੀ:-ਇਹ ਤਾਂ ਗਲੇ ਪਾਇਆ ਮੈਲਾ ਹੋ ਜਾਏਗਾ?

ਬ੍ਰਾਹਮਣ-ਫੇਰ ਧੋ ਲਿਆ।

ਗੁਰੂ ਜੀ ਬੋਲੇ-ਪੁਰਾਣਾ ਹੋਕੇ ਟੁੱਟ ਜਾਏਗਾ, ਫੇਰ?

ਬ੍ਰਾਹਮਣ-ਹੋਰ ਮੁੱਲ ਲੈਕੇ ਗਲੇ ਪਾ ਲਿਆ।

ਗੁਰੂ ਜੀ-ਐਸਾ ਜਨੇਊ ਤੁਸਾਂ ਪਾਸ ਨਹੀਂ ਹੈਗਾ, ਜੋ ਨਾ ਮੈਲਾ ਹੋਵੇ ਤੇ ਨਾ ਤੁੱਟੇ?

ਬ੍ਰਾਹਮਣ-ਮੇਰੇ ਪਾਸ ਤਾਂ ਨਹੀਂ, ਪਰ ਹੇ ਅਨੋਖੇ ਬਾਲਕ! ਜੇ ਤੇਰੇ ਕੋਲ ਹੈ ਤਾਂ ਮੈਨੂੰ ਦੱਸ; ਤੇਰੇ ਚੋਜ ਅਨੋਖੇ ਹੀ ਹੁੰਦੇ ਹਨ।

ਗੁਰੂ ਜੀ-ਕਿਸੇ ਨੂੰ ਮਾੜਾ ਨਾ ਜਾਣੋ, ਸਭਨਾਂ ਉਤੇ ਦਇਆ ਕਰੋ, ਇਹ ਤਾਂ ਹੋਵੇ ਕਪਾਹ, ਲਾਲਚ ਛੱਡਕੇ ਜੋ 'ਹੈ' ਉਸ ਵਿਚ ਖੁਸ਼ ਰਹੋ। ਪੰਡਿਤ ਜੀ! ਜਿਸ ਨੂੰ ਤੁਸੀਂ ਸੰਤੋਖ ਆਖਦੇ ਹੋ ਉਸ ਦਾ ਕੱਤ ਲਓ ਸੂਤ, ਓਸਨੂੰ ਸਚ-ਸਚੋ-ਸਚ ਦੀਆਂ ਵੱਟਣਾਂ ਦਿਓ ਤੇ ਸੁੱਚ ਦੀਆਂ ਪਾਓ ਗੰਢਾਂ ਜੋ ਪਵਿਤ੍ਰ ਰਹੇ! ਪੰਡਿਤ ਜੀ! ਹੈਂ? ਇਹ ਬਣਾਕੇ ਜਨੇਊ ਪਾਓ, ਇਹ ਨਾ ਟੁੱਟੇਗਾ, ਨਾ ਮੈਲਾ ਹੋਵੇਗਾ। ਫੇਰ ਪੰਡਿਤ ਜੀ! ਜੇ ਤੁਸੀਂ ਮੇਰੇ ਪਰਮੇਸ਼ੁਰ ਦੇ ਘਰ ਵਿਚ ਜਨੇਊ ਸਣੇ ਜਾਣਾ ਚਾਹੁੰਦੇ ਹੋ ਤਾਂ ਨਾਲ ਓਸ ਮੇਰੇ ਰੱਬ ਦੀਆਂ ਸਿਫਤਾਂ ਕਰੋ, ਆਖੋ ਉਹ ਡਾਢਾ ਚੰਗਾ ਹੈ; ਤੇ ਓਸ ਦਾ ਨਾਮ, ਜੋ ਬੜਾ ਪਵਿਤ੍ਰ ਹੈ, ਉਹ ਲਓ। ਤਦ ਉਹ ਜਨੇਊ, ਜੋ ਮੈਂ ਕਿਹਾ ਹੈ, ਸਿਫਤਾਂ ਸਲਾਹੁਤਾਂ ਨਾਲ ਸੱਚਾ ਜਨੇਊ ਬਣ ਜਾਏਗਾ ਤੇ ਪ੍ਯਾਰ ਨਾਲ ਨਾਮ ਲੈਣ ਨਾਲ

ਉਹ ਜਨੇਊ ਤੇਰੀ ਪਤਿ ਰਬ ਦੀ ਦਰਗਾਹ ਵਿਚ ਬਣਾ ਦੇਵੇਗਾ। 'ਤੂੰ ਉੱਚੀ ਕੁਲ ਦਾ ਤੇ ਸਚਮੁਚ ਚੰਗਾ ਹੈਂ, ਇਹ ਗਲ ਰੱਬ ਮੇਰੇ ਦੇ ਦਰਬਾਰ ਵਿਚ ਤੈਨੂੰ ਮਿਲੇਗੀ।

ਇਹ ਆਖਕੇ ਬਾਲਕੇ ਗੁਰੂ ਜੀ ਆਪਣੇ ਆਸਣ ਤੇ ਖੜੇ ਹੋ ਗਏ ਤੇ ਸਾਰੇ ਸਾਕਾਂ, ਅੰਗਾਂ, ਬ੍ਰਾਹਮਣਾਂ, ਸਜਣਾਂ ਵਲ ਜੋ ਉਦਾਲੇ ਜੁੜੇ ਬੈਠੇ ਸਨ, ਤੱਕ ਕੇ ਬੋਲੇ :-ਇਹ ਕੀ ਜਨੇਊ ਪਾਉਂਦੇ ਹੋ ਜੋ ਬ੍ਰਾਹਮਣ ਸੂਤ ਤੋਂ ਵਟ ਲੈਂਦਾ ਹੈ, ਚਉਕੇ ਬੈਠਕੇ ਪਾ ਦੇਂਦਾ ਹੈ, ਇਹ ਤਾਗਾ ਪੁਰਾਣਾ ਹੋਕੇ ਟੁੱਟ ਪੈਂਦਾ ਹੈ, ਪ੍ਰੋਹਿਤ ਬੁੱਢਾ ਹੋਕੇ ਮਰ ਜਾਂਦਾ ਹੈ, ਕੰਨ ਵਿਚ ਜੋ ਕੁਛ ਪ੍ਰੋਹਿਤ ਆਖਦਾ ਹੈ ਉਸ ਦੀ ਸਮਝ ਨਹੀਂ ਪੈਂਦੀ, ਸੋ ਪੱਲੇ ਕੁਛ ਬੀ ਨਾ ਰਿਹਾ ਤੇ ਨਾਲ ਕੁਛ ਬੀ ਨਾ ਗਿਆ।

ਫੇਰ ਪਾਉਂਦੇ ਹੋ ਜਨੇਊ ਜੋ ਉੱਚ ਕੁਲ ਬਣ ਜਾਓ, ਦ੍ਵਿਜ ਆਖਿਆ ਸਾ ਜੇ? ਪਰ ਬਕਰੇ ਕੋਹਕੇ ਰਿੰਨ੍ਹ ਕੇ ਖਾਂਦੇ ਹੋ। ਫੇਰ ਵੇਖੋ ਇਹ ਜਨੇਊ ਗਲ ਵਿਚ ਪਾ ਕੇ ਝੂਠ ਬੋਲਦੇ ਹੋ, ਚੋਰੀਆਂ ਕਰਦੇ ਹੋ; ਲੋਕਾਂ ਨਾਲ ਬੁਰਾ ਵਰਤਾਉ ਕਰਦੇ ਹੋ, ਦਗੇ ਕਮਾਉਂਦੇ ਹੋ, ਨਾ ਸੱਚੇ ਰਹਿੰਦੇ ਹੋ, ਨਾ ਸੁੱਚੇ ਰਹਿੰਦੇ ਹੋ, ਮੈਲੇ ਮਾੜੇ ਮਾੜੇ ਕੰਮ ਕਰਦੇ ਹੋ। ਤੁਸੀਂ ਇਹ ਤਾਗਾ ਪਾਕੇ ਉੱਚ ਕੀਕੂੰ ਹੋਏ ਤੇ ਲੋਕ ਨੀਵੇਂ ਕਿਉਂ ਹੋਏ? ਤੁਸੀਂ ਤਾਂ ਇਹ ਗਲੇ ਪਾਕੇ ਆਪਣੇ ਆਪ ਨੂੰ ਮਾੜੇ ਕੰਮਾਂ ਤੋਂ ਰੋਕਣਾ ਸੀ। ਤੁਸਾਂ ਦੇ ਹੱਥ ਕਿ ਪੈਰ ਕਿਸੇ ਨੂੰ ਦੁਖ ਨਾ ਦੇਂਦੇ, ਤੁਹਾਡੀਆਂ ਅੱਖਾਂ, ਪਜਾਰ ਨਾਲ ਵੇਖਦੀਆਂ, ਮਿੱਠੇ ਵਾਕ ਤੁਸੀਂ ਬੋਲਦੇ, ਤਾਂ ਤੁਸੀਂ ਉੱਚ ਹੁੰਦੇ, ਤਾਂ ਜਾਣਦੇ ਕਿ ਤਾਗਾ ਜ਼ੋਰ ਵਾਲਾ ਹੈ।

ਦੇਖੋ ਸਾਰੇ ਵਡੇ ਲੋਕੋ! ਜਦੋਂ ਤੁਹਾਡੀ ਘਰੀਂ ਪ੍ਰੋਹਿਤ ਆਕੇ ਜਨੇਊ ਪਾਉਂਦੇ ਹਨ, ਕਦੇ ਤੁਸਾਂ ਉਸਨੂੰ ਡਿੱਠਾ ਹੈ ਕਿ ਓਹ ਜਨੇਊ ਨੂੰ ਸਫਲਾ ਕਰ ਰਿਹਾ ਏ ਕਿ ਅਫਲ? ਕਿਉਂਕਿ ਆਪ ਤਾਂ ਮਾੜੇ ਕੰਮਾਂ ਤੋਂ ਹਟਦਾ ਨਹੀਂ ਤੇ ਲੋਕਾਂ ਨੂੰ ਸਿਖਜਾ ਦੇਂਦਾ ਤੇ ਰਾਹ ਦੱਸਦਾ ਹੈ।

ਓਹ ਜਨੇਊ ਪਾਓ ਜੋ ਮੈਂ ਦੱਸਿਆ ਹੈ। ਇਹ ਨਾ ਪੁਰਾਣਾ ਹੋਊ ਨਾ ਸੜੂ। ਏਥੇ ਸੁਖੀ ਰਖੂ ਅਗੇ ਸੁਖੀ ਕਰੂ।

ਹਰਦਿਆਲ ਭਲਾ ਲੋਕ ਸੀ, ਜਨਮ ਤੋਂ ਇਸ ਬਾਲਕੇ ਨੂੰ ਪਰਮੇਸ਼ੁਰ ਵਲੋਂ ਆਇਆ ਸਮਝਦਾ ਸੀ, ਅਜ ਇਹ ਹਰਿਆਨ ਕਰਨ ਵਾਲਾ ਸੱਚਾ ਉਪਦੇਸ਼ ਇਸ ਨਿੱਕੀ ਉਮਰਾ ਵਿਚ ਸੁਣਕੇ ਕਹਿਣ ਲੱਗਾ:-ਤੂੰ ਧੰਨਜ ਹੈਂ, ਤੂੰ ਧੰਨਜ ਹੈਂ, ਤੂੰ ਧੁਰੋਂ ਆਇਆ ਹੈਂ, ਤੇਰੀ ਮਹਿਮਾ ਤੂੰਹੋਂ ਜਾਣਦਾ ਹੈਂ।

ਹੋਰ ਸੁਨਣ ਵਾਲੇ ਬੀ ਹੱਕੇ ਬੱਕੇ ਹਰਿਆਨ ਹੋ ਗਏ ਕਿ ਇਸ ਬੱਚੇ ਦੀ ਉਮਰ ਮਸਾਂ ੧੧ ਵਰ੍ਹੇ ਦੀ ਹੋਸੀ, ਦੇਖੋ ਕੈਸੇ ਵਾਕ ਆਖੇ ਸੂ। ਹੋਵੇ ਨਾ ਤਾਂ ਇਹ ਕੋਈ ਔਤਾਰ ਆਇਆ ਹੈ; ਜੋ ਲੋਕਾਂ ਨੂੰ ਸੁਖ ਦੇਵੇਗਾ ਤੇ ਧਰਤੀ ਦਾ ਭਾਰ ਹਰੇਗਾ।

❖❖❖

## ੧੦. ਮੱਝੀਆਂ ਦਾ ਛੇੜੂ।

**ਗੁਰੂ** ਜੀ ਹੁਣ ਵਧੇਰੇ ਬਾਹਰ ਖੇਤਾਂ ਵਿਚ ਜਾ ਬੈਠਦੇ ਸਨ। ਘਰ ਰਹਿੰਦੇ ਤਾਂ ਅੱਖਾਂ ਮੀਟ ਬੈਠਦੇ। ਅੰਦਰੋਂ ਆਪਣੇ ਪਰਮੇਸ਼ੁਰ ਨਾਲ ਲਗੇ ਰਹਿੰਦੇ, ਬਾਹਰੋਂ ਦਿੱਸਦਾ ਕਿ ਜਿਵੇਂ ਕੋਈ ਮਸ਼ਟ ਮਾਰੀ ਬੈਠਾ ਹੈ। ਸੌਣਾ ਤਾਂ ਸੁੱਤੇ ਹੀ ਰਹਿਣਾ, ਕਿਸੇ ਨਾਲ ਬੋਲਣਾ ਨਾ। ਕੋਈ ਪੁੱਛੇ ਤਾਂ ਸਿੱਧਾ ਉੱਤਰ ਨਾ ਦੇਣਾ। ਲੋਕੀਂ ਕਈ ਕਹਿਣ ਲਗ ਪਏ ਕਿ ਇਹ ਤਾਂ ਝੱਲਾ ਹੈ। ਐਵੇਂ ਲੋਕੀਂ ਇਸ ਨੂੰ ਸਾਧੂ ਕਹਿੰਦੇ ਹਨ।

ਉਧਰ ਮਾਤਾ ਪਿਤਾ ਨੇ ਸੋਚਿਆ ਕਿ ਘਰ ਵਿਚ ਤਾਂ ਚੁਪ ਚਾਪ ਰਹਿੰਦਾ ਹੈ, ਪਰ ਬਾਹਰ ਖੇਤਾਂ ਵਿਚ ਕਿ ਬਨ ਵਿਚ ਖੁਸ਼ੀ ਖੁਸ਼ੀ ਜਾਂਦਾ ਹੈ ਤੇ ਉਥੇ ਗੱਲਾਂ ਬੀ ਕਰਦਾ ਹੈ, ਸਾਧਾਂ ਫਕੀਰਾਂ ਨਾਲ ਗੋਸ਼ਟਾਂ ਕਰਦਾ ਹੈ। ਗੋਸ਼ਟ ਆਖਦੇ ਹਨ ਡੂੰਘੀਆਂ ਵਿਚਾਰ ਦੀਆਂ ਆਪੋ ਵਿਚ ਦੀਆਂ ਗਲਾਂ ਬਾਤਾਂ ਨੂੰ। ਤਾਂ ਹੁਣ ਐਉਂ ਕਰੀਏ ਜੋ ਘਰ ਦੀਆਂ ਗਊਆਂ ਮੱਝੀਆਂ ਛੇੜਨ ਘੱਲ ਦਿਆ ਕਰੀਏ। ਦੋ ਚਾਰ ਦਿਨ ਤਾਂ ਛੇੜੂ ਘਰ ਦਾ ਨਾਲ ਜਾਵੇ ਫੇਰ ਆਪੇ ਸੰਭਾਲ ਲਊ। ਜੇ ਏਸ ਕਾਰੇ ਪਰਚ ਜਾਵੇ

ਤਾਂ ਵਡਾ ਵੱਗ ਲੈ ਦਿਆਂਗੇ। ਵੱਗ ਆਖਦੇ ਹਨ ਬਹੁਤ ਸਾਰੀਆਂ ਗਊਆਂ ਮੱਝੀਆਂ ਨੂੰ।

ਸੋ ਬਾਬੇ ਕਾਲੂ ਆਖਿਆ: ਪੁਤ ਨਾਨਕ! ਤੂੰ ਘਰ ਨਾਲੋਂ ਬਾਹਰ ਖੇਤਾਂ, ਬਨਾਂ ਵਿਚ ਤੇ ਵਣਾਂ ਹੇਠ ਖੁਸ਼ ਰਹਿੰਦਾ ਹੈ, ਤੇ ਤੈਨੂੰ ਗਊਆਂ ਮਹੀਆਂ ਵੱਛੇ ਚੰਗੇ ਲਗਦੇ ਹਨ, ਉਹਨਾਂ ਨੂੰ ਖੁਆ ਪਿਆਕੇ ਖੁਸ਼ ਹੁੰਦਾ ਹੈਂ, ਤੂੰ ਹੁਣ ਮੱਝੀਆਂ ਗਊਆਂ ਬਾਹਰ ਲੈ ਜਾਇਆ ਕਰ; ਇਹ ਵੀ ਪਲ ਆਇਆ ਕਰਨਗੀਆਂ ਤੇ ਤੂੰ ਬੀ ਖੁਸ਼ੀ ਰਹੇਂਗਾ। ਘਰ ਵਿਚ ਖਾਣ ਪੀਣ ਨੂੰ ਬਥੇਰਾ ਕੁਛ ਭਗਵਾਨ ਨੇ ਦਿੱਤਾ ਹੋਇਆ ਹੈ।

ਤਦ ਗੁਰੂ ਬਾਲਕੇ ਨੇ ਕਿਹਾ:-ਚੰਗਾ ਜੀਓ! ਸੋ ਹੁਣ ਬਾਲਕਾ ਨਾਨਕ, ਹਾਂ ਗੁਰੂ ਨਾਨਕ, ਮੱਝੀਆਂ ਗਊਆਂ ਦਾ ਛੇੜੂ ਬਣ ਗਿਆ। ਜਿਸ ਨੇ ਦੁਨੀਆਂ ਦੇ ਵਡੇ ਵਡੇ ਦਾਨਿਆ ਦੇ ਵੱਗਾਂ ਦੇ ਵੱਗ ਰੱਬ ਦੇ ਦੇਸ਼ ਲੈ ਜਾਣੇ ਹਨ, ਅਜ ਗਊਆਂ ਮਹੀਆਂ ਦਾ ਛੇੜੂ ਬਣ ਗਿਆ।

ਪਿੰਡ ਦੀ ਉਹ ਜਿਮੀ, ਜੋ ਸਾਂਝੀ ਹੁੰਦੀ ਹੈ, ਜਿਸ ਵਿਚ ਡੰਗਰ ਚਾਰੀਦੇ ਹਨ, ਤੇ ਹੋਰ ਅਗੇਰੇ ਜੂਹਾਂ ਵਿਚ ਜਿੱਥੇ ਘਾਹ ਹੋਵੇ ਇਹ ਸੁਹਣੇ ਬਾਲਕ ਜੀ ਮਝੀਆਂ ਗਊਆਂ ਨੂੰ ਲੈ ਜਾਂਦੇ ਸਨ। ਓਹ ਖੁਸ਼ੀ ਖੁਸ਼ੀ ਚਰਦੀਆਂ ਰਹਿਣ ਤੇ ਆਪ ਖੁਸ਼ੀ ਖੁਸ਼ੀ ਆਪਣੇ ਮੌਜੀ ਰੰਗਾਂ ਵਿਚ ਰਹਿਣ। ਕਦੇ ਅੱਖਾਂ ਮੀਟਕੇ ਪਰਮੇਸ਼ੁਰ ਦੇ ਧਿਆਨ ਵਿਚ ਹੋ ਜਾਣ। ਆਪ ਜੀ ਨੂੰ ਪਰਮੇਸ਼ੁਰ ਨਾਲ ਨਾਲ ਤੇ ਅੰਦਰ ਬਾਹਰ ਦਿੱਸਦਾ ਸੀ। ਉਸ ਨਾਲ ਗੂੜ੍ਹਾ ਪਿਆਰ ਸੀ ਤੇ ਉਸੇ ਦੇ ਪਿਅਰ ਵਿਚ ਦਿਲ ਪਰਚਿਆ ਰਹਿੰਦਾ ਸੀ। ਕਿਸੇ ਵੇਲੇ ਉਸ ਦਾ ਨਾਉਂ ਲੈਂਦੇ ਸਨ ਜਿਵੇਂ ਕਿ ਵਾਜਾਂ ਮਾਰੀ ਦੀਆਂ ਹੈਨ, ਕਦੇ ਮਿੱਠੇ ਮਿੱਠੇ ਗਾਉਣ ਗਾਉਂਦੇ ਸਨ, ਜਿਵੇਂ ਉਸ ਦੇ ਪਿਆਰ ਵਿਚ ਪਏ ਸੁਆਦ ਲੈਂਦੇ ਹਨ।

ਇਕ ਦਿਨ ਕੀਹ ਹੋਇਆ ਕਿ ਇਹ ਰੱਬ ਬਾਬਲ ਦਾ ਬਾਲਕਾ ਆਪਣੇ ਰੱਬ ਦੇ ਧਿਆਨ ਵਿਚ ਬਹਿ ਗਿਆ, ਅੱਖਾਂ ਮੀਟ ਹੋ ਗਈਆਂ। ਅੰਦਰੋਂ ਐਸਾ ਕੋਈ ਧਿਆਨ ਲੱਗਾ ਕਿ ਜਿਵੇਂ ਕੋਈ ਗੁੰਮ ਹੋ ਜਾਂਦਾ ਹੈ। ਬਾਹਰ ਦੀ ਬਾਲਕ ਗੁਰੂ ਜੀ ਨੂੰ ਕੋਈ ਸੋਝੀ ਨਾ ਰਹੀ। ਜਿਵੇਂ ਲੋਕੀਂ

ਦੱਸਦੇ ਹਨ ਕਿ ਜੋਗੀ ਦੀ ਸਮਾਧਿ ਲਗ ਜਾਂਦੀ ਹੈ, ਤਿਵੇਂ ਗੁਰੂ ਜੀ ਆਪਣੇ ਪਰਮੇਸ਼ੁਰ ਦੇ ਪਿਆਰ ਵਿਚ ਮਗਨ ਕਿ ਮਸਤ ਹੋ ਗਏ, ਜਿਵੇਂ ਕੋਈ ਬੇਹੋਸ਼ ਹੋ ਜਾਂਦਾ ਹੈ। ਸੁਹਣਾ ਬਾਲਕਾ ਤਾਂ ਚਿੰਤਨ (ਹੋਸ਼ ਵਿਚ) ਸੀ, ਪਜਾਰ ਵਿਚ ਸੀ, ਪਰ ਬਾਹਰੋਂ ਲਗੇ ਕਿ ਘੂਕ ਸੁੱਤਾ ਪਿਆ ਹੈ। ਤਦੋਂ ਮੱਝੀਆਂ ਗਊਆਂ ਇਕ ਜ਼ਿਮੀਂਦਾਰ ਦੇ ਖੇਤ ਵਿਚ ਜਾ ਵੜੀਆਂ, ਜੋ ਖੇਤ ਕਿ ਸਾਵੀ ਸਾਵੀ ਫਸਲ ਨਾਲ ਲਹਿ ਲਹਿ ਪਿਆ ਕਰਦਾ ਸੀ।

ਏਨੇ ਨੂੰ ਖੇਤ ਦਾ ਮਾਲਕ ਆ ਗਿਆ, ਉਸ ਨੂੰ ਦੇਖਕੇ ਰੋਹ ਚੜ੍ਹ ਗਿਆ ਤੇ ਆ ਜ਼ੋਰ ਧਮੱਕੇ ਨਾਲ ਬੋਲਿਆ:-ਕਮਲਾ ਕਿਤੋਂ ਦਾ, ਸੌਂ ਰਿਹਾ ਏ ਮੌਜਾਂ ਨਾਲ, ਦੇਖ ਤੇਰੇ ਡੰਗਰ ਮੇਰਾ ਖੇਤ ਖਾ ਗਏ ਨੀ! ਉਠ ਭਲਾ ਲੋਕ ਏਂ ਤਾਂ ਭਰ ਦੇਹ ਉਜਾੜਾ! ਤਾਂ ਗੁਰੂ ਜੀ ਨੇ ਸਹਿਜ ਨਾਲ, ਅੱਖਾਂ ਖੋਹਲੀਆਂ ਤੇ ਉਸ ਵਲ ਤੱਕੇ, ਅੱਖਾਂ ਵਿਚ ਤਰਸ ਤੇ ਪਿਆਰ ਸੀ। ਆਖਣ ਲੱਗੇ:-ਭਲਿਆ ਲੋਕਾ! ਪਰਮੇਸ਼ੁਰ ਤੇ ਧਿਆਨ ਲਾ, ਜੇ ਡੰਗਰਾਂ ਮੂੰਹ ਮਾਰ ਲਿਆ ਏ ਕੁਛ ਪੈਲੀ ਨੂੰ ਤਾਂ ਰੱਬ ਨਵੇਂ ਪੁੰਗਾਰੇ ਪਾ ਦੇਵੇਗਾ, ਖਾਧੇ ਬੂਟਿਆਂ ਦੇ ਮੁੱਢਾਂ ਨੂੰ, ਦੋ ਦਹਿ ਗੁਣਾ ਹੋ ਵੈਸੀਆ ਫਸਲ। ਉਸ ਦੇ ਘਰ ਸਭ ਕੁਛ ਏ।

ਪਰ ਗੁੱਸੇ ਭਰਿਆ ਮਾਲਕ ਉੱਚੀ ਉੱਚੀ ਬੋਲਦਾ ਗਿਆ, ਜਾ ਪਿੱਟਿਆ ਰਾਇ ਬੁਲਾਰ ਅੱਗੇ ਉਸ ਦੀ ਕਚਹਿਰੀ ਵਿਚ। ਰੱਬੀ ਬਾਲਕੇ ਨੂੰ ਵੀ ਬਾਹੋਂ ਫੜਕੇ ਨਾਲੇ ਲੈ ਗਿਆ। ਤਾਂ ਸੁਹਣੇ ਸੁਹਣੇ ਰੱਬ ਦੇ ਪਿਆਰੇ ਚਾਨਣੇ ਚਿਹਰੇ ਵਾਲੇ ਚੁਪ ਕਰਕੇ ਜਾ ਖੜੋਤੇ। ਰਾਇ ਨੇ ਸਾਰੀ ਗੱਲ ਸੁਣਕੇ ਮਹਿਤੇ ਨੂੰ ਸੱਦ ਘੱਲਿਆ ਤੇ ਆਖਿਆ:-ਏਸ ਜ਼ਿਮੀਂਦਾਰ ਦਾ ਉਜਾੜਾ ਭਰ ਦੇਹ ਕਾਲੂ ਮਹਿਤਾ, ਤੇਰੇ ਪੁੱਤ ਨੇ ਖੇਤ ਉਜਾੜਿਆ ਏ। ਨਾਲ ਹੀ ਰਾਇ ਮੁੜ ਮੁੜ ਰੱਬ ਦੇ ਬੱਚੇ ਵਲ ਤੱਕ ਕੇ ਹਰਿਆਨ ਹੋਵੇ ਕਿ ਕੀਕੂੰ ਚੁਪ ਚਾਪ ਕਿਸੇ ਸੁਹਣੇ ਸੁਆਂ ਵਿਚ ਖੜੋਤਾ ਏ, ਜਿਵੇਂ ਕੋਈ ਰਾਜ ਪੁਤ੍ਰ ਦਰਬਾਰ

ਵਿਚ ਖੜੋਤਾ ਹੁੰਦਾ ਏ, ਚੁਪ ਚਾਪ ਮੂਰਤ ਵਾਂਙੂ, ਕੇਡਾ ਸੁਹਣਾ ਤੇ ਪਿਆਰਾ ਪਿਆਰਾ ਪਿਆ ਲਗਦਾ ਏ।

ਕਾਲੂ ਆਖਿਆ-ਰਾਇ ਜੀ ਮੇਰੇ ਕੀ ਵੱਸ ਹੈ, ਪੁਤ ਹੀ ਐਸਾ ਹੈ ਜੋ ਕਿਸੇ ਕੰਮ ਵਿਚ ਦੀਦਾ ਨਹੀਂ ਦੇਂਦਾ। ਇਹਨੂੰ ਲੋਕੀ ਕਮਲਾ ਜਾਣਕੇ ਬੀ ਊਜ ਲਾ ਸਕਦੇ ਨੇ, ਆਪ ਜੀ ਸਹੀ ਤਾਂ ਕਰੋ। ਤਦ ਰਾਇ ਨੇ ਆਪਣੇ ਪਿਆਦੇ ਘੱਲੇ ਜੋ ਜਾਕੇ ਦੇਖਣ ਕਿ ਠੀਕ ਖੇਤ ਉਜੜਿਆ ਏ ਕਿ ਭੱਟੀ ਕੂੜ ਮਾਰਦਾ ਏ। ਪਿਆਦਾ ਕੌਣ ਹੁੰਦਾ ਏ? ਪਿਆਦਾ ਹੁੰਦਾ ਏ ਪੈਦਲ ਟੁਰਕੇ ਜਾਣ ਵਾਲਾ। ਪਰ ਉਹ ਹੁੰਦਾ ਹੈ ਵਡੇ ਹਾਕਮ ਦਾ ਚਪੜਾਸੀ ਆਖੋ ਕਿ ਨੌਕਰ ਆਖੋ ਜੋ ਕਚਹਿਰੀ ਹੁੰਦਾ ਏ ਖੜਾ ਤੇ ਹਾਕਮ ਦੇ ਹੁਕਮ ਹੋਣ ਤੇ ਕੰਮ ਕਰਨ ਜਾਂਦਾ ਏ।

ਸੋ ਪਿਆਦਿਆਂ ਨੇ ਆਕੇ ਆਖਿਆ ਕਿ ਰਾਇ ਜੀ ਇਹ ਪੈਲੀ ਵਾਲਾ ਕੂੜ ਮਾਰਦਾ ਏ, ਉਥੇ ਤਾਂ ਖੇਤ ਲਹਿ ਲਹਿ ਪਿਆ ਕਰਦਾ ਏ, ਇਕ ਪੱਠਾ ਬੀ ਕਿਸੇ ਪਸ਼ੂ ਨੇ ਨਹੀਂ ਖਾਧਾ ਦਿੱਸਦਾ। ਤਦ ਰਾਇ ਭੱਟੀ ਵਲ ਗੁੱਸੇ ਨਾਲ ਤੱਕਿਆ। ਇਹ ਵੇਖਕੇ ਓਸ ਜ਼ਿਮੀਂਦਾਰ ਆਖਿਆ:-ਰਾਇ ਜੀ! ਮੈਂ ਕੂੜ ਨਹੀਂ ਮਾਰਿਆ ਠੀਕ ਮੱਝੀਆਂ ਖੇਤ ਖਾਧਾ ਏ। ਇਹ ਬਾਲ ਕੋਈ ਵਲੀ ਏ ਕਿ ਸਾਹਿਰ* ਏ। ਏਸ ਨੇ ਕਰਾਮਾਤ ਕੀਤੀ ਏ। ਏਸ ਨੇ ਮੈਨੂੰ ਆਖਿਆ ਸੀ: ਸਬਰ ਕਰ, ਰਬ ਭਲਾ ਕਰਸੀ, ਮੁੱਢ ਫੁਟ ਵੈਸਣ, ਫਸਲ ਦਹ ਦੂਣੀ ਹੋ ਵੈਸੀ। ਮੈਂ ਨਾ ਅਮੰਨਾਂ ਕੀਤੀ, ਰਾਇ ਜੀ! ਮੇਰੇ ਨਾਲ ਆਉਂਦਾ ਬਾਲਕ ਮੁੜ ਮੁੜ ਉਜੜੇ ਖੇਤ ਵਲ ਵੇਂਹਦਾ ਸੀ। ਏਸ ਕੋਈ ਨਜ਼ਰ ਪਾਈ ਊ ਵਲੀਆਂ ਫਕੀਰਾਂ ਵਾਲੀ, ਹਰਿਆ ਹੋ ਵੰਞਿਆ ਏ ਖੇਤ। ਮੈਂ ਨਾ ਕੂੜ ਮਾਰਿਆ ਏ। ਤਦ ਜ਼ਿਮੀਂਦਾਰ ਨੇ ਸਿਰ ਨਿਵਾਇਆ ਤੇ ਰਾਇ ਨੇ ਉਸ ਨੂੰ ਝੂਠਾ ਕਰ ਟੋਰਿਆ।

---

*ਜਾਦੂਗਰ।

ਹੁਣ ਰਾਇ ਗੁਰੂ ਬਾਲਕੇ ਵੱਲ ਘੜੀ ਘੜੀ ਵੇਂਹਦਾ ਰਿਹਾ। ਅਗੇ ਰਾਇ ਲੋਕਾਂ ਤੋਂ ਗੱਲਾਂ ਸੁਣਦਾ ਰਹਿੰਦਾ ਸੀ ਕਿ ਕਿਵੇਂ ਪਾਂਧੇ, ਪੰਡਿਤ ਤੇ ਮੁੱਲਾਂ ਨੂੰ ਰੱਬ ਦੇ ਘਰ ਦੀਆਂ ਗਲਾਂ ਕਰਕੇ ਹਰਿਆਨ ਕੀਤਾ ਸੁ ਤੇ ਫੇਰ ਕਿਵੇਂ ਜਨੇਊ ਵੇਲੇ ਅਗਮ ਨਿਗਮ ਦੀਆਂ ਗਲਾਂ ਕੀਤੀਆਂ ਸੂ। ਇਹ ਬੀ ਸੁਣਦਾ ਸੀ ਕਿ ਕਈ ਲੋਕੀ ਉਹਨੂੰ ਕਮਲਾ ਕਹਿੰਦੇ ਹਨ, ਪਰ ਅਜ ਬਹੁਤ ਹਰਿਆਨ ਸੀ ਕਿ ਅਸਲ ਗਲ ਕੀ ਹੈ? ਤੇ ਉਵੇ ਉਸ ਨੂੰ ਸੂਰਤ ਡਾਢੀ ਪਿਆਰੀ ਲਗਦੀ ਸੀ। ਮੁੜ ਮੁੜ ਪਿਆਰ ਨਾਲ ਵੇਖਦਾ ਸੀ ਤੇ ਵੇਖਦਾ ਸੀ। ਦਿਲ ਵਿਚ ਆਖੇ ਭੱਟੀ ਦਾ ਖੇਤ ਉਜੜਿਆ ਤੇ ਏਸ ਨੇ ਕਰਾਮਾਤ ਕਰਕੇ ਹਰਿਆ ਕਰ ਦਿਤਾ ਹੈ; ਤਾਂ ਤੇ ਇਹ ਵਲੀ ਹੈ, ਰੱਬ ਦਾ ਕੋਈ ਪਿਕਾਮਰ ਏ ਜੋ ਮੇਰੇ ਰਾਜ ਵਿਚ ਆ ਉਤਰਿਆ ਏ। ਪਿਕਾਮਰ ਆਖਦੇ ਹਨ ਰੱਬ ਦੇ ਘੱਲੇ ਵਡੇ ਉੱਚੇ ਸੁੱਚੇ ਰੱਬ ਦੇ ਪਜਾਰੇ ਨੂੰ।

❖❖❖

## ੧੧. ਸੱਪ ਦੀ ਛਾਇਆ।

**ਤਦ** ਬਾਲਕ ਗੁਰੂ ਤੇ ਮਹਿਤਾ ਕਾਲੂ ਘਰ ਆਏ। ਅਗਲੇ ਦਿਨ ਫੇਰ ਬਾਲਕਾ ਮੱਝੀਆਂ ਗਊਆਂ ਲੈ ਗਿਆ ਬਨ ਨੂੰ ਛੇੜਕੇ। ਮੱਝੀਆਂ ਚਰਨ ਤੇ ਆਪ ਗਾਂਵੇਂ ਸੁਹਣੇ ਸੁਹਣੇ ਗਾਉਣ ਪਰਮੇਸ਼ੁਰ ਦੇ ਪਿਆਰ ਦੇ। ਐਉਂ ਜਾਪੇ ਕਿ ਮਹੀਆਂ ਗਊਆਂ ਬੀ ਸੁਣਦੀਆਂ ਪਈਆਂ ਹਨ ਜੋ ਘਾਹ ਖਾਂਦੀਆਂ ਮੁੜ ਮੁੜ ਬੂਥੀਆਂ ਚੁੱਕ ਚੁੱਕ ਵੇਂਹਦੀਆਂ ਹਨ ਸੁਹਣੇ ਵਾਗੀ ਵਲ, ਆਪਣੇ ਰੱਬ ਦੇ ਪਿਆਰੇ ਛੇੜੂ ਵਲ।

ਇਸ ਤਰ੍ਹਾਂ ਕਈ ਦਿਨ ਲੰਘੇ। ਇਕ ਦਿਨ ਅਜੇ ਦੁਪਹਿਰ ਨਹੀਂ ਸੀ ਆਈ ਕਿ ਬਾਲਕ ਗੁਰੂ ਨਾਨਕ ਇਕ ਸੁਹਣੇ ਘਾਹ ਦੇ ਖੇਤ ਵਿਚ ਇਕ ਲਾਂਭੇ ਬੈਠਾ ਲੇਟ ਗਿਆ ਤੇ ਐਉਂ ਜਾਪੇ ਜਿਵੇਂ ਸੌਂ ਗਿਆ ਏ। ਇੰਨੇ ਨੂੰ ਦੁਪਹਿਰ ਹੋ ਗਈ ਸ਼ਿਕਲ, ਬਨ ਵਾਲੇ ਪਾਸਿਓਂ ਇਕ ਸੱਪ ਆਇਆ ਫਨੀਅਰ। ਫਨੀਅਰ ਸੱਪ ਕੀ ਹੁੰਦਾ ਏ?

ਇਹ ਇਕ ਸੱਪ ਹੁੰਦਾ ਹੈ ਜੋ ਆਪਣਾ ਸਿਰ ਤੇ ਮੂੰਹ ਵਾਲਾ ਅਗਲਾ ਹਿੱਸਾ ਖੜਾ ਕਰ ਲੈਂਦਾ ਏ ਤੇ ਉਸ ਨੂੰ ਖਿਲਾਰ ਲੈਂਦਾ ਏ ਜਿਵੇਂ ਕਿ ਦਾਣੇ ਛੱਟਣ ਵਾਲਾ ਛੱਜ ਹੁੰਦਾ ਏ; ਏਸ ਕਰਕੇ ਏਸ ਨੂੰ ਛਜਲੀ ਵਾਲਾ ਸੱਪ ਵੀ ਆਖਦੇ ਹਨ। ਸੋ ਇਕ ਸੱਪ ਬੜਾ ਵੱਡਾ ਖ਼ਬਰੇ ਛਜਲੀ ਵਾਲਿਆਂ ਦਾ ਰਾਜਾ ਹੋਣਾ ਏ, ਬਹੁਤ ਵਡਾ ਸਾਰਾ ਸੀ, ਮੋਟਾ ਸਾਰਾ ਸੀ ਤੇ ਚੋਖਾ ਲੰਮਾ ਸੀ। ਲੋਕੀ ਦੱਸਦੇ ਹਨ ਕਿ ਇਕ ਹੁੰਦਾ ਏ ਵਡਾ ਫਨੀਅਰ, ਉਸ ਨੂੰ ਰਾਜਾ ਫਨੀਆਰ ਆਖਦੇ ਹਨ[੧]। ਇਹ ਸੱਪ ਜਿਥੇ ਰੱਬ ਦਾ ਬੱਚਾ ਸੁੱਤਾ ਪਿਆ ਜਾਪਦਾ ਸੀ ਉਥੇ ਆ ਗਿਆ। ਉਥੇ ਆਕੇ ਕੀ ਡੰਗ ਮਾਰਿਓ ਸੂ? ਨਹੀਂ, ਸਿਰ ਵਾਲਿਓਂ ਪਾਸਿਓਂ ਹੋਕੇ ਸਿਰ ਉੱਚਾ ਕਰਕੇ ਛਜਲੀ ਤਾਣ ਦਿੱਤੀਓਸੁ ਚਿਹਰੇ ਉਤੇ, ਛਾਂ ਹੋ ਗਈ ਚਾਨਣੇ ਚਿਹਰੇ ਉਤੇ, ਜਿਸ ਤੇ ਤਿੱਖੀ ਧੁੱਪ ਪੈ ਰਹੀ ਸੀ। ਕਈ ਵੇਰ ਗਊਆਂ ਮਹੀਆਂ ਵੱਡਾ ਸੱਪ ਵੇਖਕੇ ਭੱਜ ਜਾਂਦੀਆਂ ਹਨ, ਪਰ ਸਾਰੀਆਂ ਮਹੀਆਂ ਗਊਆਂ ਦੂਰ ਦੂਰ ਆ ਬੈਠੀਆਂ, ਚਰਨਾਂ ਭੁੱਲ ਗਈਆਂ ਤੇ ਡੇਲੇ ਤਾੜ ਤਾੜ, ਬੰਨ੍ਹ ਬੰਨ੍ਹ ਤੱਕਣ ਆਪਣੇ ਸੁੱਤੇ ਪਏ ਛੇੜੂ ਵਲ ਤੇ ਏਨੇ ਨੂੰ ਰਾਇ ਬੁਲਾਰ ਆ ਲੰਘਿਆ, ਜੋ ਕਿਤੋਂ ਬਾਹਰੋਂ ਘਰ ਆ ਰਿਹਾ ਸੀ। ਉਸ ਡਿੱਠਾ ਜੋ ਉਹੋ ਉਜੜੇ ਖੇਤ ਹਰੇ ਕਰਨ ਵਾਲਾ ਕਾਲੂ ਦਾ ਕਾਕਾ ਸੁੱਤਾ ਪਿਆ ਏ, ਦੂਰੋਂ ਸਿਞਾਣ ਲਿਆ ਸੂ, ਪਰ ਦਿਲ ਵਿਚ ਡਰ ਗਿਆ। ਆਖੇ: ਹਾਇ ਹੈਫ![੨] ਕਿੱਡਾ ਸੋਹਣਾ ਬਾਲ ਸੱਪ ਨੇ ਡੰਗ ਸੁਟਿਆ ਏ। ਵੇਖੋ ਕਿਵੇਂ ਪਿਆ ਏ, ਨਾ ਹਿੱਲਦਾ ਏ ਨਾ ਜੁੱਲਦਾ ਏ। ਕਿਵੇਂ ਕਰਾਂ? ਕੋਲ ਚੱਲਾਂ ਤੇ ਸੱਪ ਨੂੰ ਮਾਰ ਦਿਆਂ ਮਤੇ ਬਾਲਕਾ ਬਚ ਰਹਿਵੇ। ਜਾਂ ਰਾਇ ਨੇ ਘੋੜੀ ਦੀ ਵਾਂਗ ਮੋੜੀ ਤੇ

---

੧. ਅੰਗਰੇਜ਼ੀ ਵਿਚ ਇਸ ਨੂੰ 'ਕਿੰਗ ਕੋਬਰਾ' ਆਖਦੇ ਹਨ।

੨. ਹਾਇ ਹਮਸੋਸ ਹੈ।

ਨੇਜ਼ਾ ਸਿੱਧਾ ਕੀਤਾ ਤਾਂ ਸੱਪ ਤਾਂ ਘੋੜੇ ਤੋਂ ਭੀ ਤਿੱਖੀ ਚਾਲੇ ਨੱਸਦਾ ਦਿੱਸਿਆ ਤੇ ਦੂਜੇ ਪਲਕਾਰੇ ਵਿਚ ਗੁੰਮ ਹੀ ਹੋ ਗਿਆ। ਤਾਂ ਰਾਇ ਅਗੇ ਵਧਿਆ, ਡਿੱਠੋਸੁ ਕਿ ਬਾਲਕੇ ਨੂੰ ਸਾਹ ਆ ਰਹੇ ਹਨ। ਘੋੜੇ ਤੋਂ ਉਤਰਕੇ ਬੱਚੇ ਨੂੰ ਡਿੱਠੋਸੁ ਕਿ ਜੀਉਂਦਾ ਹੈ, ਤਾਂ ਝਟ ਗਲ ਲਾ ਲਿਓਸੂ। ਜੱਫੀ ਪਾਈਓਸੁ ਘੁੱਟ ਕੇ; ਪਰ ਦੇਖੋ ਕੀ ਹੋਇਆ? ਉਸ ਨੂੰ ਸੁਆਦ ਆ ਗਿਆ ਤੇ ਰੱਬ ਰੱਬ ਕਰਨ ਲੱਗ ਪਿਆ; ਐਉਂ ਜਿਵੇਂ ਰੱਬ ਨੂੰ ਜੱਫੀ ਪਾ ਬੈਠਾ ਏ। ਅੱਜ ਜੋ ਰਾਇ ਨੇ ਡਿੱਠਾ ਤੇ ਜੱਫੀ ਪਾਕੇ ਜੋ ਉਸ ਦੇ ਹੱਡੀਂ ਵਰਤਿਆ, ਉਸ ਨੂੰ ਨਿਹਚਾ ਬੱਝ ਗਿਆ ਕਿ ਇਹ ਬਾਲ ਬਾਲਕ ਨਹੀਂ, ਇਹ ਰੱਬ ਨੇ ਕੋਈ ਆਪਣਾ ਪਿਆਰਾ ਘੱਲਿਆ ਏ। ਫਾਰਸੀ ਬੋਲੀ ਵਿਚ ਆਖਿਓਸੁ, "ਤੂੰ ਪਿੰਗਬਰ ਏਂ।" "ਤੂੰ ਪਿਰੰਬਰ ਏਂ।" ਅਰਥ ਇਹ ਸੀ ਕਿ ਤੂੰ ਰੱਬ ਵਲੋਂ ਸਾਡੇ ਲਈ ਸੁਨੇਹੇ ਲੈਕੇ ਆਇਆ ਏਂ। ਤੂੰ ਰੱਬ ਦਾ ਏਂ, ਰੱਬ ਤੇਰਾ ਏ।

❖❖❖

# ੧੨. ਬਿਰਛ ਦੀ ਛਾਂ।

**ਇਕ** ਦਿਨ ਰਾਇ ਫੇਰ ਗਿਆ ਸੀ ਸ਼ਿਕਾਰ ਨੂੰ ਕਿ ਕਿਸੇ ਕੰਮੇ। ਜਾਂ ਦਿਨ ਢਲੇ ਮੁੜਿਆ ਤਾਂ ਵੇਖੇ ਕਿ ਇਕ ਘਾਹ ਦਾ ਖੇਤ ਹੈ, ਡੰਗਰ ਪਏ ਚਰਦੇ ਹਨ, ਇਕ ਪਾਸੇ ਸੁੱਤਾ ਪਿਆ ਏ ਇਕ ਵਡੇਰਾ ਬਾਲਕ। ਹੋਰ ਬ੍ਰਿਛਾਂਦੇ ਪਰਛਾਵੇਂ ਤਾਂ ਢਲ ਗਏ ਹਨ, ਪਰ ਇਸੇ ਦੇ ਸਰੀਰ ਉਤੇ ਬ੍ਰਿਛ ਦੀ ਛਾਂ ਪੈ ਰਹੀ ਹੈ! ਹਰਿਆਨ ਹੋਕੇ ਨੀਝ ਲਾਕੇ ਤੱਕਿਓਸੂ ਤਾਂ ਪਛਾਣ ਲਿਓਸੂ ਕਿ ਇਹ ਤਾਂ ਓਹੋ ਨਾਨਕ ਹੈ, ਜਿਸ ਖੇਤ ਹਰਾ ਕੀਤਾ ਸੀ ਤੇ ਜਿਸਦੇ ਸਿਰ ਤੇ ਨਾਗ ਫਨ ਖਿਲਾਰੀ ਖੜਾ ਦੇਖਿਆ ਸੀ। ਅੱਜ ਦੇਖੋ ਬ੍ਰਿਛ ਦੀ ਛਾਂ ਹੋਰਥੋਂ ਢਲ ਗਈ ਹੈ, ਪਰ ਇਸਦੇ ਸਿਰ ਤੋਂ ਨਹੀਂ ਢਲੀ। ਸਮਝਿਓਸੁ ਕਿ ਇਹ ਜ਼ਰੂਰ ਕਰਾਮਾਤੀ ਹੈ, ਇਹ ਜ਼ਰੂਰ ਰੱਬ ਦਾ ਬੰਦਾ ਏ। ਜਾਂ ਰਾਇ ਦੇ ਦਾਸ ਨੇ ਜਗਾਇਆ ਤਾਂ ਰੱਬ ਜੀ ਦੇ ਕੁਮਾਰ ਬਾਲਕੇ ਉਠ ਖੜੇ ਹੋਏ। ਰਾਇ

ਵੱਲ ਤੱਕੇ, ਨੈਣ ਭਰ ਫੇਰ ਫੇਰ ਤੱਕੇ। ਰਾਇ ਨੂੰ ਸੁਆਦ ਆ ਗਿਆ, ਐਉਂ ਲਗੋਸੁ ਕਿ ਤੱਕਣੀ ਵਿਚ ਪਿਆਰ ਏ ਤੇ ਸੁਆਦ ਏ।

ਅੱਜ ਤੋਂ ਰਾਇ ਨੂੰ ਪੱਕਾ ਭਰੋਸਾ ਹੋ ਗਿਆ ਕਿ ਇਹ ਰੱਬ ਦਾ ਏ। ਫੇਰ ਰਾਇ ਕਦੇ ਨਾ ਡੋਲਿਆ ਤੇ ਦਿਨੋਂ ਦਿਨ ਉਸ ਦਾ ਪਿਆਰ ਤੇ ਸ਼ਰਧਾ ਵਧਦੀ ਗਈ ਤੇ ਉਹਨਾਂ ਨੂੰ ਆਪਣਾ ਗੁਰੂ ਸਮਝਕੇ, ਸੁਮਤਿ ਲੈਕੇ ਆਪ ਬੀ ਪਰਮੇਸ਼ੁਰ ਨੂੰ ਪਿਆਰ ਕਰਨ ਵਾਲਾ ਬਣ ਗਿਆ। ਉਸਦਾ ਗੁਰੂ ਨਾਨਕ ਨੇ ਏਥੇ ਵੀ ਭਲਾ ਕੀਤਾ ਤੇ ਰੱਬ ਦੇ ਘਰ ਵੀ ਉਸ ਦਾ ਭਲਾ ਕਰ ਦਿਤਾ।

ਮਹਿਤਾ ਕਾਲੂ ਜਦੋਂ ਉਦਾਸ ਹੋਵੇ ਤੇ ਪੁੱਤ ਨੂੰ ਕਮਲਾ ਸਮਝਕੇ ਉਦਾਸ ਹੋਵੇ, ਕਦੇ ਨਿਕੰਮਾ ਵੇਹਲਾ ਰਹਿਣ ਵਾਲਾ ਫਿਰਤੂ ਸਮਝੇ ਤੇ ਦਿਲਗੀਰ ਹੋਵੇ ਜਾਂ ਕਦੇ ਗੁੱਸੇ ਵਿਚ ਆਵੇ ਤਾਂ ਰਾਇ ਬੁਲਾਰ ਉਸ ਨੂੰ ਸਮਝਾਇਆ ਕਰੇ, "ਕਾਲੂ! ਇਹ ਪੁੱਤ ਹੀਰਾ ਏ ਹੀਰਾ! ਇਹ ਰੱਬ ਦਾ ਪੁੱਤ ਹਈ। ਇਹ ਕੋਈ ਆਇਆ ਹੈ ਸਾਂਈਂ ਰੱਬ ਦੇ ਘਰੋਂ, ਇਸ ਦਾ ਅਦਬ ਕਰ। ਇਸਨੂੰ ਕਦੇ ਕੋਈ ਫਿਟ ਮਰ ਨਾ ਦੇਈਂ।" ਅਰਥ ਇਹ ਕਿ ਗਾਲ੍ਹ ਨਾ ਕੱਢੀਂ।

❖❖❖

# ੧੩. ਖੇਤੀ।

**ਗੁਰੂ** ਜੀ ਹੁਣ ਵੱਡੇ ਗੱਭਰੂ ਹੁੰਦੇ ਜਾਂਦੇ ਸਨ, ਕਿਸ਼ੋਰ ਅਵਸਥਾ ਹੋ ਗਈ ਸੀ, ਪਰ ਦੁਨੀਆਂ ਦੇ ਕੰਮਾਂ ਵਲ ਧਿਆਨ ਨਾ ਲੱਗਾ। ਕਿਸ਼ੋਰ ਅਵਸਥਾ ਹੁੰਦੀ ਏ ਗੱਭਰੂ ਹੋਣ ਤੋਂ ਪਹਿਲੋਂ।

ਗੁਰੂ ਜੀ ਦਾ ਜੀਉ ਫੇਰ ਪਰਮੇਸ਼ੁਰ ਜੀ ਦੇ ਪਿਆਰ ਵਿਚ ਖਿਚੀਂਦਾ ਰਹੇ। ਕਈ ਦਿਨਾਂ ਤੋਂ ਹੁਣ ਆਪ ਨੇ ਚੁੱਪ ਧਾਰ ਲਈ। ਕਦੇ ਘਰੇ ਆਪਣੇ ਸੌਣ ਵਾਲੇ ਦਲਾਨ ਵਿਚ ਪਏ ਰਹਿਣਾ, ਕਦੇ ਬਾਹਰ ਬਨ ਵਿਚ ਜਾ ਕੇ ਸਮਾਧੀ ਲਾ ਕੇ ਬੈਠ ਰਹਿਣਾ।

ਭਲਾ ਸਮਾਧੀ ਕੀ ਹੁੰਦੀ ਏ? ਪਰਮੇਸ਼ੁਰ ਦੇ ਪਿਆਰੇ ਜਦ ਓਸ ਦੇ ਧਿਆਨ ਵਿਚ ਮਨ ਲਾਕੇ ਬੈਠ ਜਾਂਦੇ ਹਨ ਤੇ ਹੋਰ ਕੁਛ ਨਹੀਂ ਸੋਚਦੇ ਉਸਨੂੰ ਸਮਾਧੀ ਆਖਦੇ ਹਨ। ਧਿਆਨ ਕੀ ਹੁੰਦਾ ਏ? ਜਿਕਰ ਬੱਚੇ ਭਾਈ ਦੀ ਦਿੱਤੀ ਸੰਥਿਆ ਕਿ ਉਸਤਾਦ ਦਾ ਦਿੱਤਾ ਸਬਕ ਜੇ ਐਵੇਂ ਪੜ੍ਹੀ ਜਾਣ ਤਾਂ ਯਾਦ ਨਹੀਂ ਹੁੰਦਾ, ਪਰ ਜੇ ਮਨ ਲਾ ਕੇ ਪੜ੍ਹਨ ਤੇ ਮਨ ਹੋਰ ਪਾਸੇ ਨਾ ਜਾਵੇ ਤਾਂ ਛੇਤੀ ਯਾਦ ਹੋ ਜਾਂਦਾ ਹੈ, ਸੋ ਜੋ ਮਨ ਨੂੰ ਇਕ ਪਾਸੇ ਲਾਈ ਰੱਖਣਾ ਹੈ ਇਹ ਹੈ ਧਿਆਨ। ਸੋ ਗੁਰੂ ਜੀ ਤਾਂ ਵਿਦਿਆ ਅੰਦਰੋਂ ਹੀ ਜਾਣਦੇ ਸਨ, ਜੋ ਜੋ ਪੜ੍ਹਾਓ ਝਟ ਪੜ੍ਹ ਜਾਂਦੇ ਸਨ, ਕੋਈ ਜਾਣੇ ਅਗੇ ਹੀ ਪੜ੍ਹੇ ਹੋਏ ਹਨ। ਉਹਨਾਂ ਨੂੰ ਪਰਮੇਸ਼ੁਰ ਜੀ ਨਾਲ ਪਿਆਰ ਸੀ, ਉਸੇ ਦੀਆਂ ਗੱਲਾਂ ਸੁਣਕੇ ਖੁਸ਼ ਹੁੰਦੇ ਸਨ, ਉਸੇ ਦੀਆਂ ਗੱਲਾਂ ਕਰਕੇ ਫੁੱਲਾਂ ਵਾਂਙੂ ਖਿੜ ਜਾਂਦੇ ਸਨ। ਓਸੇ ਦੇ ਪਿਆਰ ਦੇ ਆਮੁਹਾਰੇ ਗਾਉਣ ਕਿ ਗੀਤ ਬਣਾਕੇ ਗਾਉਣ ਲੱਗ ਪੈਂਦੇ ਸਨ। ਘਰੋਂ ਉਠਕੇ ਬਾਹਰ ਉਜਾੜ ਵਿਚ ਬੂਟਿਆਂ ਹੇਠ ਬੈਠੇ ਸਮਾਧੀ ਲਾਕੇ ਦਿਨ ਗੁਜ਼ਾਰ ਦੇਂਦੇ ਸਨ। ਜੇ ਕੋਈ ਸਾਧ ਸੰਤ ਆ ਜਾਵੇ ਤਾਂ ਉਸ ਨਾਲ ਗੱਲੀਂ ਲਗ ਪੈਂਦੇ ਸਨ। ਭੈਣ ਨਾਲ ਰੱਬ ਦੀਆਂ ਗੱਲਾਂ ਕਰਦੇ ਸਨ। ਭੈਣ ਨੂੰ ਅਮੰਨਾ ਆਗਿਆ ਸੀ ਕਿ ਇਹ ਰੱਬ ਜੀ ਦਾ ਪਿਆਰਾ ਉਸ ਰੱਬ ਦਾ ਆਪਣਾ ਬਾਲਕਾ ਹੈ। ਇਹ ਬੀਬੀ ਪਹਿਲਾ ਬੰਦਾ ਸੀ, ਜਿਸ ਨੂੰ ਗੁਰੂ ਜੀ ਦਾ ਸਿਦਕ ਬੱਝਾ ਸੀ ਕਿ ਸਾਡੇ ਵਿਚ ਤਾਂ ਇਹ ਚੋਜ ਕਰਦਾ ਹੈ ਪਰ ਵਿਚੋਂ ਉਸ ਨਾਲ ਰੱਤਾ ਰਹਿੰਦਾ ਹੈ। ਮਾਂ ਕਦੇ ਉਦਾਸ ਹੁੰਦੀ, ਕਦੇ ਗਿਲਾ ਕਰਦੀ ਤਾਂ ਭੈਣ ਮਾਂ ਨੂੰ ਸਮਝਾਉਂਦੀ, ਆਖਦੀ: ਮਾਂ! ਵੀਰ ਤੇ ਕੋਈ ਲਾਲ ਏ, ਹੀਰਾ ਕੋਈ। ਲੋਕੀ ਤੈਨੂੰ ਆਖਦੇ ਹਨ ਕਿ ਵੀਰ ਕਮਲਾ ਏ, ਲੋਕੀ ਆਪ ਸ਼ੁਦਾਈ ਹਨ, ਉਹਨਾਂ ਦੀਆਂ ਅੱਖੀਆਂ ਪਰਖ ਨਹੀਂ ਸਕਦੀਆਂ। ਵੀਰ ਪਰਮੇਸ਼ੁਰ ਦੇ ਰੰਗ ਰੱਤਾ ਰਹਿੰਦਾ ਏ। ਰਾਇ ਬੁਲਾਰ ਨੂੰ ਬੀ ਤ੍ਰੈ ਗੱਲਾਂ ਵੇਖਕੇ ਅਮੰਨਾ ਆ ਗਿਆ ਸੀ ਕਿ ਇਹ ਰੱਬ ਦਾ ਭੇਜਿਆ ਆਇਆ ਏ।

ਇਹ ਬੱਚਾ ਨਹੀਂ, ਇਹ ਦਾਨਿਆਂ ਦਾ ਦਾਨਾ ਏ ਤੇ ਪੂਰਾ ਪੂਰਾ ਪਿਕੰਬਰ ਏ। ਰਾਇ ਦੂਸਰਾ ਬੰਦਾ ਸੀ ਜਿਸ ਨੇ ਗੁਰੂ ਜੀ ਨੂੰ ਬਾਲਪਣੇ ਵਿਚ ਹੀ ਪਛਾਣ ਲੀਤਾ ਸੀ। ਇਸ ਦਾ ਭਰੋਸਾ ਐਸਾ ਬੱਝਾ ਕਿ ਸਾਰੀ ਉਮਰ ਪੱਕਾ ਰਿਹਾ। ਰਾਇ ਕਦੇ ਨਾ ਡੋਲਿਆ। ਰਾਇ ਬੁਲਾਰ ਨੇ ਗੁਰੂ ਨਾਨਕ ਤੋਂ ਮਤਿ ਲਈ, ਉਸ ਤੋਂ ਪਰਮੇਸ਼ੁਰ ਦਾ ਪਿਆਰ ਲੀਤਾ। ਉਹ ਗੁਰੂ ਜੀ ਦਾ ਡਾਢਾ ਪੱਕਾ ਪਿਆਰ ਵਾਲਾ ਸਿਖ ਹੋਇਆ।

ਪਰਮਾਂ ਪਿਉ ਨੂੰ ਮਮਤਾ ਫੜੀ ਰਖਦੀ ਸੀ। ਮਮਤਾ ਹੁੰਦੀ ਏ ਮੋਹ: ਇਹ ਮੇਰਾ ਏ। ਪਰ ਇਹ ਮਮਤਾ ਗੁਣਾਂ ਦੀ ਪਛਾਣ ਨਹੀਂ ਹੋਣ ਦੇਂਦੀ। ਮਮਤਾ ਵਾਲਾ ਦੁਨੀਆਂ ਵਿਚ ਜੋ ਮੋਟੇ ਮੋਟੇ ਸੁਖ ਦਿਸਦੇ ਹਨ ਉਥੋਂ ਤੋੜੀ ਵੇਖਦਾ ਏ। ਸੋ ਮਾਤਾ ਪਿਤਾ ਮੋਹ ਪਿਆਰ ਤਾਂ ਕਰਦੇ ਸਨ, ਪਰ ਝੁਰਦੇ ਸਨ ਕਿ ਇਹ ਲੋਕਾਂ ਦੇ ਪੁੱਤਾਂ ਵਾਂਙੂ ਨਿਰਾ ਪੜ੍ਹਦਾ ਸੁਣਦਾ ਤੇ ਕੰਮ ਕਾਜ ਵਿਚ ਲਗਕੇ ਖੱਟਣ ਕਮਾਉਣ ਵਿਚ ਕਿਉਂ ਨਹੀਂ ਰੁੱਝ ਜਾਂਦਾ। ਇਹ ਦੁਨੀਆਂ ਵਿਚ ਵਡਾ ਬਣੇ, ਪੈਸੇ ਰੁਪੱਯੇ ਕਮਾ ਕੇ ਲਿਆਵੇ, ਹੱਸੇ ਖੇਡੇ ਸਾਕਾਂ ਅੰਗਾਂ ਵਿਚ ਫਿਰੇ, ਨਾਮਣਾ ਖੱਟੇ। ਉਹ ਨਹੀਂ ਸਨ ਸਮਝਦੇ ਕਿ ਇਹ ਦੁਨੀਆਂ ਦੇ ਦੁਖ ਦੂਰ ਕਰਨ ਆਇਆ ਏ। ਇਹ ਲੋਕਾਂ ਦੇ ਬਾਲਾਂ ਵਰਗਾ ਬਾਲ ਨਹੀਂ, ਇਹ ਤਾਂ ਉੱਚਾ ਸੁੱਚਾ, ਰੱਬ ਦਾ ਪਿਆਰਾ ਏ। ਦੁਨੀਆਂ ਨੂੰ ਪਿਆਰ ਸਿਖਾ ਰਿਹਾ ਏ। ਭਲਾ ਕਰਨ ਦੀ ਜਾਚ ਦੱਸ ਰਿਹਾ ਏ। ਏਸ ਕਰਕੇ ਓਹ ਗੁਰੂ ਜੀ ਦੇ ਰੰਗ ਵੇਖ ਕੇ ਉਦਾਸ ਹੁੰਦੇ ਸਨ।

ਗੁਰੂ ਜੀ ਜਦੋਂ ਚੁੱਪ ਕਰਦੇ ਤੇ ਉਦਾਸ ਮਸਤਾਨੇ ਜਿਹੇ ਦਿਸਦੇ ਸਨ ਤਦੋਂ ਉਹ ਦੁਨੀਆਂ ਦਾ ਦੁਖ ਦੇਖਦੇ ਇਸ ਦੇ ਭਲੇ ਦੇ ਫਿਕਰ ਵਿਚ ਹੁੰਦੇ ਸਨ। ਕਦੇ ਪਰਮੇਸ਼ਰ ਦੇ ਪਿਆਰ ਵਿਚ ਮਸਤ ਹੋ ਜਾਂਦੇ ਸਨ, ਇਸ ਤਰ੍ਹਾਂ ਕੋਈ ਉੱਚੇ ਉੱਚੇ ਰੰਗ ਅੰਦਰ ਹੁੰਦੇ ਸਨ; ਪਰ ਮਾਪੇ ਕਿ ਲੋਕੀ ਜੋ ਖਾਣ ਪੀਣ, ਖੱਟਣ ਕਮਾਉਣ;

ਧਨ ਜੋੜਨ ਤੇ ਵਡੇ ਬਣਨ ਤੋਂ ਅਗੇ ਕੁਛ ਨਹੀਂ ਸੋਚਦੇ, ਉਹ ਨਹੀਂ ਸਮਝਦੇ ਕਿ ਗੁਰੂ ਅਸਲ ਵਿਚ ਰਬ ਜੀ ਦਾ ਪੁਤਰ ਏ, ਜੋ ਦੁਨੀਆਂ ਵਿਚ ਰਬ ਜੀ ਦਾ ਕੰਮ ਕਰਨ ਆਇਆ ਏ; ਜੋ ਭੁੱਲੇ ਹੋਏ ਲੋਕਾਂ ਨੂੰ ਪਰਮੇਸ਼ਰ ਜੀ ਨਾਲ ਜੋੜ ਦੇਵੇ, ਤਾਂ ਕਿ ਲੋਕਾਂ ਨੂੰ ਸਚੀ ਮੁਚੀ ਦਾ ਸੁਖ ਮਿਲੇ!

ਸੋ ਕੁਛ ਦਿਨ ਇਸ ਤਰ੍ਹਾਂ ਦੁਨੀਆਂ ਦੇ ਓਪਰੇ ਓਪਰੇ ਰਹਿੰਦੇ ਮਸਤਾਨੇ ਜਿਹੇ ਵਰਤਦੇ ਗੁਰੂ ਜੀ ਫੇਰ ਖਿੜ ਪਏ ਤੇ ਹੱਸਣ ਬੋਲਣ ਲਗ ਪਏ। ਤਦ ਇਕ ਦਿਨ ਮਾਂ ਪਿਉ ਨੇ ਸਮਝਾਇਆ।

ਮਹਿਤਾ ਕਾਲੂ ਬੋਲਿਆ-ਬੱਚਾ! ਤੂੰ ਹੁਣ ਸਿਆਣਾ ਹੋ ਰਿਹਾ ਹੈਂ। ਮੇਰੀ ਉਮਰ ਵਡੇਰੀ ਹੈ ਤੂੰ ਘਰ ਬਾਹਰ ਸੰਭਾਲ ਤੇ ਇਹ ਰਸਤੇ ਉਦਾਸੀਆਂ ਦੇ ਛੋੜ ਦੇਹ! ਜਿਸ ਕੰਮ ਵਿਚ ਤੇਰਾ ਜਿਉ ਲਗੇ ਉਹ ਕੰਮ ਤੇਰੀ ਮਨ ਮਰਜ਼ੀ ਦਾ ਕਰਾ ਦੇਂਦੇ ਹਾਂ: ਜੇ ਤੂੰ ਚਾਹੇਂ ਖੇਤੀ ਦਾ ਕੰਮ ਤਾਂ ਕਾਮੇ ਰਖ ਦੇਂਦੇ ਹਾਂ, ਜਿਮੀਂ ਆਪਣੀ ਹੈ ਹੀ, ਵਾਹੀ ਕਰਾਇਆ ਕਰ ਤੇ ਐਉਂ ਕਮਾਈ ਕਰ ਤੇ ਘਰ ਬਾਹਰ ਸੰਭਾਲ ਲੈ। ਜੇ ਵਾਹੀ ਨੂੰ ਜੀ ਨਾ ਕਰੇ ਤਾਂ ਜਿਸ ਸ਼ੈ ਦੀ ਆਖੇਂ ਹੱਟੀ ਪਾ ਦੇਂਦੇ ਹਾਂ, ਵਪਾਰ ਕਰੋ ਤੇ ਖੱਟੀ ਕਮਾਈ ਕਰੋ। ਜੇ ਇਸ ਗਲ ਵਿਚ ਨਿੱਠਕੇ ਬੈਠਣਾ ਪੈਂਦਾ ਹੈ ਤੇ ਨਾ ਚੰਗਾ ਲਗੇ ਅਤੇ ਫਿਰਨ ਤੁਰਨ ਵਿਚ ਚਿਤ ਖੁਸ਼ੀ ਹੋਵੇ ਤਾਂ ਬੱਚਾ ਜੀ ਤੁਹਾਨੂੰ ਸੁਦਾਗਰ ਘੋੜਿਆਂ ਦਾ ਬਣਾ ਦੇਂਦੇ ਹਾਂ, ਘੋੜੇ ਖਰੀਦੋ ਵੇਚੋ, ਦੇਸ਼ ਦੇਸ਼ਾਂਤ੍ਰਾਂ ਵਿਚ ਫਿਰੋ। ਕਿਤੋਂ ਲਏ ਕਿਤੇ ਵੇਚੇ। ਇਹ ਖੱਟੀ ਕਮਾਈ ਕਰੋ। ਨਾਲੇ ਤਾਂ ਏਸ ਤਰ੍ਹਾਂ ਤੁਸੀਂ ਫਿਰਦੇ ਤੁਰਦੇ ਰਹੋਗੇ, ਨਾਲੇ ਰੁਪੱਏ ਖੱਟ ਲਿਆ ਕਰੋਗੇ। ਤੁਹਾਡਾ ਸੁਭਾ ਬਹੁਤ ਫਿਰਨ ਤੁਰਨ ਵਾਲਾ ਪਿਆ ਦਿੱਸਦਾ ਏ।

ਜੇ ਏਸ ਕੰਮੇ ਵੀ ਰਾਜ਼ੀ ਨਹੀਂ ਤਾਂ ਫੇਰ ਬੱਚਾ ਜੀ! ਮੇਰੇ ਵਾਙੂ ਨੌਕਰੀ ਕਰ ਲਓ। ਇਥੇ ਦੇਸ਼ ਕਿ ਕਿਤੇ ਪਰਦੇਸ਼ ਵਿਚ ਸਰਕਾਰੀ ਚਾਕਰੀ ਲੈ ਦੇਂਦੇ ਹਾਂ। ਨੌਕਰੀ ਵਿਚ ਬੱਧੀ ਤਨਖਾਹ ਆ ਜਾਂਦੀ ਹੈ,

ਹਰ ਮਹੀਨੇ ਜਾਂ ਦੋ ਮਹੀਨੀਂ ਜਿੰਨੇ ਰੁਪਏ ਮਾਲਕ ਨਾਲ ਮੰਨ ਲਈਏ ਮਿਲ ਜਾਂਦੇ ਹਨ। ਕੁਛ ਖਾਧੇ ਕੁਛ ਮੇਰੇ ਵਾਂਗ ਜੋੜੇ, ਐਉਂ ਵੀ ਰੁਪੱਯੇ ਇਕੱਠੇ ਹੋ ਜਾਂਦੇ ਹਨ, ਲੋਕਾਂ ਵਿਚ ਚੰਗੇ ਚੰਗੇ ਬਣ ਕੇ ਬਹੀਦਾ ਹੈ ਸੋ ਬੇਟਾ! ਜਿਸ ਕੰਮੇ ਜੀ ਲੱਗੇ ਜੋ ਕੰਮ ਤੇਰੀ ਖੁਸ਼ੀ ਆਵੇ ਦੱਸ?

ਤਦ ਗੁਰੂ ਜੀ ਬੋਲੇ :-

ਬਾਬਲ ਜੀਓ! ਤੁਸਾਂ ਨੂੰ ਪਤਾ ਹੈ ਜੋ ਏਥੋਂ ਤੁਰ ਵੰਞਣਾ ਏਂ, ਤਾਂ ਏਥੇ ਕੱਠੇ ਕੀਤੇ ਇਥੇ ਛਡ ਜਾਣੇ ਪੈਣੇ ਹਨ। ਫੇਰ ਅਗੇ ਜਾਣਾ ਹੈ, ਮੈਨੂੰ ਫਿਕਰ ਅੱਗੇ ਦਾ ਹੈ। ਮੈਂ ਸੋਚਨਾਂ ਪਿਆ ਹਾਂ ਕਿ ਅੱਗੇ ਜਾਕੇ ਲੋਕੀ ਕੀ ਕਰਨਗੇ! ਸੋ ਬਾਬਲ ਜੀ! ਮੈਂ ਜੋ ਵਿਹਾਰ ਤੁਸਾਂ ਦੱਸੇ ਹਨ, ਸਾਰੇ ਹੀ ਕੀਤੇ ਹਨ ਤੇ ਰੋਜ਼ ਕਰਦਾ ਹਾਂ।

ਬਾਬਾ ਕਾਲੂ ਜੀ-ਪੁਤ੍ਰ! ਸਾਨੂੰ ਤਾਂ ਤੂੰ ਕੋਈ ਵਿਹਾਰ ਕਰਦਾ ਨਹੀਂ ਪਿਆ ਦਿੱਸਦਾ। ਤਦ ਗੁਰੂ ਜੀ ਬੋਲੇ :-

ਬੀਬੇ ਬਾਬਲ ਜੀ! ਮੈਂ ਵਾਹੀ ਦਾ ਕੰਮ ਐਉਂ ਕਰਦਾ ਹਾਂ- ਮੇਰਾ ਮਨ ਵਾਹੀ ਕਰਨ ਵਾਲਾ ਹੈ; ਇਹ ਮੇਰਾ ਸਰੀਰ ਜਿਸ ਨੂੰ ਪਿੰਡਾ ਵੀ ਕਹਿੰਦੇ ਹਾਂ ਇਹ ਮੇਰੀ ਭੋਂ ਹੈ। ਇਸ ਵਿਚ ਮੈਂ ਪਰਮੇਸ਼ਰ ਆਪਣੇ ਵਡੇ ਬਾਪੂ ਜੀ ਦਾ ਨਾਮ ਪਿਆ ਬੀਜਦਾ ਹਾਂ। ਇਸ ਖੇਤੀ ਨੂੰ ਪਾਣੀ ਬੀ ਦੇਂਦਾ ਹਾਂ, ਉਹ ਪਾਣੀ ਹੈ ਉਹ ਕੰਮ ਨਾ ਕਰਨੇ ਜੋ ਮੇਰੇ ਉੱਚੇ ਬਾਬਲ ਨੂੰ ਨਹੀਂ ਭਾਉਂਦੇ। ਜੋ ਗੱਲਾਂ ਕਰਕੇ ਮੈਂ ਉਸ ਕੋਲ ਸ਼ਰਮਿੰਦਾ ਹੋਵਾਂ, ਅੱਖਾਂ ਨੀਵੀਆਂ ਕਰਾਂ; ਉਹ ਮੈਂ ਬਾਪੂ ਜੀ ਨਹੀਂ ਜੇ ਕਰਦਾ; ਇਹ ਜੇ ਪਾਣੀ ਮੇਰੀ ਖੇਤੀ ਦਾ। ਫੇਰ ਜੋ ਕੁਛ ਤੁਸੀਂ ਦੇਂਦੇ ਹੋ ਖਾ ਕੇ ਖੁਸ਼ ਰਹਿੰਦਾ ਹਾਂ, ਹੋਰ ਹੋਰ ਲਈ ਤਰਸਦਾ ਨਹੀਂ, ਇਹ ਜੇ ਸੁਹਾਗਾ ਜੋ ਮੈਂ ਬੀਜ ਬੀਉ ਕੇ ਫੇਰਦਾ ਹਾਂ।

ਸੁਹਾਗਾ ਕੀ ਹੁੰਦਾ ਹੈ? ਜ਼ਿਮੀਦਾਰ ਪਹਿਲੋਂ ਹਲ ਵਾਹੁੰਦਾ ਹੈ, ਫੇਰ ਸੁਹਾਗਾ ਫੇਰ ਕੇ ਡਿੱਲ ਭੰਨਦਾ ਏ, ਮਿੱਟੀ ਨੂੰ ਧੂੜ ਵਾਂਙੂ

ਬਰੀਕ ਕਰ ਸੁੱਟਦਾ ਏ; ਤਾਂ ਬੀਜ ਬੀਜਦਾ ਏ। ਫੇਰ ਬੀ ਬੀਜ ਕੇ ਸੁਹਾਗਾ ਫੇਰਦਾ ਏ ਜੋ ਬੀਜ ਮਿੱਟੀ ਵਿਚ ਕੱਜੇ ਜਾਣ, ਨੰਗੇ ਰਹੇ ਤਾਂ ਚਿੜੀਆਂ ਖਾ ਜਾਣਗੀਆਂ।

ਸੋ ਗੁਰੂ ਜੀ ਨੇ ਦੱਸਿਆ ਕਿ ਇਹ ਮੇਰਾ ਸੁਹਾਗਾ ਏ ਕਿ ਜੋ ਮੇਰਾ ਬਾਬਲ ਵਡਾ ਸਮਰੱਥ ਬਾਬਲ ਦੇਵੇ, ਉਸ ਉਤੇ ਰਾਜ਼ੀ ਰਹਾਂ ਅਤੇ ਮੇਰਾ ਮਨ ਲੋਭ ਲਾਲਚ ਵਿਚ ਨਾ ਜਾਵੇ। ਬਾਪੂ ਜੀ! ਇਸ ਨੂੰ ਪੜ੍ਹੇ ਲਿਖੇ ਲੋਕ ਸੰਤੋਖ ਆਖਦੇ ਹਨ; ਮੈਂ ਫੇਰ ਗ਼ਰੀਬੀ ਵਿਚ ਰਹਿ ਕੇ ਖ਼ੁਸ਼ ਹਾਂ। ਪੈਸਿਆਂ ਰੁਪਿਆਂ ਦੀ ਲੋੜ ਨਹੀਂ। ਨਾ ਰੁਪਏ ਕੱਠੇ ਕਰਕੇ ਆਕੜੇ ਫਿਰਨ ਦੀ ਲੋੜ ਏ। ਮੈਂ ਚਾਹੁੰਦਾ ਹਾਂ ਮਨੋਂ ਬੀ ਗ਼ਰੀਬ ਰਹਾਂ ਤੇ ਵੇਸ ਵੀ ਗ਼ਰੀਬੀ ਦਾ ਰਖਾਂ।

ਫੇਰ ਮੈਂ ਹਟੀ ਬੀ ਪਾਈ ਹੈ। ਇਹ ਜੋ ਸਾਡੀ ਉਮਰ ਰੋਜ਼ ਬੀਤਦੀ ਜਾਂਦੀ ਹੈ, ਇਹ ਹੱਟੀ ਹੈ, ਇਸ ਉਤੇ ਵਪਾਰ ਹੋ ਰਿਹਾ ਹੈ, ਸੁਆਸ ਚੱਲ ਰਹੇ ਹਨ, ਇਸ ਵਿਚ ਸੌਦਾ ਪਾਈਏ ਆਪਣੇ ਵਡੇ ਬਾਬਲ ਪਰਮੇਸ਼ਰ ਦੇ ਨਾਮ ਦਾ! ਆਪਣਾ ਧਿਆਨ ਆਪਣੀ ਸੋਚ ਉਸ ਵਿਚ ਲਾਈਏ; ਇਹ ਹੋਵੇ ਸਾਡਾ ਮਾਲ ਰੱਖਣ ਦਾ ਥਾਂ, ਜਿਵੇਂ ਹੱਟੀਆਂ ਵਾਲੇ ਮਾਲ ਇਕ ਥਾਂ ਪਾ ਰਖਦੇ ਹਨ। ਸੋ ਸੋਚ ਤੇ ਧਿਆਨ ਵਿਚ ਨਾਮ ਦਾ ਸੌਦਾ ਪਾਈ ਰਖੀਏ।

ਏਸੇ ਤਰ੍ਹਾਂ ਬਾਪੂ ਜੀ! ਘੋੜਿਆਂ ਦੀ ਸੋਦਾਗਰੀ ਕਰੀਏ! ਧਰਮ ਦੀਆਂ ਪੋਥੀਆਂ ਸੁਣੀਏ, ਉਨ੍ਹਾਂ ਵਿਚ ਲਿਖਿਆ ਹੈ ਕਿ ਸੱਚ ਖ਼ਰੀਦੋ, ਸੋ ਸਮਝ ਲਈਏ ਕਿ ਸੱਚ ਘੋੜਿਆਂ ਵਾਂਡੂ ਕੋਈ ਸੁਦਾਗਰੀ ਦੀ ਸ਼ੈ ਹੈ, ਤੇ ਘੋੜੇ ਲੈਕੇ ਤੁਰਨਾ ਹੈ ਸੋ ਚੰਗੇ ਬਣੀਏ, ਚੰਗਿਆਈਆਂ ਕਰੀਏ, ਇਹ ਹੋਇਆ ਖਰਚ ਘੋੜਿਆਂ ਦੇ ਤੇ ਆਪਣੇ ਖਾਣ ਪੀਣ ਦਾ। ਸੋ ਇਹ ਘੋੜੇ ਲੈਕੇ ਚਲੀਏ ਅਪਣੇ ਬਾਬਲ-ਨਿਰੰਕਾਰ ਦੇ ਦੇਸ਼ ਨੂੰ।

ਜੇ ਬਾਪੂ ਜੀ! ਚਾਕਰੀ ਆਖੋ ਤਾਂ ਚਾਕਰੀ ਇਹ ਕਰੀਏ ਕਿ ਰਬ ਦਾਤਾ ਦੇ ਉਤੇ ਮਨ ਜੋੜੀਏ ਕਿ ਸਾਡਾ ਮਾਲਕ ਹੈ ਅਤੇ ਉਸ

ਦਾ ਨਾਮ ਜਪਣਾ ਇਸਨੂੰ ਆਪਣੀ ਨੌਕਰੀ ਦਾ ਕੰਮ ਜਾਣੀਏ। ਦਿਨ ਰਾਤ ਮਾਲਕ ਪਿਛੇ ਭੱਜੇ ਫਿਰੀਦਾ ਹੈ, ਸੋ ਦਿਨੇ ਰਾਤ ਮਾੜੀਆਂ ਗੱਲਾਂ ਤੋਂ ਆਪ ਨੂੰ ਰੋਕੀਏ, ਠੱਲ੍ਹੀਏ। ਇਹ ਸਮਝੀਏ ਦੌੜ ਭੱਜ ਹੈ। ਤਾਂ ਬਾਪੂ ਜੀ! ਚਾਕਰੀ ਬੀ ਹੋ ਗਈ। ਏਤ ਚਾਕਰੀ ਪਿਤਾ ਜੀ! ਖੁਸ਼ੀ ਹੁੰਦੀ ਹੈ, ਮੂੰਹ ਉੱਜਲਾ ਹੁੰਦਾ ਹੈ, ਵਡਾ ਬਾਬਲ ਪਿਆਰ ਕਰਦਾ ਹੈ। ਤਾਂ ਪਿਤਾ ਜੀ ਨੇ ਕਿਹਾ:-ਪੁਤ੍ਰ! ਹੁਣੇ ਅਕਾਸ਼ੀ ਗੱਲਾਂ ਕਰਦਾ ਏਂ, ਬੁੱਢਾ ਤਾਂ ਹੋ ਲੈ। ਹੁਣ ਤਾਂ ਮਾਇਆ ਕੱਠੀ ਕਰ, ਜੋ ਮੇਰੇ ਬਿਨਾਂ ਤੂੰ ਕਮਾਈ ਕਰਨ ਜੋਗਾ ਹੋ ਜਾਏਂ।

ਗੁਰੂ ਜੀ-ਬਾਬਾ ਜੀਉ! ਇਹ ਮਾਇਆ ਜੋ ਆਖਦੇ ਹੋ, ਮੈਂ ਕੱਠੀ ਕਰਾਂ, ਇਹ ਤਾਂ ਇਥੇ ਪਈ ਰਹਿੰਦੀ ਏ, ਜੋ ਟੁਰ ਜਾਂਦਾ ਏ ਉਸ ਦੇ ਨਾਲ ਨਹੀਂ ਜਾਂਦੀ। ਫੇਰ ਕੱਠੀ ਕਰਨ ਦਾ ਕੀ ਗੁਣ ਹੋਇਆ? ਪਰ ਬਾਪੂ ਜੀ, ਤੁਹਾਡੇ ਕੀ ਵੱਸ ਹੈ। ਇਸ ਮਾਇਆ ਨੇ, ਧਨ ਦੌਲਤ ਨੇ, ਸਾਰੇ ਲੋਕਾਂ ਨੂੰ ਠੱਗ ਲਿਆ ਹੈ, ਸਾਰੇ ਇਸ ਦੇ ਪਿਛੇ ਭੱਜੇ ਫਿਰਦੇ ਹਨ, ਕੋਈ ਵਿਰਲਾ ਇਹ ਗਲ ਸਮਝਦਾ ਹੈ ਕਿ ਮਾਇਆ ਸਾਨੂੰ ਠੱਗ ਰਹੀ ਹੈ ਤੇ ਪਰਮੇਸ਼ਰ ਦੇ ਪਿਆਰ ਨੂੰ ਅਖੋਂ ਉਹਲੇ ਕਰ ਰਹੀ ਹੈ* ਤੇ ਸਾਰੇ ਭੁੱਲੇ ਜਾ ਰਹੇ ਹਨ।

ਏਹ ਗਲਾਂ ਕਰਦਿਆਂ ਕਰਦਿਆਂ ਰਬ ਬਾਬਲ ਦੇ ਪਿਆਰੇ ਬਾਲਕ ਨਾਨਕ ਸੁਹਣੇ ਦੇ ਨੈਣ ਉੱਚੇ ਹੁੰਦੇ ਗਏ। ਅੱਖਾਂ ਮੀਟ ਹੋ ਗਈਆਂ, ਤੇ ਐਉਂ ਜਾਪੇ ਜਿਵੇਂ ਹੋਸ਼ ਕੋਈ ਨਹੀਂ ਰਹੀ, ਪਰ ਉਹ ਆਪਣੇ ਵਡੇ ਬਾਬਲ ਦੀਆਂ ਗੱਲਾਂ ਕਰਦੇ ਕਰਦੇ ਸਮਾਧੀ ਵਿਚ ਹੋ ਗਏ ਸਨ।

❖❖❖

# ੧੪. ਵੈਦ।

**ਅੱਜ** ਤੋਂ ਮਗਰੋਂ ਗੁਰੂ ਜੀ ਹੋਰ ਇਕੱਲੇ ਇਕੱਲੇ ਰਹਿਣ ਲਗ ਪਏ। ਮੂਲੋਂ ਕਿਸੇ ਕੋਲ ਨਾ ਬੈਠਣ। ਕਈ ਕਈ ਡੰਗ ਸਗੋਂ ਦੋ ਦੋ ਤ੍ਰੈ ਤ੍ਰੈ

*ਇਹ ਸਾਰੀ ਗੁਰੂ ਜੀ ਦੀ ਗੱਲ ਬਾਤ ਰਾਗ ਸੋਰਠ ਵਿਚ ਲਿਖੀ ਹੈ: "ਮਨੁ ਹਾਲੀ ਕਿਰਸਾਣੀ ਕਰਣੀ॥"

ਦਿਨ ਕੁਝ ਨਾ ਖਾਣ; ਪਰ ਚਿਹਰਾ ਆਪ ਦਾ ਭਖ ਭਖ ਕਰਦਾ ਚਮਕਦਾ ਰਹਿੰਦਾ ਸੀ, ਸਰੀਰ ਭਾਵੇਂ ਲਿੱਸਾ ਲਿੱਸਾ ਲਗਦਾ ਸੀ। ਲੰਮੇ ਪਏ ਤਾਂ ਪਏ ਹੀ ਰਹਿੰਦੇ। ਉਠ ਬੈਠਦੇ ਤਾਂ ਅੱਖਾਂ ਮੀਟ ਕੇ ਬੈਠੇ ਰਹਿੰਦੇ। ਉਮਰਾ ਹੁਣ ਕਿਸ਼ੋਰ ਪੂਰੀ ਹੋ ਗਈ ਸੀ। ਕਿਸ਼ੋਰ ਆਖਦੇ ਹਨ ਪੰਦਰਾਂ ਵਰ੍ਹੇ ਤਾਂਈਂ ਦੇ ਬਾਲ ਨੂੰ। ਗੁਰੂ ਜੀ ਹੁਣ ਪੰਦਰਾਂ ਵਰ੍ਹੇ ਤੋਂ ਉਪਰ ਹੋ ਗਏ ਸਨ। ਹੁਣ ਤਾਂ ਸਮਝੋ ਜੁਆਨ ਹੋ ਰਹੇ ਸਨ, ਪਰ ਸਰੀਰ ਲਿੱਸਾ ਪਤਲਾ ਸੀ। ਤ੍ਰੈ ਮਹੀਨੇ ਇਸ ਤਰ੍ਹਾਂ ਪਿਆਂ ਲੰਘ ਗਏ ਤਾਂ ਆਂਢੋਂ ਗੁਆਂਢੋਂ ਸਾਕਾਂ ਨੇ ਕਿਹਾ: ਮਹਿਤਾ ਜੀ, ਪੁਤ ਨੂੰ ਕੋਈ ਅਹੁਰ ਹੈ, ਕੋਈ ਅੰਦਰ ਰੋਗ ਹੈ, ਵੈਦ ਨੂੰ ਦਿਖਾਓ।

ਜਿਵੇਂ ਅੱਜ ਕਲ ਡਾਕਟਰ ਹੁੰਦੇ ਹਨ, ਉਸ ਤਰ੍ਹਾਂ ਤਦੋਂ ਵੈਦ ਹੁੰਦੇ ਸਨ। ਜੇ ਕਿਸੇ ਨੂੰ ਕੋਈ ਰੋਗ ਹੋਵੇ ਤਾਂ ਦਵਾ ਦਾਰੂ ਕਰਦੇ ਸਨ। ਵੈਦ ਹੁਣ ਵੀ ਹੈਨ, ਪਰ ਤਦੋਂ ਨਿਰੇ ਵੈਦ ਹੀ ਹੁੰਦੇ ਸਨ ਜਾਂ ਕੋਈ ਹਕੀਮ ਹੁੰਦਾ ਸੀ। ਵੈਦ ਆਪਣੀ ਵਿਦਿਆ ਸੰਸਕ੍ਰਿਤ ਬੋਲੀ ਦੀਆਂ ਪੋਥੀਆਂ ਤੋਂ ਪੜ੍ਹਦੇ ਸਨ ਤੇ ਹਕੀਮ ਫਾਰਸੀ ਅਰਬੀ ਤੋਂ ਵਿਦਿਆ ਪੜ੍ਹਦੇ ਸਨ।

ਪੁਤ ਦਾ ਹਾਲ ਵੇਖ ਵੇਖਕੇ ਅਤੇ ਲੋਕਾਂ ਤੋਂ ਤੇ ਆਪਣੇ ਵੇਦੀ ਸਾਕਾਂ ਤੋਂ ਸੁਣ ਸੁਣਕੇ, ਜੋ ਕਾਲੂ ਦਾ ਪੁਤ ਰਾਜ਼ੀ ਨਹੀਂ, ਬੀਮਾਰ ਹੈ, ਜਾਂ ਐਉਂ ਆਖੋ ਕੋਈ ਰੋਗ ਗੁੱਝਾ ਲੱਗਾ ਹੋਇਆ ਹੈ, ਬਾਬਾ ਕਾਲੂ ਇਕ ਦਿਨ ਇਕ ਵੈਦ ਨੂੰ ਘਰ ਲੈ ਆਇਆ। ਜਿਸ ਦਲਾਨ ਵਿਚ ਗੁਰੂ ਜੀ ਚੁਪ ਚਾਪ ਅਰਾਮ ਨਾਲ ਲੇਟੇ ਹੋਏ ਸਨ, ਵੈਦ ਨੂੰ ਨਾਲ ਲੈਕੇ ਬਾਬਾ ਕਾਲੂ ਅੰਦਰ ਗਿਆ। ਇਸ ਵੈਦ ਦਾ ਨਾਉਂ ਹਰੀ ਦਾਸ ਲਿਖਿਆ ਹੈ। ਹਰੀ ਦਾਸ ਗੁਰੂ ਜੀ ਕੋਲ ਮੰਜੀ ਤੇ ਜਾ ਬੈਠਾ। ਮਹਿਤੇ ਨੇ ਦੱਸਿਆ, ਦੇਖ ਵੈਦ! ਕਾਕਾ ਖਾਂਦਾ ਪੀਂਦਾ ਨਹੀਂ, ਲਿੱਸਾ ਹੋ ਗਿਆ ਏ, ਇਵੇਂ ਪਿਆ ਰਹਿੰਦਾ ਏ। ਚੰਗੀ ਤਰ੍ਹਾਂ ਨਾਲ ਵੇਖ ਜੋ ਕੀ ਰੋਗ ਏ! ਵੈਦ ਨੇ ਚਿਹਰਾ ਵੇਖਿਆ, ਫੇਰ ਪੈਰਾਂ ਵਲ ਤੱਕਿਆ, ਫੇਰ ਗੁਰੂ ਜੀ ਦੀ ਸੱਜੀ ਬਾਹ ਮਲਕੜੇ ਫੜਕੇ ਨਾੜ ਉਤੇ ਹੱਥ ਧਰਕੇ ਲੱਗਾ

ਵੇਖਣ ਤਾਂ ਗੁਰੂ ਜੀ ਨੇ ਬਾਂਹ ਖਿੱਚ ਲਈ ਤੇ ਉਠ ਬੈਠੇ। ਪੁੱਛਣ ਲੱਗੇ: ਹੇ ਵੈਦ! ਤੂੰ ਕੀ ਕਰਨ ਲਗਾ ਏਂ? ਤਾਂ ਵੈਦ ਬੋਲਿਆ: ਕਾਕਾ ਜੀਓ, ਤੁਸਾਂ ਦੀ ਨਾੜ ਵੇਖਦਾ ਹਾਂ ਜੋ ਪਤਾ ਲੱਗੇ ਕਿ ਤੁਸਾਂ ਅੰਦਰ ਕੀ ਦੁੱਖ ਏ? ਤਦ ਵੈਦ ਵਲ ਨਜ਼ਰ ਭਰ ਤੱਕਿਆ ਸੁਹਣੇ ਨੈਣਾਂ ਵਾਲੇ ਨੇ, ਫੇਰ ਸੁਹਣੇ ਚੁਸਤ ਬੈਠੇ ਤੱਕਦੇ ਬੋਲ ਪਏ :-

ਸੁਣ ਭਾਈ ਵੈਦਾ! ਤੈਨੂੰ ਸੱਦਿਆ ਏ ਵੈਦੰਗੀ ਕਰਨ ਲਈ,* ਮੇਰੀ ਵੈਦੰਗੀ! ਤੂੰ ਬਾਂਹ ਮੇਰੀ ਵਿਚ ਨਾੜ ਢੂੰਡਦਾ ਤੇ ਰੋਗ ਲੱਭਦਾ ਏਂ? ਮੇਰੀ ਬਾਂਹ ਵਿਚ ਰੋਗ ਕੋਈ ਨਹੀਂ, ਮੇਰੇ ਪਿੰਡੇ ਅੰਦਰ ਕੋਈ ਅਹੁਰ ਨਹੀਂ, ਵੈਦਾ! ਮੇਰੇ ਦਿਲ ਵਿਚ ਡੂੰਘੇ ਥਾਂ ਪੀੜ ਏ, ਪਿਆਰੇ ਬਾਬਲ ਦੇ ਪਿਆਰ ਦੀ, ਸੋ ਤੈਨੂੰ ਦਿੱਸ ਨਹੀਂ ਆਉਂਦਾ। ਤੂੰ ਭੋਲਿਆ, ਇਸ ਪੀੜ ਨੂੰ ਨਹੀਂ ਲੱਭ ਸਕਦਾ।

ਫੇਰ ਇਕ ਲੰਮਾ ਸਾਹ ਲੈ ਕੇ ਸੁਹਣੇ ਸੁਹਣੇ ਕਿਸ਼ੋਰ ਨਾਨਕ ਜੀ ਉਪਰ ਨੂੰ ਤੱਕੇ, ਬੋਲੇ: ਵੈਦਾ! ਤਦੇ ਤੈਨੂੰ ਜਾਣੀਏਂ ਤੂੰ ਠੀਕ ਵੈਦ ਹੈਂ ਜੇ ਤੂੰ ਪਹਿਲਾਂ ਆਪਣਾ ਰੋਗ ਪਛਾਣੇਂ ਤਾਂ। ਫੇਰ ਤੂੰ ਕੋਈ ਦਾਰੂ ਲੱਭ ਲਵੇਂ ਜਿਸ ਨਾਲ ਸਾਰੇ ਰੋਗ ਦੂਰ ਹੋ ਜਾਣ, ਤੂੰ ਰਾਜ਼ੀ ਥੀ ਵੰਞੇਂ ਅਤੇ ਤਨ ਵਿਚ ਸੁਖ ਹੀ ਸੁਖ ਆ ਵਸੇ। ਹੇ ਵੈਦ, ਜੇ ਤੂੰ ਆਪਣਾ ਰੋਗ ਪਹਿਲੇ ਦੂਰ ਕਰ ਲਵੇਂ ਤਾਂ ਤੂੰ ਵੈਦ ਹੈਂ, ਤਾਂ ਆਪ ਨੂੰ ਵੈਦ ਸਦਵਾ ਤੇ ਤਾਂ ਤੂੰ ਨਾਨਕ ਦਾ ਵੈਦ ਬਣ।

ਵੈਦ ਹਰਿਆਨ ਹੋ ਗਿਆ, ਹੱਥ ਪਰੇ ਕਰ ਲਿਓਸੁ ਤੇ ਆਖਣ ਲੱਗਾ: ਕਾਕਾ ਜੀਓ! ਤੁਸੀਂ ਸਮਝਦੇ ਹੋ ਮੈਂ ਰੋਗੀ ਹਾਂ? ਤਾਂ ਆਪ ਜੀ ਬੋਲੇ, ਹਾਂ ਵੈਦ! ਤੁਧੇ ਨੂੰ ਹਉਮੈਂ ਦਾ ਰੋਗ ਲੱਗਾ ਹੋਇਆ ਹੈ, ਇਹ ਰੋਗ ਹੈ, ਸਭ ਨੂੰ ਲੱਗਾ ਹੈ, ਪਰ ਲੋਕੀ ਸਮਝਦੇ ਨਹੀਂ।

ਵੈਦ-ਏਸ ਰੋਗ ਨੇ ਸਾਨੂੰ ਕੀਹ ਦੁਖ ਦਿੱਤਾ ਹੈ?

ਆਪ ਜੀ ਫਿਰ ਤੱਕੇ, ਦਿਆਲੂ ਹੋਕੇ ਬੋਲੇ:-ਇਸ ਨੇ ਸਾਨੂੰ

---

*ਵੈਦ ਬੁਲਾਇਆ ਵੈਦਗੀ। (ਵਾਰ ਮਲਾਰ ਸਲੋਕ ਮ: ੧)

ਸਾਡੇ ਬਾਬਲ ਜੀ, ਪਰਮੇਸ਼ਰ ਜੀ, ਤੋਂ ਵਿਛੋੜ ਛੋੜਿਆ ਏ, ਇਸ ਨੇ ਸਾਨੂੰ ਦੂਜੇ ਲੋਕਾਂ ਤੋਂ ਓਪਰਾ ਕਰ ਛੋੜਿਆ ਏ।

ਵੈਦ-ਸਾਨੂੰ ਤਾਂ ਪਤਾ ਨਹੀਂ ਪੈਂਦਾ ਕੋਈ ਦੱਸ ਕਿਵੇਂ ਪਛਾਣੀਏ ਇਹ ਰੋਗ? ਰੋਗ ਹੋਵੇ ਤਾਂ ਕਿਤੇ ਪੀੜ ਹੁੰਦੀ ਏ, ਕੋਈ ਥਾਂ ਦੁਖਦਾ ਏ, ਦਿਲ ਨੂੰ ਦੁੱਖ ਭਾਸਦਾ ਏ। ਇਸ ਰੋਗ ਦੀ ਪੀੜ ਕੋਈ ਨਹੀਂ ਹੁੰਦੀ।

ਆਪ ਜੀ ਹੱਸੇ ਤੇ ਆਖਣ ਲਗੇ-ਭੋਲੇ ਵੈਦ! ਵੇਖ; ਮੌਤ ਸਿਰ ਤੇ ਸਭ ਦੇ ਖਲੋਤੀ ਹੈ, ਉਸਦਾ ਡਰ ਸਭ ਨੂੰ ਖਾ ਰਿਹਾ ਹੈ, ਦੱਸ ਡਰ ਦੁਖ ਹੁੰਦਾ ਹੈ ਕਿ ਨਹੀਂ*? ਸਭ ਕੋਈ ਕੰਬਦਾ ਏ ਕਿ ਇਕ ਦਿਨ ਜਮ ਨੇ ਲੈ ਜਾਣਾ ਹੈ। ਫੇਰ ਵੇਖ ਵੈਦਾ! ਰੋਜ਼ ਖਾਂਦੇ ਹੋ, ਰੋਜ਼ ਸੁਆਹ ਹੋ ਜਾਂਦਾ ਹੈ, ਫੇਰ ਰੋਜ਼ ਖਾਣਾ ਢੂੰਡਦੇ ਹੋ। ਇਹ ਭੁੱਖ ਰੋਜ਼ ਦਾ ਦੁੱਖ ਨਹੀਂ ਲੱਗਾ ਹੋਇਆ? ਦੱਸ ਜੇ ਭੁੱਖ ਵੇਲੇ ਨਾ ਖਾਈਏ ਤਾਂ ਰੋਗੀ ਹੋ ਜਾਈਦਾ ਏ ਕਿ ਨਾ? ਫੇਰ ਕਿੰਨੇ ਰੋਗ ਹੈਨ, ਜੋ ਤੂੰ ਪੜ੍ਹਿਆ ਹੈਂ, ਉਨ੍ਹਾਂ ਦਾ ਡਰ ਖਾਂਦਾ ਏ। ਉਹ ਰੋਗ ਬਿਨਾ ਪੁੱਛੇ ਆ ਲਗਦੇ ਹਨ। ਇਹ ਤਨ, ਇਹ ਸਾਡਾ ਸਰੀਰ ਜਾਂ ਪਿੰਡਾ ਕਿੰਨੇ ਰੋਗਾਂ ਨਾਲ ਅਚਾਨਕ ਰੋਗੀ ਹੋ ਜਾਂਦਾ ਹੈ ਏਸ ਨੂੰ ਨਰੋਆ ਜਾਣ ਕੇ ਆਕੜ ਬਹੀਦਾ ਹੈ। ਮਾੜੇ ਕੰਮ ਬੀ ਕਰ ਲਈਦੇ ਹਨ, ਪਰ ਸਰੀਰ ਰੋਗਾਂ ਦਾ ਸ਼ਿਕਾਰ ਏ, ਜਦੋਂ ਚਾਹੇ ਫੜ ਲੈਣ। ਫੇਰ ਵੈਦਾ! ਇਕ ਹੋਰ ਰੋਗ ਹੈ, ਉਹ ਹੈ ਵਿਛੋੜਾ, ਜਦੋਂ ਆਪਣੇ ਸਾਕ ਮਿਤ੍ਰ ਵਿਛੁੜਦੇ ਹਨ, ਦੁਇ ਦੁਖੀ ਹੋ ਹੋ ਰੋਂਦੇ ਹਨ। ਜਦੋਂ ਵਹੁਟੀ ਗੱਭਰੂ ਵਿਛੁੜਦੇ ਹਨ ਰੋਗੀ ਵਾਂਙੂ ਦੁਖਦੇ ਹਨ; ਮਿਤਰ ਮਿਤਰ ਵਿਛੁੜਦੇ ਹਨ ਤਾਂ ਉਹ ਰੋਂਦੇ ਹਨ, ਵੈਦਾ! ਤੂੰ ਕਿਸ ਕਿਸ ਦਾ ਦਾਰੂ ਲਾ ਸਕਦਾ ਏਂ? ਵੇਖ ਇਕ ਹੋਰ ਵਿਛੋੜਾ ਏ, ਉਹ ਏ ਸਾਡਾ ਸਾਰਿਆਂ ਦਾ ਆਪਣੇ ਬਾਬਲ ਰਬ ਜੀ ਤੋਂ ਵਿਛੋੜਾ। ਇਹ ਰੋਗ ਐਸਾ ਏ ਜਿਸ ਨੂੰ ਲੋਕੀ ਰੋਗ ਪਛਾਣਦੇ ਹੀ ਨਹੀਂ। ਤੂੰ ਵੈਦ ਹੈਂ ਪਰ ਤੂੰ ਬੀ ਇਸ ਰੋਗ ਨੂੰ ਨਹੀਂ ਸਿਆਣਦਾ। ਤੂੰ ਦੱਸ ਦਾਰੂ ਕੀ ਲਾਏਂਗਾ ਜਦ ਕਿ ਤੂੰ ਇਸ ਰੋਗ ਨੂੰ ਰੋਗ ਕਰ ਹੀ ਨਹੀਂ ਸਿਆਣਦਾ।

---

*ਦੁਖੁ ਵੇਛੋੜਾ ਇਕ ਦੁਖੁ ਭੂਖ। (ਮਲਾਰ ਮ: ੧)

ਮੈਂ ਇਸ ਰੋਗ ਨੂੰ ਸਿਆਣਿਆ ਹੈ, ਮੈਂ ਇਸ ਪੀੜ ਨੂੰ ਜਾਣਦਾ ਹਾਂ, ਮੈਂ ਇਸਦਾ ਦਾਰੂ ਪਿਆ ਕਰਦਾ ਹਾਂ, ਤੂੰ ਮੈਨੂੰ ਦਾਰੂ ਕਰਦੇ ਤੇ ਨਰੋਏ ਹੋਏ ਨੂੰ ਕੀ ਦਾਰੂ ਲਾਏਂਗਾ? ਭੋਲੇ ਵੈਦ! ਮੈਨੂੰ ਨਾ ਕੋਈ ਦਾਰੂ ਦੇ, ਆਪਣਾ ਕੋਈ ਦਾਰੂ ਕਰ।

ਵੈਦ ਪਹਿਲੋਂ ਹਰਿਆਨ ਹੋਇਆ ਸੀ; ਹੁਣ ਉਸਨੂੰ ਕੁਛ ਸੁਖ ਸੁਖ ਲਗਦਾ ਸੀ ਕਿ ਬਾਲਕੇ ਵਲੋਂ ਆ ਰਿਹਾ ਹੈ, ਉਸ ਦੀ ਤੱਕਣੀ ਨਾਲ ਠੰਢ ਠੰਢ ਪੈਂਦੀ ਸਾਸੁ। ਆਖਣ ਲੱਗਾ:-ਕਾਕਾ ਜੀ! ਤੁਸੀਂ ਗੱਲਾਂ ਕਰਦੇ ਹੋ ਅੰਦਰਲੇ ਦੀਆਂ, ਆਤਮਾ ਦੀਆਂ, ਤੁਹਾਡੀਆਂ ਗੱਲਾਂ ਡੂੰਘੀਆਂ ਹੈਨ, ਔਖੀਆਂ ਹੈਨ, ਅਸੀਂ ਕੀ ਜਾਣੀਏ। ਮੈਂ ਤਾਂ ਜੀਓ ਬਰਖ਼ੁਰਦਾਰ ਜੀ ਸਰੀਰ ਦਾ ਵੈਦ ਹਾਂ, ਅੰਦਰਲੇ ਦੀ ਗੱਲ ਮੈਂ ਕੀ ਜਾਣਾ?

ਗੁਰੂ ਜੀ-ਵੈਦ ਭਾਈ! ਅੰਦਰਲੇ ਦੇ ਰੋਗ ਹਟਾਏ ਬਿਨਾਂ ਸਰੀਰ ਦਾ ਕੀ ਮੁੱਲ? ਦੇਖ ਹਰ ਸ਼ੈ ਦਾ ਇਕ ਬੁੱਤ ਹੁੰਦਾ ਹੈ, ਜਿਵੇਂ ਸਾਡਾ ਪਿੰਡਾ ਹੈ, ਜਿਸ ਨੂੰ ਤੂੰ ਸਰੀਰ ਆਖੇਂਗਾ। ਤੇ ਇਸ ਵਿਚ ਹੁੰਦੀਏ ਜਿੰਦ, ਜਿੰਦ ਅੰਦਰ ਹੁੰਦੀ ਏ ਜਦੋਂ ਤਦੋਂ ਸਾਹ ਆਉਂਦੇ ਜਾਂਦੇ ਹਨ। ਜਿੰਦ ਨਾ ਹੋਵੇ ਤਾਂ ਅੰਦਰ ਸਾਹ ਨਾ ਆਉਣ ਤਾਂ ਸਰੀਰ ਕਿਸ ਕੰਮ ਹੁੰਦਾ ਏ? ਜਿਵੇਂ ਚੰਨਣ ਦੀ ਹੁੰਦੀ ਏ ਚਰਣਾਠੀ, ਛੋਟੀ ਜਿਹੀ ਲੱਕੜ ਦੀ ਗੁੱਲੀ ਜਿਹੀ; ਜੇ ਵਿਚੋਂ ਮੁਸ਼ਕ ਆਵੇ ਚੰਨਣ ਦੀ ਤਾਂ ਹੋਇਆ ਚੰਨਣ, ਜੇ ਮੁਸ਼ਕ ਨਿਕਲ ਵੰਞੇ ਤਾਂ ਕਾਠ-ਗੁੱਲੀ ਕੌਡੀ ਦੀ ਬੀ ਨਾ। ਤਿਵੇਂ ਜੇ ਸਾਹ ਨਿਕਲ ਜਾਵੇ ਸਰੀਰ ਢੈ ਪੈਂਦਾ ਹੈ, ਫੇਰ ਤੇਰੀ ਦਵਾਈ ਕੋਈ ਖਾਧੀ ਹੀ ਨਹੀਂ ਜਾਂਦੀ। ਵੇਖ ਜਦ ਤਾਂਈਂ ਸਰੀਰ ਜੀਉਂਦਾ ਹੈ ਪੀੜ ਬੀ ਹੁੰਦੀ ਹੈ, ਪੀੜ ਹੁੰਦੀ ਏ ਤਾਂ ਪਤਾ ਲਗਦਾ ਏ ਕਿ ਕੋਈ ਦੁਖ ਸਰੀਰ ਨੂੰ ਹੈ, ਜੇ ਪੀੜ ਨਾ ਹੋਵੇ ਤਾਂ ਦੁਖ ਦਾ ਪਤਾ ਹੀ ਨਾ ਲਗੇ। ਸੋ ਪੀੜ ਬੀ ਇਕ ਤਰ੍ਹਾਂ ਦਾ ਵੈਦ ਹੋਇਆ ਤੇਰੇ ਵਰਗਾ। ਕਿਉਂ ਵੀਰ ਵੈਦ! ਸੋਚ ਜੇ ਪੀੜ ਹੈ ਤਾਂ ਪਤਾ ਦੇਂਦੀ ਏ, ਤੈਨੂੰ ਬੀ ਪਛਾਣ ਦੱਸਦੀ ਏ ਦੁਖ ਦਾ, ਨਹੀਂ ਤਾਂ ਤੈਨੂੰ ਕੀ ਪਤਾ? ਸੋ ਮੈਨੂੰ ਦਿਲ ਵਿਚ ਪੀੜ ਏ, ਓਥੇ

ਸੋਹਣੇ ਬਾਬਲ ਤੋਂ ਵਿਛੋੜੇ ਦਾ ਦੁਖ ਏ। ਐਸਾ ਦਾਰੂ ਵੀਰਾ ਤੇਰੇ ਪਾਸ ਕੋਈ ਨਹੀਂ ਜਿਹੜਾ ਓਥੇ ਜਾਕੇ ਲਗੇ, ਸੋ ਤੂੰ ਦਾਰੂ ਮੈਨੂੰ ਨਾ ਕੋਈ ਦੇਹ, ਸੁਣ ਭੋਲੇ ਵੈਦ! ਐਵੇਂ ਸਰੀਰ ਦਾ ਦਾਰੂ ਨਾ ਪਿਆ ਲਾ ਮੈਨੂੰ।

ਵੈਦ ਨੂੰ ਹੋਸ਼ ਆ ਗਈ, ਦਿਲ ਨੂੰ ਆਖੇ: ਇਹ ਰੋਗੀ ਏ ਕਿ ਰੋਗਾਂ ਦਾ ਦਾਰੂ ਏ! ਇਹ ਬਾਲਕਾ ਏ ਕਿ ਵੈਦ ਰਾਜ ਏ! ਇਹ ਮਾਮੂਲੀ ਬੰਦਾ ਏ ਸਾਡੇ ਵਰਗਾ ਕਿ ਰੱਬ ਦਾ ਘੱਲਿਆ ਏ, ਜੋ ਏਡੀਆਂ ਉਚੀਆਂ ਤੇ ਸੁੱਚੀਆਂ ਗੱਲਾਂ ਕਰਦਾ ਏ! ਇਹ ਗੋਰਖ ਏ ਕਿ ਵਿਸ਼ਨੂੰ ਏ*? ਇਉਂ ਸੋਚਦਾ ਪੁੱਛਣ ਲੱਗਾ: ਭਲਾ ਜੀ, ਭਲਾ ਆਖਿਆ ਨੇ, ਇਹ ਤਾਂ ਦੱਸੋ ਜੋ ਗੱਲ ਤੁਸੀਂ ਆਖੀਏ ਸੱਚ ਏ? ਅਸੀਂ ਤੁਹਾਡੇ ਸੋਹਣੇ ਬਾਬਲ ਤੋਂ ਵਿਛੁੜੇ ਹਾਂ ਤੇ ਇਹ ਰੋਗ ਏ, ਪਰ ਅਸੀਂ ਪਛਾਣਦੇ ਨਹੀਂ ਤੇ ਇਹ ਰੋਗ ਗੁੱਝਾ ਰੋਗ ਏ। ਇਹ ਸਾਨੂੰ ਕਿਵੇਂ ਲਗਾ ਏ ਤੇ ਅਸੀਂ ਕਿਉਂ ਨਹੀਂ ਇਸ ਦੀ ਪੀੜ ਨੂੰ ਤੁਸਾਂ ਵਾਂਗ ਮਲੂਮ ਕਰਦੇ? ਇਹ ਕਰਕ (-ਪੀੜ) ਜੋ ਤੁਸਾਂ ਕਹੀ ਏ ਸਾਡੇ ਕਾਲਜੇ ਵਿਚ ਕਿਉਂ ਨਹੀਂ ਵਜਦੀ?

ਹੁਣ ਫੇਰ ਦਿਆਲੂ ਜੀ ਦੇ ਸੋਹਣੇ ਬੁੱਲ੍ਹ ਖੁੱਲ੍ਹੇ ਤੇ ਆਖਣ ਲੱਗੇ:-ਸੁਣ ਵੀਰ ਵੈਦ ਵੇ, ਮਨੁੱਖ ਦਾ ਮਨ, ਜੋ ਦਿਸਦਾ ਏ ਚੰਗਾ ਚੰਗਾ, ਲਗਦਾ ਏ ਮਿੱਠਾ ਮਿੱਠਾ, ਉਸਨੂੰ ਲੈਣ ਲੈਣ ਦੀ ਲੋਚਾ ਵਿਚ, ਚਾਹਨਾ ਵਿਚ, ਐਨਾ ਲੱਗ ਜਾਂਦਾ ਏ ਕਿ ਜਿਵੇਂ ਕੋਈ ਅੰਨ੍ਹਾਂ ਹੋ ਜਾਂਦਾ ਏ। ਲੋਕੀਂ ਆਖਦੇ ਹਨ ਨਾ ਕਿ ਫਲਾਣਾ ਫਲਾਣੀ ਗੱਲ ਦੇ ਮਗਰ ਅੰਨ੍ਹਾਂ ਹੋਕੇ ਲੱਗ ਪਿਆ ਹੈ; ਸੋ ਮਨ ਓਨ੍ਹਾਂ ਵਸਤਾਂ ਤੇ ਗੱਲਾਂ ਦੇ ਮਗਰ ਲੱਗਕੇ ਉਨ੍ਹਾਂ ਨੂੰ ਕਿਵੇਂ ਨਾ ਕਿਵੇਂ ਲੈ ਲੈਂਦਾ ਏ, ਫੇਰ ਉਨ੍ਹਾਂ ਨੂੰ ਭੋਗਦਾ ਏ, ਖਾਂਦਾ ਏ, ਪੀਂਦਾ ਏ, ਹੰਢਾਉਂਦਾ ਏ, ਮੌਜਾਂ ਮਾਣਦਾ ਏ, ਐਉਂ ਹੋਰ ਅੰਨ੍ਹਾਂ ਹੋ ਜਾਂਦਾ ਏ। ਉਨ੍ਹਾਂ ਮੌਜਾਂ ਵਿਚ ਲੱਗਾ ਆਪਣੇ ਸੁਹਣੇ ਬਾਬਲ

---

*ਗੋਰਖ-ਜੋਗੀਆਂ ਦਾ ਵਡਾ ਗੁਰੂ। ਵਿਸ਼ਨੂੰ-ਦੇਉਤਿਆਂ ਦਾ ਵੱਡਾ ਦੇਉਤਾ।

ਨੂੰ ਭੁੱਲ ਜਾਂਦਾ ਏ। ਜਿਕੂੰ ਛੋਟੇ ਬਾਲ ਖੇਡਾਂ ਦੇ ਮਗਰ ਲਗੇ ਤੇ ਖਿਡਾਉਣਿਆਂ ਵਿਚ ਮਸਤ ਹੋਏ ਘਰੋਂ ਬਾਹਰ ਨਿਕਲ ਜਾਂਦੇ ਤੇ ਹੋਰ ਮੁੰਡਿਆਂ ਕੁੜੀਆਂ ਨਾਲ ਖੇਡਦੇ ਮਾਂ ਪਿਉ ਨੂੰ ਬੀ ਖੇਡਾਂ ਵਿਚ ਲੱਗੇ ਭੁੱਲੇ ਰਹਿੰਦੇ ਹਨ, ਏਸੇ ਤਰ੍ਹਾਂ ਅਸੀਂ ਉੱਚੇ ਬਾਬਲ ਨੂੰ ਭੁੱਲ ਜਾਂਦੇ ਹਾਂ, ਤਾਂ ਸਾਨੂੰ ਦੁੱਖ ਆ ਵਾਪਰਦੇ ਹਨ। ਸਰੀਰ ਨੂੰ ਕਈ ਰੋਗ ਉਠ ਖਲੋਂਦੇ ਹਨ। ਰੋਗ ਤਾਂ ਵੈਦਾ! ਸਰੀਰ ਨੂੰ ਹੁੰਦੇ ਹਨ, ਪਰ ਪੀੜ ਮਨ ਨੂੰ ਹੁੰਦੀ ਹੈ। ਮਨ ਜੋ ਮਾਲਕ ਪਰਮੇਸ਼ਰ ਨੂੰ ਸੋਹਣੇ ਬਾਬਲ ਨੂੰ ਭੁੱਲਕੇ ਖੇਡਾਂ ਵਿਚ ਰੁੱਝ ਗਿਆ ਸੀ, ਅੰਨ੍ਹਾਂ ਹੋ ਗਿਆ ਸੀ। ਸਾਰੇ ਦੁੱਖ ਜੋ ਸਰੀਰ ਨੂੰ ਹੁੰਦੇ ਹਨ ਉਹ ਅੰਨ੍ਹੇ ਹੋਏ ਮਨ ਨੂੰ ਸਜ਼ਾ ਮਿਲਦੀ ਹੈ, ਕਿਉਂ ਜੋ ਪੀੜ ਉਸਨੂੰ ਹੁੰਦੀ ਏ। ਪੀੜ ਸਜ਼ਾ ਬੀ ਹੈ ਵੈਦਾ ਤੇ ਦਾਰੂ ਬੀ ਹਈ, ਕਿਉਂ ਜੋ ਪੀੜ ਦੁਖ ਦਾ ਪਤਾ ਦੱਸਦੀ ਏ। ਇਹੋ ਪੀੜ ਦਾਰੂ ਹੋ ਜਾਂਦੀ ਏ। ਸੋ ਤੂੰ ਮੇ ਰੀ ਕਲੇਜੇ ਦੀ ਕਰਕ ਨਾ ਦੂਰ ਕਰ, ਇਹ ਸੋਹਣੇ ਬਾਬਲ ਦੇ ਪਿਆਰ ਦੀ ਕਸਕ ਏ, ਤੂੰ ਆਪਣੇ ਰੋਗ ਦਾ ਦਾਰੂ ਕਰ, ਜੋ ਹੈ ਤੇ ਚੀਸਾਂ ਨਹੀਂ ਮਾਰਦਾ।

ਹੁਣ ਵੈਦ ਦੇ ਨੈਣ ਅੱਥਰੂਆਂ ਨਾਲ ਭਰ ਆਏ, ਹੱਥ ਬੰਨ੍ਹ ਕੇ ਆਖਣ ਲੱਗਾ:-ਸੋਹਣੇ ਸੋਹਣੇ, ਚਾਨਣੇ ਚਾਨਣੇ ਬਿਰਧ ਬਾਲਕੇ ਜੀ, ਅੰਦਰ ਦੇ ਵੈਦ ਜੀ! ਹੁਣ ਕੋਈ ਦਾਰੂ ਬੀ ਦੱਸੋ ਅੰਨ੍ਹੇ ਮਨ ਦਾ, ਦੁਖੀ ਮਨ ਦਾ।

ਹੁਣ ਪਿਆਰ ਨਾਲ ਤੱਕੇ ਸੋਹਣੇ ਗੁਰੂ ਜੀ ਤੇ ਬੋਲੇ :-

ਸੁਣ ਵੈਦ! ਤੇਰੀ ਜਾਗ ਮੇਰਾ ਨਿਰੰਕਾਰ ਖੋਹਲੇ, ਤੈਨੂੰ ਹੁਣ ਕੁਛ ਪੀੜ ਪੁੱਜੀ ਏ, ਸੁਣ, ਹੁਣ ਕੰਨ ਦੇਕੇ ਦਾਰੂ ਸੁਣ। ਉਸ ਸੋਹਣੇ ਬਾਬਲ ਦਾ, ਉਸ ਨਿਰੰਕਾਰ ਦਾ! ਉਸ ਸਭ ਮੈਲਾਂ ਤੋਂ ਉੱਜਲ ਦਾ ਚਮਕਦਾ 'ਨਾਮ' ਇਕ ਰਖਜਾ ਕਰਨੇਹਾਰ, ਰੋਗਾਂ ਤੋਂ ਰਾਜ਼ੀ ਕਰਨੇ ਵਾਲਾ ਦਾਰੂ ਏ , ਉਹ ਜਦ ਉਸ ਦੁਖੀ ਮਨ ਵਿਚ ਆ ਵਸਦਾ ਏ ਤਾਂ ਇਹ ਦੇਹੀ, ਇਹ ਜੁੱਸਾ, ਇਹ ਪਿੰਡਾ, ਇਹ ਸਰੀਰ ਜਿੰਦ ਵਾਲਾ, ਜੀਉਂਦਾ, ਸਰੀਰ

ਸੋਨੇ ਵਾਂਙੂ ਸੁਹਣਾ ਚਮਕਾਂ ਵਾਲਾ ਤੇ ਨਵਾਂ ਨਰੋਆ ਹੋ ਜਾਂਦਾ ਏ। ਫੇਰ ਮਨ ਦੇ ਦੁਖ ਤੇ ਸਰੀਰ ਦੇ ਸਾਰੇ ਰੋਗ ਦੂਰ ਹੋ ਜਾਂਦੇ ਹਨ। ਹਾਂ ਵੈਦ ਜੀ! ਐਉਂ ਸਮਝ ਲੈ ਕਿ ਸਭ ਕੋਈ ਸਾਰੇ ਦੁੱਖਾਂ ਤੋਂ ਛੁਟ ਜਾਂਦਾ ਹੈ, ਇਕ ਉਸ ਸੋਹਣੇ ਬਾਬਲ ਦੇ ਨਾਮ ਨੂੰ ਆਪਣੇ ਅੰਦਰ ਵਸਾਕੇ। ਦੇਖੋ, ਜਿਥੇ ਮੇਰੇ ਅੰਦਰ ਸੋਹਣੇ ਬਾਬਲ ਦੀ ਪਿਆਰ ਪੀੜ ਏ, ਓਥੇ ਵਸਦਾ ਏ ਉਸਦਾ ਨਾਮ। ਮੇਰੀਆਂ ਤੂੰ ਹੁਣ ਨਾੜਾਂ ਵੇਖ, ਸਾਰਾ ਪਿੰਡ ਵੇਖ, ਮੇਰਾ ਸਰੀਰ ਨਵਾਂ ਨਰੋਆ ਏ, ਏਸ ਨੂੰ ਕੋਈ ਰੋਗ ਨਹੀਂ। ਵੈਦ ਹੁਣ ਹਰਿਆਨ ਤੋਂ ਹਰਿਆਨ ਹੋ ਕੇ ਪਿਆਰ ਵਿਚ ਆ ਗਿਆ ਸੀ। ਆਪਣੀ ਵੈਦੰਗੀ ਸਾਰੀ ਭੁੱਲ ਗਿਆ ਸੀ। ਮਸਤ ਹੋਇਆ ਸੋਹਣੇ ਚਿਹਰੇ ਵਲ ਤਕਦਾ ਤਕਦਾ ਅੱਖਾਂ ਬੀ ਘੱਟ ਝਮਕਦਾ ਸੀ। ਉਸਨੂੰ ਠੰਢੀ ਠੰਢੀ ਮਿੱਠੀ ਮਿੱਠੀ ਆਉਂਦੀ ਜਾਪਦੀ ਸੀ ਕੋਈ ਲਪਟ ਜਿਹੀ ਗੁਰੂ ਕੇ ਸਰੀਰ ਵਲੋਂ। ਉਸਦਾ ਸਿਰ ਝੁੱਕ ਗਿਆ, ਆਖਿਓਸੁ:-

ਹੁਣ ਮੇਰੇ ਤੇ ਮਿਹਰ ਕਰੋ, ਮੇਰੇ ਅੰਦਰਲੇ ਦੇ ਰੋਗ ਦੂਰ ਕਰੋ। ਗੁਰੂ ਜੀ ਨੇ ਵਰ ਦਿੱਤਾ: ਸਤਿਸੰਗ ਕਰਿਆ ਕਰ, ਰੋਗ ਦੂਰ ਹੋ ਵੈਸਣ*।

ਵੈਦ ਹੁਣ ਮੱਥਾ ਟੇਕ ਕੇ ਤੁਰ ਪਿਆ ਤੇ ਜਾਂਦਾ ਹੋਇਆ ਮਹਿਤਾ ਕਾਲੂ ਜੀ ਨੂੰ ਕਹਿਣ ਲੱਗਾ :-ਫਿਕਰ ਨਾ ਕਰੋ, ਤੇਰਾ ਨੌ ਨਿਹਾਲ ਬਿਮਾਰ ਨਹੀਂ, ਇਸ ਨੂੰ ਕੋਈ ਰੋਗ ਨਹੀਂ, ਕੋਈ ਅਹੁਰ ਨਹੀਂ, ਕੋਈ ਛਾਯਾ ਨਹੀਂ, ਕੋਈ ਪਕੜ ਨਹੀਂ। ਇਹ ਪਰਮੇਸ਼ੁਰ ਦਾ ਪਿਆਰਾ ਏ। ਇਹ ਕੋਈ ਮਹਾਨ ਮਹਾਨ ਪੁਰਖ ਏ, ਧੁਰੋਂ ਆਇਆ ਏ, ਜਗਤ ਦੇ ਲੋਕਾਂ ਦਾ ਭਲਾ ਕਰਨ ਆਯਾ ਏ।

❖❖❖

# ੧੫. ਖਰਾ ਸੌਦਾ।

**ਹੁਣ** ਭਾਵੇਂ ਵੈਦ ਬੀ ਦੱਸ ਗਿਆ ਸੀ ਕਿ ਇਸ ਰੱਬ ਨੂੰ ਪਿਆਰ ਕਰਨ ਵਾਲੇ ਬਾਲਕੇ ਨੂੰ ਕੋਈ ਰੋਗ ਨਹੀਂ, ਕੋਈ ਬਿਮਾਰੀ ਨਹੀਂ।

*ਅਬ ਮੁਝ ਪਰ ਇਹ ਕਰੁਨਾ ਕਰੀਏ। ਮਨ ਕੋ ਰੋਗ ਸਗਲ ਪਰਹਰੀਏ।
ਸ੍ਰੀ ਗੁਰੂ ਕਹਜੋ ਕਰੋ ਸਤਿਸੰਗਾ। ਦਿਨ ਥੋਰਨ ਮਹਿਂ ਹੋਵਹਿ ਭੰਗਾ।
(ਸ੍ਰੀ ਗੁ: ਨਾ: ਪ੍ਰ:)

ਇਹ ਤਾਂ ਕੋਈ ਧੁਰ ਤੋਂ ਹੀ ਗੁਰਦੇਵ ਹੋਕੇ ਆਇਆ ਹੈ, ਇਹ ਇਸ ਉਮਰੇ ਉਹ ਕੁਛ ਜਾਣਦਾ ਹੈ ਜੋ ਵਡੇ ਵਡੇ ਸੰਤ ਸਾਧੂ ਨਹੀਂ ਜਾਣਦੇ, ਪਰ ਮਹਿਤਾ ਕਾਲੂ ਨੂੰ ਤਸੱਲੀ ਨਹੀਂ ਸੀ ਬੱਝਦੀ। ਉਹ ਸਮਝਦਾ ਸੀ ਕਿ ਮੇਰਾ ਪੁੱਤ ਮਨਮਰਜ਼ੀ ਦੇ ਮਗਰ ਲਗਣ ਵਾਲਾ, ਆਪਣੀ ਕੀਤੀ ਕਰਨ ਵਾਲਾ ਹੈ। ਲੰਮਾ ਪਿਆ ਜਾਂ ਵਿਹਲਾ ਫਿਰਦਾ ਤੇ ਉਜਾੜਾਂ ਵਿਚ ਜਾ ਬਹਿੰਦਾ ਹੈ, ਜਾਂ ਸਾਧਾਂ ਫਕੀਰਾਂ ਨਾਲ ਗੱਪਾਂ ਮਾਰਦਾ ਰਹਿੰਦਾ ਹੈ। ਵੈਦ ਦੇ ਜਾਣ ਮਗਰੋਂ ਬਾਲਕੇ ਗੁਰੂ ਜੀ ਨੇ ਪਏ ਰਹਿਣਾ ਛੱਡ ਦਿੱਤਾ ਤੇ ਬਹੁਤ ਹੀ ਫਿਰਦੇ ਰਹਿਣ ਲਗ ਪਏ। ਸੋਚ ਸੋਚ ਕੇ ਇਕ ਦਿਨ ਮਹਿਤੇ ਕਾਲੂ ਜੀ ਨੇ ਪੁਤ੍ਰ ਨੂੰ ਕਿਹਾ: ਕਾਕਾ ਜੀ! ਤੁਸੀਂ ਹੁਣ ਸਿਆਣੇ ਹੋ ਗਏ ਹੋ ਤੇ ਮੈਂ ਵੇਖਦਾ ਹਾਂ ਜੋ ਤੁਸਾਨੂੰ ਫਿਰਨੇ ਤੁਰਨੇ ਦਾ ਸ਼ੌਕ ਏ। ਸੋ ਮੈਂ ਸੋਚਿਆ ਏ ਕਿ ਤੁਸੀਂ ਫਿਰਦੇ ਬੀ ਰਹੋ ਤੇ ਕੁਛ ਕਮਾਈ ਬੀ ਕਰੋ। ਇਸ ਕਰਕੇ ਮੇਰੀ ਸਲਾਹ ਹੈ ਕਿ ਤੁਸੀਂ ਫਿਰਨ ਤੁਰਨ ਦਾ ਕੰਮ ਕਰੋ। ਬਾਲਕੇ ਗੁਰੂ ਜੀ ਨੇ ਕਿਹਾ: ਅੱਛਾ ਪਿਤਾ ਜੀ! ਜਿਵੇਂ ਤੁਸੀਂ ਆਖੋ। ਤਾਂ ਮਹਿਤਾ ਜੀ ਨੇ ਕਿਹਾ: ਕਿ ਹਾਲੇ ਤੁਸੀਂ ਛੋਟਾ ਛੋਟਾ ਕੰਮ ਕਰੋ। ਨੇੜੇ ਦੇ ਨਗਰ ਚੂਹੜਕਾਣੇ ਜਾਓ, ਰੁਪੈ ੨੦) ਲੈ ਜਾਓ, ਓਥੇ ਜਾ ਕੇ ਦੇਖੋ ਕੀਹ ਕੀਹ ਸੌਦੇ ਹਨ ਜੋ ਸਾਡੀ ਤਲਵੰਡੀ ਵਿਚ ਮਹਿੰਗੇ ਹੈਨ ਤੇ ਉਥੇ ਸਸਤੇ ਹੈਨ। ਸੋ ਕੋਈ ਜਿਨਸ ਖਰੀਦ ਲਿਆਓ; ਏਥੇ ਆਣਕੇ ਵੇਚ ਦੇਣੀ। ਕੁਛ ਜੋ ਨਫਾ ਹੋ ਜਾਵੇ ਉਹ ੨੦) ਰੁਪੈ ਨਾਲ ਜੋੜ ਲੈਣਾ। ਇਸ ਤਰ੍ਹਾਂ ਜਦ ਤੁਸਾਨੂੰ ਨੇੜੇ ਨੇੜੇ ਤੋਂ ਸੌਦੇ ਲਿਆਕੇ ਵੇਚਣ ਦੀ ਜਾਚ ਆ ਜਾਵੇਗੀ, ਫੇਰ ਬਹੁਤੇ ਰੁਪੈ ਲੈਕੇ ਦਸਾਉਰਾਂ ਨੂੰ ਵਪਾਰ ਕਰਨ ਚਲੇ ਜਾਣਾ।

ਦਸਾਉਰ ਕੀ ਹੁੰਦਾ ਹੈ? ਜੋ ਲੋਕ ਦੂਰ ਦੂਰ ਥਾਂਈ ਜਾਕੇ ਸੌਦੇ ਖਰੀਦ ਲਿਆਉਂਦੇ ਹਨ, ਜਾਂ ਆਪਣੇ ਨਗਰੋਂ ਮਾਲ ਸੌਦਾ ਲੈਕੇ ਦੂਰ ਥਾਈਂ ਜਾ ਵੇਚਦੇ ਹਨ ਤਾਂ ਘਰ ਦੇ ਲੋਕੀ ਆਖਦੇ ਹਨ ਫਲਾਣਾ ਦਸਾਉਰ ਗਿਆ ਹੈ। ਜਿਸ ਤੋਂ ਸਮਝ ਪੈ ਜਾਂਦੀ ਹੈ ਕਿ ਉਹ ਕਿਸੇ ਦੂਰ ਦੇਸ਼ ਨੂੰ ਗਿਆ ਹੈ ਵਪਾਰ ਕਰਨ ਲਈ।

ਸੋ ਮਹਿਤਾ ਜੀ ਨੇ ਪੁਤ੍ਰ ਨੂੰ ਸਮਝਾਇਆ ਕਿ ਹਾਲੇ ਤਾਂ ਬਾਰਾਂ ਤੇਰਾਂ ਕੋਹਾਂ ਤੇ ਚੂੜ੍ਹਕਾਣਾ ਹੈ, ਓਥੇ ਜਾਓ ਤੇ ਕੋਈ ਸੌਦਾ ਖਰੀਦ ਕੇ ਲਿਆਓ। ਪਰ ਪੂਰਾ ਧਿਆਨ ਦੇਣਾ ਕਿ ਜੋ ਸੌਦਾ ਖਰਾ ਹੋਵੇ ਉਹ ਲਿਆਉਣਾ। ਤੁਸਾਂ ਚੰਗੀ ਤਰ੍ਹਾਂ ਵਿਚਾਰ ਲੈਣਾ ਕਿ ਸੌਦਾ ਖਰਾ ਖਰਾ ਹੋਵੇ; ਜਿਸ ਵਿਚ ਘਾਟਾ ਕਦੀ ਨਾ ਪਵੇ, ਉਹ ਸੌਦਾ ਵਿਹਾਝਣਾ। ਤੁਸੀਂ ਪਹਿਲੀ ਵੇਰੀ ਚੱਲੇ ਹੋ, ਨਾਲ ਬਾਲੇ ਨੂੰ ਲੈ ਜਾਓ, ਉਹ ਤੁਹਾਡੀ ਸੇਵਾ ਵੀ ਕਰੇਗਾ ਤੇ ਰਾਖੀ ਵੀ ਕਰੇਗਾ। ਬਾਲਕ ਗੁਰੂ ਨੇ ਹਾਂ ਕਰ ਦਿੱਤੀ ਤੇ ਵੀਹ ਰੁਪਯੇ ਤੇ ਬਾਲੇ ਨੂੰ ਨਾਲ ਲੈਕੇ ਇਕ ਦਿਨ ਟੁਰ ਪਏ। ਮਹਿਤਾ ਜੀ ਬਾਰ ਬਾਰ ਇਹੋ ਆਖਦੇ ਰਹੇ ਕਿ ਬੱਚਾ! ਖਰਾ ਖਰਾ ਸੌਦਾ ਖਰੀਦਣਾ ਜਿਸ ਵਿਚ ਤੋਟਾ ਨਾ ਪਵੇ, ਲਾਹਾ ਹੀ ਲਾਹਾ ਹੋਵੇ।

ਦੋਇ ਜਣੇ ਟੁਰ ਪਏ।

ਕੁਛ ਵਾਟ ਸੜਕੇ ਸੜਕ ਜਾਕੇ ਬਾਲ ਗੁਰੂ ਜੀ ਕੋਈ ਉਜਾੜ ਰਸਤੇ ਪੈ ਗਏ। ਉਂਵ ਟੁਰੇ ਗਏ ਚੂੜ੍ਹਕਾਣੇ ਦੀ ਸੇਧ ਉਤੇ। ਜਦ ਨਗਰ ਨੇੜੇ ਆ ਗਿਆ ਤਾਂ ਓਥੇ ਇਕ ਬਨ ਜਿਹਾ ਸੀ, ਉਚੀ ਥਾਂ ਸੀ, ਬੂਟੇ ਬ੍ਰਿਛ ਬੜੀ ਛਾਂ ਦੇ ਰਹੇ ਸਨ। ਓਥੇ ਕੁਛ ਸੁਆਹਾਂ ਮਲਕੇ ਬੈਠੇ ਧੂਣੀਆਂ ਤਪ ਰਹੇ ਸਾਧੂ ਵੇਖੇ।

ਇਨ੍ਹਾਂ ਵਿਚ ਇਕ ਸਾਰਿਆਂ ਤੋਂ ਵਡਾ ਪਿਆ ਜਾਪਦਾ ਸੀ। ਇਹ ਸਭਨਾਂ ਦਾ ਮਹੰਤ ਸੀ। ਮਹੰਤ ਆਖਦੇ ਹਨ ਸਾਧੂਆਂ ਦੇ ਵਡਕੇ ਨੂੰ। ਇਸਦੇ ਪਾਸ ਜਾਕੇ ਗੁਰੂ ਜੀ ਅਦਬ ਨਾਲ ਬੈਠ ਗਏ ਤੇ ਪੁੱਛਿਆ:-ਇਹ ਜੀ ਤੁਸੀਂ ਕੀ ਕਰ ਰਹੇ ਹੋ, ਤੁਸੀਂ ਤੇ ਇਹ ਸਾਰੇ ਤੁਹਾਡੇ ਸਾਥੀ?

ਤਾਂ ਉਸ ਆਖਿਆ:-ਅਸੀਂ ਤਪ ਕਰ ਰਹੇ ਹਾਂ।

ਗੁਰੂ ਜੀ-ਤਪ ਕਾਸ ਲਈ ਕਰਦੇ ਹੋ?

ਮਹੰਤ-ਇਸ ਲਈ ਜੋ ਸਰੀਰ ਦੀਆਂ ਭੁੱਖਾਂ ਜਿੱਤ ਲਈਏ ਤੇ ਸਾਡੀਆਂ ਲੋੜਾਂ ਦੁਨੀਆਂ ਦੇ ਲਾਲਚੀ ਲੋਕਾਂ ਵਾਂਙੂ ਨਾ ਰਹਿਣ।

ਗੁਰੂ ਜੀ-ਫੇਰ ਕੀ ਤੁਹਾਨੂੰ ਪਰਮੇਸ਼ੁਰ ਮਿਲ ਪਏਗਾ?

ਮਹੰਤ-ਨਹੀਂ, ਤਪ ਨਾਲ ਸਰੀਰ ਵੱਸ ਹੋ ਜਾਂਦਾ ਹੈ, ਲੋਭ ਲਾਲਚ ਦੁਖ ਨਹੀਂ ਦੇਂਦੇ।

ਗੁਰੂ ਜੀ-ਫੇਰ ਤੁਸੀਂ ਲੋਭ ਲਾਲਚ ਤੋਂ ਛੁਟ ਗਏ ਹੋ, ਸੁਖ ਨਾਲ ਅੰਨ ਪਾਣੀ ਤਾਂ ਰੋਜ਼ ਮਿਲ ਜਾਂਦਾ ਹੋਸੀ?

ਮਹੰਤ-ਅੱਜ ਤਾਂ ਤ੍ਰੈ ਚਾਰ ਦਿਨ ਹੋ ਗਏ ਹਨ, ਸਾਰੇ ਭੁੱਖੇ ਹੀ ਤਪ ਕਰ ਰਹੇ ਹਨ। ਪਰਮੇਸ਼ੁਰ ਜਦੋਂ ਚਾਹੇਗਾ ਆਪੇ ਘੱਲ ਦੇਵੇਗਾ।

ਇਹ ਸੁਣਕੇ ਸੁਘੜ ਬਾਲਕੇ ਨੇ ਸੋਚਿਆ ਕਿ ਏਹ ਤਾਂ ਅੰਦਰੋਂ ਬਾਹਰੋਂ ਸੱਚੇ ਹਨ ਜੋ ਤ੍ਰੈ ਚਾਰ ਦਿਨ ਦੇ ਭੁੱਖੇ ਬੈਠੇ ਹਨ ਤੇ ਆਸ ਲਾਈ ਹੈ ਰੱਬ ਉਤੇ। ਦੇਖੋ ਚੂੜ੍ਹਕਾਣਾ ਨੇੜੇ ਹੈ ਤੇ ਕੋਈ ਮੰਗਣ ਨੂੰ ਨਹੀਂ ਗਿਆ। ਇਨ੍ਹਾਂ ਲੋਕਾਂ ਨੂੰ ਜੇ ਅੰਨ ਪਾਣੀ ਲੈ ਦੇਈਏ ਤਾਂ ਰੋਟੀਆਂ ਪਕਾ ਕੇ ਖਾ ਲੈਣ ਤਾਂ ਭੁੱਖ ਨਵਿਰਤ ਕਰਕੇ ਸੁਖੀ ਹੋ ਜਾਣ ਤਾਂ ਇਸ ਨਾਲੋਂ ਖਰਾ ਸੌਦਾ ਹੋਰ ਕੀ ਹੋਸੀ। ਇਹ ਅੰਨ ਖਾਕੇ ਭੁੱਖ ਦੇ ਦੁੱਖ ਤੋਂ ਸੁਖੀ ਹੋ ਜਾਣਗੇ। ਇਹੋ ਤਾਂ ਮਨੁੱਖ ਨੂੰ ਸਭ ਤੋਂ ਵਡਾ ਦੁੱਖ ਹੈ-ਭੁੱਖ ਦਾ ਦੁੱਖ, ਦੁੱਖ ਦੂਰ ਕਰਨਾ ਚੰਗਾ ਕੰਮ ਹੈ। ਲੋਕੀ ਬੀ ਆਖਦੇ ਹਨ "ਦਹ ਦੁਨੀਆਂ ਸੱਤਰ ਆਖਰ"। ਬਾਪੂ ਜੀ ਬੀ ਖੁਸ਼ ਹੋ ਜਾਣਗੇ ਕਿ ਮੈਂ ਦੁਨੀਆਂ ਵਿਚ ਦਸ ਗੁਣਾਂ ਤੇ ਅੱਗੇ ਜਾਕੇ ਸੱਤਰ ਗੁਣਾਂ ਨਫਾ ਦੇਣ ਵਾਲਾ ਵਪਾਰ ਕੀਤਾ ਹੈ, ਅਤੇ ਮੇਰਾ ਵੱਡਾ ਬਾਬਲ; ਜਿਸ ਨੇ ਮੈਨੂੰ ਦੁਨੀਆਂ ਵਿਚ ਘੱਲਿਆ ਏ; ਬੀ ਖੁਸ਼ ਹੋਸੀ। ਖ਼ਬਰੇ ਓਹੋ ਮੈਨੂੰ ਇਨ੍ਹਾਂ ਦੇ ਪਾਲਣ ਵਾਸਤੇ ਰਸਤਿਓਂ ਲਾਂਭੇ ਵਲ ਖਿੱਚਕੇ ਲੈ ਆਇਆ ਹੈ। ਉਸ ਦੀ ਖੁਸ਼ੀ ਤਾਂ ਸਾਰਿਆਂ ਨਫਿਆਂ ਤੋਂ ਵੱਡਾ ਨਫਾ ਹੈ। ਸੋ ਬਾਲਕੇ ਗੁਰੂ ਨੇ ਵੀਹ ਰੁਪਯੇ ਮਹੰਤ ਦੇ ਅੱਗੇ ਧਰ ਦਿੱਤੇ। ਬਾਲੇ ਨੇ ਮਨ੍ਹਾ ਕੀਤਾ, ਪਰ ਆਪ ਦੇ ਦਿਲ ਨੂੰ ਇਡੀ ਵੱਡੀ ਮਨੁੱਖਾਂ ਦੀ ਜਮਾਤ ਦਾ ਤ੍ਰੈ ਚਾਰ ਦਿਨਾਂ ਤੋਂ ਭੁੱਖੇ ਬੈਠੇ ਹੋਣਾ ਤੇ ਰੱਬ ਦੀ ਆਸ ਤੇ ਬਿਨ ਘਬਰਾਏ ਬੈਠੇ ਹੋਣਾ ਐਸੇ ਤਰਸ ਵਿਚ ਲੈ ਗਿਆ ਕਿ ਬਾਲੇ ਨੂੰ ਕਹਿਣ ਲਗੇ : ਬਾਲਾ! ਬਾਪੂ ਜੀ ਨੇ ਸਭ ਤੋਂ ਖਰਾ ਸੌਦਾ ਕਿਹਾ ਸੀ।

ਮਨੁੱਖੀ ਦਿਲ ਦੀ ਪੀੜਾ ਤੇ ਮਨੁੱਖੀ ਸਰੀਰ ਦੀ ਪੀੜਾ ਹਰਨੀ, ਦੂਰ ਕਰਨੀ ਸਭ ਤੋਂ ਖਰਾ ਸੌਦਾ ਇਹੋ ਹੈ।

ਸੋ ਜਦ ਬਾਲੇ ਤੋਂ ਰੁਪੈ ਲੈ ਕੇ ਗੁਰੂ ਜੀ ਨੇ ਤਪ ਕਰ ਰਹੇ ਸੰਤਾਂ ਦੇ ਮਹੰਤ ਅੱਗੇ ਰਖ ਦਿੱਤੇ ਤਦ ਮਹੰਤ ਨੇ ਗੱਭਰੂ ਦੇ ਚਿਹਰੇ ਵੱਲ ਨਜ਼ਰ ਭਰ ਤੱਕਿਆ ਤੇ ਫੇਰ ਆਖਿਆ: ਹੇ ਸੁਹਣੇ ਆਤਮਾ ਵਾਲੇ! ਰੁਪੱਯੇ ਅਸਾਂ ਦੇ ਕਿਸ ਕੰਮ ਹਨ, ਅਸੀਂ ਛਡ ਛੁਡਾਕੇ ਦੁਨੀਆਂ ਤੋਂ ਵੱਖਰੇ ਹੋ ਕੇ ਇਸ ਜੰਗਲ ਵਿਚ ਤਪ ਕਰ ਰਹੇ ਹਾਂ। ਅਸਾਂ ਆਪਣੀ ਆਸ ਪਰਮੇਸ਼ੁਰ ਤੇ ਧਰੀ ਹੋਈ ਹੈ, ਉਹ ਭੇਜਦਾ ਹੈ ਤਾਂ ਖਾਂਦੇ ਹਾਂ। ਤੁਸਾਂ ਨੂੰ ਬੀ ਉਸਨੇ ਘੱਲਿਆ ਹੋਊ, ਪਰ ਤੁਸੀਂ ਘਰੋਂ ਕਿਸੇ ਕੰਮ ਆਏ ਹੋ ਸੋ ਰੁਪਏ ਕਿਸੇ ਹੋਰ ਕਾਰਜ ਲਈ ਹੋਣੇ ਹਨ, ਜੇ ਸਾਨੂੰ ਦੇ ਗਏ ਤਾਂ ਮਾਤਾ ਪਿਤਾ ਘਰ ਦੇ ਬੰਦੇ ਗੁੱਸੇ ਹੋਣਗੇ।

ਤਾਂ ਗੁਰੂ ਜੀ ਬੋਲੇ-ਹੇ ਨਿਰੰਕਾਰੀ ਬਾਬਲ ਦੀ ਟੇਕ ਤੇ ਰਹਿਣ ਵਾਲਿਓ! ਮੇਰੇ ਪਿਤਾ ਜੀ ਨੇ ਮੈਨੂੰ ਰੁਪੱਯੇ ਦਿੱਤੇ ਸਨ ਕਿ ਮੈਂ ਕੋਈ ਖਰਾ ਖਰਾ ਸੌਦਾ ਕਰਾਂ। ਮੇਰੀ ਜਾਚੇ ਇਸ ਤੋਂ ਖਰਾ ਸੌਦਾ ਹੋਰ ਕੋਈ ਹੋ ਹੀ ਨਹੀਂ ਸਕਦਾ ਕਿ ਕਰਤਾਰ ਦੀ ਆਸ ਤੇ ਬੈਠੇ ਪੁਰਖਾਂ ਦੀ ਤਿੰਨ ਚਾਰ ਦਿਨ ਦੀ ਭੁੱਖ ਦੂਰ ਕਰ ਦਿਆਂ। ਭੁੱਖ ਇਕ ਦੁੱਖ ਹੈ, ਦੁੱਖ ਦੂਰ ਕਰਨ ਜੈਸਾ ਸੌਦਾ ਕਿਹੜਾ ਹੈ?

ਮਹੰਤ-ਹੇ ਪਰਮੇਸ਼ੁਰ ਦੀ ਜੋਤਿ ਵਾਲੇ ਗੱਭਰੂ! ਤੇਰੀ ਵਿਚਾਰ ਤੇਰੀ ਵਡਿਆਈ ਦੱਸਦੀ ਹੈ, ਪਰ ਕਿਤੇ ਇਹ ਨਾ ਹੋਵੇ ਕਿ ਸਾਨੂੰ ਰਜਾ ਜਾਵੇਂ ਤੇ ਘਰ ਗਿਆਂ ਬਾਬਲ ਗੁੱਸੇ ਹੋਵੇ।

ਗੁਰੂ ਜੀ-ਮੈਂ ਤਾਂ ਬਾਬਲ ਦੀ ਆਗਿਆ ਪਾਲਣੀ ਹੈ, ਮੈਨੂੰ ਇਸ ਤੋਂ ਹੋਰ ਵਡੇਰਾ ਖਰਾ ਸੌਦਾ ਦਿੱਸ ਨਹੀਂ ਪੈ ਰਿਹਾ।

ਮਹੰਤ-ਫੇਰ ਅਸਾਂ ਰੁਪੱਯੇ ਲੈਣੇ ਨਹੀਂ, ਜੇਕਰ ਤੁਸਾਂ ਦਾ ਵੀਚਾਰ ਸਾਡੀ ਪਾਲਣਾ ਦਾ ਹੈ ਤਾਂ ਰਸਦ ਲੈ ਆਓ।

ਇਹ ਸੁਣਕੇ ਸ੍ਰੀ ਗੁਰੂ ਜੀ ਬਾਲੇ ਨੂੰ ਨਾਲ ਲੈ ਕੇ ਨਗਰੀ ਵਿਚ ਚਲੇ ਗਏ। ਇਸ ਨਗਰੀ ਦਾ ਨਾਉਂ ਚੂੜਕਾਣਾ ਹੈ। ਓਥੋਂ ਇਕ

ਹੱਟੀ ਤੋਂ ਚਾਵਲ, ਆਟਾ, ਘਿਉ, ਦਾਲਾਂ ਆਦਿ ਖਾਣੇ ਦੀਆਂ ਸਭ ਚੀਜ਼ਾਂ ਖ਼ਰੀਦ ਲਈਆਂ ਤੇ ਲਦਵਾਕੇ ਨਾਲ ਲੈ ਆਏ ਤੇ ਮਹੰਤ ਦੇ ਅੱਗੇ ਧਰ ਦਿੱਤੀਆਂ ਤੇ ਆਖਿਆ-ਲਓ ਜੀ ਭੋਜਨ ਤਿਆਰ ਕਰਵਾਓ ਤੇ ਖਾਓ ਪੀਓ। ਤਦ ਮਹੰਤ ਨੇ ਫੇਰ ਆਦਰ ਤੇ ਪਿਆਰ ਭਰੀਆਂ ਅੱਖਾਂ ਨਾਲ ਤੱਕਿਆ ਤੇ ਆਖਿਆ-ਹੇ ਜਗਤ ਪੀੜ ਨੂੰ ਆਪਣੀ ਪੀੜ ਸਮਝਣ ਵਾਲੇ ਕੁਮਾਰ! ਤੁਸੀਂ ਹੁਣ ਜਾਓ ਤੇ ਇਹ ਸਾਧੂ ਆਪ ਦਾ ਲਿਆਂਦਾ ਭੋਜਨ ਆਪ ਪਕਾ ਖਾਣਗੇ।

ਤਦੋਂ ਰੱਬ ਦੇ ਪਿਆਰੇ ਗੁਰੂ ਨਾਨਕ ਦੇਵ ਜੀ ਓਥੋਂ ਵਾਪਸ ਆਪਣੇ ਪਿੰਡ ਤਲਵੰਡੀ ਨੂੰ ਤੁਰ ਪਏ। ਉਨ੍ਹਾਂ ਦੇ ਚਲੇ ਜਾਣ ਮਗਰੋਂ ਮਹੰਤ ਪਾਸ ਬੈਠੇ ਕੁਛ ਤਪ ਕਰਨੇ ਵਾਲੇ ਸਾਧੂਆਂ ਨੇ ਪੁੱਛਿਆ ਕਿ ਇਹ ਕੁਮਾਰ ਉਮਰਾ ਦਾ ਬਾਲਕਾ ਬੜਾ ਨਰਮ ਦਿਲ ਵਾਲਾ ਸੀ, ਪਰਮੇਸੁਰ ਦੇ ਭਾਉ ਵਾਲਾ ਸੀ, ਤੁਸਾਂ ਆਪੇ ਕਿਉਂ ਉਸਨੂੰ ਛੇਤੀ ਟੋਰ ਦਿਤਾ? ਇਸ ਗੱਲ ਦਾ ਜੋ ਉੱਤਰ ਮਹੰਤ ਨੇ ਦਿਤਾ ਉਹ ਸਾਡੇ ਇਕ ਦਾਨੇ ਤੇ ਉੱਚੇ ਕਵੀਸ਼ਰ ਭਾਈ ਸੰਤੋਖ ਸਿੰਘ ਜੀ ਨੇ ਐਉਂ ਲਿਖਿਆ ਹੈ :-

ਇਹ ਕੋ ਪਰਮ ਪੁਰਖ ਸੁਖਦਾਈ।
ਕਲਾਵਾਨ ਗਜਾਨੀ ਗੁਨ ਖਾਨੀ।
ਦੂਰਯੋ ਰਹੈ ਗਤਿ ਪਰਹਿ ਨ ਜਾਨੀ।
ਭਯੋ ਅਸਹਿ ਮੁਝ ਤੇਜ ਪ੍ਰਭਾਊ।
ਯਾ ਤੇ ਦੀਨੀ ਜਾਨਿ ਰਜਾਊ। (ਨਾ:ਪ੍ਰ:)

ਇਹ ਗੱਲ ਜੋ ਕਵੀ ਸੰਤੋਖ ਸਿੰਘ ਜੀ ਨੇ ਲਿਖੀ ਹੈ, ਸਾਡੀ ਪੰਜਾਬੀ ਬੋਲੀ ਵਿਚ ਨਹੀਂ, ਇਸ ਬੋਲੀ ਦਾ ਨਾਉਂ ਬ੍ਰਿਜਭਾਸ਼ਾ ਹੈ। ਕਵੀ ਜੀ ਨੇ ਇਸ ਬੋਲੀ ਵਿਚ ਸਾਡੇ ਦਸਾਂ ਹੀ ਗੁਰੂ ਸਾਹਿਬਾਂ ਦੇ ਹਾਲ ਲਿਖੇ ਹਨ। ਇਹ ਬੋਲੀ ਜ਼ਰਾ ਅਉਖੇਰੀ ਹੈ, ਪਰ ਉਸ ਸਮੇਂ ਸਾਡੇ ਪੰਜਾਬੀ ਪੜ੍ਹੇ ਲਿਖੇ ਇਸੇ ਬੋਲੀ ਵਿਚ ਲਿਖਿਆ ਪੜ੍ਹਿਆ ਕਰਦੇ ਸਨ। ਇਸ

ਆਪ ਦੇ ਉਚਾਰੇ ਵਾਕਾਂ ਦਾ ਮਤਲਬ ਇਹ ਹੈ।

ਮਹੰਤ ਨੇ ਆਖਿਆ :-

ਇਹ ਕੁਮਾਰ ਬਾਲਕ ਜੋ ਸਾਨੂੰ ਰਸਦਾਂ ਲੈਕੇ ਦੇ ਗਿਆ ਹੈ, ਮੇਰੀ ਜਾਚੇ ਕੋਈ ਪੂਰਨ ਪੁਰਖ ਹੈ। ਪੂਰਨ ਪੁਰਖ ਉਸਨੂੰ ਕਹੀਦਾ ਹੈ ਜੋ ਸਭ ਮਨੁਖਾਂ ਤੇ ਦੇਵਤਿਆਂ ਤੋਂ, ਪੈਕੰਬਰਾਂ ਤੋਂ ਉੱਚਾ ਹੁੰਦਾ ਹੈ। ਇਹ ਪਰਮ ਪੁਰਖ ਹੈ ਤੇ ਸੁਖ ਦਾਤਾ ਹੈ, ਦੁਨੀਆਂ ਨੂੰ ਸੁਖ ਦੇਣ ਆਇਆ ਹੈ। ਫਿਰ ਆਖਿਆ ਸੁ: ਕਲਾਵਾਨ ਹੈ। ਕਲਾਵਾਨ ਆਖਦੇ ਹਨ ਜਿਸ ਵਿਚ ਸਰੀਰ ਦੀ ਤਾਕਤ ਤੋਂ ਵਧ ਕੇ ਮਨ ਦੀਆਂ ਤੇ ਆਤਮਾਂ ਦੀਆਂ ਤਾਕਤਾਂ ਹੋਣ। ਫੇਰ ਗਿਆਨੀ ਆਖਿਆ ਸੁ; ਗਿਆਨੀ ਤੋਂ ਏਥੇ ਉਹ ਅਰਥ ਨਹੀਂ ਜੋ ਅਜ ਕਲ ਦੇ ਬਾਲਕੇ ਇਮਤਿਹਾਨ ਪਾਸ ਕਰਦੇ ਹਨ, ਪਰ ਗਿਆਨੀ ਦਾ ਅਸਲ ਅਰਥ ਹੈ ਉਹ ਜੋ ਪਰਮੇਸ਼ੁਰ ਜੀ ਦੀਆਂ ਗੱਲਾਂ, ਉਸ ਦੇ ਗੁਣ, ਮਿਲਣ ਦੀ ਜਾਚ ਜਾਣਦਾ ਹੋਵੇ। ਫਿਰ 'ਗੁਣ ਖਾਨੀਂ' ਆਖਿਆ ਹੈ, ਜਿਸ ਵਿਚ ਸਾਰੇ ਗੁਣ ਹੋਣ, ਐਉਂ ਜਿਵੇਂ ਕਿ ਖਾਣ ਹੁੰਦੀ ਹੈ। ਖਾਣ ਉਸਨੂੰ ਆਖਦੇ ਹਨ ਜਿਥੇ ਕੋਈ ਸ਼ੈ ਅਮੁੱਕ ਹੋਵੇ ਤੇ ਨਿਕਲਦੀ ਹੀ ਰਹੇ। ਜੀਕੂੰ ਲੋਹੇ ਦੀ ਖਾਣ ਵਿਚੋਂ ਲੋਹਾ ਨਿਕਲਦਾ ਹੀ ਰਹਿੰਦਾ ਹੈ ਤੇ ਸੋਨੇ ਦੀ ਖਾਣ ਵਿਚੋਂ ਸੋਨਾ। ਜੋ ਮਹੰਤ ਆਖਦਾ ਹੈ ਕਿ ਗੁਣ ਤਾਂ ਕਈਆਂ ਵਿਚ ਹੁੰਦੇ ਹਨ, ਪਰ ਏਸ ਵਿਚ ਸਾਰੇ ਗੁਣ, ਸਾਰੀਆਂ ਚੰਗੀਆਂ ਗੱਲਾਂ ਐਨੀਆਂ ਹਨ ਕਿ ਮੁਕਦੀਆਂ ਹੀ ਨਹੀਂ ਤੇ ਇਹ ਲੋਕਾਂ ਨੂੰ ਦੇ ਦੇ ਕੇ, ਰਜਾ ਰਜਾਕੇ ਆਪ ਫੇਰ ਉਸ ਤਰ੍ਹਾਂ ਗੁਣਾਂ ਦੀ ਖਾਣ ਰਹੇਗਾ।

ਫੇਰ ਮਲੂਮ ਹੁੰਦਾ ਹੈ ਪੁੱਛਣ ਵਾਲੇ ਨੇ ਕਿਹਾ ਕਿ ਹੈਂ! ਐਡਾ ਵਡਾ ਹੈ ਤਾਂ ਫਿਰ ਇਕ ਬਾਲਕ ਦੇ ਰੂਪ ਵਿਚ ਸਿੱਧ ਪੱਧਰਾ ਹੋਕੇ ਹੋਰ ਗਭਰੂਆਂ ਵਾਂਙੂ ਕਿਉਂ ਪਿਆ ਫਿਰਦਾ ਹੈ? ਉਸਦੀ ਪੁੱਛ ਦੇ ਉੱਤਰ ਵਿਚ ਮਹੰਤ ਨੇ ਅਗਲੇ ਵਾਕ ਕਹੇ ਕਿ :-

ਦੁਰਜੋ ਰਹੈ, ਲੁਕਿਆ ਰਹਿੰਦਾ ਹੈ, ਆਪਣੀ ਮਨ ਦੀ ਤੇ ਆਤਮਾ ਦੀ ਕਲਾ ਨੂੰ, ਆਪਣੇ ਗਿਆਨ ਨੂੰ, ਆਪਣੇ ਗੁਣਾਂ ਨੂੰ ਲੁਕਾ ਰਖਿਆ ਸੁ,

ਪਰ ਇਹ ਸਮਝ ਨਹੀਂ ਪੈਂਦੀ ਕਿ ਕਿਉਂ ਲੁਕਾ ਰੱਖਿਆ ਸੂ, ਪਰ ਉਸ ਵਿਚ ਤੇਜ ਹੈ ਜੋ ਲੁਕਿਆ ਹੋਇਆ ਬੀ ਮੈਥੋਂ ਲੁਕ ਨਾ ਸਕਿਆ, ਮੈਂ ਪਛਾਣ ਲਿਆ ਸੀ ਕਿ ਇਹ ਮਾਮੂਲੀ ਮਨੁੱਖ ਨਹੀਂ, ਇਹ ਭਾਰਾ ਤੇਜਸ੍ਵੀ ਅਰਥਾਤ ਤੇਜ ਵਾਲਾ ਗੋਬਿੰਦ ਰੂਪ ਹੈ। ਉਹ ਤੇਜ ਐਸਾ ਸੀ ਕਿ ਮੈਂ ਉਸ ਨੂੰ ਝੱਲ ਨਹੀਂ ਸਾਂ ਸਕਦਾ। ਇਸ ਕਰਕੇ ਮੈਂ ਕਿਹਾ ਕਿ ਦਰਸ਼ਨ ਹੋ ਗਏ, ਬਹੁਤ ਸੁਖੀ ਹੋ ਗਿਆ। ਇਸ ਦਾ ਦਿੱਤਾ ਭੋਜਨ ਹੁਣ ਪਾਵਾਂਗੇ। ਦਾਤਾਂ ਅਗੇ ਬੀ ਇਹੋ ਦੇਂਦਾ ਹੈ, ਅਜ ਆਪ ਦੇਣ ਆ ਗਿਆ ਹੈ। ਸੋ, ਹੁਣ ਇਹ ਵਿਦਾ ਹੋ ਜਾਣ ਤਾਂ ਜੋ ਮਤਾਂ ਵਧੇਰੇ ਤੇਜ ਨੂੰ ਮੈਂ ਝੱਲ ਨਾ ਸਕਾਂ।

ਤੇਜ ਕੀ ਹੁੰਦਾ ਹੈ? ਤੇਜ ਹੁੰਦਾ ਹੈ ਕਿ ਅੱਗ ਬਲਦੀ ਯਾ ਭਖਦੀ ਹੈ ਤਾਂ ਉਸ ਦਾ ਤੇਜ ਫੈਲਦਾ ਹੈ, ਉਹ ਹੁੰਦਾ ਹੈ ਉਸ ਦਾ ਚਾਨਣਾ ਗਰਮੀ ਨਾਲ ਮਿਲਿਆ ਹੋਇਆ। ਜਿਵੇਂ ਸੂਰਜ ਚੜ੍ਹਦਾ ਹੈ ਤਾਂ ਉਸ ਦਾ ਤੇਜ ਚਮਕਾਂ ਮਾਰਦਾ ਹੈ। ਰਾਤ ਨੂੰ ਉਸ ਦਾ ਤੇਜ ਉਹਲੇ ਹੋ ਜਾਂਦਾ ਹੈ, ਚੰਦ੍ਰਮਾਂ ਚਮਕਦਾ ਹੈ ਪਰ ਉਸ ਨੂੰ ਤੇਜ ਨਹੀਂ ਆਖੀਦਾ। ਤੇਜ ਬੜਾ ਤਾਕਤ ਵਾਲਾ ਚਾਨਣਾ ਹੁੰਦਾ ਹੈ।

ਸੋ ਏਸ ਤਰ੍ਹਾਂ ਆਤਮਾ ਦਾ ਤੇਜ ਹੁੰਦਾ ਹੈ। ਆਤਮਾ ਸਾਡੇ ਸਰੀਰ ਦੀ ਅੰਦਰਲੀ ਜੀਉਂਦੀ ਤਾਕਤ ਨੂੰ ਆਖਦੇ ਹਨ, ਉਹ ਆਤਮਾ ਇਕ ਤਰ੍ਹਾਂ ਦਾ ਚਾਨਣ ਹੁੰਦਾ ਹੈ। ਉਹ ਤਾਂ ਸਾਰਿਆਂ ਦੇ ਅੰਦਰ ਹੈ ਪਰ ਜੋ ਰਬ ਜੀ ਦੇ ਪਿਆਰੇ ਹੁੰਦੇ ਹਨ ਉਨ੍ਹਾਂ ਦੇ ਆਤਮਾ ਵਿਚ ਤੇਜ ਹੁੰਦਾ ਹੈ। ਇਹ ਤੇਜ ਦੂਜਿਆਂ ਨੂੰ ਭਲੇ ਪਾਸੇ ਲਾ ਲੈਂਦਾ ਹੈ।

ਮਹੰਤ ਆਪ ਤਪ ਕਰਨ ਵਾਲਾ ਤੇ ਪਰਮੇਸ਼ੁਰ ਨੂੰ ਪਿਆਰ ਕਰਨ ਵਾਲਾ ਬੰਦਾ ਸੀ। ਉਸ ਦੇ ਮਨ ਨੇ ਗੁਰੂ ਦਾ ਤੇਜ ਪਰਖ ਲਿਆ ਸੀ ਤੇ ਇਹ ਬੀ ਪਰਖ ਲਿਆ ਸਾਸੂ ਕਿ ਇਹ ਮੇਰੇ ਤੋਂ ਬਹੁਤ ਹੀ ਉੱਚੇ ਤੇ ਇਡੇ ਤੇਜ ਵਾਲੇ ਹੈਨ ਕਿ ਮੇਰੇ ਤੋਂ ਇਹ ਤੇਜ ਬਹੁਤ ਚਿਰ ਤਾਂਈਂ ਝੱਲਿਆ ਨਹੀਂ ਜਾਣਾ।

ਇਹੋ ਗਲ ਜਨਮ ਸਾਖੀ ਵਿਚ ਐਉਂ ਲਿਖੀ ਹੈ :-

ਤਾਂ ਮਹੰਤ ਕਹਿਆ-ਸੁਨੋ ਅਤੀਤੋ! ਓਹ ਤੇ ਆਪ ਨਿਰੰਕਾਰ ਥਾ, ਹਮਾਰੀ ਖ਼ਬਰ ਕੇ ਵਾਸਤੇ ਆਇਆ ਥਾ। ਹਮ ਨੇ ਤੌਂ ਆਪਨਾ ਸੀਧਾ ਲੇਨਾ ਸੀ ਉਸ ਪਾਸ ਤੇ, ਸੇਵਾ ਨਾ ਥੀ ਕਰਵਾਣੀ। ਉਸ ਕਾ ਤੇਜ ਹਮਾਰੇ ਤੇ ਨਾ ਝੱਲਿਆ ਜਾਤਾ ਥਾ, ਇਸ ਵਾਸਤੇ ਹਮ ਨੇ ਉਸ ਕੋ ਵਿਦਾ ਦੇਈ ਹੈ।

❖❖❖

# ੧੯. ਰਾਇ ਬੁਲਾਰ ਦਾ ਪਿਆਰ।

**ਚੂੜ੍ਹਕਾਣੇਂ** ਦੇ ਲਾਗੇ ਭੁਖੇ ਬੈਠੇ ਸੰਤਾਂ ਤਪੀਆਂ ਨੂੰ ਵੀਹ ਰੁਪੱਯੇ ਦਾ ਆਟਾ, ਚਾਉਲ, ਦਾਲਾਂ, ਛੋਲੇ ਤੇ ਹੋਰ ਖਾਣ ਪੀਣ ਦੀਆਂ ਚੀਜ਼ਾਂ ਬਾਲਕ ਉਮਰਾ ਦੇ ਗੁਰੂ ਨਾਨਕ ਦੇਵ ਜੀ ਨੇ ਲੈ ਦਿੱਤੀਆਂ ਸਨ, ਤੇ ਫੇਰ ਆਪਣੇ ਨਗਰ ਤਲਵੰਡੀ ਨੂੰ ਮੁੜ ਪਏ ਸਨ। ਜਦੋਂ ਨਗਰ ਨੇੜੇ ਆ ਗਿਆ ਤਾਂ ਬਾਲੇ ਨੂੰ, ਸੁਹਣੇ ਬਾਲਕ ਨੇ, ਜੋ ਹੁਣ ਕੁਮਾਰ ਵਰੇਸ* ਵਿਚ ਸਨ, ਆਖਿਆ: ਤੂੰ ਜਾਹ ਆਪਣੇ ਘਰ ਤੇ ਮੈਂ ਅਜੇ ਘਰ ਨਹੀਂ ਜਾਣਾ ਆਪਣੇ। ਸੋ ਬਾਲਾ ਤਾਂ ਗਿਆ ਘਰ ਆਪਣੇ ਤੇ ਸੁਹਣਾ ਨਾਨਕ ਬਾਲਕਾ ਬੈਠ ਰਿਹਾ, ਬਾਹਰ ਇਕ ਸੁੱਕਾ ਪਿਆ ਸੀ ਤਲਾ, ਉਸ ਦੇ ਪੌੜਾਂ ਉਤੇ। ਅੱਖਾਂ ਲਈਓਂ ਸੁ ਮੀਟ ਤੇ ਸੋਚੇ: ਦੁਨੀਆਂ ਵਿਚ ਦੁਖ ਕਿਉਂ ਹੈ? ਕੋਈ ਭੁੱਖਾ ਹੈ, ਕੋਈ ਰੋਗੀ ਹੈ, ਕੋਈ ਨੰਗਾ ਹੈ, ਕਿਸੇ ਦਾ ਕੋਈ ਮਰ ਜਾਂਦਾ ਹੈ ਤਾਂ ਰੋਂਦਾ ਹੈ, ਦੁਖ ਦੂਰ ਕਿਵੇਂ ਹੋਵੇ ? ਹੇ ਕਰਤਾਰ ਹੇ ਕਰਤਾਰ! ਤੂੰ ਕਰ ਦੂਰ ਦੁੱਖ!

'ਕਰਤਾਰ ਨਿਰੰਕਾਰ', 'ਕਰਤਾਰ ਨਿਰੰਕਾਰ' ਕਰਦੇ ਕਰਤਾਰ ਨੂੰ ਅੰਦਰ ਹੀ ਅੰਦਰ ਚੰਬੜ ਗਏ ਜਿਵੇਂ ਕੋਈ ਬਾਲ ਓਦਰਿਆ ਹੋਵੇ ਤਾਂ ਮਾਂ ਆਈ ਵੇਖ ਕੇ ਉਸ ਨੂੰ ਚੰਬੜ ਜਾਂਦਾ ਹੈ।

---

*੧੨ ਬਰਸਾਂ ਤੋਂ ਉਪਰ ਤੇ ੨੦ ਤਕ ਦੇ ਬਾਲਕ ਨੂੰ ਕੁਮਾਰ ਆਖ ਲਈਦਾ ਹੈ।

ਓਧਰ ਬਾਲਾ ਘਰ ਗਿਆ ਆਪਣੇ ਲੋਕਾਂ ਨੇ ਤੱਕਿਆ ਕਿ ਇਹ ਤਾਂ ਬਾਹਰ ਗਿਆ ਸੀ ਮਹਿਤੇ ਕਾਲੂ ਦੇ ਪੁਤਰ ਨਾਲ, ਤਦ ਕਿਸੇ ਬਾਬੇ ਕਾਲੂ ਨੂੰ ਜਾ ਦੱਸਿਆ: ਜੋ ਬਾਲਾ ਆ ਗਿਆ ਏ ਘਰ। ਬਾਬੇ ਨੇ ਬਾਲੇ ਨੂੰ ਸਦਵਾ ਘੱਲਿਆ ਅਤੇ ਘਰ ਆਏ ਨੂੰ ਪੁੱਛਿਆ, ਤਾਂ ਓਸ ਨੇ ਦੱਸਿਆ ਕਿ ਆਇਆ ਤਾਂ ਮੇਰੇ ਨਾਲ ਹੈ ਤੁਸਾਂ ਦਾ ਬੇਟਾ, ਪਰ ਨਗਰੋਂ ਬਾਹਰ ਖੜੋ ਗਿਆ ਸੀ ਤਾਲ ਕੰਢੇ, ਮੈਨੂੰ ਘੱਲ ਦਿੱਤਾ ਸਾਸੂ ਘਰ। ਤਦ ਕਾਲੂ ਜੀ ਨੇ ਪੁੱਛਿਆ ਸੌਦਾ ਖਰੀਦਣ ਘੱਲਿਆ ਸੀ ਤੁਸਾਂ ਨੂੰ ਕੋਈ ਘਿੰਨਿਆ ਸੌਦਾ? ਤਾਂ ਓਸ ਕਿਹਾ: ਸਾਧਾਂ ਫਕੀਰਾਂ ਭੁੱਖਿਆਂ ਨੂੰ ਖੁਲਾ ਦਿਤੇ ਸੁ ਰੁਪੱਯੇ, ਆਖਦਾ ਸੀ ਇਹ ਹੈ ਖਰਾ ਸੌਦਾ, ਇਹ ਹੈ ਸੱਚਾ ਸੌਦਾ।

ਇਹ ਸੁਣ ਕੇ ਪਿਤਾ ਜੀ ਨੂੰ ਚੜ੍ਹ ਗਿਆ ਗੁੱਸਾ, ਬਾਲੇ ਨੂੰ ਨਾਲ ਲੈਕੇ ਟੁਰ ਪਏ ਲੱਭਣ। ਓਹ ਘਰੋਂ ਬਾਹਰ ਨਿਕਲੇ ਤਾਂ ਅੰਮਾਂ ਤ੍ਰਿਪਤਾ* ਨੇ ਨੌਕਰ ਘੱਲੇ ਮਗਰ ਤੇ ਨਾਲ ਘੱਲਿਆ ਆਪਣੀ ਧੀ ਨਾਨਕੀ ਨੂੰ ਜੋ ਮਤਾਂ ਪਿਉ ਮਾਰੇ ਤਾਂ ਧੀ ਕੋਲ ਹੋਈ ਤਾਂ ਛੁਡਾ ਲਏਗੀ ਗੁੱਸੇ ਚੜ੍ਹੇ ਬਾਬਲ ਤੋਂ। ਸੋ ਇਸੇ ਤਰ੍ਹਾਂ ਹੀ ਹੋਈ। ਬਾਬੇ ਕਾਲੂ ਨੇ ਜਾ ਡਿੱਠਾ ਪੁੱਤ ਨੂੰ, ਜੋ ਅੱਖਾਂ ਮੀਟੀ ਬੈਠਾ ਸੀ, ਦੁਨੀਆਂ ਦਾ ਦੁਖ ਆਪਣੇ ਵਡੇ ਬਾਬਲ-ਰੱਬ-ਜੀ ਨੂੰ ਆਖਦਾ।

ਗੁੱਸੇ ਭਰੇ ਕਾਲੂ ਨੇ ਬਾਹੋਂ ਪਕੜ ਉਠਾਇਆ, ਪੁੱਤ ਨੂੰ ਖੜਾ ਕਰ ਲਿਆ ਤੇ ਵੱਧ ਘੱਟ ਬੋਲਿਆ, ਮਾੜੇ ਬਚਨ ਆਖੇ ਤੇ ਕੱਸਕੇ ਚਪੇੜਾਂ ਮਾਰੀਆਂ ਦੋ ਸੱਜੀ ਗਲ੍ਹ ਤੇ, ਦੋ ਮਾਰੀਆਂ ਖੱਬੀ ਗਲ੍ਹ ਤੇ,-'ਪੱਟੇ ਜਾਣਿਆਂ! ਪੱਟ ਸੁੱਟਿਆ ਈ ਮੇਰਾ ਝੁੱਗਾ'। ਹੁਣ ਹੋਰ ਮਾਰਨ ਨੂੰ ਗੁੱਸੇ ਭਰੇ ਦੇ ਕਰੜੇ ਹੱਥ ਉਠ ਹੀ ਰਹੇ ਸਨ ਕਿ ਪਹੁੰਚ ਪਈ ਭੈਣ ਦੌੜਦੀ ਦੌੜਦੀ ਤੇ ਚੰਬੜ ਗਈ ਬਾਬਲ ਨੂੰ ਤੇ ਹਿਲੋਰਾ ਦੇ ਕੇ ਪਰਾਂ ਕਰ ਦਿੱਤੋ ਸੁ। ਸੋ ਪਰੇ ਹੋ ਗਏ ਉੱਲਰੇ ਹੱਥ ਬੀ। ਬੀਬੀ ਬੋਲੀ: "ਨਾਂ ਮੇਰੇ ਬਾਬਲ ਨਾ, ਮੇਰੇ ਵੀਰਨ ਨੂੰ ਨਾ ਮਾਰ, ਬਖ਼ਸ਼ ਮੇਰੇ ਬਾਬਲ ਬਖ਼ਸ਼!"

---

*ਇਹ ਗੁਰੂ ਨਾਨਕ ਸਾਹਿਬ ਜੀ ਦੀ ਮਾਂ ਜੀ ਦਾ ਨਾਉਂ ਸੀ ਤੇ ਮਹਿਤਾ ਕਾਲੂ ਨਾਉਂ ਸੀ ਗੁਰੂ ਜੀ ਦੇ ਪਿਤਾ ਜੀ ਦਾ।

ਹੋਰ ਲੋਕੀ ਬੀ ਸੁਣਕੇ ਆ ਗਏ ਸਨ, ਨੌਕਰ ਬੀ ਬੀਬੀ ਦੇ ਨਾਲ ਨਾਲ ਆਏ ਸਨ, ਸਭ ਨੇ ਵਰਜਿਆ ਤਾਂ ਬਾਬੇ ਦੇ ਮਾਰਨ ਵਾਲੇ ਹੱਥ ਲਮਕ ਪਏ ਤੇ ਹੋਰ ਮਾਰਨੋਂ ਰੁਕ ਗਏ। ਹੁਣ ਬਾਹੋਂ ਧ੍ਰੀਕਕੇ ਬਾਬਲ ਜੀ ਸੁਹਣੇ ਬੇਟੇ ਨੂੰ ਨਾਲ ਲੈ ਟੁਰੇ। ਸੁਹਣੇ ਬੇਟੇ ਜੀ ਨਾ ਬੋਲੇ ਨਾ ਕੂਏ। ਗੁਲਾਬਾਂ ਵਰਗੀਆਂ ਸੁਹਣੀਆਂ ਗਲ੍ਹਾਂ ਤੇ ਨੀਲ ਪੈ ਗਏ, ਤੇ ਦੋ ਚਾਰ ਅੱਥਰੂ ਉਨ੍ਹਾਂ ਨੀਲਾਂ ਦੇ ਉਤੇ ਦੀ ਹੋ ਕੇ ਵਗ ਪਏ।

ਅਜੇ ਕੁਝ ਕਦਮ ਹੀ ਗਏ ਸਨ ਕਿ ਰਾਇਬੁਲਾਰ ਦੇ ਆਦਮੀ ਆ ਪਹੁੰਚੇ, ਬੋਲੇ- "ਹੇ ਮਹਿਤਾ! ਤੈਨੂੰ ਪੁੱਤ ਸਮੇਤ ਰਾਇ ਦੇ ਸੱਦਿਆ ਹੈ।"

ਤਦ ਮਹਿਤੇ ਕਾਲੂ ਨੂੰ ਰਾਇ ਵਲ ਜਾਣਾ ਪਿਆ, ਦਿਲ ਤਾਂ ਨਹੀਂ ਸਾਸੂ ਕਰਦਾ, ਪਰ ਮਾਲਕ ਦਾ ਹੁਕਮ ਕਿਵੇਂ ਮੋੜਦਾ।

ਜਦ ਰਾਇ ਦੇ ਦਰ ਪਹੁੰਚੇ ਤਾਂ ਉਹ ਅਗੋਂ ਗੁਰੂ ਨਾਨਕ ਦੇ ਚਿਹਰੇ ਤੇ ਨੀਲ ਪਏ ਹੋਏ ਤੇ ਅੱਥਰੂ ਵਗੇ ਹੋਏ ਦੇਖਕੇ ਆਪ ਰੋ ਪਿਆ। ਉਠਕੇ ਜੱਫੀ ਪਾ ਲਈਓਸੁ, ਤੇ ਮੱਥਾ ਚੁੰਮ ਲਿਓਸੁ। ਪਿਠ ਤੇ ਹੱਥ ਫੇਰ ਛਾਤੀ ਨਾਲ ਲਾਇਓਸੁ, ਆਖਿਓਸੁ: "ਰਬ ਦੇ ਬਾਲਕੇ ! ਸਭ ਕੁਛ ਤੇਰਾ ਹੈ, ਤੇਰਾ ਹੈ, ਤੇਰਾ ਹੈ।" ਫੇਰ ਮਹਿਤੇ ਨੂੰ ਕਹਿਣ ਲਗਾ, "ਕਾਲੂ ਤੂੰ ਬੜਾ ਬੇ-ਤਰਸ ਹੈਂ, ਇਕੋ ਪੁੱਤ, ਉਹ ਰਬ ਦਾ ਬਾਲਕਾ, ਜੰਮਦਾ ਸੰਤ ਵਲੀ,* ਕਲਾਵਾਨ। ਤੂੰ ਬੇ-ਤਰਸ, ਨੀਲ ਪਾ ਦਿੱਤੇ ਨੀ ਮਾਰ ਮਾਰ ਕੇ ਵਲੀ ਅੱਲਾ ਦੇ ਚਿਹਰੇ ਤੇ, ਨਿਰਦਈ! ਤੈਨੂੰ ਨਾ ਰੱਬ ਦਾ ਡਰ ਨਾ ਮੇਰਾ ਭਉ, ਨਾ ਲੋਕ ਲਾਜ।" ਫੇਰ ਭੁੱਬ ਮਾਰਕੇ ਰਾਇ ਨੇ ਕਿਹਾ, "ਕੀਹ ਕਰਾਂ, ਮੈਂ ਮੁਸਲਮਾਨ! ਹਾਇ ਮੈਂ ਨਾ ਹੁੰਦਾ ਮੁਸਲਮਾਨ ਤਾਂ ਅਜ ਆਪਣੇ ਘਰ ਰੱਖ ਲੈਂਦਾ ਏਸ ਰਬ ਪਜਾਰੇ ਨੂੰ ਤੇ ਕਰਦਾ ਸੇਵਾ, ਹੁਣ ਰੱਖਾਂ ਤਾਂ ਜਗਤ ਕਹੇਗਾ,-ਜੋਰੋ ਜੋਰੀ ਕਰ ਲਿਆ ਸੂ ਮੁਸਲਮਾਨ ਖੱਤ੍ਰੀ ਦੇ ਪੁੱਤ ਨੂੰ।"

---

*ਵਲੀ-ਰਬ ਦਾ ਪਿਆਰਾ।

ਤਦ ਬਾਬੇ ਕਾਲੂ ਨੇ ਕਿਹਾ-'ਰਾਇ ਜੀ ਇਸ ਦੀਆਂ ਕਰਤੂਤਾਂ ਬੀ ਸੋਚੋ, ਪੱਟ ਸੱਟਿਆ ਸੂ ਇਸ ਨੇ ਮੈਨੂੰ।'

ਰਾਇ ਕਿਹਾ: 'ਆਹ ਲੈ ਵੀਹ ਰੁਪੱਯੇ ਤੇ ਪੱਟਿਆ ਨਾ ਜਾਹ, ਪਰ ਖ਼ਬਰਦਾਰ ਜੇ ਕਦੇ ਫੇਰ ਹੱਥ ਚੁੱਕਿਆ ਬੱਚੇ ਉਤੇ। ਤੂੰ ਹਿਸਾਬ ਕਰਕੇ ਦੱਸ ਜਿਤਨਾ ਧਨ ਤੇਰਾ ਅਜ ਤਾਈਂ ਬੱਚੇ ਨੇ ਗੁਆਇਆ ਹੈ, ਮੈਂ ਭਰ ਦਿਆਂ ਤੇ ਤੂੰ ਆਪਣੇ ਪੈਸੇ ਨੂੰ ਪਿਆਰ ਕਰ। ਦੇਖ, ਜਿਤਨੀ ਦੌਲਤ ਮੇਰੇ ਘਰ ਹੈ ਏਸ ਦੀ ਦਿੱਤੀ ਹੋਈ ਹੈ, ਜਿਤਨੀ ਮਾਇਆ ਜਗਤ ਵਿਚ ਹੈ ਏਸ ਦੀ ਹੈ। ਇਹ ਅੱਲਾ ਦਾ ਮੋਦੀ ਹੈ, ਇਹ ਅੱਲਾ ਦਾ ਪੁੱਤ ਹੈ ਪਿਕਾਂਬਰ* ਹੈ। ਕਾਲੂ! ਦੇਖ ਜਗਤ ਇਸ ਦਾ ਦਿੱਤਾ ਖਾਂਦਾ ਹੈ, ਇਹ ਰੱਬ ਦੇ ਸੱਜੇ ਹੱਥ ਬੈਠਣ ਵਾਲਾ ਹਈ। ਤੂੰ ਦੇਖੇਂਗਾ ਕਿ ਨਾ ਪਰ ਦੁਨੀਆਂ ਇਸ ਦੇ ਨਾਉਂ ਤੇ ਲੱਖਾਂ ਰੁਪਏ ਸਦਕੇ ਕਰਿਆ ਕਰੇਗੀ। ਜਿਸ ਮਾਇਆ ਨੂੰ ਤੂੰ ਰੋਂਦਾ ਹੈਂ ਜਗਤ ਇਸ ਦੇ ਨਾਂ ਤੇ ਵਾਰ ਵਾਰ ਸੱਟੇਗਾ। ਜਿਥੇ ਜਿਥੇ ਇਹ ਕਦਮ ਧਰੇਗਾ ਮਾਇਆ ਉਥੇ ਲੇਟਣੀਆਂ ਲਿਆ ਕਰੇਗੀ। ਖਬਰਦਾਰ ਜੋ ਤੂੰ ਕਦੇ ਫਿਟੇ ਮੂੰਹ ਬੀ ਇਸ ਨੂੰ ਆਖਿਆ ਤਾਂ! ਤੇਰੇ ਘਰ ਇਸ ਨੂੰ ਤਾਂ ਟੋਰਦਾ ਹਾਂ ਜੇ ਆਖੇਂ ਮੈਂ ਫੇਰ ਨਾ ਮਾਰਸਾਂ।'

ਤਦ ਕਾਲੂ ਨੂੰ ਸ਼ਰਮ ਆਈ, ਰਾਇ ਨੂੰ ਹਥ ਜੋੜਕੇ ਅਖਿਓਸੁ 'ਹੁਣ ਬਖਸ਼ੋ ਫੇਰ ਨਾ ਕਰਸਾਂ' ਤੇ ਰੁਪੱਯੇ ਬੀ ਮੋੜ ਦਿਤਿਓਸੁ। ਤਾਂ ਰਾਇ ਨੇ ਟੋਰਿਆ ਤੇ ਸੁਹਣਾ ਬਾਲਕ ਆ ਮਾਂ ਭੈਣ ਨੂੰ ਮਿਲਿਆ।

## (ਬੀਬੀ ਨਾਨਕੀ ਦਾ ਵਿਆਹ)

ਥੋੜੇ ਦਿਨ ਮਗਰੋਂ ਐਸੀ ਗਲ ਬਣ ਗਈ ਕਿ ਬੀਬੀ ਨਾਨਕੀ ਦੀ ਕੁੜਮਾਈ ਹੋ ਗਈ। ਬਿਆਸਾ ਤੋਂ ਪਾਰ ਸੁਲਤਾਨਪੁਰ ਨਗਰ ਸੀ, ਏਥੇ ਰਹਿੰਦਾ ਸੀ ਸੂਬੇ ਦਾ ਵਡਾ ਹਾਕਮ ਦੌਲਤ ਖਾਂ ਲੋਧੀ ਪਠਾਣ। ਇਸ ਦੇ ਪਾਸ ਸੀ ਇਕ ਨੌਕਰ-ਜੈ ਰਾਮਦਾਸ ਖੱਤ੍ਰੀ। ਇਹਦੀ ਉਮਰ ਜੁਆਨ ਸੀ, ਗੱਭਰੂ। ਇਹ ਕਰਦਾ ਸੀ ਸਰਕਾਰੀ ਨੌਕਰੀ ਤੇ ਸੀ ਵਡਾ

---

*ਜੋ ਪਰਮੇਸ਼ਰ ਜੀ ਵਲੋਂ ਦੁਨੀਆਂ ਵਿਚ ਘੱਲਿਆ ਆਵੇ ਉਸ ਨੂੰ ਆਖਦੇ ਹਨ ਪੈਗ਼ੰਬਰ। ਤੇ ਆਮ ਬੋਲੀ ਵਿਚ ਆਖੀਦਾ ਹੈ-ਪਿਕਾਂਬਰ।

ਇਤਬਾਰੀ ਨਵਾਬ ਦਾ। ਇਹ ਕਿਸੇ ਸਰਕਾਰੀ ਕੰਮ ਤਲਵੰਡੀ ਆਇਆ ਤਾਂ ਬੀਬੀ ਨਾਨਕੀ ਦੀ ਕੁੜਮਾਈ ਹੋ ਗਈ ਇਸ ਨਾਲ। ਇਹ ਉਵ ਵੀ ਬਹੁਤ ਭਲਾ ਸੀ ਤੇ ਸਭ ਤਰ੍ਹਾਂ ਸੁਖੀ ਸੀਗਾ। ਫੇਰ ਵਿਆਹ ਹੋ ਗਿਆ ਤੇ ਬੀਬੀ ਨਾਨਕੀ ਚਲੀ ਗਈ ਸਾਹੁਰੇ ਸੁਲਤਾਨ ਪੁਰ। ਜੇ ਗੋਂਦਵਾਲ ਤੋਂ ਬੇੜੀ ਵਿਚ ਬੈਠਕੇ ਹੋ ਜਾਈਏ ਬਿਆਸ ਨਦੀ ਤੋਂ ਪਾਰ ਤਾਂ ਕੁਛ ਦੂਰ ਜਾ ਕੇ ਆ ਜਾਂਦਾ ਏ 'ਸੁਲਤਾਨ ਪੁਰ' ਜੋ ਹੁਣ ਤਾਂਈਂ ਵਸਦਾ ਏ।

ਰਾਇ ਬੁਲਾਰ ਰੱਬੀ ਬਾਲਕੇ ਨੂੰ ਸੁਖੀ ਵੇਖਣਾ ਚਾਹੁੰਦਾ ਸੀ, ਪਰ ਮਹਿਤੇ ਕਾਲੂ ਦਾ ਸੁਭਾਉ ਨਹੀਂ ਸੀ ਵਟੀਂਦਾ ਤੇ ਰਾਇ ਆਪਣੇ ਪਾਸ ਬੀ ਨਹੀਂ ਸੀ ਰੱਖ ਸਕਦਾ ਬਾਲਕੇ ਨੂੰ ਜੋ ਹੁਣ ਗੱਭਰੂ ਹੋ ਰਹੇ ਸਨ ਮਸੂ ਭੇਂ ਹੋ ਰਹੇ ਸਨ। ਮਸੁ ਭੇਂ ਕਹਿੰਦੇ ਹਨ ਮੁੱਛਾਂ ਦਾ ਰਤਾ ਰਤਾ ਦਿੱਸਣ ਲਗ ਪੈਣਾ। ਇਹ ਨਿਸ਼ਾਨੀ ਹੁੰਦੀ ਏ ਜੁਆਨੀ ਸ਼ੁਰੂ ਹੋਣ ਦੀ।

ਰਾਇ ਨੇ ਦਿਲ ਵਿਚ ਸੋਚੀ ਕਿ ਜੇ ਬਾਲਕੇ ਨੂੰ ਕਿਵੇਂ ਭੇਜ ਦੇਈਏ ਸੁਲਤਾਨਪੁਰ; ਜਾ ਰਹੇ ਆਪਣੀ ਭੈਣ ਪਾਸ ਤਾਂ ਸੁਖੀ ਹੋ ਜਾਸੀ, ਰੋਜ਼ ਰੋਜ਼ ਦੀ ਕਲਹਾ ਮਿਟ ਜਾਸੀ। ਸੋ ਜੈਰਾਮ ਦਾਸ ਨੂੰ ਜਦ ਓਹ ਫੇਰ ਤਿਲਵੰਡੀ ਆਯਾ, ਤਾਂ ਰਾਇ ਨੇ ਕਿਹਾ ਕਿ 'ਤੁਸੀਂ ਸ੍ਰੀ ਨਾਨਕ ਜੀ ਨੂੰ ਆਪਣੇ ਪਾਸ ਲੈ ਜਾਓ ਤੇ ਓਥੇ ਕੋਈ ਸੁਖੱਲਾ ਜਿਹਾ ਕੰਮ ਲੁਆ ਦਿਓ; ਦੋਵੇਂ ਭੈਣ ਭਰਾ ਇਕੱਠੇ ਸੁਖੀ ਰਹਿਸਣ। ਤੁਸੀਂ ਬੀ ਭਾਗਾਂ ਵਾਲੇ ਹੋ ਜਾਸੋ, ਵਲੀ ਅੱਲਾ* ਨੂੰ ਪਾਸ ਰੱਖਕੇ। ਮੇਰੀ ਨਗਰੀ ਵਿਚ ਰੱਬ ਦੇ ਪਿਆਰੇ ਨੂੰ ਦੁਖ ਮਿਲਣਾ ਬੰਦ ਹੋ ਜਾਸੀ'। ਇਹ ਗੱਲ ਜੈਰਾਮ ਦੇ ਦਿਲ ਲੱਗੀ ਤੇ ਉਸ ਨੇ 'ਹਾਂ' ਕਰ ਦਿੱਤੀ। ਜੀ ਵਿਚ ਖੁਸ਼ ਹੋਇਆ ਕਿ ਰੱਬ ਦਾ ਪਿਆਰਾ ਮੇਰੇ ਪਾਸ ਰਹੇਗਾ।

---

*ਰੱਬ ਦਾ ਮਿੱਤ੍ਰ ਪਿਆਰਾ। ਜਿਸ ਨੂੰ ਰੱਬ ਨੇ ਵਡਾ ਬਣਾਇਆ ਹੋਵੇ। ਪੂਰਾ ਪੂਰਾ ਸੰਤ।



Page 56 www.sikhbookclub.com

# ੧੭. ਇਕ ਅਤੀਤ ਸਾਧੂ।

**ਹੁਣ** ਸੁਹਣੇ ਗੁਰੂ ਨਾਨਕ ਦੀ ਉਮਰ, ਲਿਖੀ ਹੈ ਕਿ, ੨੦ ਬਰਸ ਦੀ ਹੋ ਗਈ ਸੀ। ਹੁਣ ਬੀ ਆਪ ਲਗੇ ਰਹਿੰਦੇ ਸਨ ਆਪਣੇ ਰੱਬ ਦੇ ਪਿਆਰ ਵਿਚ। ਕਦੇ ਚੁਪ ਚਾਪ, ਕਦੇ ਕੁਛ ਮਿੱਠਾ ਮਿੱਠਾ ਗਾਉਂਦੇ, ਕਦੇ ਸੁਹਣੇ ਸੁਹਣੇ ਵਾਕ ਆਖਦੇ, ਕਦੇ ਸ਼ਬਦ ਬਣਾਉਂਦੇ । ਐਉਂ ਪਿਆ ਲਗਿਆ ਕਰੇ ਕਿ ਦਿੱਸਦਾ ਤਾਂ ਨਹੀਂ, ਪਰ ਵਾਹਿਗੁਰੂ ਇਨ੍ਹਾਂ ਦੇ ਨਾਲ ਰਹਿੰਦਾ ਹੈ। ਕਦੇ ਕਦੇ ਫਿਰਨ ਟੁਰਨ ਲੱਗ ਪੈਂਦੇ ਬਾਹਰ ਖੇਤਾਂ ਵਿਚ ਤੇ ਬਨ ਵਿਚ। ਕੁਛ ਕੰਮ ਕਾਜ ਕਰਦੇ। ਕਦੇ ਕਿਸੇ ਕਿਸੇ ਲੋੜਵੰਦ ਦੁਖੀਏ ਤੇ ਤ੍ਰੁਠ ਪੈਂਦੇ। ਤ੍ਰੁਠ ਪੈਂਦੇ ਕਿਸਨੂੰ ਆਖਦੇ ਹਨ? ਕਿਸੇ ਨੂੰ ਦੁਖੀ ਤੇ ਲੋੜਵੰਦ ਦੇਖਕੇ ਮਨ ਵਿਚ ਤਰਸ ਆ ਜਾਣਾ ਤੇ ਉਸ ਦਾ ਦੁਖ ਦੂਰ ਕਰ ਦੇਣਾ, ਲੋੜ ਜੋ ਹੋਵੇ ਉਹ ਪੂਰੀ ਕਰ ਦੇਣੀ। ਇਸ ਤਰ੍ਹਾਂ ਆਪ ਅੰਦਰੋਂ ਵੱਖ ਵੱਖ ਰਹਿੰਦੇ, ਦੁਖ ਸੁਖ ਕੋਈ ਨਾ ਮੰਨਦੇ, ਰੱਬ ਜੀ ਨਾਲ ਜੁੜੇ ਰਹਿੰਦੇ, ਪਰ ਲੁਕਾਈ ਰਖਦੇ ਆਪਣੇ ਅਸਲੇ ਨੂੰ। ਬਾਹਰੋਂ ਸਿਧੇ ਸਾਦੇ, ਭੋਲੇ ਭਾਲੇ, ਕੁਛ ਉਦਾਸ ਜਿਹੇ ਦਿੱਸਦੇ।

ਇਨ੍ਹਾਂ ਦਿਨਾਂ ਵਿਚ ਇਕ ਅਤੀਤ ਸਾਧੂ ਆ ਗਿਆ ਤਿਲਵੰਡੀ ਓਹ ਬੈਠਾ ਸੀ ਸੁੱਕੇ ਤਲਾ ਤੇ। ਗੁਰੂ ਨਾਨਕ ਦੇਵ ਜੀ ਨੇ ਪਛਾਣਿਆ ਕਿ ਹੈ ਤਾਂ ਦਿੱਸਦਾ ਅਤੀਤ, ਪਰ ਹੈ ਲੋੜਵੰਦ। ਅਤੀਤ ਆਖਦੇ ਹਨ ਜੋ ਘਰ ਬਾਰ ਛੱਡਕੇ ਰਹੇ ਤੇ ਖਾਣ ਪੀਣ ਦੀ ਆਸਾ ਇਹੋ ਰਖੇ ਕਿ ਕੋਈ ਦੇਇਗਾ ਤਾਂ ਖਾ ਲਵੇਗਾ। ਇਸ ਨੂੰ ਆਪ ਜੀ ਨੇ ਡਿੱਠਾ ਕਿ ਭਲਾ ਹੈ, ਪਰ ਖਾਣ ਪੀਣ ਵਲੋਂ ਔਖਾ ਹੈ। ਪੈਸਾ ਪਾਸ ਨਹੀਂ ਤੇ ਲੋਕੀ ਕੋਈ ਸੇਵਾ ਨਹੀਂ ਕਰਦੇ, ਪੈਸਾ ਧੇਲਾ ਕੋਈ ਦੇਂਦਾ ਨਹੀਂ। ਤਦ ਸਭ ਦੀ ਪੀੜ ਹਟਾਉਣ ਵਾਲੇ ਗੁਰੂ ਜੀ ਨੇ ਆਪਣੇ ਹਥੋਂ ਸੋਨੇ ਦੀ ਛਾਪ ਲਾਹਕੇ ਉਸ ਨੂੰ ਦੇ ਦਿੱਤੀ ਤੇ ਜਲ ਪਾਣੀ ਖੂਹਾਂ ਤੋਂ ਖਿੱਚਕੇ ਪੀਣ ਲਈ ਇਕ ਗੜਵਾ ਬੀ ਪਿੱਤਲ ਦਾ ਦੇ ਦਿੱਤਾ। ਸਾਧੂ ਦੋਇ ਸ਼ੈਆਂ ਮੋੜ

ਰਿਹਾ, ਪਰ ਆਪ ਨੇ ਦਿਤੀ ਸ਼ੈ ਮੋੜਨੀ ਮਾੜੀ ਦੱਸੀ। ਤਦ ਸਾਧੂ ਮੁੰਦਰੀ ਤੇ ਗੜਵੇ ਸਣੇ ਟੁਰ ਗਿਆ। ਹੁਣ ਫੇਰ ਜਦ ਬਾਬੇ ਕਾਲੂ ਜੀ ਨੂੰ ਪਤਾ ਲੱਗਾ ਤਾਂ ਉਹ ਗੁੱਸੇ ਵਿਚ ਆ ਗਏ। ਜੋ ਕੁਛ ਉਹਨਾਂ ਦੇ ਚਿਤ ਆਯਾ ਆਖਿਆ ਪਰ ਸ੍ਰੀ ਨਾਨਕ ਜੀ ਚੁੱਪ ਰਹੇ ਤੇ ਕੁਛ ਉੱਤਰ ਨਾ ਦਿੱਤਾ। ਇਹ ਗੱਲ ਫੇਰ ਕਿਸੇ ਨੇ ਰਾਇ ਨੂੰ ਜਾ ਦੱਸੀ। ਰਾਇ ਨੇ ਫੇਰ ਬਾਬਾ ਕਾਲੂ ਜੀ ਨੂੰ ਬੁਲਾ ਘੱਲਿਆ। ਕੁਛ ਗੁੱਸੇ ਹੋਇਆ, ਕੁਛ ਸਮਝਾਇਆ ਤੇ ਅੰਤ ਵਿਚ ਕਿਹਾ ਕਿ ਤੇਰਾ ਸੁਭਾਵ ਵਟੀਂਦਾ ਨਹੀਂ, ਪੁੱਤਰ ਦੀ ਮਹਿਮਾ ਤੂੰ ਸਮਝਦਾ ਨਹੀਂ, ਉਹ ਰੱਬ ਦਾ ਪਿਆਰਾ ਹੈ, ਤੂੰ ਉਸ ਨੂੰ ਝੱਲਾ ਸਮਝਦਾ ਹੈਂ, ਸੋ ਕਦੇ ਤੁਹਾਡਾ ਪਿਆਰ ਪੈਣਾ ਨਹੀਂ। ਮੇਰੀ ਸਲਾਹ ਇਹ ਹੈ ਕਿ ਬਰਖ਼ੁਰਦਾਰ ਨੂੰ ਸੁਲਤਾਨ ਪੁਰ ਭੇਜ ਦਿਆਂ। ਰਹੇਗਾ ਭੈਣ ਪਾਸ ਤੇ ਜੈਰਾਮ ਕੋਈ ਕਾਰ ਕਿਰਤ ਬੀ ਲੁਆ ਦੇਵੇਗਾ। ਇਹ ਗੱਲ ਕਾਲੂ ਜੀ ਦੇ ਬੀ ਪਸੰਦ ਆ ਗਈ; ਤਦ ਰਾਇ ਨੇ ਜੈਰਾਮ ਵਲ ਚਿੱਠੀ ਲਿਖੀ ਕਿ ਸ੍ਰੀ ਨਾਨਕ ਜੀ ਨੂੰ ਤੇਰੇ ਪਾਸ ਘੱਲਦਾ ਹਾਂ, ਪਾਸ ਰੱਖਣਾ, ਸੇਵਾ ਕਰਨੀ, ਸਾਕ ਨਾ ਸਮਝਣਾ, ਰੱਬ ਦਾ ਵਲੀ ਕਿ ਰੂਪ ਜਾਣਕੇ ਸੇਵਾ ਕਰਨੀ, ਕਿਸੇ ਕਿਰਤ ਕਾਰ ਵਿਚ ਲਾ ਦੇਣਾ ਜੇ ਇਸਨੂੰ ਰੁਚੇ ਤਾਂ ਨੌਕਰੀ ਕੋਈ ਲੈ ਦੇਣੀ। ਓਧਰੋਂ ਸ੍ਰੀ ਜੈਰਾਮ ਜੀ ਵਲੋਂ ਬੀ ਚਿੱਠੀ ਆ ਗਈ ਕਿ 'ਹੇ ਪਿਆਰੇ ਨਾਨਕ ਜੀ! ਤੁਸੀਂ ਇਥੇ ਮੇਰੇ ਪਾਸ ਆ ਜਾਓ!' ਹੁਣ ਸਾਰਿਆਂ ਨੇ ਸ੍ਰੀ ਗੁਰੂ ਨਾਨਕ ਜੀ ਨੂੰ ਤਲਵੰਡੀ ਤੋਂ ਸੁਲਤਾਨ ਪੁਰ ਨੂੰ ਵਿਦਾ ਕਰ ਦਿੱਤਾ। ਰਾਇ ਨੇ ਬੀ ਬਹੁਤ ਵਿਰਾਗ ਨਾਲ ਵਿਦਾ ਕੀਤਾ ਤੇ ਆਪਣੇ ਸਾਕਾਂ, ਅੰਗਾਂ, ਮਾਤਾ, ਪਿਤਾ ਨੇ ਬੀ ਰੋ ਰੋ ਕੇ ਟੋਰਿਆ, ਪਰ ਟੋਰਿਆ ਇਸ ਆਸ ਤੇ ਕਿ ਓਥੇ ਜਾ ਕੇ ਕੰਮੇ ਲੱਗ ਜਾਸੀ, ਖੱਟਸੀ, ਕਮਾਸੀ, ਤੇ ਆਪਣਾ ਕਮਾਇਆ ਲੁਟਾਸੀ। ਮਾਪਿਆਂ ਨੂੰ ਵੀ ਘੱਲਸੀ ਰੁਪਏ ਤੇ ਰੋਜ਼ ਰੋਜ਼ ਦੀ ਕਲਹਾ ਮਿਟ ਜਾਸੀ।

❖❖❖

# ੧੮. ਸੁਲਤਾਨ ਪੁਰ ਆਏ

**ਚੱਲ** ਪਏ ਗੁਰ ਨਾਨਕ ਜੀ ਖੱਟੀਆਂ ਕਮਾਈਆਂ ਕਰਨ ਤਲਵੰਡੀਓਂ ਤੇ ਆਏ ਲਾਹੌਰ। ਲਾਹੌਰ ਤੋਂ ਚੱਲੇ ਤੇ ਆਏ ਨੇਸ਼ਟੇ ਦੇ ਪਾਸਿਓਂ ਓਥੇ ਜਿੱਥੇ ਹੁਣ ਹੈ ਗੋਇੰਦਵਾਲ। ਓਥੋਂ ਹੋਏ ਬਿਆਸਾ ਪਾਰ ਬੇੜੀਆਂ ਦੇ ਪੁਲ ਉਤੋਂ ਦੀ ਲੰਘਕੇ ਤੇ ਜਾ ਪਹੁੰਚੇ ਸੁਲਤਾਨਪੁਰ।

ਘਰ ਗਏ ਆਪਣੀ ਪਿਆਰੀ ਭੈਣ ਦੇ, ਜੋ ਵੀਰ ਨੂੰ ਮਿਲਕੇ ਡਾਢੀ ਖੁਸ਼ ਹੋਈ। ਭਾਈਆ ਜੈਰਾਮ ਬਹੁਤ ਪਿਆਰ ਤੇ ਆਦਰ ਨਾਲ ਮਿਲਿਆ। ਸੁਲਤਾਨਪੁਰ ਰਹਿੰਦਾ ਸੀ ਦੌਲਤ ਖਾਂ ਲੋਧੀ। ਇਹ ਸੀ ਪੰਜਾਬ ਦਾ ਨਵਾਬ-ਪੰਜਾਬ ਦਾ ਸਭ ਤੋਂ ਵੱਡਾ ਹਾਕਮ, ਤੇ ਸੁਲਤਾਨਪੁਰ ਸੀ ਤਦੋਂ ਰਾਜਧਾਨੀ। ਰਾਜਧਾਨੀ ਆਖਦੇ ਹਨ ਓਹ ਨਗਰ ਜਾਂ ਸ਼ਹਿਰ ਜਿੱਥੇ ਵੱਸਦਾ ਹੋਵੇ ਸਾਰੇ ਦੇਸ਼ ਜਾਂ ਸੂਬੇ ਦਾ ਵੱਡਾ ਹਾਕਮ। ਜੈ ਰਾਮ ਦਾਸ ਦੌਲਤ ਖਾਂ ਲੋਧੀ ਦਾ ਸੀ ਇਕ ਪਤਿ ਵਾਲਾ ਨੌਕਰ, ਜੋ ਜ਼ਿਮੀਆਂ ਤੇ ਫਸਲਾਂ ਦੇ ਹਿਸਾਬ ਲਾ ਲੈਂਦਾ ਸੀ ਤੇ ਕਣ ਗਿਣ ਲੈਂਦਾ ਸੀ ਕਿ ਐਤਨੇ ਕੁ ਹੋਣਗੇ ਦਾਣੇ ਖੜੇ ਫਸਲਾਂ ਦੇ ਤੇ ਹੋਰ ਲੇਖੇ ਕਰਨੇ ਜਾਣਦਾ ਸੀ, ਸਾਰੇ ਕਾਰਦਾਰਾਂ ਤੇ ਵਡੇ ਜ਼ਿਮੀਂਦਾਰਾਂ ਤੇ ਪਰਗਣਿਆਂ ਤੇ ਸਰਦਾਰਾਂ ਦੇ। ਸੋ ਇਕ ਦਿਨ ਨਵਾਬ ਨੂੰ ਆਖਿਆ ਜੈਰਾਮ ਨੇ ਕਿ 'ਜੀਓ ਮੇਰੇ ਕੋਲ ਆਇਆ ਹੈ ਤਲਵੰਡੀਓਂ ਜੋ ਮੇਰਾ ਸਾਕੇਦਾਰ ਹੈ-ਮੇਰੀ ਘਰਵਾਲੀ ਦਾ ਵੀਰ ਹੈ, ਨੇਕ ਹੈ, ਫਕੀਰੀ ਰੰਗ ਦਾ ਹੈ, ਸੱਚ ਦਾ ਪੁਤਲਾ ਹੈ; ਹਿੰਦਗੀ, ਪਾਰਸੀ ਸਭੇ ਇਲਮ ਜਾਣਦਾ ਹੈ।' ਨਵਾਬ ਨੇ ਆਖਿਆ 'ਮੇ ਰੇ ਪਾਸ ਲੈ ਆਓ, ਦੇਖਾਂ ਕਿਹੋ ਜੇਹਾ ਹੈ।' ਤਾਂ ਜੈਰਾਮ ਗੁਰੂ ਜੀ ਨੂੰ ਨਵਾਬ ਪਾਸ ਲੈ ਗਿਆ। ਨਵਾਬ ਨੇ ਬਹੁਤ ਗਲਾਂ ਬਾਤਾਂ ਕੀਤੀਆਂ। ਉਸਦੀ ਨਿਸ਼ਾ ਹੋ ਗਈ ਜੋ ਇਹ ਭਲਾ ਦਿਆਨਤਦਾਰ ਹੋਵੇਗਾ। ਹੁਕਮ ਦਿਤੋ ਸੂ ਕਿ ਮੋਦੀ ਖਾਨਾ ਇਸ ਦੇ ਹਵਾਲੇ ਕਰ ਦਿਓ। ਨਵਾਬ ਨੇ ਕੁਛ ਦਰਮਾਹਾਂ ਲਾ ਦਿੱਤਾ। ਦਰਮਾਹਾਂ ਆਖਦੇ ਹਨ ਤਲਬ ਨੂੰ,

ਤਨਖਾਹ ਨੂੰ। ਕੁਛ ਲਾ ਦਿੱਤਾ ਅਲੂਫਾ। ਅਲੂਫਾ ਆਖਦੇ ਹਨ ਰਸਦ ਨੂੰ, ਕਿ ਐਤਨਾ ਆਟਾ, ਦਾਲ, ਘਿਉ, ਖੰਡ ਆਦਿਕ ਮਿਲ ਜਾਇਆ ਕਰੇ ਖਾਣ ਪੀਣ ਨੂੰ। ਫੇਰ ਨਵਾਬ ਨੇ ਸਿਰੋਪਾਉ ਦੇਕੇ ਟੋਰਿਆ ਗੁਰੂ ਨਾਨਕ ਦੇਵ ਜੀ ਨੂੰ ਜੋ ਜਾ ਕੇ ਸੰਭਾਲ ਲਵੇ ਮੋਦੀਖਾਨਾ।

❖❖❖

## ੧੯. ਜਗਤ ਦਾ ਗੁਰੂ ਹੁਣ ਮੋਦੀ ਬਣਿਆ।

**ਅਗਲੇ** ਦਿਨ ਨਵਾਬ ਦਾ ਮੋਦੀਖਾਨਾ ਸਪੁਰਦ ਹੋ ਗਿਆ ਗੁਰੂ ਨਾਨਕ ਦੇਵ ਜੀ ਦੇ। ਮੋਦੀ ਆਖਦੇ ਹਨ ਜਿਸ ਦੇ ਸਪੁਰਦ ਰਸਦਾਂ ਹੋਣ-ਅੰਨਦਾਣੇ, ਆਟੇ, ਖੰਡ, ਘਿਉ, ਗੁੜ ਆਦਿਕ ਵਸਤਾਂ। ਉਸ ਪਾਸੋਂ ਫੇਰ ਸਰਕਾਰੀ ਨੌਕਰਾਂ ਨੂੰ ਤੇ ਨਵਾਬ ਦੇ ਰਸੋਈ ਖਾਨੇ ਨੂੰ ਰਸਦਾਂ ਜਾਂਦੀਆਂ ਹਨ। ਉਸਨੂੰ ਮੋਦੀ ਆਖਦੇ ਹਨ।

ਸੋ ਮੋਦੀਖਾਨਾ ਲੈਕੇ ਗੁਰੂ ਜੀ ਆ ਬੈਠੇ ਮੋਦੀ ਦੀ ਗੱਦੀ ਉਤੇ। ਰਸਦਾਂ ਦੇਣ ਤਾਂ ਪੂਰਾ ਤੋਲਣ ਸਗੋਂ ਨੀਉਂਦਾ, ਜੋਖਣ, ਘੱਟ ਰਤੀ ਨਾ ਤੋਲਣ। ਵਸਤਾਂ ਚੰਗੀਆਂ ਰੱਖਣ ਤੇ ਦੇਣ। ਸਭ ਕਿਸੇ ਨਾਲ ਮਿੱਠਾ ਬੋਲਣ।

ਫੇਰ ਜੇ ਕੋਈ ਭੁੱਖਾ ਨੰਗਾ, ਮਾਂ ਪਿਉ ਮਹਿੱਟਰ ਆ ਜਾਵੇ, ਕਿ ਕੋਈ ਲੋੜਵੰਦ ਵਿਧਵਾ ਆ ਜਾਵੇ ਤਾਂ ਉਸ ਨੂੰ ਬੀ ਕੁਛ ਨਾ ਕੁਛ ਦੇ ਦੇਣ। ਪਰ ਇਹ ਜੋ ਕੁਛ ਦੇਣ ਸੋ ਆਪਣੇ ਅਲੂਫੇ ਵਿਚੋਂ ਦੇਣ, ਜਾਂ ਆਪਣੀ ਤਲਬ ਵਿਚੋਂ ਪੈਸੇ ਭਰਕੇ ਦੇ ਦੇਣ। ਸਰਕਾਰੀ ਵਸਤੁ ਇਕ ਰਤੀ ਜਿੰਨੀ ਕਿਸੇ ਨੂੰ ਨਾ ਦੇਣ।

ਇਸ ਕਰਕੇ ਸਰਕਾਰੀ ਨੌਕਰ ਤੇ ਹੋਰ ਲੋਕ ਖੁਸ਼ੀ ਹੋਏ। ਨਵਾਬ ਨੂੰ ਖ਼ਬਰਾਂ ਪਹੁੰਚਣ ਕਿ ਨਵਾਂ ਮੋਦੀ ਬੜਾ ਨੇਕ ਹੈ, ਸਭ ਨੂੰ ਖੁਸ਼ੀ ਰਖਦਾ ਹੈ ਤੇ ਸਰਕਾਰੀ ਪੈਸੇ ਦਾ ਵੀ ਨੁਕਸਾਨ ਨਹੀਂ ਹੋਣ ਦੇਂਦਾ। ਸੋ ਨਵਾਬ ਬੀ ਆਪ ਜੀ ਨੂੰ ਪਿਆਰ ਕਰਨ ਲਗ ਪਿਆ।

ਹੁਣ ਵੇਖੋ ਗੁਰੂ ਨਾਨਕ ਦੀ ਗੁਰਿਆਈ। ਕਿਰਤ ਕੰਮੇ ਲਗ ਕੇ ਨਾ ਤਾਂ ਓਹ ਭੁੱਲੇ ਆਪਣੇ ਵਡੇ ਬਾਬਲ-ਰੱਬ ਜੀ-ਨੂੰ ਤੇ ਨਾ ਭੁੱਲੇ ਸਤਿਸੰਗ ਲਾਕੇ ਲੋਕਾਂ ਨੂੰ ਤਾਰਨਾ ਤੇ ਨਾ ਭੁੱਲੇ ਲੋੜਵੰਦਾਂ ਨੂੰ ਸੁਖ ਦੇਣਾ। ਐਉਂ ਕਰਦੇ ਸਨ ਓਹ ਕੰਮ :-

ਤੜਕੇ ਪਹਿਰਕੁ ਰਾਤ ਰਹਿੰਦੀ ਜਾਗ ਪੈਂਦੇ ਸੁਹਣੀ ਨੀਂਦਰੋਂ। ਸੁਲਤਾਨ ਪੁਰ ਹੇਠ ਇੱਕ ਨਿੱਕੀ ਜਿਹੀ ਨਦੀ ਵਗਦੀ ਹੈ, ਉਸ ਨੂੰ ਆਖਦੇ ਹਨ 'ਵੇਈਂ', ਇਹ ਹੁਣ ਬੀ ਪਈ ਵਗਦੀ ਹੈ। ਉਸ ਦੇ ਇਕ ਸੁਥਰੇ ਕਿਨਾਰੇ ਇਸ ਵਿਚ ਵੜ ਜਾਂਦੇ ਤੇ ਇਸ਼ਨਾਨ ਕਰਕੇ ਪਿੰਡਾਂ ਪੂੰਝਕੇ, ਕਪੜੇ ਪਾ ਕੇ ਆਸਣ ਵਿਛਾਕੇ ਬਹਿ ਜਾਂਦੇ ਨਦੀ ਕਿਨਾਰੇ । ਇਸ ਤਰ੍ਹਾਂ ਆਪਣੇ ਪਰਮੇਸ਼ਰ ਜੀ ਵਿਚ ਧਿਆਨ ਲਾਕੇ ਭਜਨ ਕਰਦੇ ਰਹਿੰਦੇ। ਜਦ ਸੂਰਜ ਚੜ੍ਹਨ ਲਗਦਾ ਤਾਂ ਘਰ ਆ ਜਾਂਦੇ ਫੇਰ ਕੁਛ ਥੋੜਾ ਖਾ ਪੀਕੇ, ਕਪੜੇ ਪਹਿਨਕੇ ਸੁਥਰੇ ਤੇ ਸਾਦੇ, ਆਪਣੇ ਕੰਮ ਤੇ ਚਲੇ ਜਾਂਦੇ। ਸ਼ਾਮਾਂ ਤੋਂ ਪਹਿਲੋਂ ਕੰਮ ਤੋਂ ਵਿਹਲੇ ਹੋਕੇ ਘਰ ਆ ਜਾਂਦੇ ਕੁਛ ਦੁੱਧ ਪਾਣੀ ਲੈਕੇ ਫੇਰ ਆਪਣੇ ਧਜਾਨ ਵਿਚ ਮਗਨ ਹੋ ਜਾਂਦੇ; ਜਾਂ ਆਏ ਸਤਿਸੰਗੀ ਨਾਲ ਸਤਿਸੰਗ ਦੀ ਗਲ ਬਾਤ ਕਰਦੇ।

ਦਿਹਾੜੀ ਜਦ ਆਪਣੀ ਵਪਾਰੀ ਗੱਦੀ ਤੇ ਬੈਠੇ ਹੁੰਦੇ ਤਾਂ ਕੰਮ ਬੀ ਕਰਦੇ ਰਹਿੰਦੇ, ਪਰ ਵਿਚ ਵਿਚ ਜਦ ਵਿਹਲ ਹੁੰਦੀ ਤਾਂ ਭਜਨ ਕਰਦੇ। ਕਦੇ ਅਰਦਾਸ ਦਿਲ ਹੀ ਦਿਲ ਵਿਚ ਕਰਦੇ, ਕਦੇ ਆਪਣੇ ਵਡੇ ਬਾਬਲ ਦੇ ਗੁਣ ਗਾਉਂਦੇ:-'ਧੰਨ ਨਿਰੰਕਾਰ' 'ਧੰਨ ਨਿਰੰਕਾਰ' ਮਨ ਵਿਚ ਆਖਦੇ। ਕਦੇ 'ਤੇਰਾ ਤੇਰਾ ਦੀ ਧੁਨਿ ਲਗ ਜਾਂਦੀ। ਕਦੇ ਸ਼ੁਕਰ ਸ਼ੁਕਰ ਕਰਦੇ, ਕਦੇ ਪੜ੍ਹਦੇ ਆਪਣੇ ਰਚੇ ਵਾਕ ਆਪੇ। ਇਸ ਤਰ੍ਹਾਂ ਦੁਇ ਕੰਮ ਕਰਦੇ ਰਹਿੰਦੇ।

❖❖❖

# ੨੦. ਮਰਦਾਨਾ।

**ਤਿਲਵੰਡੀ** ਵਿਚ ਇਕ ਸੀ ਗਵੱਯਾ, ਜਾਤ ਦਾ ਸੀ ਡੂਮ, ਨਾਉਂ ਸੀ ਮਰਦਾਨਾ। ਜਦੋਂ ਗੁਰੂ ਨਾਨਕ ਦੇਵ ਜੀ ਸਨ ਤਲਵੰਡੀ ਤਦੋਂ ਬੀ ਓਹ ਆਪਣੇ ਸੋਹਣੇ ਬਾਬਲ-ਰੱਬ ਜੀ-ਦੇ ਗੁਣ ਗਾਉਂਦੇ ਕਈ ਸ਼ਬਦ ਰਚਦੇ ਹੁੰਦੇ ਸਨ। ਆਪ ਗਾਉਂਦੇ ਹੁੰਦੇ ਸਨ ਆਪਣੇ ਰਚੇ ਹੋਏ ਗੀਤ ਤੇ ਸੋਹਿਲੇ[੧]। ਤਦੋਂ ਇਹ ਮਰਦਾਨਾ ਸੁਣਦਾ ਹੁੰਦਾ ਸੀ ਤੇ ਮੋਹਿਤ ਹੋ ਜਾਂਦਾ ਹੁੰਦਾ ਸੀ ਸੁਣ ਸੁਣਕੇ ਸੁਹਣੇ ਸ਼ਬਦ। ਫੇਰ ਉਹ ਬੀ ਗੁਰੂ ਨਾਨਕ ਜੀ ਦੇ ਸ਼ਬਦ ਯਾਦ ਕਰ ਕਰਕੇ ਗਾਉਂਕੇ ਸੁਣਾਇਆ ਕਰੇ ਤਾਂ ਗੁਰੂ ਜੀ ਖੁਸ਼ ਹੋਇਆ ਕਰਨ ਤੇ ਉਸਨੂੰ ਪਿਆਰ ਕਰਿਆ ਕਰਨ। ਉਸ ਨੂੰ ਕਦੇ ਕੁਛ ਦੇ ਬੀ ਦਿਆ ਕਰਨ। ਇਸ ਤਰ੍ਹਾਂ ਉਸ ਨੂੰ ਪਿਆਰ ਪੈ ਗਿਆ ਤੇ ਗੁਰੂ ਨਾਨਕ ਦੇਵ ਜੀ ਬੀ ਅਪਨਾਉਣ ਲਗ ਪਏ ਉਸ ਨੂੰ। ਅਪਨਾਉਣਾ ਹੁੰਦਾ ਹੈ ਆਪਣਾ ਜਾਣਕੇ ਹਿਤ ਕਰਨਾ।

ਹੁਣ ਗੁਰੂ ਨਾਨਕ ਦੇਵ ਜੀ ਨੇ ਜਦ ਮੋਦੀਖਾਨੇ ਦੀ ਨੌਕਰੀ ਕਰਕੇ ਸੁਤੰਤ੍ਰ ਜੀਵਨ ਟੋਰਿਆ, ਅਰਥਾਤ ਕਿਸੇ ਤਰ੍ਹਾਂ ਦੀ ਮੁਥਾਜੀ, ਅੰਨ ਪਾਣੀ ਕਿ ਖਰਚ ਦੀ, ਨਾ ਰਹੀ ਕਿਸੇ ਹੋਰ ਉੱਤੇ ਤਾਂ ਮਰਦਾਨੇ ਨੂੰ ਸਦਵਾ ਘੱਲਿਆ ਜੋ ਉਹ ਆਵੇ ਤੇ ਕੀਰਤਨ ਕਰਿਆ ਕਰੇ[੨]। ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਰਬਾਬ ਲੈ ਦਿੱਤਾ ਜੋ ਰਬਾਬ ਵਜਾ ਕੇ ਸ਼ਬਦ ਤਾਰ ਵਿਚ ਤੇ ਸੁਰ ਵਿਚ ਮੇਲਕੇ ਗਾਵੇ। ਤਦ ਤੋਂ ਮਰਦਾਨੇ ਡੂਮ ਦੀ ਥਾਂ 'ਮਰਦਾਨਾ ਰਬਾਬੀ' ਨਾਉਂ ਮਿਲਿਆ[੩]। ਸੋ ਇਸ ਦੇ ਕੀਰਤਨ ਦਾ ਠਾਠ ਬੱਝ ਗਿਆ। ਸੁਲਤਾਨ ਪੁਰੇ ਹਰ ਰੋਜ਼ ਰਾਤ ਨੂੰ ਕੀਰਤਨ ਹੋਵੇ।

ਪੁ: ਜ: ਸਾਖੀ ਵਿਚ ਲਿਖਿਆ ਹੈ ਕਿ ਗੁਰੂ ਜੀ ਦਾ ਵਿਆਹ ਤਲਵੰਡੀ ਹੁੰਦਿਆਂ ਹੋ ਗਿਆ ਸੀ, ਪਰ ਬਾਲੇ ਵਾਲੀ ਸਾਖੀ ਵਿਚ ਲਿਖਿਆ ਹੈ ਕਿ ਵਿਆਹ ਸੁਲਤਾਨਪੁਰੇ ਆਕੇ ਹੋਇਆ ਹੈ, ਚਾਹੋ

---

੧. ਸੋਹਿਲਾ-ਮਹਿਮਾ ਦਾ ਗੀਤ, ਗੁਣ ਗਾਉਣ ਦਾ ਗੀਤ।

੨. ਕੋਈ ਆਖਦੇ ਹਨ ਕਿ ਮਰਦਾਨਾ ਆਪੇ ਆ ਗਿਆ ਸੀ।

੩. ਪੁ: ਜਨਮਸਾਖੀ ਵਿਚ, ਮਰਦਾਨਾ ਇਨ੍ਹਾਂ ਦਿਨਾਂ ਵਿਚ ਸੁਲਤਾਨ ਪੁਰ ਮਿਲਿਆ ਲਿਖਿਆ ਹੈ। ਬਾ: ਵਾ: ਸਾ: ਵਿਚ ਮਗਰੋਂ ਆਇਆ ਲਿਖਿਆ ਹੈ।

ਕਦੋਂ ਹੋਇਆ, ਪਰ ਇਹ ਗੱਲ ਤਾਂ ਸਿੱਧੀ ਸਾਫ ਹੈ ਕਿ ਸੁਲਤਾਨ ਪੁਰ ਪਹਿਲੇ ਬੀਬੀ ਸੁਲੱਖਣੀ ਗੁਰੂ ਜੀ ਦੇ ਘਰੋਂ, ਨਾਲ ਨਹੀਂ ਸਨ। ਮਗਰੋਂ ਜਦ ਆਪ ਨੂੰ ਕੁਛ ਸਮਾਂ ਮੋਦੀ ਖਾਨੇ ਦੀ ਕਾਰ ਕਰਦਿਆਂ ਬੀਤ ਗਿਆ ਤਾਂ ਬੀਬੀ ਸੁਲੱਖਣੀ ਆਈ। ਤੇ ਜੇ ਵਿਆਹ ਸੁਲਤਾਨ ਪੁਰੇ ਆਕੇ ਹੋਇਆ ਤਾਂ ਬੀ ਕੁਛ ਸਮਾਂ ਸੁਲਤਾਨ ਪੁਰ ਟਿਕ ਚੁਕੇ ਸਨ ਤਾਂ ਪਵਿਤ੍ਰ ਬੀਬੀ ਜੀ ਸੁਲਤਾਨ ਪੁਰ ਆਏ।

ਮਤਲਬ ਦੀ ਗੱਲ ਇਹ ਹੈ ਕਿ ਹੁਣ ਗੁਰੂ ਨਾਨਕ ਦੇਵ ਜੀ ਦਾ ਗ੍ਰਿਹਸਤ ਜੀਵਨ ਸ਼ੁਰੂ ਹੋਇਆ, ਪਰ ਆਪ ਜੀ ਦਾ ਕਾਰ ਵਿਹਾਰ ਰੱਬੀ ਵਪਾਰ ਤੇ ਪਰਉਪਕਾਰ ਸਾਰੇ ਉਸੇ ਤਰ੍ਹਾਂ ਜਾਰੀ ਰਹੇ ਜਿਵੇਂ ਭਾਗਾਂ ਵਾਲੀ ਬੀਬੀ ਸੁਲੱਖਣੀ ਦੇ ਆਉਣ ਤੋਂ ਪਹਿਲੋਂ ਸੀ। ਲਿਖਿਆ ਹੈ :-"ਘਰ ਜਾਂ ਬਾਬੇ ਦੀ ਰਸੋਈ ਹੋਵੇ ਤਾਂ ਸਭ ਆਇ ਬਹਿਨਿ, ਅਤੇ ਰਾਤ ਨੂੰ ਨਿਤਾ ਪ੍ਰਤਿ ਕੀਰਤਨ ਹੋਵੈ"। (ਪੁ: ਜ: ਸਾ:)।

❖❖❖

## ੨੧. ਸਰਬੱਤ ਦਾ ਭਲਾ।

**ਗੁਰੂ** ਨਾਨਕ ਦੇਵ ਜੀ ਦੀ ਉਦਾਰਚਿਤੀ ਬੜੀ ਭਾਰੀ ਸੀ। 'ਉਦਾਰਚਿਤੀ' ਆਖਦੇ ਹਨ ਸਖੀਪਣੇ ਨੂੰ; ਜੋ ਦੂਜਿਆਂ ਨੂੰ ਦੇਕੇ ਖੁਸ਼ ਹੋਵੇ, ਉਸਨੂੰ ਉਦਾਰ-ਚਿਤ ਵਾਲਾ ਆਖਦੇ ਹਨ। ਗੁਰੂ ਜੀ ਦੀ ਉਦਾਰ ਚਿਤੀ ਤੋਂ ਲੋਕਾਂ ਨੂੰ ਸ਼ੱਕ ਹੁੰਦਾ ਸੀ ਕਿ ਕਦੇ ਘਾਟਾ ਪਿਆ ਤਾਂ ਨਵਾਬ ਰੋਹ ਵਿਚ ਆਸੀ। ਪਰ ਜਦ ਹਿਸਾਬ ਹੁੰਦਾ ਗੁਰੂ ਨਾਨਕ ਜੀ ਦਾ ਵਾਧਾ ਨਿਕਲਦਾ। ਦੋ ਤ੍ਰੈ ਵੇਰ ਨਵਾਬ ਪਾਸ ਚੁਗਲੀ ਹੋਈ ਤੇ ਹਿਸਾਬਾਂ ਦੀ ਪੜਤਾਲ ਹੋਈ ਤਦ ਹਰ ਵੇਰੀ ਗੁਰੂ ਨਾਨਕ ਦੇਵ ਜੀ ਦਾ ਵਾਧਾ ਨਿਕਲਿਆ।

ਪਰ ਜਦ ਪਿਤਾ ਆਇਆ ਤੇ ਉਸ ਡਿੱਠਾ ਕਿ ਗੁਰੂ ਨਾਨਕ ਦੀ ਆਉਂਦਣ ਦੀ ਆਈ ਚਲਾਈ ਹੈ, ਜੋ ਅਲੂਫਾ ਤੇ ਤਲਬ ਮਿਲਦੀ ਹੈ, ਸੋ ਸਭ ਖਰਚ ਹੋ ਜਾਂਦੀ ਹੈ, ਤਦ ਉਹ ਫੇਰ ਉਦਾਸ ਹੁੰਦਾ ਤੇ ਸਿਖ-ਮੱਤਾਂ ਦੇਂਦਾ ਸੀ। ਕਈ ਵੇਰ ਸ੍ਰੀ ਜੈਰਾਮ ਜੀ ਤੇ ਬੀਬੀ ਨਾਨਕੀ

ਨੂੰ ਕਹਿੰਦਾ ਸੀ ਕਿ ਇਸ ਨੂੰ ਸਮਝਾਓ, ਕਮਾਈ ਅਜਾਈਂ ਨਾ ਵੰਞਾਈ ਕਰੇ। ਸ੍ਰੀ ਗੁਰੁ ਜੀ ਇਸ ਪ੍ਰਕਾਰ ਦੇ ਹਾਲਾਂ ਵਿਚ ਸ਼ਾਂਤ ਰਹਿੰਦੇ*, ਸੁਣਦੇ ਤੇ ਜੀ ਵਿਚ ਆਖਦੇ ਲੋਭ ਸਭ ਨੂੰ ਲਗਾ ਹੈ, ਇਸੇ ਕਰਕੇ ਸਭ ਕੋਈ ਦੁਖੀ ਹੈ। ਮੈਂ ਸੁਖੀ ਹਾਂ ਜੋ ਜਗਤ ਬੀ ਰਬ ਦਾ ਤੇ ਮਾਇਆ ਬੀ ਰਬ ਦੀ ਜਾਣਕੇ ਸਭ ਕਿਸੇ ਨਾਲ ਵੰਡ ਖਾਂਦਾ ਹਾਂ, ਮੈਂ ਵਞਾਉਂਦਾ ਨਹੀਂ, ਲੋੜਵੰਦ ਨਾਲ ਦਰਦ ਕਰਦਾ ਹਾਂ।

ਇਉਂ ਗੁਰੂ ਨਾਨਕ ਦੇਵ ਜੀ ਵਰਤੋਂ ਵਿਚ ਵਰਤਕੇ ਤੇ ਆਪ ਕਰਕੇ ਦਿਖਾ ਰਹੇ ਸਨ ਕਿ ਜਗਤ 'ਸਰਬੱਤ ਦਾ ਭਲਾ' ਕਰਨਾ ਸਿਖ ਜਾਵੇ।

❖❖❖

# ੨੨. ਗੁਰੂ ਨਾਨਕ ਜੀ ਗ੍ਰਿਹਸਤੀ।

**ਪਹਿਲੋਂ** ਪਹਿਲ ਤਾਂ ਗੁਰੂ ਜੀ ਆਪਣੀ ਭੈਣ ਨਾਨਕੀ ਦੇ ਘਰ ਰਹਿੰਦੇ ਸਨ, ਜਦੋਂ ਬੀਬੀ ਸੁਲੱਖਣੀ ਜੀ ਆ ਗਏ ਤਦ ਬੀ ਕੁਛ ਚਿਰ ਭੈਣ ਪਾਸ ਰਹੇ, ਪਰ ਫੇਰ ਆਪਣਾ ਘਰ ਵੱਖਰਾ ਔਡ ਲਿਆ ਸੀ। ਹੁਣ ਜਿਵੇਂ ਹੋਰ ਗ੍ਰਿਹਸਤੀ ਰਹਿੰਦੇ ਹਨ ਤਿਵੇਂ ਰਹਿਣ ਲਗੇ। ਗ੍ਰਿਹਸਤੀ ਆਖਦੇ ਹਨ ਜੋ ਘਰ ਵਿਚ ਰਹੇ, ਵਹੁਟੀ ਹੋਵੇ, ਸਾਕਾਂ ਸਰਬੰਧਾਂ ਨਾਲ ਵਰਤੇ, ਕਿਰਤ ਕੰਮ ਕਰੇ, ਰੋਟੀ ਕਮਾ ਲਿਆਵੇ। ਏਹ ਗੱਲਾਂ ਤਾਂ ਹੋਣੀਆਂ ਹੀ ਸਨ। ਗੁਰੂ ਜੀ ਆਪਣੀ ਕਮਾਈ ਵਿਚੋਂ ਆਪਣੀ ਇਸਤ੍ਰੀ ਬੀਬੀ ਸੁਲੱਖਣੀ ਜੀ ਦਾ ਬੀ ਸਾਰਾ ਬਾਨ੍ਹਣੂ ਬੰਨ੍ਹ ਦੇਂਦੇ ਸਨ; ਅੰਨ ਪਾਣੀ ਰਸਦ, ਦੁੱਧ, ਖੰਡ, ਘਿਉ ਸਭ ਵਸਤਾਂ ਖੁੱਲ੍ਹੀਆਂ ਘੱਲਦੇ ਸੇ; ਉਨ੍ਹਾਂ ਦੇ ਪਹਿਨਣ ਦੇ ਕਪੜੇ ਤੇ ਹੋਰ ਖਰਚਾਂ ਲਈ ਰੁਪੱਯੇ ਬੀ ਦੇਂਦੇ ਸੇ, ਆਦਰ ਬੀ ਰਖਦੇ ਸੇ; ਪਰ ਸੁਭਾਗ ਬੀਬੀ ਜੀ ਉਦਾਸ ਹੋ ਹੋ ਜਾਂਦੇ ਸਨ ਓਹ

*ਸ਼ਾਂਤਿ ਰਹਿਣਾ=ਦੂਜੇ ਦੇ ਗੁੱਸੇ ਨੂੰ ਝੱਲ ਲੈਣਾ ਤੇ ਆਪ ਗੁੱਸੇ ਵਿਚ ਨਾ ਆਉਣਾ।

ਹੋਰਨਾਂ ਬੀਬੀਆਂ ਵਾਂਙੂ ਚਾਹੰਦੇ ਸਨ ਕਿ ਓਹ ਘਰ ਵਿਚ ਬਹੁਤ ਰਹਿਣ, ਕੀਰਤਨ ਵਿਚ ਸੰਧਜਾ ਵੇਲੇ ਨਾ ਜਾਣ ਤੜਕੇ ਤ੍ਰਿਪਹਿਰੇ ਵਜੇ ਦੇ ਲਾਗ ਵੇਈਂ ਜਾਕੇ ਓਥੇ ਸਮਾਧੀ ਵਿਚ ਨਾ ਬੈਠਣ, ਰੁਪੱਯਾ ਜੋ ਕਮਾਉਣ, ਘਰ ਲਿਆ ਕੇ ਜੋੜਨ। ਪਰ ਉਪਰ ਦੱਸ ਆਏ ਹਾਂ ਕਿ ਗੁਰੂ ਜੀ ਘਰ ਵਿਚ ਖੁੱਲ੍ਹਾ ਖਰਚ ਦੇਕੇ ਜੋ ਬਚੇ ਗ੍ਰੀਬਾਂ ਲੋੜਵੰਦਾਂ ਤੇ ਖਰਚ ਦੇਂਦੇ ਸੇ। ਏਸ ਗੱਲੇ ਘਰ ਵਾਲੀਆਂ ਬੀਬੀਆਂ ਅਕਸਰ ਉਦਾਸ ਹੀ ਰਹਿੰਦੀਆਂ ਹਨ। ਸੋ ਬੀਬੀ ਦੇ ਸਹੁਰਾ ਜਾਂ ਸੱਸ ਜੀ ਜੇ ਕਦੇ ਆਉਣ ਤਾਂ ਉਹ ਉਨ੍ਹਾਂ ਪਾਸ ਗਿਲਾ ਕਰਨ ਤੇ ਜੇ ਉਨ੍ਹਾਂ ਦਾ ਅਪਾਣਾ ਪਿਤਾ ਮੂਲਾ ਚੋਣਾਂ ਜਾਂ ਆਪਣੀ ਮਾਂ ਆਵੇ ਤਾਂ ਉਨ੍ਹਾਂ ਪਾਸ ਦੁਖ ਰੋਣੀ ਰੋਣ, ਤਦ ਜੈ ਰਾਮ ਜੀ ਤੇ ਬੇਬੇ ਨਾਨਕੀ ਜੀ ਪਾਸ ਉਨ੍ਹਾਂ ਦੀ ਰਾਹੀਂ ਮਾਤਾ ਸੁਲੱਖਣੀ ਜੀ ਦੀ ਦੁੱਖ ਰੋਣੀ ਪਹੁੰਚ ਪਵੇ। ਬੀਬੀ ਨਾਨਕੀ ਨੇ ਇਕ ਅੱਧ-ਵਾਰ ਆਪਣੇ ਰੱਬੀ ਭਿਰਾ ਨੂੰ ਕੁਛ ਬੇਨਤੀ ਕੀਤੀ ਪਰ ਗੁਰੂ ਜੀ ਨੇ ਦੱਸਿਆ ਕਿ ਮੈਂ ਖਰਚੋਂ ਕਿਸੇ ਗੱਲੋਂ ਔਖ ਨਹੀਂ ਦੇਂਦਾ, ਜਦ ਮੈਂ ਸਤ ਓਪਰਿਆਂ ਨੂੰ ਸੁਖੀ ਰਖਦਾ ਹਾਂ, ਸਭ ਦਾ ਭਲਾ ਲੋਚਦਾ ਹਾਂ, ਤਾਂ ਮੈਂ ਤੁਸਾਂ ਦੇ ਮਾਪਿਆਂ ਦੀ ਆਂਦੀ ਘਰ ਸੰਭਾਲਦੀ ਨੂੰ ਕਿਵੇਂ ਕਿਸੇ ਗੱਲੋਂ ਥੁੜੀ ਰੱਖ ਸਕਦਾ ਹਾਂ? ਪਰ ਮੇਰਾ ਸ਼ੌਕ ਤੇ ਮੇਰਾ ਪਜਾਰ ਆਪਣੇ ਵਡੇ ਬਾਬਲ ਨਾਲ ਹੈ, ਰੱਬ ਜੀ ਨਾਲ ਹੈ, ਜਿਨ੍ਹਾਂ ਮੈਨੂੰ ਘੱਲਿਆ ਤੇ ਜੀਉ ਪਿੰਡ ਦਿੱਤਾ ਹੈ। ਦੂਜਾ ਮੇਰੇ ਅੰਦਰ ਤਰਸ ਹੈ ਦੁਖੀਆਂ ਨਾਲ, ਸੋ ਵੰਡ ਵਰਤਦਾ ਹਾਂ, ਜੋ ਕੁਛ ਵਧਦਾ ਹੈ ਮੇਰੇ ਖਰਚੋਂ। ਤੁਸੀਂ ਆਪਣੀ ਭਾਬੀ ਨੂੰ ਸਮਝਾਓ ਕਿ ਉਹ ਬੀ ਦੁਇ ਕੰਮ ਸਿੱਖੇ-ਰੱਬ ਜੀ ਨਾਲ ਪਿਆਰ ਤੇ ਸਰਬੱਤ ਦਾ ਭਲਾ।

ਬੇਬੇ ਨਾਨਕੀ ਜੀ ਦੇ ਕਈ ਵੇਰ ਸਮਝਾਵਣ ਨਾਲ ਬੀਬੀ ਸੁਲੱਖਣੀ ਜੀ ਨੇ ਸੁਭਾਵ ਬਦਲਿਆ। ਆਪਣੇ ਉੱਚੇ ਪਤੀ ਦੀ ਆਗਜਾ ਵਿਚ ਟੁਰਨ ਲੱਗੀ ਤੇ ਘਰ ਆਏ ਲੋੜਵੰਦਾਂ ਨੂੰ ਆਪਣੇ ਸੁਹਣੇ ਕੰਤ ਵਾਂਙ ਦਾਨ ਦੇਕੇ ਟੋਰਨ ਲੱਗੀ। ਸਾਡੇ ਵੱਡੇ ਕਵੀਸ਼ਰ ਭਾਈ ਸੰਤੋਖ

ਸਿੰਘ ਜੀ ਐਉਂ ਲਿਖਦੇ ਹੈਨ :

ਸੋਰਠਾ-ਆਇਸ ਮਹਿ ਦਿਨ ਰੈਨ ਰਹਿਤਿ ਸੁਲਖਣੀ ਪੁਨ
ਸੁਮਤਿ॥ਜਿਉਂ ਉਚਰਤਿ ਮੁਖ ਬੈਨ ਤਯੋਂ ਸਭਿ ਕ੍ਰਿਤ ਕਮਾਵਈ॥੪੭॥
ਦੋਹਰਾ-ਕਮਲ ਬਦਨ ਜਬ ਸਦਨ ਮਹਿੰ ਬੈਸਹਿੰ ਆਨਿ ਮੁਕੰਦ॥
ਦਾਸੀ ਕਰ ਤੇ ਬਿਜਨ ਲੇ ਪੌਨ ਝੁਲਾਵਹਿ ਮੰਦ॥੪੮॥
ਸੀਤਲ ਜਲ ਨਿਜ ਹਾਥ ਲੇ ਪਾਦ ਪਖਾਰਿ ਸਪ੍ਰੀਤ॥
ਪੁਨ ਅੰਚਰ ਸੋਂ ਪੋਛਿਕੈ ਸੇਵਤਿ ਯਾ ਬਿਧਿ ਨੀਤਿ॥੪੯॥
ਸਦਨ ਵਿਖੈ ਸੇਵਾ ਸਰਬ ਦਾਸੀ ਦਾਸ ਹਟਾਇ॥
ਕਰਤਿ ਸੁਲਖਨੀ ਭਾਉ ਧਰਿ ਮਨ ਕੋ ਮਾਨ ਮਿਟਾਇ॥੫੦॥
ਤੋਟਕ ਛੰਦ॥ ਘਰ ਜਾਚਨ ਜਾਚਿਕ ਆਵਤਿ ਹੈਂ॥
ਉਹ ਚਾਹਿਤਿ ਸੋ ਤਹਿੰ ਪਾਵਤਿ ਹੈਂ।
ਨਹਿੰ ਜਾਵਤਿ ਛੂਛ ਮੁਰਜੋ ਘਰ ਤੇ।
ਹਰਖਾਤਿ ਉਦਾਰਤਿ ਦੈ ਕਰ ਤੇ॥੧॥
ਜਿਮ ਸ੍ਰੀ ਗੁਰ ਆਪਨ ਦੇਤਿ ਤਹਾਂ।
ਤਿਵ ਦੇਨਿ ਲਗੀ ਸੁਖ ਹੋਤ ਮਹਾਂ।
ਹਰਖੈਂ ਜਿਸ ਰੀਤਿ ਕਰੈ ਪੁਨ ਸੋ॥
ਅਨੁਸਾਰਿ ਰਹੈ ਤਨੁ ਔ ਮਨਸੋਂ॥੫੨॥
ਦੋਹਰਾ:-ਆਰੁਨਤਾ ਢਿਗ ਸੁਧ ਫਟਕ ਜਿਉਂ ਆਰੁਨ ਹ੍ਵੈ ਜਾਤ॥
ਤਿਉਂ ਸ੍ਰੀ ਗੁਰੂ ਪ੍ਰਤਾਪ ਤੇ ਭਈ ਅਧਿਕ ਵਰਦਾਤਿ॥੫੩॥
ਸ੍ਰੀ ਨਾਨਕ ਪਰਸੀਦ ਹ੍ਵੈ ਕਰੁਨਾ ਕਰਤਿ ਅਪਾਰ॥
ਰਜਨੀ ਰਾਜਹਿੰ ਭੌਨ ਮਹਿੰ, ਬਾਸੁਰ ਆਪਨ ਟਾਰਿ॥੫੪॥

ਉਪਰਲੀ ਗੱਲ ਬਾਤ ਔਖੀ ਹੈ, ਇਸ ਦਾ ਸੌਖਾ ਅਰਥ ਇਉਂ ਹੈ:-'ਸੁਹਣੀ ਮੱਤ ਵਾਲੀ ਬੇਬੇ ਸੁਲਖਣੀ ਹੁਣ ਰੋਜ਼ ਗੁਰੂ ਜੀ ਦੀ ਆਗਜਾ ਵਿਚ ਰਹਿਣ ਲੱਗ ਪਈ, ਜਿਵੇਂ ਜਿਵੇਂ ਓਹ ਮੁਖੋਂ ਕਹਿਣ ਤਿਵੇਂ ਤਿਵੇਂ ਕਿਰਤ ਕਰੇ।

'ਕਵਲ ਫੁੱਲ ਵਰਗੇ ਖਿੜੇ ਮੁਖੜੇ ਵਾਲੇ ਮੁਕਤਿ ਦਾਤੇ ਗੁਰੂ ਜੀ ਜਦੋਂ ਘਰ ਆਕੇ ਬੈਠਣ ਤਾਂ ਬੇਬੇ ਨੌਕਰਾਣੀ ਦੇ ਹਥੋਂ ਪੱਖਾ ਲੈ ਕੇ ਆਪ ਗੁਰੂ ਜੀ ਨੂੰ ਹੌਲੀ ਹੌਲੀ ਝੱਲਣ ਲੱਗ ਪਵੇ। ਫੇਰ ਆਪਣੀ ਹੱਥੀਂ ਠੰਢਾ ਜਲ ਲੈ ਕੇ ਪ੍ਰੇਮ ਨਾਲ ਗੁਰੂ ਜੀ ਦੇ ਚਰਨ ਧੋਵੇ, ਫੇਰ ਸਾਫੇ ਨਾਲ ਪੂੰਝੇ, ਇਉਂ ਰੋਜ ਸੇਵਾ ਕਰੇ।

'ਘਰ ਵਿਚ ਦਾਸੀ' ਤੇ ਦਾਸ ਹਟਾ ਕੇ ਸਾਰੀ ਸੇਵਾ ਬੇਬੇ ਸੁਲਖਣੀ ਆਪ ਮਨ ਦਾ ਮਾਨ ਗੁਆ ਕੇ ਪ੍ਰੇਮ ਨਾਲ ਕਰੇ।

'ਘਰ ਵਿਚ ਮੰਗਤੇ ਭਿੱਖਜਾ ਮੰਗਣ ਆਉਂਦੇ ਹਨ ਤਾਂ ਲੋੜੀਂਦੀਆਂ ਵਸਤਾਂ ਓਥੋਂ ਪ੍ਰਾਪਤ ਕਰਦੇ ਹਨ। ਕੋਈ ਘਰੋਂ ਖਾਲੀ ਨਹੀਂ ਮੁੜਦਾ, ਖਿੜੇ ਮੱਥੇ ਬੇਬੇ ਸਾਰਿਆਂ ਨੂੰ ਹੱਥੋਂ ਦਾਨ ਕਰਦੀ ਹੈ। ਜਿਵੇਂ ਸ੍ਰੀ ਗੁਰੂ ਜੀ ਹੱਟੀ ਵਿਚੋਂ ਦਾਨ ਕਰਦੇ ਹਨ, ਤਿਵੇਂ ਘਰ ਵਿਚ ਪਦਾਰਥ ਦਾਨ ਕਰਕੇ ਬੇਬੇ ਬੜਾ ਸੁਖੀ ਹੁੰਦੀ ਹੈ। ਜਿਸ ਗਲੋਂ ਗੁਰੂ ਜੀ ਖੁਸ਼ ਹੁੰਦੇ ਹਨ, ਓਹੋ ਕਾਰ ਕਰਦੀ ਹੈ ਤੇ ਤਨੋ ਮਨੋ ਉਨ੍ਹਾਂ ਦੀ ਆਗਜਾ ਵਿਚ ਰਹਿੰਦੀ ਹੈ।

'ਜਿਵੇਂ ਬਲੌਰ ਦੇ ਕੋਲ ਲਾਲ ਰੰਗ ਦੇ ਪਿਆਂ ਹੋਇਆਂ ਬਲੌਰ ਲਾਲ ਰੰਗ ਦਾ ਹੋ ਜਾਂਦਾ ਹੈ ਤਿਵੇਂ ਸ੍ਰੀ ਗੁਰੂ ਜੀ ਦੇ ਪ੍ਰਤਾਪ ਨਾਲ ਸ੍ਰੀ ਸੁਲੱਖਣੀ ਬੀ ਬੜੀ ਵਡੀ ਦਾਤੀ ਹੋ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਬੀ ਪ੍ਰਸੰਨ ਹੋਕੇ ਅਪਾਰ ਮਿਹਰਾਂ ਕਰਦੇ ਹਨ। ਰਾਤੀਂ ਘਰ ਆ ਆਰਾਮ ਕਰਦੇ ਹਨ ਤੇ ਦਿਨ ਹੱਟੀ ਵਿਚ ਬਿਤਾਉਂਦੇ ਹਨ।'

ਸੁਲਤਾਨ ਪੁਰ ਕੁਛ ਚਿਰ ਵਸਦਿਆਂ ਗੁਰੂ ਜੀ ਦੇ ਘਰ ਇਕ ਬਾਲਕ ਜੰਮਿਆ, ਉਸ ਦਾ ਨਾਉਂ ਧਰਿਆ "ਸ੍ਰੀ ਚੰਦ"। ਤਿਲਵੰਡੀ ਖਬਰ ਗਈ ਕਿ ਬਾਬੇ ਕਾਲੂ ਦੇ ਪੋਤ੍ਰਾ ਜਨਮਿਆਂ ਹੈ, ਉਧਰ ਮੂਲੇ ਚੋਣੇ ਨੂੰ ਦੋਹਤੇ ਦੇ ਜਨਮ ਦੀ ਖਬਰ ਗਈ। ਤਦ ਸਾਰਾ ਪਰਵਾਰ ਇਕੱਠਾ ਆ ਹੋਇਆ ਤੇ ਜਿਸ ਤਰ੍ਹਾਂ ਸਾਰੇ ਘਰਾਂ ਵਿਚ ਖੁਸ਼ੀਆਂ ਤੇ ਮੰਗਲ ਹੁੰਦੇ ਹਨ ਉਸੇ ਤਰ੍ਹਾਂ ਹੋਏ। ਸਾਰੇ ਪ੍ਰਸੰਨ ਸਨ, ਪਰ ਗੁਰੂ ਨਾਨਕ ਆਪਣੇ

ਵਡੇ ਬਾਬਲ ਦੇ ਰੰਗਾਂ ਵਿਚ ਸੀ, ਸੁਖੀ ਸੀ, ਖੁਸ਼ੀ ਸੀ, ਰਸ ਰੰਗ ਵਿਚ ਸੀ, ਪਰ ਆਪਣੇ ਬਾਬਲ ਦੀ ਗੋਦ ਵਿਚ ਖੇਲਦਾ ਕਦੇ ਨਾ ਵਿਛੁੜਦਾ, ਅਤੇ ਖੁਸ਼ੀ ਹੁੰਦਾ ਸੀ ਗ੍ਰੀਬਾਂ ਲੋੜਵੰਦਾਂ ਦੁਖੀਆਂ ਨੂੰ ਪਾਲਕੇ।

❖❖❖

## ੨੩. ਗੁਰੂ ਨਾਨਕ ਦਾ ਸਤਿਸੰਗ ਖੇੜਾ।

**ਮੋਦੀ** ਖਾਨਾ ਕਰਦਿਆਂ, ਦਿਆਨਤਦਾਰੀ ਤੇ ਘਾਲ ਨਾਲ ਆਪਣਾ ਕੰਮ ਨਿਬਾਹੁੰਦਿਆਂ, ਗ੍ਰਿਹਸਤ ਆਸ਼੍ਰਮ ਦੇ ਫਰਜ਼ ਪੂਰੇ ਕਰਦਿਆਂ, ਗ੍ਰੀਬਾਂ ਲੋੜਵੰਦਾਂ ਨੂੰ ਪਾਲਦਿਆਂ, ਸਰਬੱਤ ਦਾ ਭਲਾ ਕਰਦਿਆਂ ਗੁਰੂ ਨਾਨਕ ਦੇਵ ਜੀ ਦਾ ਸਤਿਸੰਗ ਬੀ ਬਣਦਾ ਜਾਂਦਾ ਸੀ। ਉਹ ਕਿਵੇਂ? ਇਸ ਤਰ੍ਹਾਂ ਕਿ ਆਪ ਜੀ ਦੇ ਕੀਰਤਨ ਹੋ ਰਹੇ ਸ਼ਾਮਾਂ ਦੇ ਸਮੇਂ ਹੋਰ ਲੋਕੀ ਬੀ ਆ ਬੈਠਦੇ ਸਨ, ਉਨ੍ਹਾਂ ਉਤੇ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਦੀ ਰੰਗਣ ਚੜ੍ਹਦੀ ਸੀ। ਉਹ ਸਤਿਸੰਗੀ ਬਣਦੇ ਜਾਂਦੇ ਸੀ। ਜੇ ਕੋਈ ਆ ਕੇ ਕੁਛ ਅੱਗੇ ਦਾ ਰਸਤਾ ਪੁੱਛੇ ਤਾਂ ਪਿਆਰ ਨਾਲ ਸਮਝਾ ਦੇਂਦੇ। ਇਸ ਤਰ੍ਹਾਂ ਕਈ ਲੋਕੀ ਮਗਰ ਲਗ ਪਏ ਤੇ ਆਪ ਦੇ ਕਹੇ ਮੂਜਬ, ਵਾਹਿਗੁਰੂ ਜੀ ਨਾਲ ਪਿਆਰ ਕਰਨ ਲਗ ਪਏ । ਉਹ ਵਾਹਿਗੁਰੂ ਜੀ ਦੇ ਜਸ ਦੇ ਕੀਰਤਨ ਕਰਨ, ਗੁਰੂ ਕੀ ਰਚੀ ਬਾਣੀ ਨੂੰ ਸਮਝਣ ਤੇ ਉਸ ਤੇ ਅਮਲ ਕਰਨ, ਨਾਮ ਜਪਣ; ਉੱਚਾ ਸੁੱਚਾ ਕੰਮ ਕਰਨ, ਜਿਸ ਨੂੰ ਕਹੀਦਾ ਹੈ ਕਿ ਉਨ੍ਹਾਂ ਦਾ ਆਚਰਨ ਉੱਚਾ ਸੁੱਚਾ ਹੋ ਗਿਆ। ਝੂਠ ਨਾ ਬੋਲਣ, ਬੁਰਾ ਕਿਸੇ ਦਾ ਨਾ ਕਰਨ, ਕਿਸੇ ਨਾਲ ਬੇਈਮਾਨੀ ਨਾ ਕਰਨ, ਰੱਬ ਜੀ ਦਾ ਭੈ ਮੰਨਣ ਤੇ ਪਿਆਰ ਕਰਨ। ਇਸ ਤਰ੍ਹਾਂ ਦੇ ਕਈ ਬੰਦੇ ਹੋ ਗਏ, ਪਰ ਸਾਰਿਆਂ ਦੇ ਹਾਲ ਲਿਖੇ ਹੋਏ ਨਹੀਂ ਮਿਲਦੇ, ਦੋ ਇਕ ਨਾਮ ਤੇ ਉਨ੍ਹਾਂ ਦੀਆਂ ਸਾਖੀਆਂ ਮਿਲਦੀਆਂ ਹਨ ਜੋ ਛੋਟੀਆਂ ਕਰਕੇ ਸੁਣਾਈਏ ਤਾਂ ਐਉਂ ਹਨ :-

❖❖❖

# ੨੪. ਭਾਈ ਭਗੀਰਥ

**ਸੁਲਤਾਨਪੁਰ** ਦੇ ਨੇੜੇ ਇਕ ਪਿੰਡ ਸੀ। ਉਸਦਾ ਨਾਉਂ ਸੀ ਮੈਲਸੀਹਾਂ। ਉਥੇ ਇਕ ਆਦਮੀ ਰਹਿੰਦਾ ਸੀ, ਉਸਦਾ ਨਾਉਂ ਸੀ ਭਗੀਰਥ। ਇਹ ਸੀ ਪਿੰਡ ਦਾ ਚਉਧਰੀ। ਹਾਂ ਇਹ ਭਗੀਰਥ ਇਕ ਭਲਾ ਪੁਰਖ ਸੀ, ਇਸ ਦਾ ਜੀਉ ਸੀ ਕਿ ਮੈਂ ਮਰਕੇ ਔਖਾ ਨਾ ਹੋਵਾਂ ਜੀਕੂੰ ਹੁਣ ਜੀਉਂਦੇ ਜੀ ਸੁਖੀ ਹਾਂ ਮਰਕੇ ਬੀ ਮੇਰਾ ਆਤਮਾ ਸੁਖੀ ਰਹੇ । ਆਤਮਾ ਆਖਦੇ ਹਨ ਉਸ ਜਿੰਦ ਨੂੰ ਯਾ ਜੀਊਂਦੀ ਜਾਨ ਨੂੰ ਜੋ ਸਰੀਰ ਵਿਚ ਹੈ, ਜਿਸ ਕਰਕੇ ਅਸੀਂ ਟੁਰਦੇ ਫਿਰਦੇ, ਖਾਂਦੇ ਪੀਂਦੇ, ਹਸਦੇ ਖੇਡਦੇ ਹਾਂ। ਜਦੋਂ ਸਰੀਰ ਮਰ ਜਾਂਦਾ ਹੈ ਤਦੋਂ ਉਹ ਆਤਮਾ ਨਹੀਂ ਮਰਦਾ, ਉਹ ਜੀਉਂਦਾ ਜਾਗਦਾ ਸਰੀਰ ਵਿਚੋਂ ਵੱਖ ਹੋ ਜਾਂਦਾ ਹੈ। ਜੋ ਪੁਰਖ ਭਲੇ ਹੁੰਦੇ ਹਨ, ਮਾੜੇ ਕੰਮ ਨਹੀਂ ਕਰਦੇ, ਰਬ ਜੀ ਨੂੰ ਪਿਆਰ ਕਰਦੇ ਹਨ, ਉਨ੍ਹਾਂ ਦਾ ਆਤਮਾ ਸਰੀਰ ਛੱਡ ਕੇ ਸੁਖੀ ਰਹਿੰਦਾ ਹੈ। ਸੋ ਇਸ ਭਗੀਰਥ ਨੂੰ ਇਹ ਸ਼ੌਕ ਸੀ ਕਿ ਮੇਰਾ ਆਤਮਾ ਸਰੀਰ ਛੱਡਕੇ ਸੁਖੀ ਰਹੇ। ਉਸਨੇ ਫੇਰ ਕਈ ਸਾਧੂ ਵੇਖੇ। ਕਿਸੇ ਨੇ ਕਿਹਾ ਤੂੰ ਦੇਵੀ ਦੀ ਪੂਜਾ ਕਰਿਆ ਕਰ। ਇਕ ਕਾਲੇ ਪੱਥਰ ਦੀ ਮੂਰਤੀ ਜਿਸਨੂੰ ਉਹ ਭਵਾਨੀ ਤੇ ਕਾਲੀ ਆਖਦਾ ਸੀ, ਉਸਨੂੰ ਦੱਸੀ ਕਿ ਏਸ ਦੀ ਪੂਜਾ ਕਰਿਆ ਕਰ, ਭਗੀਰਥ ਓਸੇ ਤਰ੍ਹਾਂ ਕਰਨ ਲਗ ਪਿਆ। ਕਈ ਵਰ੍ਹੇ ਰੋਜ਼ ਓਸ ਪੱਥਰ ਦੀ ਮੂਰਤੀ ਅੱਗੇ ਬਹਿਕੇ ਉਸ ਦੇ ਗੁਣ ਗਾਵੇ ਤੇ ਮਨ ਜੋੜੇ ।

ਇਕ ਦਿਨ ਬੈਠਿਆਂ ਅੱਧੀ ਰਾਤ ਹੋ ਗਈ, ਤਦ ਆਲਸ ਆਇਆ ਤੇ ਸੌਂ ਗਿਆ। ਸੁੱਤੇ ਨੇ ਸੁਪਨਾ ਡਿੱਠਾ ਕਿ ਉਹ ਮਾਨੋ ਮੂਰਤੀ ਬੋਲ ਪਈ ਹੈ ਤੇ ਆਖਦੀ ਹੈ ਕਿ "ਤੈਨੂੰ ਮੈਂ ਮੁਕਤੀ ਨਹੀਂ ਦੇ ਸਕਦੀ। ਮੁਕਤੀ ਲੈਣੀ ਆ ਤਾਂ ਸੁਲਤਾਨਪੁਰ ਜਾਹ, ਉਥੇ ਜੋ ਨਾਨਕ ਨਾਮ ਦਾ ਮੋਦੀ ਹੈ, ਉਸਨੂੰ ਮਿਲ। ਉਸ ਨੇ ਆਪਣਾ ਅਸਲ ਸਰੂਪ ਜੋ ਹੈ ਉਹ

ਲੁਕਾਇਆ ਹੋਇਆ ਹੈ, ਲੋਕੀ ਉਸ ਨੂੰ ਸਾਧਾਰਣ ਹੋਰਨਾਂ ਵਰਗਾ ਆਦਮੀ ਸਮਝਦੇ ਹਨ, ਟੱਬਰ ਦੇ ਬੰਦੇ ਉਸਨੂੰ ਆਪਣਾ ਸਾਕ ਸਮਝਦੇ ਹਨ, ਨਵਾਬ ਆਪਣਾ ਇਕ ਹੁੱਦੇਦਾਰ ਸਮਝਦਾ ਹੈ, ਗ਼ਰੀਬ ਇਕ ਉਪਕਾਰੀ ਜਾਣਦੇ ਹਨ, ਪਰ ਉਹ ਅਸਲ ਵਿਚ ਰੱਬੀ ਜੋਤਿ ਰੱਬ ਦਾ ਬਾਲਕਾ, ਰੱਬ ਰੂਪ, ਜਿਵੇਂ ਪੁਤ੍ਰ ਹੁੰਦਾ ਹੈ ਪਿਤਾ ਦਾ ਰੂਪ ਉਹ ਜਗਤ ਤਾਰਨ ਆਇਆ ਹੈ; ਉਸਦੀ ਚਰਨੀਂ ਜਾ ਲਗ, ਤੇਰੀ ਮੁਕਤੀ ਉਹ ਕਰੇ ਗਾ। ਮੈਂ ਮੁਕਤੀ ਨਹੀਂ ਦੇ ਸਕਦੀ।"

ਕੁਛ ਚਿਰ ਮਗਰੋਂ ਨੀਂਦ ਖੁੱਲ੍ਹ ਗਈ, ਪਰ ਸੁਪਨਾ ਸਾਰਾ ਯਾਦ ਰਿਹਾ। ਤਦ ਇਸਨੇ ਦਿਨ ਚੜ੍ਹੇ ਪਿੰਡ ਵਿਚ ਪੁੱਛ ਗਿਛ ਕੀਤੀ ਤਦ ਗੁਰੂ ਨਾਨਕ ਦੇਵ ਜੀ ਦੇ ਇਕ ਪ੍ਰੇਮੀ ਨੇ ਕਿਹਾ : ਸੁਲਤਾਨਪੁਰ ਵਿਚ ਰੱਬ ਦੀ ਜੋਤਿ, ਪਰ ਲੁਕੀ ਹੋਈ ਮਨੁੱਖੀ ਜਾਮੇ ਵਿਚ ਆਈ ਹੋਈ ਹੈ, ਉਹ ਗੁਰੂ ਨਾਨਕ ਹੈ।

ਹੁਣ ਭਗੀਰਥ ਘਰ ਬਾਰ ਛੱਡ ਕੇ ਸੁਲਤਾਨਪੁਰ ਆ ਗਿਆ। ਸ੍ਰੀ ਗੁਰੂ ਜੀ ਨੂੰ ਆ ਮੱਥਾ ਟੇਕਿਆ। ਸ੍ਰੀ ਗੁਰੂ ਜੀ ਨੇ ਸਿਰ ਤੇ ਹੱਥ ਫੇਰ ਕੇ ਉਠਾਇਆ ਤੇ ਸੁਖ ਸਾਂਦ ਪੁੱਛੀ। ਫੇਰ ਉਸ ਨੂੰ ਪੁੱਛਿਆ ਭਾਈ ਕਿਸ ਮਨੋਰਥ ਲਈ ਆਇਆ ਹੈਂ? ਹੁਣ ਭਗੀਰਥ ਨੇ ਸੁਪਨੇ ਵਾਲੀ ਗੱਲ ਸੁਣਾਈ ਤੇ ਆਖਿਆ ਕਿ ਆਪ ਦਾ ਪਤਾ ਲੈ ਕੇ ਸ਼ਰਨ ਆਇਆ ਹਾਂ; ਸ੍ਰੀ ਗੁਰੂ ਜੀ ਨੇ ਉਸ ਨੂੰ ਮੱਤ ਦਿੱਤੀ :-

(੧) ਸੇਵਾ ਕਰ-ਸਾਧ ਸੰਗਤ ਜੋ ਸ਼ਾਮਾਂ ਨੂੰ ਜੁੜਦੀ ਹੈ ਉਸ ਦੀ ਸੇਵਾ ਕਰ। (੨) ਆਚਰਨ ਤੇਰਾ ਨੇਕ ਹੈ, ਰਬ ਨੇਕ ਰਖੇ। (੩) ਕੀਰਤਨ ਜਿਸ ਵੇਲੇ ਹੋਵੇ ਮਨ ਜੋੜ ਕੇ ਸੁਣਿਆ ਕਰ। (੪) ਉਠਦੇ ਬਹਿੰਦੇ ਕੰਮ ਕਾਜ ਕਰਦੇ ਜਿਸ ਵੇਲੇ ਰਤਾ ਵਿਹਲ ਲਗੇ ਨਿੱਕੀ ਜਿਹੀ ਅਰਦਾਸ ਕਰਿਆ ਕਰ-'ਹੇ ਰੂਪ ਰੇਖ ਤੋਂ ਨਿਆਰੇ ਕਰਤਾਰ! ਹੇ ਰਬ ਜੀ! ਹੇ ਮਾਲਕ ਜੀ! ਮੈਨੂੰ ਚਰਨੀ ਲਾ ਲਓ'। (੫) ਕਿਸੇ ਵੇਲੇ-ਮਨ ਹੀ ਮਨ ਵਿਚ ਪਰਮੇਸ਼ਰ ਜੀ ਦੇ ਗੁਣ ਗਾਇਆ ਕਰ। (੬) ਐਉਂ ਤੈਨੂੰ ਆਪਣੇ ਅੰਦਰ ਕਰਤਾਰ ਭਾਸਣ

ਨਾਂ ਤੇਰੀ ਰਸਨਾ ਕਹਿਣ ਲਗ ਪਵੇਗੀ: ਨਿਰੰਕਾਰ, ਨਿਰੰਕਾਰ ਸਤਿ ਨਿਰੰਕਾਰ, ਸਤਿ ਕਰਤਾਰ। ਖਿਆਲ ਕਰਿਆ ਕਰ ਕਿ ਜਿਸ ਦਾ ਨਾਂ ਲੈ ਰਿਹਾ ਹਾਂ ਉਹ ਮੇਰੇ ਅੰਦਰ ਹੈ। ਇਉਂ ਤੂੰ ਉਸ ਦੀ ਹਜ਼ੂਰੀ ਵਿਚ ਰਹਿਣ ਲਗ ਪਵੇਂਗਾ। ਉਹ ਹੈ, ਹਾਜ਼ਰ ਹੈ, ਅੰਦਰ ਸਾਡੇ ਬੈਠਾ ਹੈ, ਅਸਾਂ ਯਾਦ ਕਰਨਾ ਹੈ, ਖ਼ਿਆਨ ਕਰਨਾ ਹੈ ਕਿ ਹੈ ਤੇ ਅੰਦਰ ਮੇਰੇ ਨਾਲ ਹੈ। ਉਹ ਅੰਦਰ ਹੈ, ਸਚ ਮੁਚ ਹੈ, ਅਸੀਂ ਉਸਨੂੰ ਭੁੱਲੇ ਰਹਿੰਦੇ ਹਾਂ, ਯਾਦ ਰਖਣਾ ਹੈ ਕਿ ਹੈ, ਉਹ ਬਾਹਰ ਬੀ ਹੈ, ਸਾਰੇ ਹੈ, ਪਰ ਦਿੱਸਦਾ ਨਹੀਂ। ਇਉਂ ਕਰਦਾ ਰਹੁ, ਕਰਤਾਰ ਭਲੀ ਕਰੇਗਾ; ਤੂੰ ਜੀਉਂਦੇ ਜੀਉ ਪਰਮੇਸ਼ਰ ਦੇ ਨਾਲ ਲਗ ਜਾਏਂਗਾ।

❖❖❖

# ੨੫. ਮਰਦਾਨੇ ਦੀ ਧੀ ਦਾ ਵਿਆਹ।

**ਮਰਦਾਨਾ** ਕੁਛ ਚਿਰ ਤੋਂ ਆਗਿਆ ਲੈ ਕੇ ਆਪਣੇ ਪਿੰਡ ਤਲਵੰਡੀ ਗਿਆ ਹੋਇਆ ਸੀ। ਇਨ੍ਹੀਂ ਦਿਨੀਂ ਉਹ ਫੇਰ ਸੁਲਤਾਨ ਪੁਰ ਆ ਗਿਆ। ਆ ਚਰਨਾਂ ਤੇ ਢੱਠਾ। ਸ੍ਰੀ ਗੁਰੂ ਜੀ ਨੇ ਪਿਆਰ ਦੇਕੇ ਉਠਾਲਿਆ ਤੇ ਸੁਖ ਸਾਂਦ ਪੁੱਛੀ। ਫੇਰ ਗੁਰੂ ਜੀ ਨੇ ਪੁੱਛਿਆ ਕਿ ਰਾਇ ਬੁਲਾਰ ਸੁਖ ਸਹਤ ਹੈ? ਮਰਦਾਨੇ ਕਿਹਾ : ਸੁਖੀ ਹੈ; ਆਪ ਨੂੰ ਯਾਦ ਕਰਦਾ ਹੈ ਤੇ ਨੈਣ ਭਰ ਆਉਂਦੇ ਸੂ। ਆਖਦਾ ਹੈ : ਸ਼ੁਕਰ ਹੈ, ਰਬ ਦਾ ਬਾਲਕ ਹੁਣ ਸਾਕਾਂ ਅੰਗਾਂ ਤੋਂ ਸਤਾਇਆ ਨਹੀਂ ਜਾ ਰਿਹਾ; ਆਪਣੇ ਰੱਬੀ ਰੰਗਾਂ ਦੀ ਮੌਜ ਵਿਚ ਹੈ।

ਫੇਰ ਗੁਰੂ ਜੀ ਨੇ ਆਪਣੇ ਮਾਤਾ ਪਿਤਾ ਤੇ ਘਰ ਬਾਰ ਦੀ ਸੁਖ ਪੁੱਛੀ। ਉਹ ਬੀ ਮਰਦਾਨੇ ਨੇ ਦੱਸੀ ਤੇ ਕਿਹਾ ਕਿ ਸਾਰੇ ਹਿਤ ਪੂਰਬਕ ਯਾਦ ਕਰਦੇ ਤੇ ਅਸ਼ੀਰਵਾਦ ਦੇਂਦੇ ਸਨ। ਫੇਰ ਸ੍ਰੀ ਗੁਰੂ ਜੀ ਨੇ ਪੁੱਛਿਆ : ਚਿਰ ਲਾ ਕੇ ਆਇਆ ਹੈਂ, ਕੁਛ ਕੰਮ ਕਾਜ ਦੱਸ? ਤਦ

ਮਰਦਾਨੇ ਨੇ ਕਿਹਾ ਕਿ ਘਰ ਵਾਲਿਆਂ ਦੀ ਗੁਜ਼ਰਾਨ ਚੰਗੀ ਟੁਰ ਰਹੀ ਹੈ; ਪਰ ਹੁਣ ਕਾਕੀ ਦਾ ਕਾਜ* ਹੈ; ਉਸ ਲਈ ਘਰ ਵਿਚ ਪੈਸਾ ਨਹੀਂ ਹੈ ਕਾਜ ਜੋਗਾ। ਕਾਜ ਆਖਦੇ ਹਨ ਵਿਆਹ ਨੂੰ। ਮੇਰੇ ਰੱਬੀ ਜਜਮਾਨ! ਤੁਸਾਂ ਮੈਨੂੰ ਘਰ ਜਾਣ ਤੋਂ ਪਹਿਲੇ ਇਕ ਦਿਨ ਆਖਿਆ ਸੀ ਕਿ ਹੁਣ ਹੋਰ ਘਰ ਕੋਈ ਨਾ ਮੰਗਿਆ ਕਰ, ਇਸ ਲਈ ਆਇਆ ਹਾਂ ਕਿ ਕੁਛ ਮੈਹਰਵਾਨਗੀ ਹੋ ਜਾਏ। ਤਦ ਸ੍ਰੀ ਗੁਰੂ ਜੀ ਨੇ ਭਗੀਰਥ ਨੂੰ ਪਾਸ ਸੱਦ ਕੇ ਆਖਿਆ, ਕਿ ਮਰਦਾਨੇ ਪਾਸੋਂ ਸਾਰੀ ਸੌਜ ਲਿਖ ਲੈ ਜੋ ਇਸ ਨੂੰ ਧੀ ਦੇ ਵਿਆਹ ਤੇ ਲੋੜੀਂਦੀ ਹੈ। ਸੌਜ ਆਖਦੇ ਹਨ ਸਮਿਆਨ ਨੂੰ, ਜੋ ਵਿਆਹ ਤੇ ਲੋੜੀਂਦਾ ਸੀ, ਜਿਵੇਂ ਚੂੜਾ, ਸਾਲੂ, ਲਸੇ, ਪਹਿਨਣ ਦੇ ਕਪੜੇ, ਕੁਛ ਗਹਿਣਾ ਤੇ ਹੋਰ ਸਾਮਾਨ। ਇਸ ਤਰ੍ਹਾਂ ਮਰਦਾਨੇ ਨੂੰ ਪੁੱਛ ਕੇ ਲੋੜਵੰਦੀ ਸੌਜ ਲਿਖਵਾ ਦਿਤੀ। ਆਗਿਆ ਕੀਤੀ ਕਿ ਲਾਹੌਰ ਤੋਂ ਸਭ ਕੁਛ ਲੈ ਆਉ, ਪਰ ਉਥੇ ਰਾਤ ਇਕੋ ਰਹੀਂ।

❖❖❖

## ੨੯. ਲਾਹੌਰ ਤੋਂ ਵਿਆਹ ਸੌਜ ਤੇ ਮਨਸੁਖ।

**ਭਗੀਰਥ** ਸ੍ਰੀ ਗੁਰੂ ਜੀ ਦੀ ਆਗਿਆ ਪਾ ਕੇ ਟੁਰ ਪਿਆ ਤੇ ਲਾਹੌਰ ਜਾ ਪਹੁੰਚਾ। ਇਕ ਉਥੇ ਵਪਾਰੀ ਸੀ, ਜਿਸ ਦਾ ਨਾਉਂ ਸੀ ਮਨਸੁਖ। ਇਹ ਵਡੀ ਦੁਕਾਨ ਵਾਲਾ ਸੀ। ਦੁਕਾਨ ਆਖਦੇ ਹਨ ਹੱਟੀ ਨੂੰ, ਜਿਥੇ ਬੈਠ ਕੇ ਹੱਟੀ ਵਾਲੇ ਵਪਾਰ ਕਰਦੇ ਹਨ, ਸੌਦਾ ਵੇਚਦੇ ਹਨ।

---

*ਇਹ ਸਾਖੀ ਦੋ ਤਰ੍ਹਾਂ ਦੀ ਮਿਲਦੀ ਹੈ। ਇਕ ਤਾਂ ਮਰਦਾਨੇ ਦੀ ਧੀ ਦਾ ਵਿਆਹ ਸੀ ਉਸ ਸਮੇਂ ਇਹ ਸਾਖੀ ਹੋਈ। ਦੂਜਾ ਇਹ ਹੈ ਕਿ ਇਕ ਖੱਤ੍ਰੀ ਦੀ ਧੀ ਦਾ ਵਿਆਹ ਸੀ ਤੇ ਉਹ ਗ੍ਰੀਬ ਹੋ ਗਿਆ ਸੀ। ਉਸ ਨੇ ਗੁਰੂ ਨਾਨਕ ਸਾਹਿਬ ਪਾਸ ਸੁਆਲ ਪਾਯਾ ਤਾਂ ਇਹ ਸਾਰੀ ਸਾਖੀ ਮਨਸੁਖ ਵਾਲੀ ਹੋਈ (ਪੁ: ਜ: ਸਾ:)। ਓਥੇ ਏਹ ਸਾਖੀ ਦੱਖਣ ਦੀ ਉਦਾਸੀ ਤੋਂ ਪਹਿਲੋਂ ਹੋਈ ਲਿਖੀ ਹੈ। ਵਿਆਹ ਚਾਹੇ ਕਿਸੇ ਦੀ ਧੀ ਦਾ ਸੀ ਸਾਖੀ ਤੇ ਸਾਖੀ ਦਾ ਉਪਦੇਸ਼ ਇਕੋ ਹੈ।

ਭਗੀਰਥ ਇਸ ਦੀ ਹੱਟੀ ਤੇ ਚਲਾ ਗਿਆ। ਮਨਸੁਖ ਨੇ ਆਦਰ ਨਾਲ ਬਹਾਲ ਲਿਆ ਤੇ ਕੰਮ ਕਾਜ ਪੁੱਛਿਆ। ਭਗੀਰਥ ਨੇ ਉਹ ਕਾਗਤ ਮਨਸੁਖ ਦੇ ਹੱਥ ਦਿੱਤਾ, ਜਿਸ ਉਤੇ ਵਿਆਹ ਲਈ ਚੀਜ਼ਾਂ ਦਾ ਵੇਰਵਾ ਲਿਖਿਆ ਹੋਇਆ ਸੀ। ਕਾਗਦ ਵਾਚ ਕੇ ਹੱਟੀ ਵਾਲੇ ਨੇ ਆਖਿਆ: ਭਾਈ ਸਭ ਕੁਛ ਤਿਆਰ ਹੋ ਜਾਏਗਾ ਅਜ ਹੀ, ਪਰ ਚੂੜਾ ਇਕ ਦਿਨ ਵਿਚ ਤਿਆਰ ਨਹੀਂ ਹੋ ਸਕਣਾ। ਤੁਸੀਂ ਆਖਦੇ ਹੋ ਛੇਤੀ ਕਰ ਤੇ ਅੱਜੋ ਕਰ, ਕੱਲ ਦਾ ਦਿਨ ਠਹਿਰ ਜਾਓ, ਪਰਸੋਂ ਤੁਰ ਜਾਣਾ ਤਦ ਭਗੀਰਥ ਨੇ ਕਿਹਾ : ਭਾਈ! ਮੈਨੂੰ ਆਗਿਆ ਇਕੋ ਰਾਤ ਰਹਿਣੇ ਦੀ ਹੈ; ਜੇ ਮੈਂ ਦੂਈ ਰਾਤ ਏਥੇ ਰਹਿ ਗਿਆ ਤਾਂ ਮੇਰਾ ਜਨਮ ਬਿਰਥਾ ਚਲਾ ਜਾਏਗਾ। ਮਨਸੁਖ ਸੁਣ ਕੇ ਹੈਰਾਨ ਹੋ ਗਿਆ; ਆਖਣ ਲੱਗਾ ਇਕ ਰਾਤ ਵਧੀਕ ਠਹਿਰਨੇ ਨਾਲ ਜਨਮ ਕਿਉਂ ਬਿਰਥਾ ਜਾਏਗਾ? ਇਹ ਅੱਖਰ ਤਾਂ ਕੋਈ ਪਾਤਸ਼ਾਹ ਬੀ ਸੇਵਕ ਨੂੰ ਨਹੀਂ ਆਖਦਾ ਕਿ ਜਨਮ ਬਿਰਥਾ ਜਾਏਗਾ। ਤਦ ਭਗੀਰਥ ਨੇ ਕਿਹਾ: ਮੈਂ ਕਿਸੇ ਪਾਤਸ਼ਾਹ ਹਾਕਮ ਦੀ ਚਾਕਰੀ ਨਹੀਂ ਕਰਦਾ, ਮੈਂ ਤਾਂ ਇਕ ਰਬ ਰੂਪ ਦਾ ਦਾਸ ਹਾਂ, ਉਸ ਦੀ ਆਗਿਆ ਇਕ ਰਾਤ ਰਹਿਣ ਦੀ ਹੀ ਹੈ। ਜੇ ਵਧੀਕ ਰਹਾਂ ਤਾਂ ਮੈਂ ਹੁਕਮ ਉਲਟਾਇਆ ਆਪਣੇ ਗੁਰੂ ਦਾ। ਗੁਰੂ ਜੇ ਸਿਖ ਨਾਲ ਉਦਾਸ ਹੋ ਜਾਏ ਤਾਂ ਸਿਖ ਦਾ ਜਨਮ ਕਿਸ ਕੰਮ! ਤੂੰ ਸਿਆਣਾ ਹੈਂ ਸੋਚ ਲੈ।

ਮਨਸੁਖ ਨੇ ਕਿਹਾ-ਕਲਜੁਗ ਦਾ ਸਮਾਂ ਹੈ, ਸਾਰੇ ਪਖੰਡ ਚਲ ਰਿਹਾ ਹੈ, ਅਜ ਕਲ ਕੌਣ ਹੈ ਐਸਾ ਪੂਰਾ ਜਿਸ ਨੂੰ ਤੂੰ ਪੂਰਾ ਗੁਰੂ ਆਖ ਰਿਹਾ ਹੈਂ? ਤਦ ਭਗੀਰਥ ਨੇ ਕਿਹਾ : ਭਾਈ ਦੇਖੇ ਤੇ ਸੁਣੇ ਦਾ ਫਰਕ ਹੈ। ਉਹ ਕੋਈ ਮਨੁੱਖ ਗੁਰੂ ਥੋੜਾ ਹੈ ਜੋ ਪੂਰਾ ਹੋਵੇ ਕਿ ਊਚਾ ਹੋਵੇ। ਉਹ ਤਾਂ ਦੇਵ ਗੁਰੂ ਹੈ। ਉਹ ਖਬਰੇ ਭਗਵਾਨ ਨੇ ਆਪਣਾ ਪਰਮ ਪਿਆਰਾ ਘੱਲਿਆ ਹੈ ਕਿ ਆਪ ਹੀ ਆਇਆ ਹੈ। ਲੁਕਿਆ ਰਹਿੰਦਾ ਹੈ ਮਨੁੱਖ ਰੂਪ ਵਿਚ। ਕੰਮ ਕਰਦਾ ਹੈ ਜਿਵੇਂ ਤੂੰ ਤੇ ਮੈਂ

ਕਰਦੇ ਹਾਂ, ਪਰ ਜਦ ਸਤਿਸੰਗ ਕਰੋ ਤਾਂ ਪਤਾ ਲੱਗਦਾ ਹੈ ਕਿ ਉਹਦੇ ਸਾਰੇ ਕੰਮ ਭਗਵਾਨ ਦੇ ਹਨ। ਉਹ ਸਭ ਦਾ ਭਲਾ ਕਰਦਾ ਹੈ। ਪਰਮੇਸ਼ੁਰ ਨਾਲ ਹਰ ਵੇਲੇ ਲੱਗਾ ਰਹਿੰਦਾ ਹੈ। ਲੋਕੀ ਗਿਆਨ ਆਖਦੇ ਹਨ, ਉਹ ਗਿਆਨ ਦਾ ਰੂਪ ਹੈਨ। ਉਨ੍ਹਾਂ ਪੂਰਿਆਂ ਦਾ ਬਚਨ ਮੈਂ ਪੂਰਾ ਕਰਨਾ ਹੈ। ਸੋ ਤੂੰ ਇਕ ਹੀ ਦਿਨ ਵਿਚ ਸਾਰਾ ਕੰਮ ਕਰ ਦੇਹ। ਤਦ ਮਨਸੁਖ ਨੇ ਕਿਹਾ: ਅਸਚਰਜ ਹੈ ਕਿ ਇਸ ਸਮੇਂ ਵਿਚ ਕੋਈ ਪੂਰਾ ਲੋਕ ਬੀ ਹੈ! ਮੈਨੂੰ ਬੀ ਪੂਰੇ ਸੰਤ ਨੂੰ ਮਿਲਣ ਦੀ ਚਾਹ ਹੈ ਢੇਰ ਚਿਰ ਤੋਂ। ਜੇ ਉਹ ਮੈਨੂੰ ਕੋਈ ਕਲਾ ਦਿਖਾ ਦੇਣ ਤਾਂ ਮੈਂ ਮੰਨ ਲਵਾਂਗਾ ਕਿ ਪੂਰੇ ਹੈਨ, ਤਾਂ ਮੈਂ ਬੀ ਉਨ੍ਹਾਂ ਦਾ ਸਿਖ ਬਣ ਜਾਵਾਂਗਾ। ਭਗੀਰਥ ਨੇ ਕਿਹਾ: ਕਲਾ ਵੇਖਣੀਆਂ, ਕਰਾਮਾਤਾਂ ਤੱਕਣੀਆਂ ਇਹ ਐਉਂ ਹਨ ਜਿਵੇਂ ਰਾਜੇ ਪਾਸ ਜਾ ਕੇ ਕੌਡੀਆਂ ਮੰਗੇ। ਰਾਜੇ ਕੋਲ ਜਾ ਕੇ ਤਾਂ ਸੋਨਾ ਚਾਂਦੀ ਕਿ ਹੀਰੇ ਮੰਗੀਦੇ ਹਨ। ਮਨਸੁਖ ਨੇ ਕਿਹਾ: ਹੀਰਾ ਸੋਨਾ ਫਕੀਰਾਂ ਕੋਲ ਕੀਹ ਹੁੰਦਾ ਹੈ? ਤਾਂ ਭਗੀਰਥ ਨੇ ਆਖਿਆ ਕਿ ਜਿਸ ਤਰ੍ਹਾਂ ਦੇ ਉਹ ਮਹਾਂਪੁਰਖ ਹੈਨ ਉਨ੍ਹਾਂ ਪਾਸੋਂ ਮੰਗੀਦਾ ਹੈ ਕਿ ਦਿਲ ਸੁਖੀ ਹੋ ਜਾਵੇ, ਅੰਦਰ ਰੱਬ ਜੀ ਨਾਲ ਪਿਆਰ ਪੈ ਜਾਵੇ, ਸਾਡੇ ਸੁਭਾ ਬਦਲ ਜਾਣ, ਅਸੀਂ ਕਿਸੇ ਨੂੰ ਦੁੱਖ ਨਾ ਦੇਵੀਏ। ਸੋ ਜੇ ਤੂੰ ਪਰਖਣਾ ਕਰਨੀ ਹੈ ਤਾਂ ਪਰਤਾਵਿਆਂ ਸੋਚਾਂ ਛਡ ਕੇ ਪਿਆਰ ਨਾਲ ਜਾ ਮੱਥਾ ਟੇਕ ਤਾਂ ਤੈਨੂੰ ਇਹ ਉੱਚੀਆਂ ਚੀਜ਼ਾਂ ਮਿਲਣਗੀਆਂ ਬਿਨਾਂ ਸ਼ੱਕ ਪਰਤਾ ਲਈਂ।

ਇਸ ਤਰ੍ਹਾਂ ਗੱਲਾਂ ਕਰਕੇ ਰੋਟੀ ਖਾ ਪੀ ਕੇ ਰਾਤੀ ਸੌਂ ਰਹੇ। ਅਗਲੇ ਭਲਕ ਮਨਸੁਖ ਨੇ ਦਿਨ ਚੜ੍ਹੇ ਬਜ਼ਾਰੋਂ ਸਭ ਵਸਤਾਂ ਖਰੀਦ ਕਰ ਦਿੱਤੀਆਂ। ਜਿਥੋਂ ਜਿਥੋਂ ਵਸਤੂ ਮਿਲਦੀ ਸੀ ਓਥੋਂ ਓਥੋਂ ਮੁੱਲ ਮੰਗਵਾ ਦਿੱਤੀ। ਚੂੜੇ ਵਲੋਂ ਕਿਹਾ ਕਿ ਭਗੀਰਥ! ਤੁਸਾਂ ਨੂੰ ਬੜੀ ਛੇਤੀ ਹੈ, ਕਾਹਲ ਪਏ ਕਰਦੇ ਹੋ, ਚੂੜਾ ਅੱਜ ਤਿਆਰ ਨਹੀਂ ਹੋ ਸਕਣ ਲੱਗਾ, ਕਾਰੀਗਰ ਵਾਂਢੇ ਗਿਆ ਹੋਇਆ ਹੈ; ਪਰ ਮੇਰੇ ਘਰ ਇਕ

ਰੰਗਲਾ ਚੂੜਾ ਬਣਵਾਇਆ ਪਿਆ ਹੈ, ਕਿਸੇ ਆਪਣੇ ਕੰਮ ਲਈ, ਤੈਨੂੰ ਮੈਂ ਉਹ ਦੇ ਦੇਂਦਾ ਹਾਂ ਤੂੰ ਵੇਖ ਲੈ ਤੇ ਪਸਿੰਦ ਕਰ ਲੈ। ਜਦ ਮਨਸੁਖ ਨੇ ਚੂੜਾ ਵਿਖਾਲਿਆ ਤਾਂ ਭਗੀਰਥ ਦੇ ਪਸਿੰਦ ਆ ਗਿਆ; ਆਖਣ ਲੱਗਾ-ਸ਼ਾਹ ਜੀ ਇਹ ਭਲਾ ਹੈ, ਮੇਰੇ ਪਸਿੰਦ ਹੈ ਤੇ ਠੀਕ ਮੇਚੇ ਦਾ ਹੈ।

ਇਸ ਤਰ੍ਹਾਂ ਦੇ ਬਚਨ ਹੋਕੇ ਦੁਇ ਤੁਰ ਪਏ। ਮਨਸੁਖ ਨੇ ਕਿਹਾ ਤੇਰੇ ਪੂਰੇ ਗੁਰੂ ਮੈਨੂੰ ਜਾਣਦੇ ਕੋਈ ਨਹੀਂ, ਪਰ ਜੇ ਮੇਰਾ ਨਾਂ ਲੈ ਕੇ ਮੈਨੂੰ ਸੱਦਿਓ ਨੇ, ਤਾਂ ਮੈਂ ਸਮਝਾਂਗਾ ਕਿ ਪੂਰੇ ਹੈਨ। ਭਗੀਰਥ ਨੇ ਕਿਹਾ, ਤੁਸਾਂ ਜੀ ਦੀ ਖੁਸ਼ੀ; ਪਰ ਪਰਤਾਵੇ ਲੈਣੇ ਚੰਗੇ ਨਹੀਂ ਹੁੰਦੇ।

ਇਸ ਪ੍ਰਕਾਰ ਗੱਲਾਂ ਬਾਤਾਂ ਕਰਦੇ ਰਾਤ ਰਸਤੇ ਵਿਚ ਠਹਿਰਦੇ ਸੁਲਤਾਨ ਪੁਰ ਆ ਪਹੁੰਚੇ। ਦੋਹਾਂ ਨੇ ਸਤਿਗੁਰੂ ਜੀ ਨੂੰ ਜਾ ਮੱਥਾ ਟੇਕਿਆ।

ਸਤਿਗੁਰੂ ਜੀ ਨੇ ਹਿਤ ਨਾਲ ਸਿਰ ਤੇ ਹੱਥ ਫੇਰਿਆ ਤੇ ਕਿਹਾ-ਭਗੀਰਥ! ਤੂੰ ਪਰਉਪਕਾਰੀ* ਹੋ ਗਿਆ ਹੈਂ, ਗਿਆ ਸੈਂ ਇਕ ਉਪਕਾਰ ਕਰਨ ਪਰ ਕਰ ਆਇਐਂ ਦੋ, ਜੋ ਨਾਲ ਲੈ ਆਇਆ ਹੈਂ ਇਕ ਮਨ ਦੇ ਸੁਖ ਨੂੰ ਢੂੰਡਣ ਵਾਲਾ, ਜਿਸ ਦਾ ਨਾਉਂ ਭਾਵੇਂ ਇਹੋ ਹੈ; ਪਰ ਮਨੋਂ ਸੁਖੀ ਨਹੀਂ ਹੈ।

ਇਹ ਸੁਣਕੇ ਮਨਸੁਖ ਚਰਨਾਂ ਨੂੰ ਲਿਪਟ ਗਿਆ ਤੇ ਦਿਲ ਨੂੰ ਤਸੱਲੀ ਹੋ ਗਈ ਕਿ ਇਹ 'ਗੁਰੂ, ਪੂਰਾ ਗੁਰੂ, ਪੂਰਾ ਮਹਾਂਪੁਰ ਹੈ ਕਿ ਭਗਵਾਨ ਆਪ ਹੈ!'

ਇਨ੍ਹਾਂ ਨੂੰ ਪਿਆਰ ਕਰਕੇ ਗੁਰੂ ਜੀ ਨੇ ਮਰਦਾਨੇ ਨੂੰ ਸਦਵਾਇਆ ਤੇ ਸਾਰੀ ਸੌਜ ਲਾਹੌਰੋਂ ਖਰੀਦੀ ਆਈ ਉਸ ਦੇ ਅੱਗੇ ਧਰ ਦਿੱਤੀ। ਹੋਰ ਧਨ ਵੀ ਦਿੱਤਾ ਜੋ ਵਿਆਹ ਦੇ ਹੋਰ ਕਾਰਜਾਂ ਤੇ ਖਰਚ

---

*ਉਪਕਾਰੀ ਤੇ ਪਰਉਪਕਾਰੀ ਉਸਨੂੰ ਆਖਦੇ ਹਨ ਜੋ ਦੂਸਰੇ ਦਾ ਭਲਾ ਕਰੇ ਪਰ ਉਸ ਕੋਲੋਂ ਬਦਲੇ ਦੀ, ਕਿ ਪੈਸੇ ਦੀ, ਕੋਈ ਆਸ ਨਾ ਰਖੇ।

ਹੋਣਾ ਚਾਹੀਦਾ ਸੀ। ਮਰਦਾਨਾ ਬਹੁਤ ਖੁਸ਼ੀ ਹੋਇਆ। ਪਹਿਲੋਂ ਹੀ ਉਸ ਦਾ ਗੁਰੂ ਜੀ ਨਾਲ ਪਿਆਰ ਸੀ, ਹੁਣ ਹੋਰ ਵਧ ਗਿਆ ਕਿ ਮੈਨੂੰ ਜੋ ਔਖੀ ਗੱਲ ਆ ਬਣੀ ਸੀ ਉਹ ਸੌਖੀ ਕਰ ਦਿੱਤੀ ਨੇ। ਸੋ ਸਭ ਕੁਛ ਲੈਕੇ ਗੁਣ ਗਾਉਂਦਾ ਤਲਵੰਡੀ ਪਹੁੰਚਾ ਤੇ ਓਥੇ ਜਾਕੇ ਸਾਰੀ ਨਗਰੀ ਵਿਚ ਗੁਰੂ ਜੀ ਦੇ ਗੀਤ ਗਾਉਂਦਾ ਫਿਰੇ ਕਿ ਨਾਨਕ ਗੁਰੂ ਹੈ, ਦਾਤਾ ਗੁਰੂ ਹੈ ਪਾਤਸ਼ਾਹਾਂ ਨਾਲੋਂ ਵਡੇਰਾ ਸਖੀ ਹੈ।

❖❖❖

## ੨੭. ਮਨਸੁਖ ਨਿਸਤਾਰਾ*।

**ਮਰਦਾਨਾ** ਸੁਲਤਾਨ ਪੁਰੋਂ ਟੁਰ ਗਿਆ ਤੇ ਦੋ ਤ੍ਰੈ ਦਿਨ ਟੁਰ ਗਏ ਨੂੰ ਬੀਤ ਗਏ। ਗੁਰੂ ਜੀ ਦਾ ਮੋਦੀ ਦੀ ਕਾਰ ਵਿਹਾਰ ਸੁਹਣੀ ਤਰ੍ਹਾਂ ਕਰਨਾ ਫੇਰ ਆਪਣੇ ਘਰ ਬਾਰ ਦਾ ਕੰਮ ਕਾਜ ਬੀ ਠੀਕ ਤਰ੍ਹਾਂ ਕਰਨਾ, ਕਦੇ ਕਿਸੇ ਵੇਲੇ ਮੱਥਾ ਮੈਲਾ ਨਾ ਹੋਣਾ, ਖਿੜੀ ਚਾਂਦਨੀ ਵਾਂਙੂ ਖਿੜੇ ਰਹਿਣਾ, ਜਦ ਮਨਸੁਖ ਨੇ ਵੇਖਿਆ ਤਾਂ ਅਸਚਰਜ ਹੋਵੇ ਕਿ ਸਭ ਕੁਝ ਕਰਦੇ ਕਰਦੇ ਫੇਰ ਰਾਤ ਨੂੰ ਕੀਰਤਨ ਦਾ ਸਤਿਸੰਗ ਲਾਕੇ ਐਉਂ ਹੋ ਜਾਂਦੇ ਹਨ ਜਿਵੇਂ ਕਦੇ ਕੰਮਾਂ ਕਾਜਾਂ ਵਿਚ ਗਏ ਹੀ ਨਹੀਂ ਸਨ। ਫੇਰ ਵੇਖੇ ਕਿ ਲਗ ਪਗ ਪਹਿਰ ਰਾਤ ਰਹਿੰਦੀ ਦੇ ਉਠ ਕੇ ਵੇਈਂ ਕੰਢੇ ਜਾ ਜੁੜ ਬੈਠਦੇ ਹਨ। ਸਰੀਰ ਇਕ ਮੂਰਤੀ ਜਿਹਾ ਦਿਸਦਾ ਹੈ, ਜਿਸ ਵਿਚ ਦਾ ਮਨ ਰੱਬ ਵਿਚ ਜੁੜ ਗਿਆ ਕਿ ਲੀਨ ਹੀ ਹੋ ਗਿਆ ਹੈ। ਲੀਨ ਆਖੀਦਾ ਹੈ ਜਿਵੇਂ ਦੁੱਧ ਵਿਚ ਪਾਈਏ ਪਾਣੀ ਤਾਂ ਦੁੱਧਦੇ ਵਿਚ ਰਲਕੇ ਦੁੱਧ ਵਰਗਾ ਹੀ ਹੋ ਜਾਂਦਾ ਹੈ। ਫੇਰ ਦੇਖੋ ਕਿ ਗੁਰੂ ਜੀ ਦੀ ਆਪਣੀ ਵਰਤੋਂ ਵਿਚ ਤੇ ਸਾਰੇ ਸਤਿਸੰਗੀਆਂ ਦੀ ਵਰਤੋਂ ਵਿਚ ਸੱਚ ਹੀ

---

*ਚੰਗੀ ਤਰ੍ਹਾਂ ਕਰਨ ਨੂੰ ਨਿਸਤਾਰਾ ਕਹੀਦਾ ਹੈ। ਪਰ ਇਸ ਦਾ ਅਰਥ ਮੁਕਤੀ ਹੈ। ਮਾਇਆ ਵਿਚ ਲੋਭ ਲਾਲਚ ਵਿਚ ਨਾ ਡੁਬੇ ਰਹਿਣਾ ਪਰ ਰਬ ਜੀ ਨਾਲ ਪਿਆਰ ਪੈ ਜਾਣਾਂ।

ਸੱਚ ਹੈ, ਝੂਠ ਦੀ ਕਿਧਰੇ ਮੁਸ਼ਕ ਭੀ ਨਹੀਂ ਹੈ। ਇਉਂ ਦੇਖ ਦੇਖ ਕੇ ਉਸ ਦਾ ਮਨ ਪਤੀਜ ਗਿਆ ਕਿ ਐਸਾ ਸੱਚਾ ਗੁਰੂ ਜਗਤ ਵਿਚ ਕੋਈ ਨਹੀਂ। ਇਹ ਤਾਂ ਉਸਤਾਦ ਦੇ ਅਰਥਾਂ ਵਾਲਾ ਗੁਰੂ ਨਹੀਂ, ਇਹ ਤਾਂ ਪਰਮੇਸ਼ੁਰ ਦੀ ਆਪਣੀ ਜ਼ਾਤ ਵਿਚੋਂ ਆਇਆ ਹੈ; ਇਹ ਤਾਂ ਦੇਵ ਗੁਰੂ ਹੈ। ਦੇਵ ਗੁਰੂ ਤੋਂ ਉਸ ਦਾ ਇਹ ਮਤਲਬ ਸੀ ਕਿ ਪਰਮੇਸ਼ੁਰ ਰੂਪ ਗੁਰੂ ਹੈ। ਇਹ ਮਨੁਖਾਂ ਵਿਚੋਂ ਚੰਗਾ ਹੋਕੇ ਗੁਰੂ ਨਹੀਂ ਬਣ ਰਿਹਾ, ਇਹ ਤਾਂ ਧੁਰੋਂ ਆਇਆ ਹੈ, ਗੁਰੂ ਅਵਤਾਰ ਹੋਕੇ ਰੱਬ ਜੀ ਦਾ ਘੱਲਿਆ ਹੋਇਆ। ਇਸ ਤਰ੍ਹਾਂ ਜਦ ਉਹਦਾ ਨਿਹਚਾ ਪੱਕਾ ਹੋ ਗਿਆ ਤਾਂ ਇਕ ਦਿਨ ਗੁਰੂ ਜੀ ਦੇ ਪੈਰੀਂ ਆ ਪਿਆ ਤੇ ਬੇਨਤੀ ਕੀਤੀਓਸੁ ਕਿ ਮੇਰੇ ਤੇ ਮੇਹਰ ਕਰੋ ਤੇ ਮੈਨੂੰ ਬੀ ਆਪਣੇ ਹੋਰ ਸੇਵਕਾਂ ਵਾਂਙੂ ਭਗਵਾਨ ਦੇ ਰਸਤੇ ਲਾ ਦਿਓ।

ਤਦ ਸਤਿਗੁਰੂ ਜੀ ਬੋਲੇ : ਮਨਸੁਖ! ਤ੍ਰੈ ਕੰਮ ਹਨ ਸਮਝਣ ਤੇ ਕਰਨ ਵਾਲੇ।-

(੧) (ੳ) ਇਕ ਤਾਂ ਹੈ ਇਹ ਕਿ ਜਿਸ ਨੂੰ ਭਗਵਾਨ ਆਖਦਾ ਹੈਂ ਤੇ ਮੈਂ ਨਿਰੰਕਾਰ ਆਖਦਾ ਹਾਂ, ਉਹ ਹੈ ਤੇ ਸਾਰੇ ਹੈ; ਕੋਈ ਥਾਂ ਉਸ ਤੋਂ ਬਿਨਾਂ ਨਹੀਂ, ਚਾਹੋ ਇਨ੍ਹਾਂ ਅੱਖਾਂ ਨਾਲ ਦੀਹਦਾ ਨਹੀਂ ਕਿਉਂਕਿ ਉਸ ਦਾ ਰੂਪ ਰੇਖ ਨਹੀਂ, ਉਹ ਆਤਮਾ ਹੈ। (ਅ) ਉਸ ਨੂੰ ਪਾਉਣਾ ਯਾ ਦੇਖਣਾ ਸਾਡੇ ਸਰੀਰ ਦਾ ਕੰਮ ਨਹੀਂ, ਪਰ ਮਨ ਦਾ ਕੰਮ ਹੈ। ਉਹ ਸਾਰੇ ਹੋਣ ਕਰਕੇ ਸਾਡੇ ਮਨ ਵਿਚ ਬੀ ਹੈ। ਸੋ ਆਪਣੇ ਅੰਦਰ ਹੋਇਆ। ਅੰਦਰ ਦੀ ਵਸਤੂ ਦਾ ਪਾ ਲੈਣਾ ਔਖਾ ਕੰਮ ਨਹੀਂ। ਜੇ ਨੀਯਤ ਸਾਫ ਹੋਵੇ, ਸੱਚ ਨਾਲ ਪਿਆਰ ਹੋਵੇ, ਅੰਦਰ ਬੈਠੇ ਨੂੰ ਯਾਦ ਰਖੀਏ ਕਿ ਅੰਦਰ ਹੈ, ਐਉਂ ਅੰਦਰ ਲਖੀਣ ਲੱਗ ਜਾਂਦਾ ਹੈ। ਭਾਵ ਭਾਸਣ ਲੱਗ ਜਾਂਦਾ ਹੈ ਕਿ 'ਹੈ' ਤੇ 'ਅੰਦਰ ਹੈ'। ਇਹ ਯਾਦ ਕਰਨਾ ਜੀਵਾਂ ਦਾ ਐਵੇਂ ਨਹੀਂ ਟੁਰਦਾ। ਉਸ ਭਗਵਾਨ ਦਾ ਨਾਉਂ ਲਈਦਾ ਹੈ। 'ਧੰਨ ਨਿਰੰਕਾਰ', 'ਧੰਨ ਕਰਤਾਰ' ਕਰਕੇ ਉਸ

ਦਾ ਨਾਉਂ ਲਈਦਾ ਹੈ। ਤੈਨੂੰ ਹੁਣ ਦੱਸਿਆ ਹੈ ਕਿ ਉਹ ਹੈ, ਸਾਰੇ ਹੈ। ਸਾਡੇ ਅੰਦਰ ਬੀ ਹੈ, ਉਹ ਦਿੱਸਦਾ ਨਹੀਂ ਪਰ ਬੜਾ ਸੁਹਣਾ ਹੈ, ਉਹ ਸਦਾ ਖਿੜਿਆ ਖੁਸ਼ ਰਹਿੰਦਾ ਹੈ। ਸੋਹਣੀ ਤੇ ਖਿੜੀ ਖੁਸ਼ ਸ਼ੈ ਨੂੰ ਦੇਖਕੇ "ਵਾਹ ਵਾਹ" ਮੂੰਹੋਂ ਨਿਕਲਦੀ ਹੈ, ਸੋ ਅਸੀਂ ਉਸਨੂੰ 'ਵਾਹਿਗੁਰੂ' ਕਰਕੇ ਯਾਦ ਕਰਦੇ ਤੇ ਲੋਚਦੇ ਹਾਂ। ਸੋ ਤੂੰ ਬੀ ਇਉਂ ਭਗਵਾਨ ਨੂੰ ਯਾਦ ਕਰਿਆ ਕਰ, ਤੇ ਉਸ ਦਾ ਨਾਮ ਲੈ ਕੇ ਯਾਦ ਕਰਿਆ ਕਰ। (ੲ) ਅਸੀਂ ਕੀਰਤਨ ਰੋਜ਼ ਕਰਦੇ ਹਾਂ, ਉਸ ਦੇ ਗੁਣ ਗਾਉਂਦੇ ਹਾਂ ਜਾਂ ਫਾਰਸੀ ਬੋਲੀ ਬੋਲੀਏ ਤਾਂ ਉਸ ਦੀ 'ਸਿਫਤ ਸਲਾਹ' ਕਰਦੇ ਹਾਂ। ਇਸ ਸਿਫਤ ਸਲਾਹ ਕਰਨ ਨਾਲ ਪਿਆਰ ਪੈਂਦਾ ਤੇ ਵਧਦਾ ਹੈ। ਸੋ ਇਹ ਹਈ 'ਨਾਮ' ਤੇ 'ਕੀਰਤਨ'। ਤੂੰ ਇਹ ਧਾਰਨ ਕਰਨਾ ਹੈ।

(੨) ਹੁਣ ਲੈ ਦੂਜੀ ਗੱਲ; ਉਹ ਹੈ ਸੰਸਾਰ ਵਿਚ ਹਰ ਜੀਵ ਦੁਖ ਸੁਖ ਭੋਗਦਾ ਹੈ, ਆਪਣੇ ਕੀਤੇ ਹੋਏ ਕਰਮਾਂ ਤੋਂ ਭੋਗਦਾ ਹੈ। ਜਿਨ੍ਹਾਂ ਨੇ ਮਾੜੇ ਕੀਤੇ ਹਨ ਦੁਖ ਪਾਉਂਦੇ ਹਨ, ਜਿਨ੍ਹਾਂ ਨੇ ਚੰਗੇ ਕੀਤੇ ਹਨ ਸੁਖ ਪਾਉਂਦੇ ਹਨ ਇਹ ਦੁਖ ਸੁਖ ਆਪੇ ਨਹੀਂ ਕੰਮ ਕਰਦੇ। ਸਾਡੇ ਕੀਤੇ ਕਰਮ ਯਾ ਕੰਮ ਓਸ ਨਿਰੰਕਾਰ ਕਰਤਾਰ ਪਾਸ ਜਾਂਦੇ ਹਨ, ਓਹ ਨਿਆਂ ਕਰਦਾ ਹੈ। ਓਹ ਸਾਨੂੰ ਪਿਆਰ ਬੀ ਕਰਦਾ ਹੈ ਤੇ ਸਾਨੂੰ, ਜੋ ਕਰਮਾਂ ਕਰਕੇ ਦੁਖ ਮਿਲਦੇ ਹਨ, ਉਨ੍ਹਾਂ ਨੂੰ ਐਸ ਤਰ੍ਹਾਂ ਕਰ ਦੇਂਦਾ ਹੈ ਕਿ ਉਨ੍ਹਾਂ ਨਾਲ ਸਾਨੂੰ ਚੰਗੀ ਮਤਿ ਆ ਜਾਵੇ। ਕਰਤਾਰ ਦਾ ਭਾਵ ਇਹ ਹੁੰਦਾ ਹੈ ਕਿ ਅਸੀਂ ਸੁਧਰ ਜਾਵੀਏ ਅਗੋਂ ਮਾੜੇ ਕਰਮ ਨਾ ਕਰੀਏ। ਇਸ ਕਰਕੇ ਜਦ ਦੁਖ ਆਵੇ ਤਾਂ ਅਸੀਂ ਘਬਰਾਈਏ ਨਾ, ਸਗੋਂ ਇਹ ਸਮਝੀਏ ਕਿ ਕਰਤਾਰ ਸਾਨੂੰ ਸੁਧਾਰਣਾ ਚਾਹੁੰਦਾ ਹੈ, ਜੋ ਦੁਖ ਪਾ ਕੇ ਹੀ ਸਾਨੂੰ ਅਕਲ ਆ ਜਾਵੇ।

ਸੋ ਦੂਸਰੀ ਗੱਲ ਇਹ ਹੋਈ ਕਿ ਨਾਮ ਤੇ ਕੀਰਤਨ ਦੇ ਪ੍ਰੇਮੀਂ ਪੁਰਖ ਦੁਖ ਵੇਲੇ ਘਾਬਰਨ ਨਾ, ਨਾ ਪਰਮੇਸ਼ੁਰ ਜੀ ਨੂੰ ਦੋਸ਼ ਦੇਣ। ਆਪਣੇ ਕਰਮਾਂ ਦਾ ਫਲ ਤੇ ਸੁਧਾਰ ਲਈ ਆਏ ਦੁਖ ਨੂੰ

ਉਸਤਾਦ ਸਮਝਣ; ਫੇਰ ਨਾਮ ਦੀ ਘਾਲ ਸਿਰੇ ਚੜ੍ਹਦੀ ਹੈ। ਇਸ ਨੂੰ ਆਖੀਦਾ ਹੈ ਭਾਣਾਂ ਮੰਨਣਾ, ਜਾਂ ਰਜ਼ਾ ਤੇ ਟੁਰਨਾ।

(੩) ਤੀਸਰੀ ਗਲ ਹੈ ਹਉਮੈ। ਹਉਮੈ ਦਾ ਮਤਲਬ ਹੈ ਹੰਕਾਰ। ਹੰਕਾਰੀ ਲੋਕ ਪਾਪ ਕਰਮਾਂ ਵਿਚ ਚਲੇ ਜਾਂਦੇ ਹਨ। ਹੰਕਾਰੀ ਮਨੁੱਖ ਆਕੜਾਂ ਸਾੜਦਾ ਹੈ, ਆਪ ਨੂੰ ਵੱਡਾ ਗਿਣਦਾ ਤੇ ਹੋਰਨਾਂ ਨੂੰ ਨੀਂਵੇਂ ਤੇ ਮਾੜੇ ਜਾਣਦਾ ਹੈ। ਜੀਕੂੰ ਜਮਾਤ ਪੜ੍ਹਦਾ ਤਕੜਾ ਮੁੰਡਾ ਮਾੜਿਆਂ ਨੂੰ ਕੁੱਟਦਾ ਫਾਟਦਾ ਰਹਿੰਦਾ ਹੈ, ਜਿਵੇਂ ਖੇਡਾਂ ਵਿਚ ਖੇਡਦਾ ਮੁੰਡਾ ਦੂਸਰਿਆਂ ਨੂੰ ਐਵੇਂ ਹੀ ਧੱਕੇ ਮਾਰਦਾ ਹੈ ਉਹ ਹੰਕਾਰੀ ਹੁੰਦਾ ਹੈ, ਤਿਵੇਂ ਹਉਮੈ ਹੰਕਾਰ ਵਾਲਾ ਕਈ ਤਰ੍ਹਾਂ ਦੇ ਦੁਖ ਲੋਕਾਂ ਨੂੰ ਦੇਂਦਾ ਪਾਪੀ ਹੋ ਜਾਂਦਾ ਹੈ। ਸੋ ਹੰਕਾਰ ਹੈ ਮੂਲ ਪਾਪਾਂ ਦਾ। ਸੋ ਹਉਂ ਹੰਕਾਰ ਨੂੰ ਛੱਡਣਾ ਹੈ। ਇਕ ਤਾਂ ਸਮਝ ਨਾਲ ਜੋ ਤੈਨੂੰ ਦਿਤੀ ਹੈ, ਹੰਕਾਰ ਉਤੇ ਹੁਕਮ ਕਰਨਾ ਹੈ ਹੰਕਾਰ ਦੇ ਹੇਠਾਂ ਨਹੀਂ ਲਗਣਾ, ਜਿਵੇਂ ਘੋੜੇ ਉਤੇ ਆਪ ਚੜ੍ਹੀਦਾ ਹੈ, ਘੋੜੇ ਨੂੰ ਆਪਣੇ ਤੇ ਨਹੀਂ ਚੜ੍ਹਨ ਦੇਈਦਾ। ਜੋ ਨਿੰਮ੍ਰਤਾ ਕਰੋ ਤਾਂ ਹੰਕਾਰ ਕਾਬੂ ਰਹਿੰਦਾ ਹੈ। ਫੇਰ ਜੋ ਨਾਮ ਜਪਣਾ ਹੈ ਤੇ ਕੀਰਤਨ ਕਰਨਾ ਹੈ; ਇਸ ਨਾਲ ਬੀ ਹੰਕਾਰ ਕਾਬੂ ਵਿਚ ਆਉਂਦਾ ਹੈ। ਐਉਂ ਹੰਕਾਰ ਦੇ ਉਤੇ ਚੜ੍ਹ ਬਹੀਦਾ ਹੈ।

ਹੁਣ ਤ੍ਰੈਏ ਗੱਲਾਂ ਦਾ ਨਚੋੜ ਸਮਝ ਲੈ :-

ਪਾਪ ਕਰਮ ਕਰਨੋਂ ਸਦਾ ਆਪਣੇ ਆਪ ਨੂੰ ਰੋਕਣਾ ਹੈ। ਪਾਪਾਂ ਦਾ ਮੂਲ ਹੰਕਾਰ ਹੈ, ਇਸ ਨੂੰ ਕਾਬੂ ਕਰਨਾ ਹੈ। ਇਸ ਤਰ੍ਹਾਂ ਸਾਡਾ ਆਚਰਨ ਸ਼ੁੱਧ ਹੋ ਜਾਇਗਾ। ਅਰਥਾਤ ਅਸੀਂ ਪਵਿਤ੍ਰ ਜੀਵਨ ਵਾਲੇ ਹੋ ਜਾਵਾਂਗੇ। ਸਾਡਾ ਮਨ ਸੁਹਣਾ ਤੇ ਸੁਥਰਾ ਹੋ ਜਾਇਗਾ।

ਫੇਰ ਨਾਮ ਤੇ ਕੀਰਤਨ ਨੇ ਸਾਨੂੰ ਵਾਹਿਗੁਰੂ ਨਾਲ ਜੋੜ ਦੇਣਾ ਹੈ। ਐਉਂ ਅਸੀਂ ਆਪਣੇ ਅੰਦਰ ਵਾਹਿਗੁਰੂ ਨੂੰ ਮਿਲ ਪਵਾਂਗੇ। ਸਦਾ ਐਉਂ ਪ੍ਰਤੀਤ ਕਰਾਂਗੇ ਕਿ ਉਸ ਦੀ ਹਜ਼ੂਰੀ ਵਿਚ, ਜੋ ਅੰਦਰ ਬੈਠੀ

ਹੈ*, ਵੱਸ ਰਹੇ ਹਾਂ। ਸੋ ਬਿਨਾਂ ਤਪ, ਹਠ, ਜੋਗ, ਘਰ ਬਾਹਰ ਛੱਡਣ, ਅਉਖੀਆਂ ਘਾਲਾਂ ਦੇ ਸਾਨੂੰ ਰੱਬ ਜੀ ਨਾਲ ਮੇਲ ਹੋਇਆ ਰਹੇਗਾ। ਇਸ ਤੋਂ ਅਗੋਂ ਹੋਰ ਦਾਤਾਂ ਕਰਤਾਰ ਆਪ ਦੇਵੇਗਾ।

ਹੁਣ ਇਸ ਤਰ੍ਹਾਂ ਸੁਖੀ ਹੋ ਇਕ ਡਰ ਹੁੰਦਾ ਹੈ, ਉਹ ਇਹ ਕਿ ਕੋਈ ਨ ਕੋਈ ਦੁਖ ਆ ਪੈਂਦਾ ਹੈ। ਅਸੀਂ ਉਸ ਦੁਖ ਦੇ ਆਇਆਂ ਇਹ ਨਹੀਂ ਸੋਚਦੇ ਕਿ ਇਹ ਸਾਡੇ ਕਿਸੇ ਕਰਮ ਦਾ ਫਲ ਹੈ ਤੇ ਸਾਨੂੰ ਸੁਧਾਰਣ ਵਾਸਤੇ ਆਇਆ ਹੈ ਕਿ ਅਗੋਂ ਨੂੰ ਅਸੀਂ ਮਾੜਾ ਕੰਮ ਨਾ ਕਰੀਏ। ਜਿਵੇਂ ਕੋਈ ਬਾਲ ਮਿੱਟੀ ਖਾਵੇ ਤਾਂ ਮਾਂ ਮਨ੍ਹਾਂ ਕਰਦੀ ਹੈ, ਜੇ ਫੇਰ ਨਾ ਟਲੇ ਮਿੱਟੀ ਖਾਣੋਂ ਤਾਂ ਮਾਂ ਚਪੇੜ ਮਾਰਦੀ ਹੈ ਤਦ ਚਪੇੜ ਦੀ ਪੀੜ ਕਰਕੇ ਅਗੋਂ ਮਿੱਟੀ ਖਾਣੋਂ ਹਟ ਜਾਈਦਾ ਹੈ।

ਮਤਲਬ ਇਹ ਹੈ ਕਿ ਉਚੇ ਆਚਰਨ ਵਾਲਾ, ਨਾਮ ਤੇ ਕੀਰਤਨ ਵਿਚ ਰਹਿਣ ਵਾਲਾ ਬੰਦਾ ਦੁਖਾਂ ਦੇ ਆਇਆਂ ਡੋਲੇ ਨਾ। ਆਪਣੇ ਆਪ ਨੂੰ ਨਾਮ ਕੀਰਤਨ ਵਿਚ, ਉਚੇ ਕੰਮਾਂ ਵਿਚ ਸਾਵਧਾਨ ਰਖੇ। ਇਸ ਗੱਲ ਨੂੰ ਕਵੀ ਸੰਤੋਖ ਸਿੰਘ ਜੀ ਨੇ ਐਉਂ ਕਿਹਾ ਹੈ :-

ਮਾਨਹੁ ਪ੍ਰਭ ਦਾ ਭਾਣਾ ਮੀਠਾ। ਜਾਨਹੁ ਸਦਾ ਆਪਣਾ
ਈਠਾ। ਜੋ ਕਿਛੁ ਕਰਹਿ ਭਲੋ ਹਿਤ ਸੋਈ।
ਦੋਸ ਅਰੋਪਹੁ ਤਿਹ ਨਹਿੰ ਕੋਈ। ਹਉਮੈਂ ਤਜਨ ਨਾਮ
ਲਿਵ ਲਾਵਨ। ਭਾਣਾ ਮਨਨ ਪੰਥ ਇਹ ਪਾਵਨ।
ਕਰਹੁ ਤੀਨ ਕਾ ਦਿਢ ਅਭਿਆਸਾ। ਸ਼ਾਂਤਿ ਪਾਇ
ਮਨ ਹ੍ਵੈ ਸੁਖ ਰਾਸਾ।

ਅਰਥ-ਪਰਮੇਸ਼ਰ ਦਾ ਭਾਣਾ ਮਿੱਠਾ ਕਰਕੇ ਮੰਨੋ। ਪਰਮੇਸ਼ੁਰ ਨੂੰ ਸਦਾ ਆਪਣਾ ਪਿਆਰਾ ਸਮਝੋ। ਜੋ ਕੁਛ ਉਹ ਕਰੇ, ਸਮਝੋ ਕਿ ਮੇਰੇ ਹਿਤ ਲਈ, ਭਲੇ ਲਈ ਕੀਤਾ ਹੈਸੁ। ਪਰਮੇਸ਼ੁਰ ਨੂੰ ਕਦੇ ਕੋਈ ਦੋਸ਼ ਨਾ ਦਿਆ ਕਰੋ ਕਿ ਦੁਖ ਕਿਉਂ ਘੱਲਿਆ ਸੂ। (੧) ਹਉਮੈ ਹੰਕਾਰ ਨੂੰ ਛੱਡਣਾ, (੨) ਨਾਮ ਵਿਚ ਲਿਵ ਲਾਉਣਾ, ਤੇ

---

*ਅੰਤਰਸਥ।

(੩) ਭਾਣਾ ਮੰਨਣਾ; ਇਹ ਪਵਿਤ੍ਰ ਰਸਤਾ ਹੈ; ਇਨ੍ਹਾਂ ਦਾ ਪੱਕਾ ਅਭਜਾਸ ਕਰੋ ਤਾਂ ਸ਼ਾਂਤੀ ਪਾਓਗੇ ਤੇ ਮਨ ਸੁਖੀ ਹੋ ਜਾਏਗਾ।

ਉਪਦੇਸ਼ ਲੈਕੇ ਮਨਸੁਖ ਘਾਲ ਕਰਨ ਲੱਗ ਪਿਆ। ਉਹ ਸੁਲਤਾਨ ਪੁਰੇ ਰਿਹਾ। ਮਨਸੁਖ ਪੜ੍ਹਿਆ ਹੋਇਆ ਆਦਮੀ ਸੀ, ਸੋ ਉਸ ਨੇ ਗੁਰੂ ਨਾਨਕ ਸਾਹਿਬ ਜੀ ਦੇ ਉਚਾਰੇ ਸ਼ਬਦ ਲਿਖ ਲਏ। ਉਸ ਦਾ ਚਾਹਨਾ ਇਹ ਸੀ ਕਿ ਜਿਵੇਂ ਸੁਲਤਾਨ ਪੁਰ ਵਿਚ ਗੁਰੂ ਜੀ ਕੀਰਤਨ ਕਰਕੇ ਲੋਕਾਂ ਨੂੰ ਠੰਢ ਪਾਉਂਦੇ ਹਨ, ਮੈਂ ਲਾਹੌਰ ਵਿਚ ਕੀਰਤਨ ਦਾ ਸੁਖ ਮਾਣਿਆ ਕਰਸਾਂ। ਇਹ ਪਹਿਲਾ ਲਿਖਾਰੀ ਸੀ, ਜਿਸ ਨੇ ਗੁਰੂ ਕੇ ਸ਼ਬਦ ਉਤਾਰਾ ਕੀਤੇ ਸਨ।

ਕਿੰਨਾ ਚਿਰ ਸੁਲਤਾਨ ਪੁਰੇ ਸੇਵਾ ਕਰਦਾ ਰਿਹਾ। ਫੇਰ ਲਾਹੌਰ ਚਲਾ ਗਿਆ, ਉਥੇ ਬੀ ਉਹ ਕੰਮ ਕਰਦਾ ਰਿਹਾ ਜੋ ਗੁਰੂ ਜੀ ਨੇ ਕਰਨੇ ਆਖੇ ਸਨ। ਕਦੇ ਕਦੇ ਸੁਲਤਾਨ ਪੁਰ ਆ ਕੇ ਮਹੀਨਾ ਦਿਨ ਰਹਿ ਜਾਇਆ ਕਰੇ ਤੇ ਸਤਿਸੰਗ ਤੇ ਕੀਰਤਨ ਦਾ ਸੁਖ ਲਿਆ ਕਰੇ। ਲਾਹੌਰ ਜਾਏ ਤਾਂ ਆਪਣਾ ਵਿਹਾਰਕਾਰ ਬੀ ਕਰੇ, ਪਰ ਭਜਨ ਬੰਦਗੀ ਕੀਰਤਨ ਬੀ ਕਰੇ। ਸਵੇਰੇ ਤ੍ਰਿਪਹਿਰੇ ਵਜੇ ਤੋਂ ਉਠੇ ਤੇ ਭਜਨ ਵਿਚ ਬੈਠ ਜਾਵੇ। ਦਿਹਾੜੀ ਦੁਕਾਨ ਤੇ ਵਪਾਰ ਕਰੇ। ਸੰਧਜਾ ਪਈ ਤੇ ਕੀਰਤਨ ਕਰੇ ਗੁਰੂ ਨਾਨਕ ਸਾਹਿਬ ਜੀ ਦੇ ਉਚਾਰੇ ਸ਼ਬਦਾਂ ਦਾ। ਇਸ ਦਾ ਕੀਰਤਨ ਬੜਾ ਸੁਆਦਲਾ ਹੋਵੇ ਤਾਂ ਇਸ ਦੇ ਗੁਆਂਢੀ ਤੇ ਮਿੱਤਰ ਸੁਣਨ ਆ ਬੈਠਿਆ ਕਰਨ। ਜੋ ਨਾਲ ਹੋਕੇ ਗਾਉਣ ਲੱਗ ਪਏ ਤਾਂ ਲਾਹੌਰ ਵਿਚ ਇਹ ਪਹਿਲਾ ਸਤਿਸੰਗ ਗੁਰੂ ਸਾਹਬਿ ਦਾ ਆਰੰਭ ਹੋਇਆ।

ਇਹੋ ਮਨਸੁਖ ਦੱਖਣ ਵਿਚ ਸੰਗਲਾਦੀਪ ਟਾਪੂ ਗਿਆ ਸੀ ਤੇ ਓਥੇ ਇਕ ਰਾਜੇ ਨਾਲ ਇਕ ਸਾਖੀ ਹੋਈ ਸੀ ਤੇ ਮਗਰੋਂ ਓਥੇ ਗੁਰੂ ਨਾਨਕ ਦੇਵ ਜੀ ਬੀ ਗਏ ਸਨ। ਇਹ ਸਾਖੀ ਦੱਖਣ ਦੀ ਉਦਾਸੀ ਵਿਚ ਆਵੇਗੀ।

❖❖❖

ਹਾਂ ਤਾਂ ਮੇਰੇ ਵਿਚ ਸ਼ਕਤੀ ਆਉਂਦੀ ਹੈ। ਇਹ ਵੇਖਕੇ ਭਗੀਰਥ ਦਾ ਨਿਸਚਾ ਹੋਰ ਪੱਕਾ ਹੋ ਗਿਆ ਤੇ ਲੱਗਾ ਗੁਰੂ ਜੀ ਤੇ ਸੰਗਤ ਦੀ ਸੇਵਾ ਹੋਰ ਕਰਨ।

❖❖❖

## ੨੯. ਸੁਲਤਾਨ ਪੁਰ ਵਿਚ ਸਤਿਸੰਗੀ ਵਾੜੀ।

**ਵਾੜੀ** ਆਖਦੇ ਹਨ ਬਾਗ ਨੂੰ, ਜਿਥੇ ਸੁਹਣੇ ਸੁਹਣੇ ਰੂਪ ਵਾਲੇ ਸੁਹਣੀਆਂ ਖੁਸ਼ਬੋਈਆਂ ਸੁਗੰਧੀਆਂ ਵਾਲੇ ਫੁਲ ਖਿੜੇ ਹੋਏ ਹੁੰਦੇ ਹਨ। ਤਿਵੇਂ ਸਤਿਸੰਗ ਨੂੰ ਵਾੜੀ ਆਖੀਦਾ ਹੈ : ਇਸ ਵਿਚ ਭਲੇ ਭਲੇ ਮਨੁੱਖ, ਨੇਕੀ ਕਰਨ ਵਾਲੇ, ਦੂਜਿਆਂ ਨੂੰ ਸੁਖ ਦੇਣ ਵਾਲੇ ਆ ਕੱਠੇ ਹੁੰਦੇ ਹਨ। ਫੇਰ ਗੁਰੂ ਕੀ ਬਾਣੀ ਪੜ੍ਹਨ ਵਾਲੇ, ਬਾਣੀ ਦਾ ਕੀਰਤਨ ਕਰਨ ਵਾਲੇ, ਆਕੇ ਕੀਰਤਨ ਕਰਦੇ ਹਨ, ਫਿਰ ਵਾਹਿਗੁਰੂ ਦੇ ਪਿਆਰ ਵਾਲੇ ਆ ਬੈਠਦੇ ਹਨ ਤੇ ਮਾਨੋਂ ਨਾਮ ਦੀ ਸੁਗੰਧੀ ਖਿਲਾਰਦੇ ਹਨ। ਸੋ ਸੁਲਤਾਨ ਪੁਰ ਵਿਚ ਗੁਰੂ ਜੀ ਦੀ ਇਹ ਸਤਿਸੰਗ ਵਾੜੀ ਖਿੜ ਰਹੀ ਸੀ। ਆਪ ਅੰਮ੍ਰਿਤ ਵੇਲੇ ਇਕ ਪਹਿਰ ਤੇ ਸੰਝਾਂ ਪਈ ਤੇ ਇਕ ਪਹਿਰ ਭਜਨ ਬੰਦਗੀ ਤੇ ਕੀਰਤਨ ਦਾ ਰੰਗ ਲਾ ਦੇਂਦੇ ਸਨ। ਦਿਹਾੜੀ ਆਪਣੀ ਦੁਕਾਨ ਤੇ ਕੰਮ ਕਰਦੇ ਸਨ; ਓਹ ਚਾਹੇ ਵਪਾਰ ਹੁੰਦਾ ਸੀ, ਸੁਹਣੀ ਤਰ੍ਹਾਂ ਕਰਦੇ ਸਨ, ਪਰ ਮਨ ਅੰਦਰੋਂ ਵਾਹਿਗੁਰੂ ਜੀ ਨਾਲ ਲਗਾ ਰਹਿੰਦਾ ਸੀ। ਕੋਈ ਕੋਈ ਸਾਖੀ ਤਦੋਂ ਦੀ ਟੁਰੀ ਆਉਂਦੀ ਹੈ। ਦੁਕਾਨ ਤੇ ਮਾਲ ਤੋਲਣ ਵਾਸਤੇ ਤੋਲਾ ਨੌਕਰ ਹੁੰਦਾ ਸੀ, ਪਰ ਜੇ ਕਿਸੇ ਵੇਲੇ ਨਾ ਹੋਵੇ ਤੋਲਾ ਤਾਂ ਆਪ ਬੀ ਤੋਲਣ ਬਹਿ ਜਾਂਦੇ ਸਨ। ਕਈ ਵੇਰੀ ਆਪ ਤੋਲਦਿਆਂ ਇਸ ਤਰ੍ਹਾਂ ਹੋਇਆ ਕਿ ਬਾਰਾਂ ਵੇਰ ਤਾਂ ਤੋਲੀ ਗਏ ਹਨ। ਇਕ ਇਕ ਛਾਬਾ ਤੋਲ ਕੇ ਪਾਈ ਗਏ ਹਨ ਤੇ ਗਿਣੀ ਗਏ ਹਨ, ੧,੨,੩,੪,੫,੬,੭,੮,੯,੧੦,੧੧,੧੨, ਹੁਣ ਜਦ ਤੇਰ੍ਹਵਾਂ ਛਾਬਾ ਆਇਆ ਤੇ ਆਖਿਆ 'ਤੇਰਾਂ' ਤਾਂ ਚਿਹਰਾ ਬਦਲ ਗਿਆ, ਨੈਣ ਮੁੰਦ

ਹੋ ਗਏ, ਤੇ ਮੂੰਹੋਂ 'ਤੇਰਾਂ' ਨਹੀਂ ਪਰ 'ਤੇਰਾ' ਨਿਕਲਿਆ ਤੇ 'ਤੇਰਾ' 'ਤੇਰਾ' ਦੀ ਧੁਨਿ ਲਗ ਗਈ ਹੈ। 'ਤੇਰਾ' 'ਤੇਰਾ' ਕਈ ਜਾਂਦੇ ਹਨ ਤੇ ਤੱਕੜੀ ਧਰਤੀ ਤੇ ਟਿਕ ਗਈ ਹੈ, ਆਪ ਅਹਿੱਲ ਅਡੋਲ ਪਟੜੀ ਤੇ ਬੈਠੇ ਟਿਕ ਗਏ ਹਨ। ਤੁਸੀਂ ਪੁਛੋਗੇ ਕਿ ਇਹ ਕੀਹ ਹੋਇਆ? ਤਦ ਧਿਆਨ ਦੇ ਕੇ ਸਮਝ ਲਓ। ਤੇਰਾਂ ਦਾ ਅਰਥ ਹੈ:-ਮੈਂ ਤੇਰਾ ਹਾਂ। ਗੁਰੂ ਨਾਨਕ ਦੇਵ ਜੀ ਦਾ ਮਨ ਅੰਦਰੋਂ ਆਪਣੇ ਪਿਆਰੇ ਵਾਹਿਗੁਰੂ ਵਲ ਝੁਕਿਆ ਰਹਿੰਦਾ ਸੀ, 'ਤੇਰਾ' ਕਹਿੰਦਿਆਂ, ਅੰਦਰ ਵੱਸਦੇ ਦਿੱਸਦੇ ਰੱਬ ਜੀ ਵਲ, ਜੋ ਰੁਖ ਬੱਝਾ ਰਹਿੰਦਾ ਸੀ, ਉਹ ਬੋਲ ਉਠਿਆ 'ਤੇਰਾ'; ਭਈ ਹੇ ਮੇਰੇ ਮਨ ਵਿਚ ਵੱਸ ਰਹੇ ਵਾਹਿਗੁਰੂ ਜੀ! ਮੈਂ ਤੇਰਾ ਹਾਂ। ਇਕ ਵੇਰ ਕਹਿੰਦਿਆਂ ਸੁਆਦ ਬਣ ਗਿਆ ਤੇ ਆਪ ਉਸੇ ਸੁਆਦ ਵਿਚ ਮਗਨ ਹੋ ਗਏ। ਤੇਰਾ ਤੇਰਾ ਕਹੀ ਗਏ ਤੇ ਸੁਆਦ ਵਿਚ ਲਗੇ ਰਹੇ। ਤੱਕੜੀ ਜ਼ਿਮੀਂ ਤੇ ਢੈ ਪਈ ਤੇ ਜੀਕੂੰ ਆਖਦੇ ਹਨ ਜੋਗੀ ਸਮਾਧੀ ਵਿਚ ਹੋ ਜਾਂਦਾ ਹੈ ਤਿਵੇਂ ਆਪ ਜੀ ਆਪਣੇ ਪਰਮੇਸ਼ਰ ਜੀ ਦੇ ਧਿਆਨ ਵਿਚ ਜੁੜ ਗਏ, ਮਗਨ ਹੋ ਗਏ। ਜਿਵੇਂ ਕੋਈ ਬਾਲ ਮਾਂ ਨੂੰ ਬਾਹਰੋਂ ਆਏ ਵੇਖਕੇ ਮਾਂ ਨੂੰ ਜੱਫੀ ਮਾਰਕੇ ਉਸ ਜਫੀ ਦੇ ਸੁਆਦ ਵਿਚ ਚੰਬੜਿਆ ਰਹਿ ਜਾਂਦਾ ਹੈ, ਕਿੰਨਾ ਚਿਰ ਮਾਂ ਨੂੰ ਛੱਡਦਾ ਹੀ ਨਹੀਂ।

ਇਸ ਤਰ੍ਹਾਂ ਦੇ ਕਈ ਕੌਤਕ ਵਰਤਦੇ। ਸ਼ਹਿਰ ਦੇ ਕਈ ਲੋਕੀ ਤੇ ਬਾਹਰ ਦੇ ਕਈ ਲੋਕੀ ਗੁਰੂ ਜੀ ਤੋਂ ਸਿੱਖ ਮਤ ਲੈ ਕੇ ਪ੍ਰੇਮੀ ਹੋ ਗਏ ਸਨ। ਜੀਕੂੰ ਸਾਡੇ ਸੁਹਣੇ ਸ਼ਿਰੋਮਣੀ ਕਵੀ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :-

ਸੁਲਤਾਨ ਪੁਰੇ ਮਹਿ ਕੇਤਿਕ ਮਾਨਵ ਗਜਾਨ ਸੰਪੰਨ
ਭਏ ਸੁਖ ਪਾਈ। ਨੁਤ ਨਿੰਦ ਤਜੀ ਸਮਤਾ ਸਰਜੀ
ਲਰਜੀ ਅਵਿਵੇਕ ਕੀ ਫੌਜ ਭਜਾਈ।

ਅਰਥ-ਸੁਲਤਾਨ ਪੁਰੇ ਵਿਚ ਕਈ ਮਨੁੱਖ ਗਜਾਨਵਾਨ ਹੋ ਗਏ ਤੇ ਸੁਖ ਪਾਇਆ। ਉਹਨਾਂ ਨੇ ਉਸਤਤ ਨਿੰਦਿਆ ਛਡ ਦਿੱਤੀ

ਤੇ ਸਮਤਾ ਉਤੇ ਟਿਕ ਗਏ, ਅਗਜਾਨ ਦੀ ਫੌਜ ਮਾਰਕੇ ਭਜਾ ਦਿੱਤੀ। ਫੇਰ ਲਿਖਦੇ ਹਨ :-

ਖਗ ਸੰਤ ਸਦਾ ਤਿਹ ਸੇਵਤਿ ਹੈਂ ਪੁਨ ਦੇਵਤ ਔਰਨ ਕੋ ਉਪਕਾਰ॥

ਅਰਥ-ਸੰਤਾਂ ਰੂਪੀ ਪੰਛੀ ਉਹਨਾਂ ਦੀ ਸੇਵਾ ਕਰਦੇ ਤੇ ਫਿਰ ਆਪ ਹੋਰਨਾਂ ਨੂੰ ਉਪਕਾਰ ਬਖਸ਼ਦੇ ਹਨ।

ਜੇ ਤਾਂ ਗੁਰੂ ਜੀ ਇਕ ਸੰਤ ਵਾਂਙੂ ਕੰਮ ਕਰਨਾ ਹੁੰਦਾ ਤਾਂ ਆਪ ਜੀ ਨੇ ਦੁਨੀਆਂ ਦੇ ਕੰਮ ਕਰਦਿਆਂ ਫੇਰ ਸਤਿਸੰਗ ਦਾ ਕੰਮ ਟੋਰਦਿਆਂ ਇਹ ਜੋ ਕੁਛ ਬਣਾਇਆ ਸੀ ਕਾਫੀ ਸੀ। 'ਕਾਫੀ ਸੀ' ਕਹੀਦਾ ਹੈ ਕਿ ਹੋਰ ਕੁਛ ਸੋਚਣ ਯਾ ਕਰਨ ਦੀ ਲੋੜ ਬਾਕੀ ਨਹੀਂ ਸੀ। ਕਿਉਂਕਿ ਆਪ ਨੇ ਕਰਕੇ ਦਿਖਾ ਦਿੱਤਾ ਸੀ ਕਿ ਜੋਗੀਆਂ ਵਾਂਙੂ ਘਰ ਬਾਰ ਛੱਡਕੇ ਬਨਾਂ ਨੂੰ ਜਾਣ ਦੀ ਲੋੜ ਨਹੀਂ। ਟੱਬਰਾਂ ਦੇ ਵਿਚ ਵਸਦਿਆਂ, ਕਾਰ (ਕੰਮ) ਵਿਹਾਰ ਕਰਦਿਆਂ ਆਦਮੀ ਨੇਕ, ਸਰਬੱਤ ਦਾ ਭਲਾ ਕਰਨ ਵਾਲਾ ਤੇ ਅੰਦਰੋਂ ਵਾਹਿਗੁਰੂ ਜੀ ਨਾਲ ਪਜਾਰ ਕਰਦਾ ਸੁਹਣਾ ਮਨੁੱਖ ਬਣ ਸਕਦਾ ਹੈ, ਜਿਸ ਨੂੰ ਗੁਰੂ ਜੀ 'ਗੁਰਮੁਖ' ਆਖਦੇ ਸਨ। ਪਰ ਗੁਰੂ ਜੀ ਦਾ ਚਿਤ ਸੀ ਸਾਰੇ ਹਿੰਦ ਵਿਚ ਤੇ ਹਿੰਦ ਤੋਂ ਬਾਹਰ ਫਿਰਨ ਦਾ ਤੇ ਇਹ ਸੁਹਣੀ ਜਾਚ ਸਾਰੇ ਜਗਤ ਨੂੰ ਸਿਖਾਲਣ ਦਾ। ਇਸ ਕਰਕੇ ਆਪ ਜੀ ਕਈ ਵੇਰ ਸੋਚਦੇ ਕਿ ਮੈਂ ਕਿਸ ਕੰਮ ਲਈ ਆਇਆ ਹਾਂ ਤੇ ਰੱਬ ਜੀ ਨੇ ਘੱਲਿਆ ਹੈ ਉਸਦਾ ਡੰਕਾ ਵਜਾ ਦਿਆਂ ਸਾਰੀ ਦੁਨੀਆਂ ਵਿਚ, ਤਾਂ ਜੋ ਜਗਤ ਦਾ ਭਲਾ ਹੋਵੇ। ਜਗਤ ਦੇ ਆਮ ਲੋਕੀ ਆਪਣੇ ਲਾਲਚ ਵਿਚ, ਆਪਣੇ ਸੁਆਰਥ ਵਿਚ ਇਕ ਤਰ੍ਹਾਂ ਲੋਭ ਦੀ ਅੱਗ ਵਿਚ ਸੜ ਰਹੇ ਤੇ ਹੋਰਨਾਂ ਨੂੰ ਸਾੜ ਰਹੇ ਹਨ। ਇਨ੍ਹਾਂ ਨੂੰ 'ਸਰਬੱਤ ਦਾ ਭਲਾ' ਸਿਖਾਵਾਂ ਤੇ ਇਹ ਅੱਗ ਬੁਝੇ। ਪਰ ਸਰਬੱਤ ਦਾ ਭਲਾ ਤਾਂ ਸਿੱਖਿਆ ਜਾ ਸਕਦਾ ਹੈ ਜੇ ਅੰਦਰ ਬੈਠੇ ਬਾਬਲ ਨਾਲ ਪਿਆਰ ਪਵੇ। ਸੋ ਆਪ ਜੀ ਹੁਣ ਜਗਤ ਜਲੰਦੇ ਵਿਚ ਠੰਢਾਂ ਵਰਤਾਉਣ ਤੇ ਸੀਤਲ ਪੰਥ ਟੋਰਨ ਦੇ ਵਿਚਾਰਾਂ ਵਿਚ ਪੈ ਜਾਂਦੇ ਸਨ ਤੇ ਵਾਹਿਗੁਰੂ ਜੀ ਵਲੋਂ ਹੁਕਮ ਨੂੰ ਉਡੀਕਦੇ ਸਨ।

❖❖❖

# ੩੦. ਗੁਰੂ ਜੀ ਦਾ ਗੁੰਮ ਹੋ ਜਾਣਾ।

ਸ੍ਰੀ ਗੁਰੂ ਨਾਨਕ ਦੇਵ ਜੀ ਹੁਣ ਸੁਲਤਾਨ ਪੁਰੇ ਸਨ। ਇਹ ਨਗਰ ਬਜਾਸਾ ਨਦੀ ਤੋਂ ਪਾਰ ਸੀ ਤੇ ਤਦੋਂ ਪੰਜਾਬ ਦੀ ਮਾਨੋਂ ਰਾਜਧਾਨੀ ਸੀ। ਸ੍ਰੀ ਗੁਰੂ ਜੀ ਤਦੋਂ ਏਥੇ ਨਵਾਬ ਦੌਲਤ ਖਾਂ ਲੋਧੀ ਦੇ ਮੋਦੀ ਦਾ ਕੰਮ ਕਰਦੇ ਸਨ ਤੇ ਨਾਲੇ ਸਤਿਸੰਗ ਦੀ ਰੌਣਕ ਲਾਈ ਹੋਈ ਸੀ। ਕੁਛ ਸਾਖੀਆਂ ਸੁਲਤਾਨਪੁਰ ਦੀਆਂ ਪਿਛੇ ਆ ਚੁਕੀਆਂ ਹਨ। ਲਓ ਹੁਣ ਹੋਰ ਸੁਣੋ :-

ਸੁਲਤਾਨਪੁਰ ਦੇ ਲਾਗੇ ਇਕ ਨਦੀ; ਨਿੱਕੀ ਜਿਹੀ ਨਦੀ ਵਗਦੀ ਹੈ, ਜਿਸ ਦਾ ਨਾਉਂ ਹੈ 'ਵੇਈਂ'। ਅਕਸਰ ਅੰਮ੍ਰਿਤ ਵੇਲੇ ਗੁਰੂ ਮਹਾਰਾਜ ਜੀ ਇਸ ਨਦੀ ਦੇ ਕਿਨਾਰੇ ਚਲੇ ਜਾਂਦੇ, ਸ਼ਹਿਰੋਂ ਕੁਛ ਦੂਰ। ਇਸ਼ਨਾਨ ਕਰਕੇ ਇਸ ਦੇ ਕੰਢੇ ਉਤੇ ਸੁਹਣੀ ਥਾਂਵੇਂ ਬੈਠ ਜਾਂਦੇ, ਨੈਣ ਮੀਟਦੇ ਤੇ ਧਿਆਨ ਵਿਚ ਪੂਜਾ ਕਰਦੇ ਆਪਣੇ ਵਾਹਿਗੁਰੂ ਜੀ ਦੀ।

ਇਕ ਦਿਨ ਪਹਿਰ ਰਾਤ ਰਹਿੰਦੀ ਉਠਕੇ ਆਪ ਜੀ ਵੇਈਂ ਨਦੀ ਨੂੰ ਗਏ। ਕਿਨਾਰੇ ਅੱਪੜ ਕੇ ਕਪੜੇ ਉਤਾਰੇ ਤੇ ਨਾਲ ਦੇ ਸੇਵਕ ਨੂੰ ਦਿੱਤੇ। ਆਪ ਨਦੀ ਵਿਚ ਨ੍ਹਾਉਣ ਲਈ ਵੜੇ। ਥੋੜ੍ਹਾ ਚਿਰ ਦਾਸ ਨੂੰ ਵੇਈਂ ਵਿਚ ਨ੍ਹਾਉਂਦੇ ਤੇ ਤਰਦੇ ਦਿੱਸੇ, ਪਰ ਫੇਰ ਨਜ਼ਰੋਂ ਦਿੱਸਣੋਂ ਰਹਿ ਗਏ। ਉਹ ਆਦਮੀ ਸੂਰਜ ਚੜ੍ਹੇ ਤੱਕ ਬੈਠਾ ਰਿਹਾ, ਅੰਤ ਨਿਰਾਸੀ ਹੋਕੇ ਮੁੜ ਆਇਆ ਤੇ ਦੌਲਤ ਖਾਨ ਨੂੰ ਖ਼ਬਰ ਕੀਤੀਓਸ ਕਿ ਮੋਦੀ ਜੀ ਤਾਂ ਰੁੜ ਗਏ ਹਨ। ਓਧਰੋਂ ਘਰਦਿਆਂ ਨੂੰ ਖ਼ਬਰ ਹੋਈ, ਸਾਰੇ ਵੇਈਂ ਤੇ ਆਏ। ਇੰਨੇ ਨੂੰ ਨਵਾਬ ਬੀ ਘੋੜੇ ਤੇ ਚੜ੍ਹਕੇ ਆਇਆ। ਮਲਾਹ ਬੁਲਾਏ ਗਏ, ਨਦੀ ਵਿਚ ਬੜੀ ਟੋਲ ਕੀਤੀ ਤੇ ਚਾਰ ਪੰਜ ਕੋਹ ਹੇਠ ਤਕ ਗਏ, ਪਰ ਕੁਛ ਪਤਾ ਨਾ ਲਗਾ। ਛੇਕੜ ਇਹ ਸਮਝਕੇ ਕਿ ਨਦੀ ਵਿਚ ਡੁੱਬ ਤੇ ਰੁੜ ਗਏ ਹਨ, ਸਾਰੇ ਦਿਲਗੀਰ ਹੋਕੇ ਘਰੀਂ ਆ ਗਏ।

ਜੈ ਰਾਮ ਜੀ ਲੱਗੇ ਤਲਵੰਡੀ ਖਬਰਾਂ ਘੱਲਣ; ਪਰ ਬੇਬੇ ਨਾਨਕੀ ਨੇ ਹੋੜਿਆ ਤੇ ਆਖਿਆ: ਮੇਰਾ ਵੀਰ ਰੱਬੀ ਨੂਰ ਹੈ, ਉਸ ਨੂੰ ਕਿਹੜੀ ਨਦੀ ਕਿ ਦਰਿਯਾ ਡੋਬਣ ਵਾਲਾ ਹੈ? ਜਿਸਦੇ ਚਾਨਣ ਸਭ ਨੂੰ ਚਾਨਣਾ ਹੁੰਦਾ ਹੈ, ਉਸਨੂੰ ਕੌਣ ਹਨੇਰੇ ਵਿਚ ਪਾ ਸਕਦਾ ਹੈ? ਇਹ ਕੋਈ ਕੌਤਕ ਹੈ ਤੇ ਪਿਛਲਿਆਂ ਤੋਂ ਵਡਾ ਕੌਤਕ ਹੈ, ਉਡੀਕ ਕਰੋ ਤੇ ਵੇਖੋ ਕੀ ਖੇੜਾ ਖਿੜਦਾ ਹੈ। ਗੱਲ ਕੀ ਸਾਰੇ ਹੀ "ਡੁੱਬ ਜਾਣ" ਵਾਲੇ ਖਿਆਲ ਵਿਚ ਪੈ ਜਾਂਦੇ ਸਨ ਕਿ ਹੁਣ ਕੋਈ ਆਸ ਨਹੀਂ, ਜ਼ਰੂਰ ਡੁੱਬ ਗਏ ਹਨ; ਪਰ ਇਕ ਬੇਬੇ ਦਾ ਨਿਸਚਾ ਨਹੀਂ ਸੀ ਹਿੱਲਦਾ, ਉਸ ਨੂੰ ਕੋਈ ਯਕੀਨ ਨਹੀਂ ਸੀ ਕਰਾ ਸਕਦਾ ਕਿ ਤਾਰਨਹਾਰ ਗੁਰੂ ਜੀ ਡੁੱਬ ਗਏ ਹਨ[੧]।

ਮਰਦਾਨਾ ਆਪਣੇ ਪਿਆਰੇ ਸੁਆਮੀ ਦੇ ਪ੍ਰੇਮ ਵਿਚ ਵੇਈਂ ਦੇ ਕਿਨਾਰੇ ਕਿਨਾਰੇ ਘੁੰਮਦਾ ਕੀਰਤਨ ਕਰਦਾ ਤੇ ਬਿਰਹੋਂ ਦੇ ਸ਼ਬਦ ਗਾਉਂਦਾ ਫਿਰਦਾ ਸੀ, ਸਤਿਸੰਗੀ ਪ੍ਰੇਮੀ ਬਨਾਂ ਵਿਚ ਉਦਾਸ ਫਿਰਦੇ ਬਾਣੀ ਗਾਉਂਦੇ ਸੇ। ਤ੍ਰੈ ਦਿਨ ਇਸ ਤਰ੍ਹਾਂ ਬੀਤ ਗਏ, ਪਰ ਕੋਈ ਸੂੰਹ ਨਾ ਪਈ ਕਿ ਸੁਹਣੇ ਸਤਿਗੁਰੂ ਜੀ ਨ੍ਹਾਉਂਦੇ ਨ੍ਹਾਉਂਦੇ ਕਿਧਰ ਚਲੇ ਗਏ ਹਨ! ਇਹ ਹਰਿਯਾਨੀ ਬਹੁਤ ਹੁੰਦੀ ਸੀ ਕਿ ਆਪ ਜੀ ਤਰਨ ਜਾਣਦੇ ਸਨ, ਸਗੋਂ ਡੁਬਦਿਆਂ ਨੂੰ ਤਾਰਦੇ ਸਨ, ਨਦੀ ਵੀ ਕੋਈ ਵਡੀ ਅਸਗਾਹ ਨਹੀਂ ਸੀ, ਫੇਰ ਕਿਧਰ ਲੋਪ ਹੋ ਗਏ।

ਦੁਨੀਆਂ ਦੇ ਲੋਕੀ ਨੀਵੀਆਂ ਨੀਵੀਆਂ ਗਲਾਂ ਹੀ ਜਾਣਦੇ ਤੇ ਕਰਦੇ ਹਨ, ਸੋ ਕੋਈ ਆਖਦੇ ਸਨ[੨] ਕਿ "ਨਾਨਕ ਮੋਦੀ" ਫਕੀਰਾਂ ਨੂੰ ਬਹੁਤ ਖੁਆਉਂਦਾ ਸੀ, ਸਰਕਾਰ ਦਾ ਪੈਸਾ ਅਜਾਈਂ ਗੁਆਉਂਦਾ ਸੀ, ਹੁਣ ਕਿਤੈ ਜਾਣ ਕੇ ਗੁੰਮ ਹੋ ਗਿਆ ਹੈ[੩]।

੧. ਗੁਰ: ਨਾ: ਪ੍ਰਕਾਸ਼।

੨. ਬਾ: ਵਾ: ਜਨਮਸਾਖੀ।

੩. ਪਰ ਏਸੇ ਜਨਮ ਸਾਖੀ ਵਿਚ ਲਿਖਿਆ ਹੈ ਕਿ ਜਦ ਨਵਾਬ ਨੇ ਹਿਸਾਬ ਕਰਾਇਆ ਤਾਂ ਸਤ ਸੌ ਅੱਠ ਰੁਪੈ ਗੁਰੂ ਨਾਨਕ ਦੇਵ ਜੀ ਦੇ ਨਵਾਬ ਤੋਂ ਲੈਣੇ ਨਿਕਲੇ।

# ੩੧. ਗੁਰੂ ਜੀ ਤੇ ਵਾਹਿਗੁਰੂ ਜੀ।

**ਗੁਰੂ** ਸਾਹਿਬ ਜੀ ਨਾ ਤਾਂ ਡੁਬ ਗਏ ਸਨ ਤੇ ਨਾ ਹੀ ਜਾਣ ਕੇ ਕਿਤੇ ਲੁਕ ਕੇ ਗੁੰਮ ਹੋ ਗਏ ਸਨ। ਉਹ ਵਾਹਿਗੁਰੂ ਜੀ ਪਾਸ ਗਏ ਸਨ; ਕੀਕੂੰ? ਇਹ ਨਾ ਕੋਈ ਜਾਣਦਾ ਹੈ ਤੇ ਨਾ ਹੀ ਕੋਈ ਦੱਸ ਸਕਦਾ ਹੈ; ਕਿਉਂਕਿ ਵਾਹਿਗੁਰੂ ਜੀ ਸਾਡੇ ਵਾਂਙੂ ਦੇਹ ਸਰੀਰ ਵਾਲੇ ਨਹੀਂ। ਸੋ ਉਸ ਗਲ ਨੂੰ, ਜੋ ਦੇਹੀ ਵਾਂਙੂ ਨਹੀਂ, ਸਗੋਂ ਹੋਰ ਤਰ੍ਹਾਂ ਬੜੀ ਸੂਖਮ ਹੈ, ਸਾਡੀ ਸਮਝੇ ਪੈਣ ਵਾਲੀ ਬੋਲੀ ਵਿਚ ਪੁਰਾਤਨ ਜਨਮ ਸਾਖੀ ਨੇ ਐਉਂ ਲਿਖੀ ਹੈ, ਜਿਸਨੂੰ ਵਾਚਕੇ ਸਾਡੀ ਸਮਝੇ ਗੱਲ ਕੁਝ ਪੈ ਜਾਂਦੀ ਹੈ।ਓਥੇ ਲਿਖਿਆ ਹੈ ਕਿ ਕੋਈ ਨੂਰ ਦੇ ਕਹੋ, ਯਾ ਚਾਨਣੇ ਦੇ ਕਹੋ, ਕੋਈ ਓਸ ਦੇਸ ਦੇ ਸੁਹਣੇ ਸੁਹਣੇ ਆਏ ਦੇਵਤੇ ਕਹੋ, ਫਰਿਸ਼ਤੇ ਕਹੋ! ਪਰਮੇਸ਼ੁਰ ਜੀ ਦੇ ਦਾਸ ਆਏ[੧] ਤੇ ਗੁਰੂ ਜੀ ਨੂੰ ਵਾਹਿਗੁਰੂ ਜੀ ਪਾਸ ਲੈ ਗਏ।

ਓਥੇ ਜਾਕੇ ਆਪ ਜੀ ਵਾਹਿਗੁਰੂ ਜੀ ਦੇ ਅਦਬ ਤੇ ਪਿਆਰ ਵਿਚ ਪੈਰੀਂ ਪਏ, ਤੇ ਫਿਰ ਅਦਬ ਨਾਲ ਹਥ ਜੋੜਕੇ ਖੜੇ ਹੋ ਗਏ। ਤਾਂ ਲਿਖਿਆ ਹੈ ਕਿ ਅੰਮ੍ਰਿਤ ਕਾ ਕਟੋਰਾ ਭਰ ਕਰ ਆਗਿਆ ਨਾਲ ਮਿਲਿਆ, ਅਰਥਾਤ ਵਾਹਿਗੁਰੂ ਜੀ ਦੀ ਆਗਿਆ ਨਾਲ। ਤਾਂ ਹੁਕਮ ਹੋਇਆ, "ਨਾਨਕ ਇਹੁ ਅੰਮ੍ਰਿਤ ਮੇਰੇ ਨਾਮ ਕਾ ਪਿਆਲਾ ਹੈ, ਤੂੰ ਪੀਉ" ਤਬ ਗੁਰੂ ਨਾਨਕ ਤਸਲੀਮ ਕੀਤੀ, ਪਿਆਲਾ ਪੀਤਾ। ਸਾਹਿਬ ਮਿਹਰਵਾਨ ਹੋਇਆ[੨] :-'ਨਾਨਕ ਮੈਂ ਤੇਰੇ ਨਾਲ ਹਾਂ, ਮੈਂ ਤੇਰੇ ਤਾਈਂ ਨਿਹਾਲ ਕੀਆ ਅਰ ਜੋ ਤੇਰਾ ਨਾਉਂ ਲੇਵੇਗਾ ਸੋ ਸਭ ਮੈਂ ਨਿਹਾਲ

---

੧. ਪੁ: ਜਨਮ ਸਾਖੀ ਵਿਚ ਲਿਖਿਆ ਹੈ ਕਿ "ਆਗਿਆ ਪਰਮੇਸ਼ੁਰ ਕੀ ਨਾਲ ਸੇਵਕ ਲੈ ਗਏ ਦਰਗਾਹ ਪਰਮੇਸ਼ੁਰ ਕੀ।"

੨. ਏਹ ਸਾਰੇ ਵਾਕ ਪੁਰਾਤਨ ਜਨਮ ਸਾਖੀ ਦੇ ਹਨ।

ਕੀਤੇ ਹੈਨ। ਤੂੰ ਜਾਇ ਕਰ ਮੇਰਾ ਨਾਮ ਜਪਿ ਅਰ ਲੋਕਾਂ ਥੀਂ ਭੀ ਜਪਾਇ ਅਰੁ ਸੰਸਾਰ ਥੀਂ ਨਿਰਲੇਪ ਰਹੁ, ਨਾਮ, ਦਾਨ, ਇਸ਼ਨਾਨ, ਸੇਵਾ ਸਿਮਰਨ ਵਿਚ ਰਹੁ। ਮੈਂ ਤੇਰੇ ਤਾਈਂ ਆਪਣਾ ਨਾਮ ਦੀਆ ਹੈ ਤੂੰ ਏਹਾ ਕਿਰਤ ਕਰ[1]।"

ਤਬ ਹੁਕਮ ਆਇਆ, ਆਗਿਆ ਹੋਈ: "ਨਾਨਕ ਮੇਰੇ ਨਾਮ ਦੀ ਵਡਿਆਈ ਕੈਸੀ ਹੈ?"

ਤਦ ਗੁਰੂ ਜੀ ਨੇ ਮੱਥਾ ਟੇਕਿਆ ਤੇ ਖੜੇ ਹੋ ਕੇ ਇਹ ਸਿਫਤ[2] ਮਹਾਰਾਜ ਦੀ ਗਾਵੀਂ :-

**"ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ॥**
**ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥**
**ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੧॥**
**ਸਾਚਾ ਨਿਰੰਕਾਰੁ ਨਿਜ ਥਾਇ॥**
**ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ॥੧॥ਰਹਾਉ॥**
**ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ॥**
**ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ॥**
**ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੨॥**
**ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ॥**
**ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ॥**
**ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੩॥**
**ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥**
**ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ॥**
**ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੪॥੨॥"**

---

੧. ਪੁਰਾਤਨ ਜਨਮ ਸਾਖੀ।

੨. ਸਿਰੀ ਰਾਗ ਮਹਲਾ ੧॥

ਅਰਥ*-੪. (ਉਹ) ਆਪਣੇ ਸਰੂਪ ਵਿਚ (ਇਸਥਿਤ) ਹੈ (ਸਰੂਪ ਉਸ ਦਾ) ਸੱਚ ਹੈ (ਪਰ ਇਹ ਸਰੂਪ) ਨਿਰਾਕਾਰ ਹੈ (ਆਕਾਰ ਵਾਲਾ ਨਹੀਂ)।

(ਪ੍ਰਸ਼ਨ :-ਨਿਰ ਆਕਾਰ ਨੂੰ ਜਾਣਨਾ ਜਾਚਣਾ ਹੋ ਨਹੀਂ ਸਕਦਾ, ਤੁਸਾਂ ਨੇ ਕਿਹਾ ਸੀ 'ਉਸ ਦਾ ਨਾਮ ਨਾ ਭੁੱਲੇਂ' ਕੀ ਉਸ ਨਾਲ ਉਸ ਦੀ ਕੀਮਤ ਕੂਤ ਜਾਚੀ ਜਾ ਸਕੇਗੀ?

੫. (ਉੱਤਰ :-ਪਾਰ ਗਿਰਾਮੀ ਪੁਰਖਾਂ ਤੋਂ ਯਾ ਉਹਨਾਂ ਦੀਆਂ ਲਿਖਤਾਂ ਤੋਂ ਉਸ ਦਾ) ਨਾਮ ਸੁਣ ਸੁਣ ਕੇ ਆਖੀਦਾ ਹੈ (ਸਿਮਰੀਦਾ ਹੈ ਤਾਂ ਜੋ ਜੇ ਉਸ ਨੂੰ) ਭਾ ਜਾਵੇ ਤਾਂ (ਆਪਣੇ ਸਰੂਪ ਵਿਚ ਸਾਡੀ) ਸਮਾਈ ਕਰ ਲਵੇ। (ਜੇ ਚਾਹੋ ਕਿ ਉਸ ਦੀ ਕੀਮਤ ਪਾ ਲਈਏ ਤਾਂ ਕਿਵੇਂ ਬੀ ਨਹੀਂ ਪੈ ਸਕਦੀ)।

(ਪ੍ਰਸ਼ਨ :-ਭਲਾ ਜੇ ਏਕਾਂਤ ਗੁਫਾ ਵਾਸੀ ਹੋ ਕੇ ਤਪ ਕਰੀਏ ਤਾਂ ਕੀ ਅੰਤ ਪਾ ਸਕਾਂਗੇ?)

੧. (ਉੱਤਰ :-ਭਾਵੇਂ) ਕ੍ਰੋੜਾਂ ਹੀ ਕ੍ਰੋੜਾਂ (ਵਰ੍ਹਿਆਂ ਦੀ) ਮੇਰੀ ਉਮਰਾ ਹੋ ਜਾਵੇ, ਖਾਣਾ ਪੀਣਾ (ਮੇਰਾ) ਪਉਣ ਦਾ ਹੋ ਜਾਵੇ, ੨. (ਐਸੀ) ਗੁਫਾ ਵਿਚ (ਬੈਠਾਂ ਕਿ) ਚੰਦ ਸੂਰਜ ਜਿਥੇ ਨਜ਼ਰੇ ਹੀ ਨਾ ਪੈਣ, (ਤੇ ਨੀਂਦ ਵਲੋਂ ਐਸਾ ਨਿਰ ਆਲਸ ਹੋਵਾਂ ਕਿ ਗੁਫਾ ਵਿਚ ਸੌਣ ਦਾ ਥਾਂ ਤਾਂ ਕੀ ਹੋਣਾ ਹੈ ਮੈਨੂੰ) ਸੌਣ ਜੋਗੀ ਥਾਂ ਸੁਪਨੇ ਵਿਚ ਬੀ ਨਾ ਹੱਥ ਆਵੇ: ੩. (ਫਿਰ) ਭੀ (ਹੇ ਨਿਰੰਕਾਰ) ਤੇਰੀ ਕੀਮਤ ਨਹੀਂ ਪੈ ਸਕਦੀ (ਪਰ ਮੈਂ) ਨਾਮ ਨੂੰ ਕਿਡਾ ਕੁ ਵਡਾ ਆਖਾਂ (ਜੋ ਸਰੂਪ ਵਿਚ ਸਮਾਈ ਦੇ ਦੇਂਦਾ ਹੈ)।

(ਪ੍ਰਸ਼ਨ :-ਭਲਾ ਜੇ ਆਪਣਾ ਸਰੀਰ ਵਾਰਨੇ ਕਰ ਦੇਈਏ ਤਾਂ?)

੬. (ਉੱਤਰ:-ਆਪਾ ਐਨਾਂ ਵਾਰਾਂ ਕਿ) ਕੋਹਿਆ ਜਾਵਾਂ (ਕੁਹੀਜ ਕੇ ਫਿਰ ਕੀਮੇ ਵਾਂਗੂ) ਵਾਰ ਵਾਰ ਕਟਿਆ ਜਾਵਾਂ (ਫਿਰ)

---

*ਅਰਥ ਰਹਾਉ ਤੋਂ ਟੁਰੇਗਾ ਤੇ ਕ੍ਰਮ ਵਾਰ ਤੁਕਾਂ ਦਾ ਅਰਥ ਐਉਂ ਲਗੇਗਾ : ੪,੫,੧,੨,੩,੬, ਤੋਂ ਅਗੇ ਅੰਤ ਤੱਕ।

ਚੱਕੀ (ਵਿਚ ਪਾਕੇ) ਪੀਸਿਆ ਜਾਵਾਂ ੭. (ਫਿਰ) ਅੱਗ ਨਾਲ ਸਾੜਿਆ ਜਾਵਾਂ, ਸੁਆਹ ਵਿਚ ਰਲ ਜਾਵਾਂ। ੮. ਤਦ ਬੀ ਤੇਰੀ ਕੀਮਤ ਨਹੀਂ ਪੈ ਸਕਦੀ, (ਪਰ) ਨਾਮ ਨੂੰ ਮੈਂ ਕਿਡਾ ਕੁ ਵਡਾ ਆਖਾਂ (ਜੋ ਸਰੂਪ ਵਿਚ ਸਮਾਈ ਦੇ ਦੇਂਦਾ ਹੈ)।

੯. ੧੦. ੧੧. ਜੇ ਮੈਂ ਪੰਛੀ ਹੋਕੇ (ਅਸਮਾਨ ਵਿਚ) ਉਡ ਪਵਾਂ (ਤੇ ਇੰਨੀ ਦੂਰ ਚਲਾ ਜਾਵਾਂ ਕਿ) ਕਿਸੇ ਨੂੰ ਦਿੱਸਾਂ ਹੀ ਨਾਂ (ਤੇ) ਖਾਂਵਾਂ ਪੀਵਾਂ ਬੀ ਕੁਛ ਨਾ (ਜੇ ਹੇਠਾਂ ਨਾ ਉਤਰਨਾ ਪਵੇ, ਸਗੋਂ ਅੱਗੇ ਹੀ ਅੱਗੇ) ਸੈਂਕੜੇ ਅਸਮਾਨਾਂ ਵਿਚ (ਉਡਦਾ ਚਲਾ) ਜਾਵਾਂ, ਫਿਰ ਬੀ ਤੇਰੀ ਕੀਮਤੀ ਨਹੀਂ ਪੈ ਸਕਦੀ...(ਪਰ) ਨਾਮ ਨੂੰ ਮੈਂ ਕਿਡਾ ਕੁ ਵਡਾ ਆਖਾਂ (ਜੋ ਸਰੂਪ ਵਿਚ ਸਮਾਈ ਦੇ ਦੇਂਦਾ ਹੈ)।

੧੨. ੧੩. ੧੪. ਹੇ ਨਾਨਕ! (ਜੇ ਲਿਖੇ ਹੋਏ) ਕਾਗਜ਼ਾਂ ਦੇ ਲਖਾਂ ਮਣ (ਕੱਠੇ ਹੋ ਜਾਣ, ਉਸਤਾਦਾਂ ਤੋਂ) ਪੜ੍ਹ ਪੜ੍ਹ ਕੇ (ਉਨ੍ਹਾਂ ਦੇ) ਤੱਤ ਕੱਢ ਲਈਏ (ਫੇਰ ਅਗੋਂ ਆਪ ਲਿਖੀਏ, ਇਸ ਤਰ੍ਹਾਂ ਕਿ) ਕਲਮ (ਤਾਂ ਸਾਡੀ) ਪੌਣ ਵਾਂਗੂੰ ਤ੍ਰਿਖੀ ਚੱਲੇ ਤੇ ਸ਼ਾਹੀ ਕਦੇ ਮੁੱਕੇ ਹੀ ਨਾ, ਫੇਰ ਬੀ (ਹੇ ਵਾਹਿਗੁਰੂ!) ਤੇਰੀ ਕੀਮਤ ਨਹੀਂ ਪੈ ਸਕਦੀ। ਮੈਂ ਨਾਮ ਨੂੰ ਕਿਡਾ ਕੁ ਵਡਾ ਆਖਾਂ (ਜੋ ਸਰੂਪ ਵਿਚ ਸਮਾਈ ਦੇ ਦੇਂਦਾ ਹੈ)।

ਤਬਿ ਫਿਰਿ ਆਗਿਆ ਆਈ ਹੁਕਮ ਹੋਆ "ਨਾਨਕ ਜਿਸ ਉਪਰਿ ਤੇਰਾ ਕਰਮੁ, ਤਿਸ ਉਪਰਿ ਮੇਰਾ ਕਰਮ। ਮੇਰਾ ਨਾਉ ਪਾਰਬ੍ਰਹਮ ਪਰਮੇਸ਼ੁਰ, ਤੇਰਾ ਨਾਉ ਗੁਰੂ ਪਰਮੇਸ਼ੁਰ।" (ਕਰਮ ਆਖਦੇ ਹਨ ਕਿਰਪਾ ਨੂੰ)। ਤਬਿ ਗੁਰੂ ਨਾਨਕ ਪੈਰੀ ਪਇਆ; ਸਿਰੋਪਾਉ ਦਰਗਾਹੋਂ ਬਾਬੇ ਨੂੰ ਮਿਲਿਆ।

ਤਬਿ ਆਗਿਆ ਉਨ੍ਹਾਂ ਸੇਵਕਾਂ ਨੋ ਹੋਈ ਜੋ ਨਾਨਕ ਕਉ ਉਸੀ ਘਾਟ ਪਹੁੰਚਾਇ ਆਵੋ। ਤਬਿ ਗੁਰੂ ਨਾਨਕ ਕੇ ਤਾਈਂ ਤੀਸਰੇ ਦਿਨ ਉਸੀ ਘਾਟਿ ਆਇ ਨਿਕਲਿਆ।

ਪ੍ਰਸ਼ਨ-ਭਲਾ ਜੀ, ਇਹ ਦੱਸੋ ਕਿ ਵਾਹਿਗੁਰੂ ਦੇ ਦੇਸ਼ ਔਣ ਜਾਣ ਦਾ ਤੇ ਦਰਗਾਹੇ ਵਡਿਆਈ ਮਿਲਣ ਦਾ ਹਾਲ ਗੁਰੂ ਨਾਨਕ ਸਾਹਿਬ ਜੀ ਨੇ ਆਪ ਬੀ ਕਿਧਰੇ ਦੱਸਿਆ ਹੈ? ਜੋ ਸਾਡੀ ਸਮਝੇ ਪੈ ਜਾਣ ਵਾਲਾ ਹੋਵੇ?

ਉੱਤਰ-ਹਾਂ ਜੀ, ਸ੍ਰੀ ਗੁਰੂ ਜੀ ਨੇ ਮਾਝ ਦੀ ਵਾਰ ਵਿਚ ਐਉਂ ਉਚਾਰਿਆ ਹੈ :-

**"ਹਉ ਢਾਢੀ ਵੇਕਾਰੁ ਕਾਰੈ ਲਾਇਆ॥**
**ਰਾਤਿ ਦਿਹੈ ਕੇ ਵਾਰ ਧੁਰਹੁ ਫੁਰਮਾਇਆ॥**
**ਢਾਢੀ ਸਚੈ ਮਹਲਿ ਖਸਮਿ ਬੁਲਾਇਆ॥**
**ਸਚੀ ਸਿਫਤਿ ਸਾਲਾਹ ਕਪੜਾ ਪਾਇਆ॥**
**ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥**
**ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥**
**ਢਾਢੀ ਕਰੇ ਪਸਾਉ ਸ਼ਬਦੁ ਵਜਾਇਆ॥**
**ਨਾਨਕ ਸਚੁ ਸਾਲਾਹਿ ਪੂਰਾ ਪਾਇਆ॥੨੭॥"**

ਏਸ ਦਾ ਅਰਥ ਇਹ ਹੈ ਕਿ ਮੈਂ ਇਕ ਨਿਕੰਮਾ ਜਿਹਾ ਢਾਢੀ ਸਾਂ। ਢਾਢੀ ਆਖਦੇ ਹਨ ਜੋ ਢੱਢ ਵਜਾਕੇ ਗਾਉਂਦਾ ਤੇ ਬੀਤੇ ਹਾਲ ਸੁਣਾਉਂਦਾ ਹੈ। ਢਾਢੀ ਦੀ ਜਾਤ ਨੀਵੀਂ ਗਿਣੀ ਜਾਂਦੀ ਸੀ। ਸ੍ਰੀ ਗੁਰੂ ਜੀ ਤਾਂ ਜਨਮ ਦੇ ਖੱਤ੍ਰੀ ਸਨ, ਢਾਢੀ ਤਾਂ ਨਹੀਂ ਸਨ?

ਉੱਤਰ-ਓਹ ਢਾਢੀ ਕਹਿਕੇ ਆਪਣੀ ਜਾਤ ਗੋਤ ਨਹੀਂ ਪਏ ਦੱਸਦੇ, ਉਹ ਤਾਂ ਨਿੰਮ੍ਰਤਾ ਨਾਲ ਆਪ ਨੂੰ ਢਾਢੀ ਆਖਦੇ ਹਨ। ਫੇਰ ਢਾਢੀ ਵਾਹਿਗੁਰੂ ਦਾ ਦੱਸਦੇ ਹਨ। ਸੋ ਜੋ ਵਾਹਿਗੁਰੂ ਦੇ ਜਸ ਦੇ, ਉਸਦੇ ਗੁਣਾਂ ਦੇ ਗੀਤ ਗਾਉਂਦਾ ਹੈ ਤਾਂ ਉਹ ਤਾਂ ਸਾਰੇ ਮਨੁੱਖਾਂ ਤੋਂ ਉਚਾ ਗਿਣਨਾ ਚਾਹੀਦਾ ਹੈ।

ਫੇਰ ਆਪ ਆਪਣੇ ਆਪ ਨੂੰ ਵੇਕਾਰ ਆਖਦੇ ਹਨ, ਅਰਥਾਤ ਨਿਕੰਮਾ, ਗੁਰੂ ਜੀ ਦਾ ਸੁਭਾ ਸੀ ਆਪਨੂੰ ਮਾੜਾ ਕਹਿਣ ਦਾ। ਉਸਦਾ

ਇਹ ਨਹੀਂ ਸੀ ਮਤਲਬ ਹੁੰਦਾ ਕਿ ਉਹ ਨੀਵੇਂ ਹਨ, ਪਰ ਇਹ ਕਿ ਉਨ੍ਹਾਂ ਵਿਚ ਹੰਕਾਰ ਰਤੀ ਭਰ ਨਹੀਂ ਹੈ।

ਤੀਸਰੀ ਸਤਰ ਵਿਚ ਦੱਸਦੇ ਹਨ ਕਿ ਖਸਮ ਨੇ ਮੈਨੂੰ ਸੱਚੇ ਮਹੱਲ ਵਿਚ ਸੱਦ ਘੱਲਿਆ। ਖਸਮ ਆਖਦੇ ਹਨ ਮਾਲਕ ਨੂੰ। ਸੋ ਗੁਰੂ ਜੀ ਏਥੇ ਖਸਮ ਆਪਣੇ ਮਾਲਕ ਵਾਹਿਗੁਰੂ ਜੀ ਨੂੰ ਆਖਦੇ ਹਨ ਤੇ ਸੱਚੇ ਮਹਲ ਤੋਂ ਉਨ੍ਹਾਂ ਦਾ ਮਤਲਬ ਹੈ ਸੱਚ ਖੰਡ। ਜਪੁਜੀ ਦੇ ਅਖ਼ੀਰ ਆਉਂਦਾ ਹੈ "ਸਚ ਖੰਡਿ ਵਸੈ ਨਿਰੰਕਾਰੁ" ਸੋ ਗੁਰੂ ਜੀ ਦੱਸਦੇ ਹਨ ਕਿ ਮੈਨੂੰ ਰੱਬ ਨੇ ਸੱਚ ਖੰਡ ਬੁਲਾ ਲਿਆ। ਓਥੇ ਮੈਨੂੰ ਕਪੜਾ ਦਿਤਾ, ਸਿਰੋਪਾਉ ਬਖਸ਼ਿਆ, ਉਹ ਸਿਰੋਪਾਉ ਸੂਤਰ ਕਿ ਪੱਟ ਦਾ ਨਹੀਂ ਸੀ, ਉਹ ਸਿਫਤ ਸਲਾਹ ਦਾ ਸੀ। 'ਸਿਫਤ ਸਲਾਹ' ਕਹਿੰਦੇ ਹਨ ਗੁਣ ਗਾਉਣ ਨੂੰ, ਕੀਰਤਨ ਕਰਨ ਨੂੰ। ਵਾਹਿਗੁਰੂ ਜੀ ਨੇ ਆਪਨੂੰ ਆਪਣੀ ਸਿਫਤ ਸਲਾਹ ਦੀ ਦਾਤ ਬਖਸ਼ੀ। ਫੇਰ ਤੁਸੀਂ ਪੁੱਛੋਗੇ ਕਿ ਵਾਹਿਗੁਰੂ ਜੀ ਨੇ ਗੁਰੂ ਜੀ ਨੂੰ ਆਪਣੇ ਘਰ ਸੱਦਕੇ ਖਾਣ ਲਈ ਕੀਹ ਦਿੱਤਾ? ਤਾਂ ਗੁਰੂ ਜੀ ਦੱਸਦੇ ਹਨ ਕਿ ਵਾਹਿਗੁਰੂ ਜੀ ਨੇ ਆਪਣਾ ਨਾਮ, ਜੋ ਅੰਮ੍ਰਿਤ ਵਰਗਾ ਮਿੱਠਾ ਸੀ, ਤੇ ਜਿਸ ਨੂੰ ਖਾਕੇ ਅਮਰ ਹੋ ਜਾਈਦਾ ਹੈ, ਭਾਵ ਜਿਸ ਨਾਲ ਜੰਮਣਾ ਤੇ ਮਰਨਾ ਮਿਟ ਜਾਂਦਾ ਹੈ ਤੇ ਸਦਾ ਵਾਹਿਗੁਰੂ ਦੀ ਹਜ਼ੂਰੀ ਵਿਚ ਰਹੀਦਾ ਹੈ, ਉਹ ਅੰਮ੍ਰਿਤ ਨਾਮ ਮੈਨੂੰ ਭੋਜਨ ਦੀ ਥਾਂ ਦਿਤਾ। ਉਹ ਸੱਚਾ ਨਾਮ ਤੇ ਸਿਫਤ ਸਲਾਹ ਦੁਇ ਵਸਤਾਂ ਦਾ ਮੈਂ ਜਗਤ ਵਿਚ ਫੈਲਾਉ ਕਰਦਾ ਹਾਂ, ਜਿਸਤੋਂ ਉਨ੍ਹਾਂ ਦਾ ਇਹ ਅਰਥ ਹੈ ਕਿ ਉਹ ਨਾਮ ਤੇ ਸਿਫਤ ਸਲਾਹ ਮੈਂ ਲੋਕਾਂ ਵਿਚ ਵੰਡਦਾ ਹਾਂ। ਜਿਨ੍ਹਾਂ ਨੇ ਗੁਰਮਤਿ ਨਾਲ ਦੋਵੇਂ ਪਦਾਰਥ ਮੈਥੋਂ ਲੈ ਕੇ ਖਾਧੇ ਹਨ ਉਨ੍ਹਾਂ ਨੇ ਸੁਖ ਪਾ ਲਿਆ ਹੈ। ਮੈਂ ਇਹ ਗੱਲ ਸੱਚੇ ਸਾਹਿਬ ਨੂੰ ਸਲਾਹ ਕੇ ਕਹਿ ਰਿਹਾ ਹਾਂ ਕਿ ਵਾਹਿਗੁਰੂ ਜੋ ਪੂਰਾ ਹੈ ਸੋ ਮੈਂ ਪਾ ਲਿਆ ਹੈ।

ਸੋ ਗੁਰੂ ਜੀ ਇਸ ਵਾਕ ਵਿਚ ਆਪਣੇ ਸੱਚ ਖੰਡ ਜਾਣ ਦਾ ਹਾਲ ਦੱਸ ਰਹੇ ਹਨ, ਪਰ ਹੰਕਾਰ ਨਹੀਂ ਕਰ ਰਹੇ ਕਿ ਮੈਂ ਐਡੇ ਉਚੇ ਥਾਂ ਹੋਕੇ ਆਇਆ ਹੁਣ ਬਹੁਤ ਵੱਡਾ ਹਾਂ। ਪੁਰਾਤਨ ਜਨਮ ਸਾਖੀ ਨੇ

ਲਿਖਿਆ ਹੈ ਕਿ ਉਸ ਸਮੇਂ ਵਾਹਿਗੁਰੂ ਜੀ ਨੇ ਆਖਿਆ–''ਮੇਰਾ ਨਾਉਂ ਪਾਰਬ੍ਰਹਮ ਪਰਮੇਸ਼ਰ, ਹੇ ਨਾਨਕ! ਤੇਰਾ ਨਾਉਂ ਗੁਰੂ ਪਰਮੇਸ਼ੁਰ।

ਸਾਡੇ ਪੰਜਵੇਂ ਗੁਰੂ ਅਰਜਨ ਸਾਹਿਬ ਜੀ ਨੇ ਗੁਰੂ ਜੀ ਨੂੰ 'ਗੁਰ ਨਾਨਕ ਦੇਵ ਗੋਵਿੰਦ ਰੂਪ' ਕਿਹਾ।

ਭਟਾਂ ਨੇ, ਜਿਨ੍ਹਾਂ ਦੇ ਸਵਯੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਨ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ 'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ' ਲਿਖਿਆ ਹੈ ਤੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ 'ਨਿਰੰਕਾਰ ਨਾਨਕ ਦੇਉ ਨਿਰੰਕਾਰ ਆਕਾਰ ਬਣਾਇਆ'।

ਐਉਂ ਨਹੀਂ ਸਮਝਣਾ ਕਿ ਵਾਹਿਗੁਰੂ ਜਨਮ ਧਾਰਦਾ ਹੈ; ਉਹ ਜਨਮ ਮਰਨ ਤੋਂ ਰਹਿਤ ਹੈ। ਪਰ ਜਿਵੇਂ ਸੋਨੇ ਦਾ ਗੋਲਾ ਅੱਗ ਵਿਚ ਪੈ ਕੇ ਅੱਗ ਹੋ ਜਾਂਦਾ ਹੈ, ਉਹ ਸੋਨਾ ਬੀ ਹੈ ਤੇ ਅੱਗ ਬੀ ਹੈ। ਇਸ ਪ੍ਰਕਾਰ ਦਾ ਦ੍ਰਿਸ਼ਟਾਂਤ ਗੁਰੂ ਨਾਨਕ ਦੇਵ ਜੀ ਨੇ ਆਪ ਬੀ ਵਰਤਿਆ ਹੈ; ਜਦੋਂ ਇਬ੍ਰਾਹੀਮ ਲੋਧੀ ਪਾਤਸ਼ਾਹ ਨਾਲ ਦਿੱਲੀ ਵਿਚ ਗਲ ਬਾਤ ਹੋਈ ਸੀ। ਸੋ ਗੁਰ ਪਰਮੇਸੁਰ ਦਾ ਅਰਥ ਹੈ ਮਾਨੁਖਾਂ ਨੂੰ ਪਾਰਬ੍ਰਹਮ ਪਰਮੇਸੁਰ ਨਾਲ ਮੇਲਣ ਵਾਲਾ। ਆਪ ਪਰਮੇਸ਼ੁਰ ਦੇ ਰੂਪ ਵਿਚ ਲੀਨ ਹੋਏ ਹੋਏ ਉਸੇ ਦਾ ਹੀ ਰੂਪ ਹੈਨ ਸ੍ਰੀ ਗੁਰੂ ਨਾਨਕ ਦੇਵ ਜੀ।

❖❖❖

## ੩੨. ਗੁਰੂ ਬਾਬੇ ਨੇ ਡੇਰਾ ਲੁਟਾ ਦਿਤਾ।

**ਤੁਸਾਂ** ਕਦੇ ਜੇਲ੍ਹ ਖਾਨਾ ਡਿੱਠਾ ਹੈ? ਜਿਥੇ ਪਾਪ ਕਰਮ ਕਰਨ ਵਾਲੇ ਚੋਰ ਡਾਕੂ ਆਦਿਕ ਲੋਕ ਘੱਲੇ ਜਾਂਦੇ ਹਨ? ਉਹ ਸਾਰੇ ਪਾਪੀ ਪਾਪ ਕਰਮ ਕਰਨ ਕਰਕੇ ਸਜ਼ਾ ਪਾਉਣ ਓਥੇ ਬੱਧੇ ਹੋਏ ਜਾਂਦੇ ਹਨ। ਪਰ ਜੇਲ੍ਹਖਾਨੇ ਵਿਚ ਡਾਕਟਰ ਬੀ ਜਾਂਦਾ ਹੈ ਤੇ ਧਰਮ ਦਾ ਉਪਦੇਸ਼ ਕਰਨ ਵਾਲਾ ਧਰਮੀ ਪੁਰਸ਼ ਉਪਦੇਸ਼ਕ ਬੀ ਜਾਂਦਾ ਹੈ। ਇਹ ਦੋਵੇਂ ਆਪਣੇ ਮਾੜੇ ਕਰਮਾਂ ਕਰਕੇ ਨਹੀਂ ਜਾਂਦੇ। ਇਹ ਤਾਂ ਪਰਉਪਕਾਰ ਕਰਨ

ਲਈ ਜਾਂਦੇ ਹਨ ਜੋ ਉਨ੍ਹਾਂ ਨੂੰ ਦਵਾ ਦਾਰੂ ਦੇਣ, ਉਪਦੇਸ਼ ਕਰਨ ਤੇ ਸੁਧਾਰ ਕਰਨ। ਇਸੇ ਤਰਾਂ ਹੋਰ ਲੋਕ ਤਾਂ ਆਪਣੇ ਕੀਤੇ ਮਾੜੇ ਚੰਗੇ ਕਰਮਾਂ ਦਾ ਫਲ ਭੋਗਣ ਤੇ ਸਿੱਖ ਮਤ ਲੈਣ ਦੁਨੀਆਂ ਵਿਚ ਆਉਂਦੇ ਹਨ, ਅਰਥਾਤ ਜੰਮਦੇ ਹਨ, ਪਰ ਸ੍ਰੀ ਗੁਰੂ ਜੀ ਲੋਕਾਂ ਨੂੰ ਤਾਰਨ ਵਾਸਤੇ, ਨਾਮ ਤੇ ਸਿਫਤ ਸਲਾਹ ਦੇਣ ਲਈ ਆਏ ਸਨ। ਉਨ੍ਹਾਂ ਦਾ ਆਉਣਾ ਜਨਮ ਮਰਨ ਦਾ ਗੇੜ ਨਹੀਂ ਹੈ; ਪਰ ਪਰਉਪਕਾਰ ਵਾਸਤੇ ਹੈ। ਜੀਕੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਹੈ :-

**"ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥**
**ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥"**

(ਸੂਹੀ ਮ: ੫)

ਸੋ ਗੁਰੂ ਜੀ ਧੁਰੋਂ ਗੁਰੂ ਸੇ, ਉਪਕਾਰ ਲਈ ਆਏ ਸੇ। ਅੱਜ ਜੋ ਸਚ ਖੰਡ ਸੱਦੇ ਗਏ ਤਾਂ ਵਾਹਿਗੁਰੂ ਜੀ ਨੇ ਹੋਰ ਬਲ ਬਖਸ਼ਿਆ। ਹੁਣ ਤਕ ਹੁਕਮ ਸੀ ਗ੍ਰਿਹਸਤ ਵਿਚ ਰਹਿ ਕੇ ਨਾਮ ਬਾਣੀ ਦੇ ਪ੍ਰਚਾਰ ਦਾ; ਹੁਣ ਹੁਕਮ ਹੋਇਆ ਸਾਰੇ ਜਗਤ ਵਿਚ ਘੁੰਮ ਕੇ ਸੱਚੇ ਨਾਮ ਦਾ ਦਾਨ ਦਿਓ ਤੇ ਸਾਰਾ ਸਮਾਂ ਇਥੇ ਇਸ ਕੰਮ ਤੇ ਲਾਓ। ਸੋ ਆਪ ਜੀ ਹੁਣ ਤ੍ਰੈ ਦਿਨਾਂ ਪਿਛੋਂ ਵਾਪਸ ਆਏ, ਆਪਣੇ ਡੇਰੇ ਗਏ ਤੇ ਜਾ ਕੇ ਡੇਰੇ ਦਾ ਮਾਲ ਮਤਾ ਸਭ ਲੁਟਾ ਦਿੱਤਾ। ਗ਼ਰੀਬਾਂ, ਲੋੜਵੰਦਾਂ ਸਭ ਨੂੰ ਬੇਪ੍ਰਵਾਹ ਮਸਤੀ ਵਿਚ ਵੰਡ ਦਿੱਤਾ।

ਸ੍ਰੀ ਗੁਰੂ ਜੀ ਦਾ ਮੁੜ ਜੀਉਂਦੇ ਜੀ ਆਉਣਾ, ਡੇਰਾ ਲੁਟਾ ਦੇਣਾ ਸੁਣ ਕੇ ਲੋਕੀਂ ਆਣ ਜੁੜੇ, ਖਾਨ ਬੀ ਸੁਣਕੇ ਆਇਆ, ਕਿਉਂਕਿ ਸਾਰੇ ਸਤਿਗੁਰੂ ਦੇ ਜੀਵਨ ਦੀ ਆਸ ਲਾਹ ਚੁਕੇ ਸੇ। ਤੀਏ ਦਿਨ ਫੇਰ ਪਾਣੀ ਵਿਚੋਂ ਤਰ ਆਇਆ ਸਮਝਕੇ ਸਾਰੇ ਅਚੰਭਾ ਹੋ ਰਹੇ ਸਨ। ਇਸ ਵੇਲੇ ਗੁਰੂ ਜੀ ਦਾ ਚਿਹਰਾ ਡਾਢੇ ਅਚਰਜ ਰੰਗ ਵਿਚ ਚਮਕ ਰਿਹਾ ਸੀ। ਖ਼ਾਨ ਨੇ ਪੁੱਛਿਆ, "ਨਾਨਕ, ਤੈਨੂੰ ਕੀ ਹੋਇਆ?" ਪਰ ਗੁਰੂ ਜੀ ਬੋਲੇ ਨਹੀਂ। ਲੋਕਾਂ ਕਿਹਾ, "ਦੇਖੋ ਚਿਹਰਾ ਕੈਸਾ ਚਮਕਦਾ ਹੈ,

ਬੋਲਦਾ ਕੁਸਕਦਾ ਨਹੀਂ ਤੇ ਮਾਲ ਲੁਟਾਈ ਜਾਂਦਾ ਹੈ, ਇਸ ਨੇ ਦਰਿਆ ਵਿਚ ਕੋਈ ਚੋਟ ਖਾਧੀ ਹੈ।"

ਜਦ ਗੁਰੂ ਜੀ ਕੂਏ ਸਹੇ ਨਾ ਤਾਂ ਨਵਾਬ ਦਿਲਗੀਰ ਹੋਕੇ ਟੁਰ ਗਿਆ। ਇਧਰ ਗੁਰੂ ਜੀ ਨੇ ਇਕ ਤਨ ਦੇ ਸਾਫੇ ਬਿਨਾਂ ਸਭ ਕੁਛ ਲੁਟਾ ਦਿਤਾ ਤੇ ਉਜਾੜ ਜਾਕੇ ਡੇਰਾ ਲਾ ਲਿਆ, ਪਰ ਮਰਦਾਨਾ ਰਬਾਬ ਲੈਕੇ ਪਾਸ ਜਾ ਬੈਠਾ*, ਪਰ ਆਪ ਅੱਠ ਪਹਿਰ ਨਾ ਬੋਲੇ ਨਾ ਚਾਲੇ। ਘਰ ਦੇ ਬੀ ਆਏ, ਸਭ ਦੇਖ ਕੇ ਮੁੜ ਗਏ, ਬੋਲੇ ਨਹੀਂ। ਚਿਹਰਾ ਇਕ ਨੂਰ ਦਾ ਅਲਾਂਬਾ ਲਗਦਾ ਸੀ ਤੇ ਨੈਣਾਂ ਤੋਂ ਮਾਨੋਂ ਕੁਛ ਬਰਸਦਾ ਸੀ।

❖❖❖

## ੩੩. ਮੁੱਲਾਂ।

**ਗੁਰੂ** ਜੀ ਦਾ ਇਸ ਤਰ੍ਹਾਂ ਜੀਉਂਦੇ ਜਾਗਦੇ ਪ੍ਰਗਟ ਹੋ ਜਾਣਾ, ਮਾਤਾ ਸੁਲੱਖਣੀ ਲਈ ਅਤਿ ਖੁਸ਼ੀ ਦਾ ਕਾਰਨ ਸੀ, ਪਰ ਜਦ ਸੁਣਿਆਂ ਕਿ ਆਪਣਾ ਮਰਦਾਵਾਂ ਡੇਰਾ, ਜਿਥੇ ਆਏ ਗਏ ਨੂੰ ਮਿਲਦੇ ਸੇ, ਲੁਟਾ ਘੱਤਿਆ ਹੈ ਤੇ ਬੋਲਦੇ ਨਹੀਂ, ਉਜਾੜ ਵਿਚ ਜਾ ਬੈਠੇ ਹਨ, ਤਾਂ ਵਧੇਰੇ ਸੰਤਾਪ ਹੋਇਆ। ਨਿਨਾਣ ਨੂੰ ਆਖੇ ਕਿ ਕੋਈ ਉਪਾਉ ਕਰੋ 'ਖਬਰੇ ਬਨ ਵਿਚ ਕੋਈ ਬਲਾ ਚੋਟ ਕਰ ਗਈ ਹੋਵੇ।' ਆਂਢ ਗੁਆਂਢ ਵੀ ਬੇਬੇ ਨੂੰ ਆਖਣ ਕਿ ਕੋਈ ਭਿਰਾ ਦਾ ਉਪਰਾਲਾ ਕਰ ਕੋਈ ਮੁੱਲਾਂ ਪੰਡਤ ਲੈ ਜਾ, ਜੋ ਝਾੜਾ ਦਾਰੂ ਕਰੇ। ਪਰ ਬੇਬੇ ਆਖਦੀ ਸੀ 'ਉਹ ਬੀ ਇਕ ਕੌਤਕ ਸੀ, ਇਹ ਬੀ ਇਕ ਕੌਤਕ ਹੈ, ਵੀਰ ਰੱਬੀ ਜੋਤ ਹੈ, ਉਸ ਤੋਂ ਜੋ ਹੁੰਦਾ ਹੈ ਸੋ ਠੀਕ ਹੈ, ਸੋਈ ਭਲਾ ਹੈ।' ਪਰ ਲੋਕੀਂ ਆਖੇ ਨਾ ਲੱਗੇ, ਸਾਂਝ ਪਿਆਰ ਵਾਲੇ ਇਕ ਮੁੱਲਾਂ ਨੂੰ ਲੈ ਗਏ ਉਹ ਕੁਛ ਝਾੜੇ ਫੂਕ-ਫੂਕ ਕੇ ਤਵੀਤ ਤਿਆਰ ਕਰਨ ਲੱਗਾ, ਪਰ ਅਗੋਂ

---

*ਖਿਆਲ ਹੈ ਕਿ 'ਮੋਤੀ ਤ ਮੰਦਰ' ਵਾਲਾ ਸ਼ਬਦ ਸਭ ਤੋਂ ਪਹਿਲਾਂ ਇਥੇ ਗਾਂਵਿਆਂ ਗਿਆ ਸੀ।

ਆਵਾਜ਼ ਆਈ :-

"ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥
ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ॥"

(ਸਾਰੰਗ ਵਾਰ ਮਹਲਾ ੧)

"ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ॥" (ਮਾ: ਮ:੧)

ਇਹ ਤੱਕ ਕੇ ਮੁੱਲਾਂ ਟੁਰ ਗਿਆ ਕਿ ਇਹ ਫਕੀਰ ਹੈ, ਇਸ ਨੂੰ ਚੋਟ ਕੋਈ ਨਹੀਂ।

❖❖❖

## ੩੪. ਮਸੀਤ ਤੇ ਨਿਮਾਜ਼।

**ਅਗਲੇ** ਦਿਨ ਗੁਰੂ ਜੀ ਬੋਲ ਪਏ। ਕੀ ਬੋਲੇ? "ਨਾ ਕੋਈ ਹਿੰਦੂ ਹੈ ਨਾ ਮੁਸਲਮਾਨ।" ਮਤਲਬ ਇਹ ਸੀ ਕਿ ਹਿੰਦੂ ਮੁਸਲਮਾਨ ਝੂਠ ਬੋਲਦੇ; ਘੱਟ ਤੋਲਦੇ, ਦਗੇ ਛਲ ਕਰਦੇ, ਪਾਪਾਂ ਦੇ ਕਰਮ ਕਰਦੇ ਸੰਗਦੇ ਨਹੀਂ। ਪਾਪ ਕਰਮ ਹਿੰਦੂਆਂ ਦੇ ਧਰਮ ਨੇ ਬੀ ਵਰਜੇ ਹਨ ਤੇ ਮੁਸਲਮਾਨਾਂ ਦੇ ਧਰਮ ਨੇ ਬੀ। ਸੋ ਦੁਇ ਨਾਮਧ੍ਰੀਕ ਹਿੰਦੂ ਮੁਸਲਮਾਨ ਹਨ, ਅਸਲ ਵਿਚ ਕੋਈ ਬੀ ਨਾ ਹਿੰਦੂ ਹੈ, ਨਾ ਮੁਸਲਮਾਨ ਹੈ।

ਇਹ ਗੱਲ ਸ਼ਹਿਰ ਵਿਚ ਫੈਲ ਗਈ। ਕਾਜ਼ੀ ਪਾਸ ਬੀ ਪਹੁੰਚੀ। ਹਿੰਦੂ ਤਾਂ ਤਦੋਂ ਪਠਾਣ ਪਾਤਸ਼ਾਹਾਂ ਦੇ ਜ਼ੁਲਮਾਂ ਹੇਠ ਦਬੇ ਪਏ ਸਨ, ਪਰ ਕਾਜ਼ੀ ਨੂੰ ਗੁੱਸਾ ਆ ਗਿਆ ਕਿ ਇਹ ਕਹਿਣਾ 'ਕੋਈ ਮੁਸਲਮਾਨ ਨਹੀਂ' ਸਾਡੇ ਦੀਨ ਤੇ ਹੱਲਾ ਬੋਲ ਦੇਣਾ ਹੈ। ਕਾਜ਼ੀ ਨੇ ਮੁਫਤੀ ਨੂੰ ਨਾਲ ਲੈ ਕੇ ਨਵਾਬ ਪਾਸ ਸ਼ਿਕੈਤ ਕੀਤੀ ਕਿ ਨਾਨਕ ਸਾਡੇ ਦੀਨ ਦੀ ਹੱਤਕ ਕਰ ਰਿਹਾ ਹੈ। ਨਵਾਬ ਨੇ ਕਿਹਾ "ਉਹ ਤਾਂ ਕੋਈ ਫ਼ਕੀਰ ਹੈ, ਪੂਰਾ ਵਲੀ ਹੋ ਗਿਆ ਸਹੀ ਹੁੰਦਾ ਹੈ, ਉਸ ਦੇ ਖਹਿੜੇ ਨਾ ਪਵੋ।' ਪਰ ਕਾਜ਼ੀ ਮੁਫ਼ਤੀ ਨੇ ਜ਼ੋਰ ਦਿੱਤਾ ਤਾਂ ਨਵਾਬ ਨੇ ਗੁਰੂ ਜੀ ਨੂੰ ਸੱਦ ਬੁਲਾਇਆ। ਗੁਰੂ ਜੀ ਨੇ ਨਾਂਹ ਕੀਤੀ ਤਦ ਨਵਾਬ ਨੇ

ਕਹਿ ਭੇਜਿਆ "ਰੱਬ ਦੇ ਵਾਸਤੇ ਆ ਦਰਸ਼ਨ ਦਿਓ।" ਤਦ ਆਪ ਜੀ ਆ ਗਏ।

ਫੇਰ ਨਵਾਬ ਨੇ ਆਦਰ ਨਾਲ ਬਿਠਾਲ ਲਿਆ ਤੇ ਕਾਜ਼ੀ ਗੁਰੂ ਜੀ ਨਾਲ ਗਲਾਂ ਕਰਦਾ ਰਿਹਾ। ਉਸ ਵੇਲੇ ਦੇ ਉਚਾਰੇ ਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈਨ :-

(੧) 'ਮੁਸਲਮਾਣੁ ਕਹਾਵਣੁ ਮੁਸਕਲੁ॥'

(੨) 'ਮਿਹਰ ਮਸੀਤਿ ਸਿਦਕੁ ਮੁਸਲਾ॥'

ਨਵਾਬ ਨੇ ਕਿਹਾ, "ਕਾਜ਼ੀ ਜੀ, ਨਾਨਕ ਤਾਂ ਪੂਰਾ ਤੋਲ ਰਿਹਾ ਹੈ।" ਕਾਜ਼ੀ ਨੇ ਗੱਲ ਟਾਲਣ ਲਈ ਕਿਹਾ : ਪੇਸ਼ੀ ਦੀ ਨਮਾਜ਼* ਨੂੰ ਦੇਰ ਹੋ ਰਹੀ ਹੈ, ਚੱਲੀਏ ਮਸੀਤੇ। ਕਾਜ਼ੀ ਦੇ ਇਸ਼ਾਰੇ ਤੇ ਨਵਾਬ ਨੇ ਕਿਹਾ ਜੇ ਹਿੰਦੂ ਮੁਸਲਮਾਨ ਆਪ ਦੀ ਨਜ਼ਰ ਵਿਚ ਇਕ ਹਨ ਤਾਂ ਚਲੋ ਸਾਡੇ ਨਾਲ ਨਮਾਜ਼ ਪੜ੍ਹੋ। ਗਲ ਕੀ ਸਾਰੇ ਟੁਰ ਪਏ ਤੇ ਗੁਰੂ ਜੀ ਨੂੰ ਵੀ ਨਾਲ ਲੈ ਗਏ।

ਸ਼ਹਿਰ ਵਿਚ ਰੌਲਾ ਪੈ ਗਿਆ ਕਿ ਨਾਨਕ ਮੁਸਲਮਾਨ ਹੋਣ ਲਗਾ ਹੈ। ਘਰ ਵਿਚ ਬੀ ਖ਼ਬਰ ਅੱਪੜੀ, ਪਰ ਬੇਬੇ ਨਾਨਕੀ ਨਹੀਂ ਡੋਲੀ। ਉਸ ਕਿਹਾ, "ਓਹ ਹਿੰਦੂ ਮੁਸਲਮਾਨ ਸਭ ਤੋਂ ਉੱਚਾ ਹੈ।"

ਗਲ ਕੀ ਮਸੀਤੇ ਗਏ, ਸਭ ਨੇ ਖੜੋ ਕੇ ਨਮਾਜ਼ ਪੜ੍ਹੀ ਤੇ ਕਾਜ਼ੀ ਨੇ ਅਗੇ ਹੋਕੇ ਪੜ੍ਹਾਈ। ਪਰ ਗੁਰੂ ਜੀ ਖੜੇ, ਤੱਕਦੇ ਤੇ ਮੁਸਕਰਾਂਦੇ ਰਹੇ।

ਜਦ ਨਮਾਜ਼ ਹੋ ਚੁਕੀ ਤਾਂ ਕਾਜ਼ੀ ਨੇ ਕਿਹਾ-'ਨਾਨਕ ਤੂੰ ਨਿਮਾਜ਼ ਸਾਡੇ ਨਾਲ ਕਿਉਂ ਨਹੀਂ ਪੜ੍ਹੀ, ਸਗੋਂ ਮੁਸਕ੍ਰਾਂਦਾ ਰਿਹਾ ਹੈਂ ਤੇ ਸਾਨੂੰ ਮਖ਼ੌਲ ਕਰਦਾ ਰਿਹਾ ਹੈਂ?'

ਤਦ ਗੁਰੂ ਜੀ ਨੇ ਮੁਸਕ੍ਰਾਕੇ ਕਿਹਾ, "ਕਾਜ਼ੀ ਜੀ, ਸੱਚ ਦੱਸੋ! ਕੀ ਤੁਸੀਂ ਨਮਾਜ਼ ਪੜ੍ਹਦੇ ਰਹੇ ਹੋ ਕਿ ਘਰ ਵਿਚ ਘੋੜੀ ਸੂਈ ਸੀ, ਤੇ ਸਾਰਾ ਵੇਲਾ ਨਮਾਜ਼ ਪੜ੍ਹਦੇ ਦਿਲ ਫ਼ਿਕਰ ਵਿਚ ਰਿਹਾ ਹੈ ਕਿ ਵਛੇਰੀ

---

*ਮੁਸਲਮਾਨ ਪੰਜ ਵੇਰ ਨਮਾਜ਼ ਪੜ੍ਹਦੇ ਹਨ, ਪੇਸ਼ੀ ਦੀ ਨਮਾਜ਼ ਲੌਢੇ ਪਹਿਰ ਦੀ ਹੁੰਦੀ ਹੈ।

ਖੂਹ ਵਿਚ ਨਾ ਜਾ ਪਵੇ?" ਫੇਰ ਕਿਹਾ ਗਿਆ ਕਿ "ਨਵਾਬ ਸਾਹਿਬ ਨਾਲ ਹੀ ਨਮਾਜ਼ ਪੜ੍ਹ ਲੈਂਦੇ" ਤਾਂ ਆਪ ਨੇ ਫੁਰਮਾਯਾ ਕਿ "ਨਵਾਬ ਸਾਹਿਬ ਤਾਂ ਕਾਬਲ ਘੋੜੇ ਖਰੀਦਦੇ ਰਹੇ ਹਨ[੧]।" ਤਦ ਨਵਾਬ ਨੇ ਕਿਹਾ 'ਸਚ ਹੈ', ਕਾਜ਼ੀ ਨੂੰ ਭੀ ਮੰਨਣਾ ਪਿਆ ਕਿ ਨਾਨਕ ਸਚ ਆਖਦਾ ਹੈ।

ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ ਨਵਾਬ ਨੇ ਕਿਹਾ, 'ਕਾਜ਼ੀ ਨਾਨਕ ਹੱਕ ਨੂੰ ਪਹੁਤਾ ਹੈ, ਅਵਰ ਪੁੱਛਣੇ ਕੀ ਤਕਸੀਰ ਰਹੀ।' ਭਈ, ਨਾਨਕ ਪੂਰੇ ਸੱਚ ਤੇ ਖੜਾ ਹੈ, ਇਸ ਨੂੰ ਹੋਰ ਕੁਛ ਪੁੱਛਣਾ ਮਾੜਾ ਕੰਮ ਹੈ, ਯਾ ਇਹ ਕਿ ਹੋਰ ਪੁੱਛਣ ਦੀ ਕਸਰ ਬਾਕੀ ਨਹੀਂ ਰਹਿ ਗਈ। ਉਸ ਵੇਲੇ ਦੇ ਮਸੀਤੇ ਆਏ ਸੱਯਦ, ਸ਼ੇਖ, ਕਾਜ਼ੀ, ਮੁਫਤੀ[੨] ਖਾਨ, ਖ੍ਵਾਨੀਨ ਮੁਕੱਦਮ[੩] ਸਾਰੇ ਹਰਿਆਨ ਹੋਏ ਕਿ ਫਕੀਰ ਨੇ ਕਿਵੇਂ ਪਛਾਣ ਲਿਆ ਕਿ ਨਵਾਬ ਤੇ ਕਾਜ਼ੀ ਹਜ਼ੂਰੀ ਵਿਚ ਨਮਾਜ਼ ਨਹੀਂ ਪੜ੍ਹ ਰਹੇ ਤੇ ਆਪਣੇ ਮਨਾਂ ਵਿਚ ਵਛੇਰੀਆਂ ਤੇ ਘੋੜਿਆਂ ਦੇ ਮਗਰ ਘੁੰਮਦੇ ਰਹੇ ਹਨ।

❖❖❖

## ੩੫. ਸੁਲਤਾਨ ਪੁਰੋਂ ਵਿਦੈਗੀ।

**ਹੁਣ** ਸ੍ਰੀ ਗੁਰੂ ਜੀ ਸ਼ਹਿਰੋਂ ਬਾਹਰ ਉਜਾੜ ਵਿਚ ਬੈਠੇ ਰਹਿਣ। ਮਰਦਾਨਾ ਕੀਰਤਨ ਕਰੇ। ਕਿੰਨੇ ਕਿੰਨੇ ਪਹਿਰ ਗੁਰੂ ਜੀ ਦੀ ਅੱਖ ਹੀ ਨਾ ਖੁੱਲੇ।

ਇਸ ਤਰ੍ਹਾਂ ਕਿੰਨਾ ਕੁ ਚਿਰ ਰਹੇ? ਪਤਾ ਨਹੀਂ ਪਰ ਬਹੁਤ ਚਿਰ ਨਹੀਂ ਜਾਪਦਾ। ਦੂਰ ਤੋਂ ਫਕੀਰਾਂ ਤੇ ਸਾਧਾਂ ਸੰਤਾਂ ਨੇ ਸੁਣਿਆਂ ਕਿ ਨਾਨਕ ਫਕੀਰ, ਹਿਕੇ ਤਜਾਗੀ, ਸਾਧੂ ਹੋ ਗਿਆ ਹੈ। ਲਗੇ ਦਰਸ਼ਨ ਕਰਨ ਆਉਣ।

---

੧. ਇਉਂ ਬੀ ਦੱਸੀਦਾ ਹੈ ਕਿ ਪਹਿਲੇ ਨਵਾਬ ਦੇ ਘੋੜੇ ਖਰੀਦਣੇ ਦੱਸੇ ਤੇ ਫੇਰ ਕਾਜ਼ੀ ਦੀ ਵਛੇਰੀ ਵਾਲੀ ਗੱਲ ਦੱਸੀ।

੨. ਮੁਸਲਮਾਨਾਂ ਦੇ ਦੀਨੀ ਵਡਕੇ।

੩. ਮੁਸਲਮਾਨਾਂ ਦੇ ਦੁਨਿਆਵੀ ਵਡਕੇ।

ਇਧਰ ਆਪ ਦੀ ਭੈਣ ਬੇਬੇ ਨਾਨਕੀ ਜੀ ਚਾਹੁਣ ਕਿ ਵੀਰ ਜੀ ਸੁਲਤਾਨ ਪੁਰ ਟਿਕੇ ਰਹਿਣ, ਪਰ ਉਹ ਰਜ਼ਾ ਵਿਚ ਰਾਜ਼ੀ ਸਨ, ਭਈ ਜਿਵੇਂ ਗੁਰੂ ਨਾਨਕ ਜੀ ਨੂੰ ਭਾਵੇ ਉਸ ਵਿਚ ਭਲਾ ਹੈ। ਬੀਬੀ ਸੁਲੱਖਣੀ ਆਪ ਦੇ ਘਰੋਂ ਪਿਆਰ ਵਿਚ ਭਰੇ ਉਦਾਸ ਸਨ ਤੇ ਮੂਲੋਂ ਨਹੀਂ ਸੀ ਚਾਹੁੰਦੇ ਕਿ ਆਪ ਘਰੋਂ ਚਲੇ ਜਾਣ। ਮਰਦਾਨੇ ਨੂੰ ਬੜਾ ਪਿਆਰ ਸੀ, ਹੋਰ ਸੰਗਤ ਜੋ ਬੜੀ ਸੀ ਚਾਹੁੰਦੀ ਸੀ ਕਿ ਜੇ ਕੰਮ ਕਾਜ ਛਡ ਬੈਠੇ ਹਨ ਤਾਂ ਓਹ ਜਾਣੇ, ਇਥੇ ਟਿਕੇ ਰਹਿਣ, ਸੰਤ ਬਣਕੇ ਬੀ ਸਾਡੇ ਕੋਲ ਹੀ ਰਹਿਣ। ਨਵਾਬ ਬਹੁਤ ਹਿਤ ਪਿਆਰ ਕਰਨ ਲੱਗ ਪਿਆ ਸੀ। ਐਥੋਂ ਤਾਂਈਂ ਲਿਖਿਆ ਹੈ ਕਿ ਇਕ ਦਿਨ ਨਵਾਬ ਨੇ ਗੁਰੂ ਜੀ ਨੂੰ ਕਿਹਾ, "ਨਾਨਕ ਰਾਜ ਮਾਲ ਹੁਕਮ ਹਾਸਲ ਸਭ ਤੇਰਾ ਹੈ।"* ਫਕੀਰ ਸਾਧੂ ਬੜੇ ਪ੍ਰੇਮ ਨਾਲ ਆ ਕੇ ਮੱਥੇ ਟੇਕਦੇ ਤੇ ਸਤਿਸੰਗ ਕਰਕੇ ਸੁਖੀ ਹੁੰਦੇ ਸੇ। ਹਿੰਦੂ ਮੁਸਲਮਾਨ ਸਭ ਨੇ ਮੰਨ ਲਿਆ ਕਿ ਨਾਨਕ ਵਿਚ ਖ਼ੁਦਾਇ ਬੋਲਦਾ ਹੈ*। ਫੇਰ ਕਿਉਂ ਗੁਰੂ ਬਾਬਾ ਓਥੇ ਨਾ ਰਹਿ ਪਿਆ? ਰੋਜ਼ ਕਿਉਂ ਉਦਾਸੀ ਦੀ ਬੋਲੀ ਬੋਲੇ ਤੇ ਤੁਰਨ ਦੀ ਤਿਆਰੀ ਕਰੇ? ਇਸ ਗੱਲ ਦਾ ਉਤਰ ਭਾਈ ਗੁਰਦਾਸ ਜੀ ਨੇ ਦਿੱਤਾ ਹੈ :-

ਬਾਬਾ ਪੈਧਾ ਸਚਖੰਡ ਨੌ ਨਿਧਿ ਨਾਮ ਗਰੀਬੀ ਪਾਈ॥
ਬਾਬਾ ਦੇਖੈ ਧਿਆਨ ਧਰਿ ਜਲਤੀ ਸਭ ਪ੍ਰਿਥਵੀ ਦਿਸਿ ਆਈ॥
ਬਾਝਹੁੰ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ॥
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ॥
ਚੜਿਆ ਸੋਧਣ ਧਰਤ ਲੁਕਾਈ॥ (ਭਾਈ ਗੁਰਦਾਸ)

ਇਸ ਪਉੜੀ ਦਾ ਅਰਥ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਪਹਿਲੋਂ ਸਚਖੰਡ ਗਏ, ਉਥੇ ਉਨ੍ਹਾਂ ਨੂੰ ਗੁਰੂ ਹੋ ਕੇ ਜਗਤ ਨਿਸਤਾਰੇ ਦਾ ਕੰਮ ਦਿੱਤਾ ਗਿਆ। 'ਪੈਧਾ' ਦਾ ਅਰਥ ਹੈ ਬੜੇ ਆਦਰ ਨਾਲ

*ਪੁ: ਜਨਮ ਸਾਖੀ।

ਵਡਿਆਈ ਦਾ ਸਿਰੋਪਾਉ ਮਿਲਿਆ। ਵਾਹਿਗੁਰੂ ਜੀ ਨੇ ਆਪ ਨਾਮ ਦਾਨ ਦਿੱਤਾ, ਹਰ ਪ੍ਰਕਾਰ ਦੀ ਮਿਹਰ ਕੀਤੀ, ਨਾਲ ਗਰੀਬੀ ਦਿੱਤੀ, ਅਰਥਾਤ ਨਿਵੇਂ ਰਹਿਣ ਦੀ ਦਾਤ ਬਖਸ਼ੀ। ਜਦ ਸਚਖੰਡ ਤੋਂ ਆ ਗਏ ਤੇ ਧਰਤੀ ਵਲ ਤੱਕੇ ਤਾਂ ਸਾਰੀ ਧਰਤੀ ਦੇ ਲੋਕ ਈਰਖਾ, ਸਾੜਾ, ਵੈਰ ਵਿਰੋਧ ਵਿਚ ਸੜਦੇ ਵੇਖੇ ਤੇ ਸਾਰੇ ਹਾਇ ਹਾਇ ਕਰਦੇ ਤੜਫਦੇ ਵੇਖੇ। ਫੇਰ ਸੋਚਿਆ ਕਿ ਸੱਚੇ ਗੁਰੂ ਬਿਨਾਂ ਲੋਕ ਦੁਖੀ ਹਨ, ਤਦ ਆਪ ਨੇ ਉਦਾਸ ਬਾਣਾ ਲਿਆ। ਜਿਸ ਦਾ ਮਤਲਬ ਹੈ ਕਿ ਓਹ ਨਾਂ ਤਾਂ ਫਕੀਰ ਬਣੇ ਤੇ ਨਾ ਸੰਨਜਾਸੀ, ਕੇਵਲ ਗ੍ਰਿਹਸਤ ਦੇ ਉਲਟ ਉਦਾਸੀ ਰੀਤਿ ਦਾ ਤਰੀਕਾ ਧਾਰਨ ਕੀਤਾ, ਕਿਉਂਕਿ ਦੁਨੀਆਂ ਨੂੰ ਸੁੱਧ ਕਰਨ ਵਾਸਤੇ ਘਰ ਘਰ ਫਿਰਨਾ ਤੇ ਦੇਸ਼ ਦੇਸ਼ ਜਾਣਾ ਤਾਂ ਹੀ ਹੋ ਸਕਦਾ ਹੈਸੀ ਜੇ ਘਰ ਬਾਰ ਛੋੜ ਦੇਣ। ਸੋ ਘਰ ਬਾਰ, ਸਾਕ ਸਨਬੰਧੀ, ਸਤਿਸੰਗੀ ਸਭ ਛੋੜ ਚਲੇ, ਜਗਤ ਜਲੰਦੇ ਵਿਚ ਵਾਹਿਗੁਰੂ ਦਾ ਨਾਮ ਤੇ ਸਰਬੱਤ ਦਾ ਭਲਾ ਸਿਖਾਲਣ ਵਾਸਤੇ। ਮਰਦਾਨੇ ਨੂੰ ਨਾਲ ਤਿਆਰ ਕੀਤਾ ਜੋ ਕੀਰਤਨ ਕਰਿਆ ਕਰੇ।

ਹੁਣ ਗੁਰੂ ਬਾਬੇ ਨੂੰ ਟੋਰਨ ਵਾਸਤੇ ਸਭ ਲੋਕ ਆ ਕੱਠੇ ਹੋਏ। ਲਿਖਿਆ ਹੈ*:-ਤਬ ਫਕੀਰਾਂ ਪੈਰ ਆਇ ਚੁੰਮੇ, ਦਸਤ ਪੰਜਾ ਲੀਆ। ਬਾਬੇ ਦੀ ਬਹੁਤ ਖੁਸ਼ੀ ਹੋਈ ਫਕੀਰਾਂ ਉਪਰ। ਬਹੁਤ ਮਿਹਰਵਾਨ ਹੋਇਆ। ਖਾਨ ਬੀ ਆਇ ਗਇਆ। ਲੋਕ ਹਿੰਦੂ ਮੁਸਲਮਾਨ ਜੁ ਕੋਈ ਸਨ ਸਭ ਸਲਾਮ ਕਰਿ ਖੜਾ ਹੋਆ। ਤਬਿ ਗੁਰੂ ਪਾਸੋਂ ਵਿਦਾ ਹੋਏ।......ਤਬਿ ਬਾਬੇ ਦੀ ਖੁਸ਼ੀ ਹੋਈ, ਮਰਦਾਨੇ ਨੂੰ ਨਾਲ ਲੈ ਕੇ ਚਲਦਾ ਰਹਿਆ*।

❖❖❖

*ਪੁਰਾਤਨ ਜਨਮ ਸਾਖੀ।

# ੩੬. ਮਾਈ ਵਿਰਾਈ।

**ਜਦ** ਗੁਰੂ ਜੀ ਸੁਲਤਾਨ ਪੁਰੋਂ ਬਾਹਰ ਨਿਕਲੇ ਤਾਂ ਗੁਰੂ ਨਾਨਕ ਨੇ ਮਰਦਾਨੇ ਨੂੰ ਪੁੱਛਿਆ, "ਆਖ ਮਰਦਾਨਾ, ਕਿਧਰ ਜਾਈਐ।" ਤਾਂ ਮਰਦਾਨੇ ਆਖਿਆ: "ਮੈਂ ਕਿਆ ਜਾਣਾ, ਅਗਾ ਤੇਰਾ ਅਤੇ ਪਿਛਾ ਮੇਰਾ, ਜਿਧਰ ਜਾਵੇਂ ਤਿਧਰ ਚਲ।" ਫਿਰ ਗੁਰ ਨਾਨਕ ਕਹਿਆ, "ਚਲ ਮਰਦਾਨਾ! ਹਿਕ ਤਰਖਾਣ ਲਾਲੋ ਏਮਨਾਬਾਦ ਦੇ ਪਰਗਣੇ ਰਹਿੰਦਾ ਹੈ ਅਤੇ ਸਾਧ ਹੈ, ਓਸਦਾ ਦਰਸ਼ਨ ਕਰ ਆਵੀਐ*।"

ਇਹ ਆਖਦੇ ਟੁਰ ਪਏ ਬਿਆਸਾ ਵੱਲ ਨੂੰ, ਪੱਛੋਂ ਦੇ ਰੁਖ ਨੂੰ ਤੇ ਸੂਰਜ ਡੁੱਬਣ ਤੋਂ ਪਹਿਲੇ ਨਦੀ ਪਾਰ ਹੋ ਗਏ। ਪਾਰ ਹੋ ਕੇ ਇਕ ਉਚੇਰੇ ਥਾਂ ਟਿਕ ਗਏ ਅਸਮਾਨਾਂ ਦੇ ਤੰਬੂ ਹੇਠਾਂ ਹੀ। ਅੰਮ੍ਰਿਤ ਵੇਲੇ ਮਰਦਾਨੇ ਨੇ ਕੀਰਤਨ ਕੀਤਾ ਤੇ ਫੇਰ ਉਸੇ ਰੁਖ਼ ਅੱਗੇ ਨੂੰ ਟੁਰ ਪਏ ਓਥੇ ਸਤਿਗੁਰੂ ਜੀ ਨੇ ਟੁਰਨ ਵੇਲੇ ਇਹ ਸੱਦ ਲਾਈ :-

ਹਉ ਜੀਵਾ ਗੁਣ ਸਾਰਿ ਅੰਤਰਿ ਤੂ ਵਸੈ॥
ਤੂੰ ਵਸਹਿ ਮਨ ਮਾਹਿ ਸਹਜੇ ਰਸਿ ਰਸੈ॥

(ਸੂਹੀ ਮਹਲਾ ੧)

ਅਰਥ-ਹੇ ਵਾਹਿਗੁਰੂ ਜੀ! ਮੈਂ ਤੇਰੇ ਗੁਣ ਗਾ ਗਾ ਕੇ ਜੀਵਾਂ ਤੇ ਤੂੰ ਮੇਰੇ ਅੰਦਰ ਵਸਦਾ ਰਹੁ। (ਹਾਂ) ਤੂੰ ਮੇਰੇ ਮਨ ਵਿਚ (ਸਦਾ) ਵੱਸਦਾ ਰਹੁ ਤੇ ਤੇਰੇ ਪਿਆਰ ਦਾ ਸੁਆਦ ਸਹਿਜੇ ਸਹਿਜੇ (ਮੈਂ) ਪਾਉਂਦਾ ਰਹਾਂ।

ਫੇਰ ਟੁਰ ਪਏ ਤੇ ਆਖਿਆ :-

ਮਹਾਂਪੁਰਖ ਇਕ ਆਵੇਗਾ, ਕੀਰਤਨ ਹੋਵੇਗਾ, ਨਗਰੀ ਵਸੇਗੀ।

ਪ੍ਰਸ਼ਨ-ਇਹ ਕਿਹੜਾ ਥਾਉਂ ਸੀ?

---

*ਜਨਮ ਸਾਖੀ ਬਾਲੇ ਵਾਲੀ।

ਉੱਤਰ-ਜਿਥੇ ਅੱਜ ਕੱਲ ਗੋਇੰਦਵਾਲ ਹੈ। ਇਥੇ ਸਤਿਗੁਰੂ ਅਮਰਦਾਸ ਜੀ ਹੋਏ ਹਨ, ਜਿਨ੍ਹਾਂ ਦੀ ਰਚੀ ਬਾਵਲੀ ੮੪ ਪਉੜੀਆਂ ਵਾਲੀ ਬੜੀ ਠੰਢੀ ਤੇ ਸੁਹਾਵਣੀ ਪਵਿਤ੍ਰ ਜਗ੍ਹਾ ਹੁਣ ਤਕ ਹੈ ਤੇ ਨਗਰੀ ਵਸਦੀ ਹੈ। ਇਥੋਂ ਟੁਰ ਕੇ ਸਹਿਜੇ ਸਹਿਜੇ ਚਲਦੇ "ਖਡੂਰ" ਆ ਪਹੁੰਚੇ। ਜਿਸ ਨੂੰ ਹੁਣ ਖਡੂਰ ਸਾਹਿਬ ਆਖਦੇ ਹਨ; ਜਿਥੇ ਗੁਰੂ ਅੰਗਦ ਦੇਵ ਜੀ ਗੁਰਿਆਈ ਕਰਦੇ ਰਹੇ ਸਨ। ਉਹਨਾਂ ਦੀ ਪਵਿੱਤ੍ਰਤਾ ਕਰਕੇ "ਖਡੂਰ ਸਾਹਿਬ" ਆਖੀਦਾ ਹੈ।

ਗੁਰੂ ਨਾਨਕ ਸਾਹਿਬ ਜੀ ਨੇ ਏਥੇ ਆ ਕੇ ਪਿੰਡੋਂ ਬਾਹਰ ਇਕ ਰੁੱਖ ਹੇਠਾਂ ਡੇਰਾ ਲਾਇਆ। ਅੰਮ੍ਰਿਤ ਵੇਲੇ ਮਰਦਾਨੇ ਨੇ ਸ਼ਬਦ ਗਾਵੇਂ। ਗੁਰੂ ਜੀ ਸੁਣਨ ਵਾਲੇ ਤੇ ਮਰਦਾਨਾ ਗਾਉਣ ਵਾਲਾ ਤੇ ਰੁੱਖ ਬਿਰਖ ਖੇਤ ਸ਼ਾਂਤਿ ਠੰਢ ਦਾ ਪੋਖਾ ਦੇਣ ਵਾਲੇ।

ਜਦ ਦਿਨ ਚੋਖਾ ਚੜ੍ਹ ਪਿਆ, ਖਾਓ ਪੀਏ ਦਾ ਵੇਲਾ ਹੋ ਗਿਆ ਤਦ ਇਕ ਮਾਈ ਕੋਲੋਂ ਦੀ ਆ ਲੰਘੀ। ਇਹ ਮਾਈ ਕੌਣ ਸੀ? ਇਸ ਦਾ ਨਾਂ ਸੀ 'ਵਿਰਾਈ'। ਇਹ ਸਤਲੁਜੋਂ ਪਾਰ ਦੁਰੇਡੇ ਮੱਤੇ ਦੀ ਸਰਾਂ ਦੇ ਮਾਲਕ ਚੋਧਰੀ ਤਖਤ ਮਲ ਦੀ ਧੀ ਸੀ, ਜੋ ੭੨ ਪਿੰਡਾਂ ਦਾ ਮਾਲਕ ਸੀ-ਤੇ ਇਹ ਬੀਬੀ ਸੱਤਾਂ ਭਰਾਵਾਂ ਦੀ ਭੈਣ ਸੀ, ਇਸ ਦਾਂ ਨਾਂ ਸੀ ਵੀਰਾਂ ਬਾਈ; ਲੋਕੀਂ ਇਸ ਨੂੰ 'ਸਤ ਵਿਰਾਈ' ਬੀ ਕਹਿੰਦੇ ਸਨ, ਅਰਥਾਤ ਸੱਤਾਂ ਵੀਰਾਂ ਦੀ ਭੈਣ, ਪਰ ਇਸ ਦਾ ਪਿਤਾ ਲਾਡ ਨਾਲ 'ਵਿਰਾਈ' ਆਖਦਾ ਹੁੰਦਾ ਸੀ ਤੇ ਇਹੋ ਨਾਉਂ ਪ੍ਰਸਿੱਧ ਹੋ ਗਿਆ ਸੀ।

ਖਡੂਰ ਵਿਚ ਇਹ ਬੀਬੀ ਚੋਧਰੀ ਮਹਿਮੇ ਨਾਲ ਵਿਆਹੀ ਗਈ ਸੀ, ਇਸ ਕਰਕੇ ਖਡੂਰ ਹੀ ਰਹਿੰਦੀ ਸੀ। ਇਹ ਬੀ ਲਾਡਾਂ ਪਿਆਰਾਂ ਵਿਚ ਪਲੀ, ਬੜੇ ਸੋਹਣੇ ਦਿਲ ਵਾਲੀ ਸੀ। ਸਾਰੇ ਕੰਮ ਨੇਕ ਕਰਦੀ ਸੀ। ਇਹ ਲੋਚਦੀ ਹੁੰਦੀ ਸੀ ਕਿ ਕੋਈ ਕਰਨੀ ਵਾਲਾ ਸਾਧੂ, ਕੋਈ ਪੂਰਾ ਯੋਗੀ, ਕੋਈ ਮਹਾਤਮਾ ਮਿਲੇ, ਪਰ ਮਿਲਦਾ ਨਾ ਸੀ ਕੋਈ। ਅੱਜ ਜੁ ਕੋਲੋਂ ਲੰਘੀ ਤਾਂ ਗੁਰੂ ਸਾਹਿਬ ਤੇ ਨਜ਼ਰ ਪੈ ਗਈ। ਆਪ ਜੀ

ਸਮਾਧੀ ਵਿਚ ਮਗਨ ਬੈਠੇ ਸਨ, ਚਿਹਰੇ ਤੇ ਡਾਢੀ ਸੁੰਦਰ ਆਭਾ ਸੀ। ਆਭਾ ਆਖਦੇ ਹਨ ਉਸ ਚਮਕ ਤੇ ਸੂਹਾਂ ਨੂੰ ਜੋ ਰੱਬ ਨਾਲ ਜੁੜੇ ਬੰਦਿਆਂ ਦੇ ਚਿਹਰੇ ਤੇ ਆ ਜਾਂਦੀ ਹੈ ਤੇ ਏਥੇ ਤਾਂ ਬੰਦੇ ਨਹੀਂ ਖੁਦ ਗੁਰੂ ਜੀ ਬੈਠੇ ਸੇ। ਹਰਿਆਨ ਹੋ ਕੇ ਖੜੋ ਗਈ। ਤੱਕਦੀ ਤੱਕਦੀ ਐਉਂ ਭਚੱਕ ਰਹਿ ਗਈ ਜੀਕੂੰ ਹਰਨ ਦੇ ਸਾਹਮਣੇ ਤਿੱਖਾ ਤੇਜ਼ ਚਾਨਣਾ ਪਵੇ ਤਾਂ ਤੱਕਦਾ ਤੱਕਦਾ ਰਹਿ ਜਾਂਦਾ ਹੈ, ਤੇ ਹਿੱਲਣਾ ਜੁੱਲਣਾ ਭੁੱਲ ਜਾਂਦਾ ਹੈ। ਜਿਵੇਂ ਅੱਜ ਕਲ ਜੰਗਲ ਵਿਚ ਰਾਤ ਵੇਲੇ ਮੋਟਰ ਲੈ ਜਾਓ ਤਾਂ ਲੰਪਾਂ ਦੀ ਰੋਸ਼ਨੀ ਨੂੰ ਹਰਨ ਤੇ ਸਹੇ ਦੇਖਦੇ ਦੇਖਦੇ ਅਹਿਲ ਹੋ ਜਾਂਦੇ ਹਨ। ਨਾਲ ਇਸ ਬੀਬੀ ਦੇ ਮਹਿਰੀ ਯਾ ਟਹਿਲਣ ਸੀ; ਉਸ ਨੇ ਟੁੰਬਿਆ ਤਾਂ ਅੱਖਾਂ ਝਮਕੀਆਂ, ਫੇਰ ਸਹਿਜੇ ਸਹਿਜੇ ਅਗੇ ਵਧੀ ਤੇ ਮੱਥਾ ਟੇਕਿਆ। ਗੁਰੂ ਸਾਹਿਬ ਦੇ ਨੈਣ ਖੁੱਲੇ ਤਾਂ ਮਾਈ ਹੋਰ ਅੱਗੇ ਵਧੀ, ਚਰਨਾਂ ਤੇ ਸਿਰ ਰੱਖ ਦਿੱਤਾ।

ਚਰਨਾਂ ਨੂੰ ਜਦ ਮੱਥਾ ਛੋਹਿਆ ਤਾਂ ਮੱਥੇ ਵਿਚ ਝਰਨ ਝਰਨ ਹੋਕੇ ਸਵਾਦ ਆਗਿਆ ਤੇ ਆ-ਮੁਹਾਰਾ ਉਸਦਾ ਮਨ 'ਧੰਨ ਨਿਰੰਕਾਰ' ਕਹਿਣ ਲਗ ਪਿਆ। ਇਕ ਸੁਆਦ ਆ ਗਿਆ ਮਾਈ ਨੂੰ। ਦਿਲ ਨੇ ਮੰਨ ਲਿਆ ਕਿ ਇਹ ਹੈ ਰੱਬ ਦੀ ਮੂਰਤੀ, ਇਸ ਦੇ ਅੰਦਰ ਰੱਬ ਹੈ ਕਿ ਇਹ ਆਪ ਰੱਬ ਹੈ। ਸਤਿਗੁਰੂ ਜੀ ਨੇ ਪਿੱਠ ਤੇ ਥਾਪੜਾ ਦਿੱਤਾ, ਸਿਰ ਤੇ ਹੱਥ ਫੇਰਿਆ ਤੇ ਆਖਿਆ "ਉਠ ਨਿਰੰਕਾਰ ਕਰਤਾ ਪੁਰਖ ਦੀ ਸਾਜੀ, ਜੁੜ ਜਾ ਅੰਦਰੇ ਪਰਮੇਸ਼ੁਰ ਕਰਤਾਰ ਨਾਲ ਤੇ ਰਸਨਾ ਨਾਲ ਨਾਮ ਜਪ।" ਮਾਈ ਦੇ ਅੰਦਰ ਠੰਡ ਪੈ ਗਈ, ਨਾਮ ਜਪਣ ਲਗ ਪਈ ਤੇ ਗੁਰੂ ਜੀ ਦੀ ਸਿਖ ਬਣ ਗਈ।

ਮਰਦਾਨਾ ਕੋਲ ਜ਼ਿਮੀਂ ਤੇ ਸੁੱਤਾ ਪਿਆ ਸੀ। ਪਾਸਾ ਪਰਤਿਓਸੁ ਤੇ ਬੋਲਿਆ: 'ਕਰਤਾਰ ਕਰਤਾਰ! ਧੰਨ ਕਰਤਾਰ! ਛਾਹ ਵੇਲਾ ਲੰਘ ਗਿਆ?" ਫੇਰ ਚੁਫੇਰੇ ਤੱਕ ਕੇ ਉਠ ਬੈਠਾ ਤੇ ਦੇਖਿਓ ਸੂ ਕਿ ਦੋ ਮਾਈਆਂ ਬੈਠੀਆਂ ਹਨ। ਉਹਨਾਂ ਵਲ ਤਕ ਕੇ ਮੁਸਕ੍ਰਾਇਆ ਤੇ

ਬੋਲਿਆ, "ਏਹੋ ਏ ਘਰ ਘਾਟ ਛੱਡਕੇ ਜਗਤ ਤਾਰਨ ਤੁਰਿਆ ਰੱਬ ਦਾ ਪਿਆਰਾ, ਦੁਨੀਆਂ ਨੂੰ ਜੋੜਨ ਰਬ ਜੀ ਨਾਲ।" ਇਹ ਸੁਣਕੇ ਦੋਹਾਂ ਨੇ ਇਸ ਨੂੰ ਬੀ ਹੱਥ ਜੋੜਕੇ ਸੀਸ ਨਿਵਾਇਆ।

ਹੁਣ ਮਾਈ ਵਿਰਾਈ ਨੇ ਨਾਲ ਦੀ ਨੂੰ ਕੋਈ ਸੈਨਤ ਕੀਤੀ। ਦੇਖੋ ਮਰਦਾਨੇ ਦੀ ਮਨ ਦੀ ਮੁਰਾਦ ਪੂਰੀ ਹੋ ਗਈ। ਉਸ ਨੂੰ ਭੁੱਖ ਲਗ ਰਹੀ ਸੀ। ਛਾਹ ਵੇਲਾ ਲੰਘ ਚੁੱਕਾ ਸੀ, ਹੁਣ ਰੋਟੀ ਵੇਲਾ ਸੀ, ਸੋ ਦੇਖੋ ਰੋਟੀਆਂ, ਲੱਸੀ ਤੇ ਦਾਲ ਸਲੂਣਾ ਸਤਿਗੁਰ ਦੇ ਅੱਗੇ ਆ ਗਿਆ। ਗੁਰੂ ਜੀ ਹੱਸੇ ਤੇ ਬੋਲੇ, "ਲੈ ਭਾਈ ਮਰਦਾਨਾ! ਦੇਖ ਕਰਤਾਰ ਦੇ ਰੰਗ, ਰੋਟੀ ਵੇਲੇ ਰੋਟੀ ਲੈ ਆਯਾ ਹਈ ਤੇ ਛਾਹ ਬੀ ਨਾਲ ਹੈ ਖਾ ਲੈ ਤੇ ਦੇਹ ਅਸੀਸ ਮਾਈ ਰਬ ਰਜਾਈ ਨੂੰ ਇਹ ਕਰਮਾਂ ਵਾਲੀ ਏ।"

ਤਦ ਗੁਰੂ ਜੀ ਨੇ ਤੇ ਮਰਦਾਨੇ ਨੇ ਰੋਟੀ ਖਾਧੀ ਜੋ ਮਾਈ ਨੇ ਅਗੇ ਪ੍ਰੋਸੀ। ਮਰਦਾਨਾ ਤਾਂ ਰੋਟੀ ਖਾ ਕੇ ਬੋਲ ਉਠਿਆ-'ਜੀਉ ਜੀ ਰੋਟੀ ਖਾਕੇ ਬੇਬੇ ਜੀ ਦੀ ਰੋਟੀ ਯਾਦ ਆ ਗਈ ਹੈ।' ਗੁਰੂ ਜੀ ਫੇਰ ਮੁਸਕ੍ਰਾਏ ਤੇ ਬੋਲੇ "ਜਿਵੇਂ ਰੋਟੀ ਵਿਚ ਘਿਉ ਜੀਉਰਦਾ ਹੈ ਤਿਵੇਂ ਪਜਾਰ ਬੀ ਵਸਤਾਂ ਵਿਚ ਵੜ ਬਹਿੰਦਾ ਹੈ,-ਪਜਾਰ ਹੋਵੇ ਪਰ ਪਜਾਰ।"

ਦੋ ਇਕ ਦਿਨ ਉਸੇ ਰੁੱਖ ਹੇਠ ਟਿਕੇ ਰਹੇ, ਫੇਰ ਅੱਗੇ ਟੁਰ ਪਏ।

❖❖❖

# ੩੭. ਅੰਮ੍ਰਿਤ ਸਰੋਵਰ।

**ਖਡੂਰ** ਤੋਂ ਤੁਰਕੇ ਆਪ ਜੀ ਲਗਭਗ ਵੀਹ ਕੋਹ ਆਏ ਉੱਤਰ ਰੁਖ ਨੂੰ। ਏਥੇ ਇਕ ਨਿੱਕਾ ਜਿਹਾ ਛੰਭ ਸੀ ਸੋਹਣੇ ਸੁਥਰੇ ਜਲ ਦਾ ਤੇ ਆਲੇ ਦੁਆਲੇ ਬੇਰੀਆਂ ਦਾ ਬਨ ਸੀ। ਛੰਭ ਦੇ ਉਤੇ ਇਕ ਬੇਰੀ ਸੀ, ਜੋ ਹੁਣ ਤਾਂਈਂ ਖੜੀ ਹੈ, ਇਹ ਹੈ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਦੇ ਕਿਨਾਰੇ ਖਲੀ ਦੁਖਭੰਜਨੀ ਸਾਹਿਬ ਦੀ ਬੇਰ। ਤਦੋਂ ਇਥੇ

ਨਾ ਕੋਈ ਵਸੋਂ ਸੀ ਨਾ ਕੋਈ ਮੰਦਰ ਤੇ ਨਾ ਸਰੋਵਰ। ਇਸ ਟਿਕਾਣੇ ਤੋਂ ਕੋਹ ਕਿ ਦੋ ਕੋਹ ਲਾਗੇ ਚਾਗੇ ਸਨ ਪਿੰਡ ਸੁਲਤਾਨਵਿੰਡ, ਤੁੰਗ, ਚਾਟੀਵਿੰਡ, ਖਾਪੜ ਖੇੜੀ ਆਦਿ। ਇਸ ਬਨ ਵਿਚ ਟਿਕੇ ਰਹੇ। ਸੁਹਾਵੀ ਬੇਰ ਤੇ ਕੁਦਰਤੀ ਪਾਣੀ ਦੇ ਕਿਨਾਰੇ। ਰਾਤ ਬਿਸ੍ਰਾਮ ਆਰਾਮ ਕਰਨਾ, ਅੰਮ੍ਰਿਤ ਵੇਲੇ ਕੀਰਤਨ। ਦਿਹਾੜੀ ਕੰਢੇ ਬੈਠੇ ਭਜਨ। ਆਪ ਮਿੱਠੀ ਸੱਦ ਵਿਚ ਗਾਉਂਦੇ ਸੁਣਾਈ ਦੇਂਦੇ ਸਨ :-

ਅਬ ਤਬ ਅਵਰੁ ਨ ਮਾਗਉ ਹਰਿ ਪਹਿ ਨਾਮੁ ਨਿਰੰਜਨ
ਦੀਜੈ ਪਿਆਰਿ॥ ਨਾਨਕ ਚਾਤ੍ਰਿਕੁ ਅੰਮ੍ਰਿਤ ਜਲੁ ਮਾਗੈ ਹਰਿ
ਜਸੁ ਦੀਜੈ ਕਿਰਪਾ ਧਾਰਿ॥੮॥੨॥ (ਗੂ: ਮ: ੧)

ਅਰਥ-ਮੈਂ ਹੁਣ ਤੇ ਸਦਾ ਪਰਮੇਸ਼ੁਰ ਪਾਸੋਂ ਹੋਰ ਕੁਛ ਨਹੀਂ ਮੰਗਦਾ ਹਾਂ (ਪਰ ਇਕ ਸ਼ੈ ਕਿ ਮੈਨੂੰ) (ਨਿਰੰਜਨ-) ਵਾਹਿਗੁਰੂ ਦੇ ਪਿਆਰ ਵਿਚ ਰਖੋ। ਨਾਨਕ ਇਕ ਚਾਤ੍ਰਿਕ ਹੈ ਜੋ ਅੰਮ੍ਰਿਤ ਜਲ ਮੰਗਦਾ ਹੈ (ਉਹ ਕੀਹ?) ਵਾਹਿਗੁਰੂ ਦੀ ਸਿਫਤ ਸਲਾਹ ਕਿਰਪਾ ਕਰਕੇ ਮੈਨੂੰ ਦਿਓ।

ਪ੍ਰਸ਼ਨ-ਚਾਤ੍ਰਿਕ ਕੀ ਹੁੰਦਾ ਹੈ?

ਉੱਤਰ-ਇਹ ਇਕ ਪੰਛੀ ਹੁੰਦਾ ਹੈ ਜਿਸ ਨੂੰ ਮੀਂਹ ਵਸੇ ਤੇ ਇਕ ਖਾਸ ਨਛੱਤ੍ਰ ਵਿਚ ਜੋ ਬੂੰਦਾਂ ਵੱਸਣ, ਉਹਨਾਂ ਦੇ ਪੀਣ ਦਾ ਪ੍ਰੇਮ ਹੁੰਦਾ ਹੈ। ਸੋ ਵਾਹਿਗੁਰੂ ਜੀ ਦੇ ਨਾਮ ਦੇ ਪ੍ਰੇਮੀ ਗੁਰੂ ਜੀ ਆਪ ਨੂੰ ਚਾਤ੍ਰਿਕ ਆਖਕੇ ਵਾਹਿਗੁਰੂ ਜੀ ਦੀ ਸਿਫਤ ਸਲਾਹ ਦੀਆਂ ਅੰਮ੍ਰਿਤ ਵਰਗੀਆਂ ਮਿੱਠੀਆਂ ਬੂੰਦਾਂ ਮੰਗਦੇ ਹਨ।

ਪ੍ਰਸ਼ਨ-ਇਹ ਥਾਂਉਂ ਜਿੱਥੇ ਗੁਰੂ ਜੀ ਬੈਠੇ ਸਨ ਕਿਹੜਾ ਹੈ?

ਉੱਤਰ-ਇਹ ਉਪਰ ਆ ਚੁਕਾ ਹੈ ਕਿ ਜਿੱਥੇ ਹੁਣ ਅੰਮ੍ਰਿਤਸਰ ਦਾ ਸਰੋਵਰ ਤੇ ਹਰੀਮੰਦਰ ਦਰਬਾਰ ਸਾਹਿਬ ਜੀ ਹੈ, ਉਹ ਹੈ। ਏਥੇ ਤਦੋਂ ਬਨ ਹੀ ਸੀ।

ਕੁਛ ਚਿਰ ਠਹਿਰ ਕੇ ਆਪ ਜੀ ਪੱਛੋਂ ਰੁੱਖ ਨੂੰ ਟੁਰੀ ਗਏ। ਦੱਸੀਦਾ ਹੈ ਕਿ ਰਾਹ ਵਿਚ ਕਈ ਥਾਂ ਠਹਿਰੇ ਯਾ ਕਈ ਪਿੰਡੀਂ ਰਹੇ।

ਹੌਲੇ ਹੌਲੇ ਕੀਰਤਨ ਕਰਦੇ ਨਾਮ ਵੰਡਦੇ ਲਾਹੌਰ ਪਹੁੰਚੇ ਤੇ ਦੁਹੱਟੇ ਪਿਪਲ ਠਹਿਰੇ। ਪਰ ਥੋੜਾ ਹੀ ਚਿਰ ਠਹਿਰਕੇ ਅੱਗੇ ਟੁਰ ਪਏ।

❖❖❖

# ੩੮. ਸੈਦਪੁਰ ਸੰਡਿਆਲੀ।

**ਲਾਹੌਰੋਂ** ਟੁਰਕੇ ਰਾਹ ਵਿਚ ਠਹਿਰਦੇ ਸੰਡਿਆਲੀ ਜਾ ਪਹੁੰਚੇ। ਏਸ ਥਾਂ ਨੂੰ ਹੁਣ ਏਮਨਾਬਾਦ ਆਖਦੇ ਹਨ; ਤਦੋਂ ਸੈਦਪੁਰ ਸੰਡਿਆਲੀ ਆਖਦੇ ਸਨ। ਹੋ ਸਕਦਾ ਹੈ ਕਿ ਕਦੇ ਭਗਤ ਪੁਰਖ 'ਸ਼ਾਂਡਿਲਜ' ਰਿਸ਼ੀ ਦੇ ਨਾਂ ਤੇ ਹੀ ਇਸ ਦਾ ਨਾਂ ਸੰਡਿਆਲੀ ਪਿਆ ਹੋਵੇ, ਫੇਰ ਕਿਸੇਮੁਸਲਮਾਨ ਦੇ ਕਬਜ਼ੇ ਵਿਚ ਆ ਜਾਣ ਕਰਕੇ ਨਾਉਂ 'ਸੈਦਪੁਰ ਸੰਡਿਆਲੀ' ਵੱਜਿਆ ਅਤੇ ਬਾਬਰ ਨੇ ਜਦ ਏਥੇ ਕਤਲਾਮ ਕੀਤੀ ਤੇ ਫੇਰ ਸ਼ਹਿਰ ਨੂੰ ਅਮਨ ਮਿਲਿਆ ਤਾਂ ਮਗਰੋਂ ਨਾਉਂ 'ਏਮਨਾਬਾਦ' ਹੋ ਗਿਆ, ਜੋ ਨਾਉਂ ਕਿ ਹੁਣ ਤਕ ਮਸ਼ਹੂਰ ਹੈ।

ਇਥੇ ਇਕ ਗਰੀਬ ਮਹੱਲੇ 'ਲਾਲੋਂ' ਨਾਮ ਦਾ ਇਕ ਤਰਖਾਣ ਰਹਿੰਦਾ ਸੀ, ਜੋ ਕਿੱਲੇ ਘੜਕੇ ਵੇਚਦਾ ਤੇ ਆਪਣੀ ਗੁਜ਼ਰਾਨ ਟੋਰਦਾ ਸੀ। ਸਿੱਧੀ ਪੱਧਰੀ ਸੂਰਤ ਸੀ। ਖੁਰ੍ਦਰਾ ਜਿਹਾ ਬੰਦਾ ਦਿੱਸਦਾ ਸੀ। ਇਸ ਦੇ ਘਰ ਜਾਕੇ ਗੁਰੂ ਜੀ ਨੇ 'ਧੰਨ ਨਿਰੰਕਾਰ' ਦੀ ਸੱਦ ਲਗਾਈ। ਲਾਲੋ ਸੱਦ ਸੁਣਕੇ ਬਾਹਰ ਆਇਆ। ਦਰਸ਼ਨ ਕੀਤਿਓਸੁ ਤੇ ਚਰਨਾਂ ਤੇ ਢਹਿ ਪਿਆ। ਫੇਰ ਗੁਰੂ ਜੀ ਬੋਲੇ, "ਲੈ ਭਾਈ ਲਾਲੋ! ਆ ਗਏ ਹਾਂ ਤੇ ਟੁਰ ਪਏ ਹਾਂ ਦੇਸ਼ਾਂ ਬਦੇਸ਼ਾਂ ਦੀ ਧਾਰ ਕੇ।" ਲਾਲੋ ਦੇ ਨੈਣ ਭਰ ਆਏ, ਸੀਸ ਝੁਕ ਗਿਆ, ਫੇਰ ਲੈ ਗਿਆ ਕੋਠੇ ਦੇ ਅੰਦਰ। ਨਾਲ ਦਾ ਸਾਥੀ ਮਰਦਾਨਾ ਹਰਿਆਨ ਪਿਆ ਹੋਵੇ, ਜੀ ਵਿਚ ਆਖੇ: ਕਿੰਨੇ ਮੋਦੀਖਾਨੇ ਦੇ ਨੌਕਰ ਅੱਗੇ ਹੱਥ ਜੋੜ ਖੜੋਂਦੇ ਸਨ, ਨਵਾਬ ਮਿਹਰਾਂ ਕਰਦਾ ਸੀ, ਘਰ ਦਾ ਸੁਖ ਸੀ, ਦੇਵੀ ਭੈਣ ਸੀ, ਪਤੀਬ੍ਰਿਤਾ ਇਸਤ੍ਰੀ ਸੇਵਾ ਕਰਦੀ ਸੀ, ਸੋ ਸਭ ਛਡਿਆ। ਰਸਤੇ ਵਿਚ ਜਿਥੇ

ਠਹਿਰੇ ਹਥੀਂ ਛਾਂਵਾਂ ਹੋਈਆਂ, ਅੱਜ ਕਿੱਥੇ ਆ ਗਏ ਹਨ? ਕਿੱਲੇ ਘੜਨ ਵਾਲੇ ਦੇ ਘਰ! ਨਾ ਮੰਜਾ ਨਾ ਪੀਹੜੀ ਨਾ ਖੇਸ ਨਾ ਦਰੀ।

ਇੰਨੇ ਨੂੰ ਲਾਲੋ ਨੇ ਬਾਹਰੋਂ ਜਾ ਕੇ ਇਕ ਪਲੰਘੀਰੀ ਜਿਹੀ ਆਂਦੀ ਤੇ ਸ੍ਰੀ ਗੁਰੂ ਜੀ ਨੂੰ ਉਸ ਪਰ ਬਿਠਾਇਆ, ਕਿੰਨਾ ਚਿਰ ਦੁਵੱਲੀ ਕੋਈ ਗੱਲ ਬਾਤ ਨਹੀਂ ਹੋਈ। ਫੇਰ ਲਾਲੋ ਨੇ ਬਾਹਰ ਇਕਲਵੰਜੇ ਚੌਂਕੇ ਵਿਚ ਰਸੋਈ ਕੀਤੀ। ਇਧਰ ਮਰਦਾਨੇ ਨੇ ਪੁੱਛਿਆ:- ਹੇ ਦਾਤਾ ਜੀਓ, ਇਹ ਕੌਣ ਪੁਰਖ ਹੈ, ਜਿਸ ਦੇ ਘਰੇ ਆਪ ਚੱਲਕੇ ਆਏ ਹੋ? ਘਰ ਛੱਡ ਸ਼ਹਿਰਾਂ ਤੋਂ ਪਰੇ ਰਹਿੰਦੇ ਕਿਥੇ ਆਪ ਆ ਚਰਨ ਪਾਏ ਨੇ? ਆਪ ਹੱਸਕੇ ਬੋਲੇ:-"ਅਸੀਂ ਭਗਤੀ ਦੇ ਘਰ ਆਏ ਹਾਂ ਮਰਦਾਨਿਆ! ਧਰਮ ਕਿਰਤੀ ਦੇ ਘਰ ਆਏ ਹਾਂ। ਜਿਥੇ ਕਿਰਤ ਧਰਮ ਦੀ, ਪਰ ਨਾਲ ਹੀ ਮਨ ਚਾਨਣੇ ਵਿਚ ਹੈ, ਸੋਝੀ ਵਿਚ ਹੈ, ਰੱਬ ਜੀ ਦੇ ਰੰਗ ਰੱਤਾ ਹੈ।"

ਇੰਨੇ ਨੂੰ ਭੋਜਨ ਤਿਆਰ ਹੋ ਗਿਆ, ਲਾਲੋ ਨੇ ਆਕੇ ਕਿਹਾ, "ਚੌਂਕੇ ਵਿਚ ਚਲੋ ਭੋਜਨ ਪਾਓ।" ਸ੍ਰੀ ਗੁਰੂ ਜੀ ਨੇ ਆਖਿਆ, "ਲਾਲੋ, ਸਾਰੀ ਧਰਤੀ ਚੌਂਕਾ ਹੈ ਤੇ ਸੱਚ ਵਿਚ ਰੱਤਿਆਂ ਸਾਰੀ ਸੁੱਚ ਹੋ ਜਾਂਦੀ ਹੈ, ਤੂੰ ਭੋਜਨ ਇਥੇ ਹੀ ਲੈ ਆ।" ਜਾਂ ਲਾਲੋ ਕੋਧਰੇ ਦੀ ਰੋਟੀ ਤੇ ਸਾਗ ਲੈ ਆਇਆ ਤਾਂ ਮਰਦਾਨਾ ਜੀ ਵਿਚ ਆਖੇ:-ਕਿਥੇ ਆ ਗਏ , ਇਹ ਸੁੱਕੀ ਰੋਟੀ ਤੇ ਮੇਰਾ ਸੰਘ! ਪਰ ਚੰਗਾ ਜੋ ਗੁਰੂ ਨੂੰ ਭਾਵੇ ਸੋ ਪਰਵਾਨ। ਖਾਹ ਮਨਾ, ਖਾਹ, ਤੇ ਖੁਸ਼ ਹੋਕੇ ਖਾਹ। ਇਹ ਵਿਚਾਰਕੇ ਰੋਟੀ ਖਾਧੀਓਸ ਤਾਂ ਅੰਮ੍ਰਿਤ ਦਾ ਸੁਆਦ ਆਇਆ। ਜਦ ਸਤਿਗੁਰੂ ਜੀ ਨੇ ਬੀ ਪ੍ਰਸਾਦ ਛਕ ਲਿਆ ਤਾਂ ਲਾਲੋ ਨੇ ਚਰਨਾਂ ਤੇ ਮੱਥਾ ਟੇਕਿਆ, ਸਤਿਗੁਰਾਂ ਨੇ ਮਿਹਰ ਕੀਤੀ ਕਿ ਲਾਲੋ ਦੀ ਭਗਤੀ ਤੇ ਸਾਧਨਾ ਬ੍ਰਿਤੀ ਅਡੋਲ ਆਤਮ ਰਸ ਵਿਚ ਭਿੱਜ ਗਈ ਅਰਥਾਤ ਅਗੇ ਲਾਲੋ ਘਾਲ ਕਰਦਾ ਸੀ ਅੱਜ ਉਸ ਨੂੰ ਸਵਾਦ ਆ ਗਿਆ ਪਰਮੇਸ਼ੁਰ ਦੇ ਪਿਆਰ ਦਾ। ਉਸ ਦਾ ਮਨ ਠੰਢੇ ਠੰਢੇ ਸੁਆਦ ਵਿਚ ਹੋ ਗਿਆ।

❖❖❖

# ੩੯. ਦੁੱਧ ਕਿ ਲਹੂ।

**ਇਸ** ਘਰ ਵਿਚ-ਨਿੱਕੇ ਜਿਹੇ ਕੱਚੇ ਕੋਠੇ ਵਿਚ-ਤ੍ਰੈ ਕੁ ਦਿਨ ਰਹਿੰਦਿਆਂ ਹੋਏ ਸਨ ਕਿ ਸ੍ਰੀ ਗੁਰੂ ਜੀ ਤੁਰਨੇ ਨੂੰ ਤਿਆਰ ਹੋਣ ਲਗੇ, ਪਰ ਲਾਲੋ ਨੇ ਹੱਥ ਜੋੜੇ, ਅੱਖਾਂ ਪਿਆਰ ਨਾਲ ਹੰਝੂ ਭਰੀਆਂ ਹੋ ਗਈਆਂ ਤੇ ਆਖਿਆ-"ਐਡੀ ਛੇਤੀ ਨਾ ਕਰੋ, ਕੁਛ ਦਿਨ ਹੋਰ ਠਹਿਰੋ, ਦਰਸ਼ਨ ਦਿਓ ਤਾਂ ਜਾਓ।" ਸ੍ਰੀ ਗੁਰੂ ਜੀ ਉਸਦੇ ਪਿਆਰ ਨੂੰ ਵੇਖਕੇ ਹੋਰ ਠਹਿਰ ਪਏ। ਹੁਣ ਇਉਂ ਦੀ ਵਰਤੋਂ ਹੋ ਗਈ ਕਿ ਗੁਰੂ ਜੀ ਨੇ ਤੜਕੇ ਹੀ ਬਾਹਰ ਚਲੇ ਜਾਣਾ ਤੇ ਓਥੇ ਯਾ ਤਾਂ ਰੋੜਾਂ ਦੀ ਥੜੀ ਉਤੇ ਯਾ ਰੇਤੇ ਦੀ ਥਲੀ ਉਤੇ ਚੌਂਕੜਾ ਮਾਰ ਬੈਠਣਾ; ਆਪਣੇ ਵਾਹਿਗੁਰੂ ਦੇ ਧਿਆਨ ਵਿਚ ਲਗੇ ਬੈਠੇ ਰਹਿਣਾ। ਜਿਸ ਨੂੰ ਲੋਕੀ ਤਪ ਕਰਨਾ* ਆਖਦੇ ਹਨ, ਪਰ ਗੁਰੂ ਜੀ ਸਰੀਰ ਨਾਲ ਨਿਰਾ ਤਪ ਹੀ ਨਹੀਂ ਸਨ ਕਰਦੇ, ਉਹ ਤਾਂ ਵਾਹਿਗੁਰੂ ਦਾ ਧਿਆਨ ਧਾਰ ਕੇ ਬੈਠਦੇ ਸੇ ਪਿਆਰ ਵਿਚ।

ਨਗਰ ਵਿਚ ਮਸ਼ਹੂਰ ਹੋ ਗਿਆ ਕਿ ਇਕ ਵੇਦੀ ਖੱਤ੍ਰੀ ਬੜੀ ਭਾਰੀ ਤਪਸਜਾ ਕਰਦਾ ਹੈ, ਨਾ ਕੁਛ ਖਾਂਦਾ ਹੈ ਨਾ ਪੀਂਦਾ ਹੈ। ਬਾਹਰ ਰੇਤਿਆਂ ਵਿਚ ਉੱਗੇ ਅੱਕ ਦੇ ਫੁੱਲਾਂ ਦੀਆਂ ਪੰਜ ਚਾਰ ਕਰੂੰਬਲੀਆਂ ਖਾ ਕੇ ਇਕੋ ਜਗ੍ਹਾ ਬੈਠਾ ਰਹਿੰਦਾ ਹੈ, ਸਮਾਧੀ ਨਹੀਂ ਖੁੱਲ੍ਹਦੀ; ਪਰ ਨਾਲ ਹੀ ਇਹ ਆਖਣ, "ਦੇਖੋ ਵੇਦੀ ਹੋਕੇ ਤਰਖਾਣ ਨੀਵੀਂ ਜਾਤ ਦੇ ਘਰ ਰਹਿੰਦਾ ਹੈ। ਨਾਲ ਮੁਸਲਮਾਨ ਮਰਾਸੀ ਕਿ ਡੂੰਮ ਰਖਿਆ ਹੋਇਆ ਸੂ"। ਮਰਦਾਨਾ ਜੇ ਬਾਜ਼ਾਰ ਵਿਚ ਕਿਸੇ ਕੰਮੇ ਜਾਏ ਤਾਂ ਲੋਕੀਂ ਇਥੋਂ ਤਾਂਈਂ ਆਖਣ ਕਿ "ਅਹੁ ਜਾਂਦਾ ਜੇ ਕੁਰਾਹੀਏ ਦਾ ਡੂੰਮ ਜੋ ਜਾਤਿ ਕੁਜਾਤਿ ਰਲਾ ਰਿਹਾ ਜੇ।"

ਸੋ ਕੁਛ ਦਿਨਾਂ ਪਿਛੋਂ ਮਰਦਾਨਾ ਤਾਂ ਆਗਿਆ ਲੈ ਕੇ ਘਰ ਚਲਾ ਗਿਆ ਪਰ ਗੁਰੂ ਜੀ ਉਥੇ ਹੀ ਟਿਕੇ ਰਹੇ। ਜਿਥੇ ਗੁਰੂ ਜੀ ਵਾਹਿਗੁਰੂ

*ਰੇਤ ਅੱਕ ਆਹਾਰ ਕਰਿ ਰੋੜਾਂ ਦੀ ਕਿਰਿ ਕਰੀ ਵਿਛਾਈ।
ਭਾਰੀ ਕਰੀ ਤਪੱਸਿਆ ਵਡੇ ਭਾਗ ਹਰਿ ਸਿਉ ਬਣਿ ਆਈ। (ਭਾ ਗੁ)

ਨਾਲ ਪ੍ਰੇਮ ਰੱਤੇ ਬੈਠਦੇ ਸੇ ਉਹ ਥਾਉਂ ਹੁਣ ਹੈ ਤੇ ਰੋੜੀ ਸਾਹਿਬ ਨਾਉਂ ਹੈ, ਉਸ ਪਾਸ ਯਾਦਗੀਰੀ ਸਰੋਵਰ ਬੀ ਹੈ। ਏਥੇ ਭਾਈ ਲਾਲੋ ਦੀ ਖੂਹੀ ਬੀ ਹੈ। ਦੋ ਦੀਵਾਨਾਂ ਦੇ ਮਕਾਨਾਂ ਦੇ ਲਾਗ ਵਾਰ ਹੈ। ਪਹਿਲਾਂ ਉਹਨਾਂ ਪਾਸ ਹੈਸੀ ਫੇਰ ਅਕਾਲੀਆਂ ਨੇ ਕਬਜ਼ਾ ਕੀਤਾ। ਹੁਣ ਦੇਸ਼ ਵੰਡ ਦੇ ਮਗਰੋਂ ਪਤਾ ਨਹੀਂ ਕਿ ਮੁਸਲਮਾਨ ਸਰਕਾਰ ਨੇ ਐਸੇ ਪਵਿਤ੍ਰ ਥਾਵਾਂ ਦੀ ਸੰਭਾਲ ਕਿੰਵ ਕੀਤੀ ਹੈ।

ਗੁਰੂ ਜੀ ਕਿੰਨਾ ਚਿਰ ਏਥੇ ਟਿਕੇ। ਕੁਛ ਲੋਕੀ ਕਿਸੇ ਕਿਸੇ ਵੇਲੇ ਆ ਮਿਲਦੇ ਤੇ ਸਿਖ ਮਤਿ ਲੈ ਜਾਂਦੇ; ਪਰ ਇਕ ਦਿਨ ਦੋ ਚਾਰ ਬ੍ਰਾਹਮਣ ਸਮਝਾਉਣ ਆਏ ਕਿ ਜਾਤ ਦਾ ਵਿਚਾਰ ਰਖੋ, ਤੁਸੀਂ ਉੱਚ ਕੁਲ ਵੇਦਾਚਾਰਯ-ਵੇਦੀ ਹੋ। ਪਰ ਗੁਰੂ ਜੀ ਦੀ ਵਿਚਾਰ ਅੱਗੇ ਨਿਰੁੱਤਰ ਹੋ ਗਏ। ਆਖਰ ਲੋਕੀ 'ਨਾਨਕ ਤਪਾ' ਕਹਿਣ ਲਗ ਪਏ । ਕਈ ਮੁਸਲਮਾਨ 'ਨਾਨਕ ਸ਼ਾਹ' ਆਖਣ ਲਗ ਪਏ। ਆਮ ਲੋਕੀਂ ਤਾਂ ਦੂਰੋਂ ਨੇੜਿਓਂ ਆਉਂਦੇ, ਸਤਿਸੰਗ ਦਾ ਲਾਹਾ ਲੈਂਦੇ, ਪਰ ਬ੍ਰਾਹਮਣ ਤੇ ਮੁਲਾਣੇ ਖਿਝਣ ਲਗ ਪਏ, ਕਿਉਂਕਿ ਦੋਹਾਂ ਨੂੰ ਡਰ ਪਿਆ ਕਿ ਜੇ ਸਾਰੇ ਲੋਕ ਇਨ੍ਹਾਂ ਦੇ ਮਗਰ ਲਗ ਪਏ ਤਾਂ ਸਾਨੂੰ ਕੌਣ ਪੁੱਛੇਗਾ?

ਏਮਨਾਬਾਦ ਵਿਚ ਇਕ ਪਠਾਣ ਖਾਨ ਹਾਕਮ ਸੀ, ਮਾਨੋ ਰਾਜਾ ਸੀ ਤੇ ਮਲਕ ਭਾਗੋ ਉਸਦਾ ਕਾਰਦਾਰ ਸੀ। ਸੋ ਮੁਲਾਣਿਆਂ ਨੇ ਤਾਂ ਨਵਾਬ ਪਾਸ ਤੇ ਬ੍ਰਾਹਮਣਾਂ ਨੇ ਮਲਕ ਭਾਗੋ ਪਾਸ ਚੁਗਲੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਹੋਰ ਬੀ ਉਪ੍ਰਾਲੇ ਕੀਤੇ ਕਿ ਗੁਰੂ ਜੀ ਏਥੋਂ ਉਠ ਜਾਣ। ਇਕ ਦਿਨ ਆ ਗਿਆ ਜਦ ਕਿ ਮਲਕ ਭਾਗੋ ਨੇ ਆਪਣੇ ਘਰ ਬ੍ਰਹਮ ਭੋਜ ਕੀਤਾ। ਬ੍ਰਹਮ ਭੋਜ ਹੁੰਦਾ ਹੈ ਬ੍ਰਾਹਮਣਾਂ ਤੇ ਸਾਧੂਆਂ ਨੂੰ ਮਾਹਲ ਪੂੜੇ, ਪੂੜੀਆਂ, ਖੀਰਾਂ, ਲੁੱਚੀਆਂ, ਕਚੌਰੀਆਂ ਆਦਿ ਭੋਜਨ ਖੁਆਉਣੇ। ਸੋ ਇਹ ਬ੍ਰਹਮ ਭੋਜ ਦੇ ਮਲਕ ਵੱਲੋਂ ਸਾਰੇ ਸਾਧੂਆਂ ਤੇ ਬ੍ਰਾਹਮਣਾਂ ਨੂੰ ਸੱਦੇ ਘੱਲੇ ਗਏ। ਬ੍ਰਾਹਮਣਾਂ ਖੁਣਸ* ਮਾਰਿਆਂ ਗੁਰੂ ਜੀ ਨੂੰ ਬੀ ਸੱਦ ਘੱਲਿਆ। ਜਾਣਦੇ ਸਨ ਕਿ ਗੁਰੂ ਜੀ ਨਾ ਆਉਣਗੇ ਤਾਂ

*ਗੁੱਸਾ, ਸਾੜਾ, ਈਰਖਾ।

ਮਲਕ ਨੂੰ ਗੁੱਸਾ ਚੜ੍ਹੇਗਾ। ਸੋ ਐਸਾ ਹੀ ਹੋਇਆ ਕਿ ਗੁਰੂ ਜੀ ਉਸ ਦੇ ਘਰ ਭੋਜਨ ਖਾਣ ਨਾ ਗਏ। ਤਦ ਬ੍ਰਾਹਮਣਾਂ ਚੁਗਲੀ ਵੱਟੀ ਕਿ ਦੇਖੋ ਮਲਕ ਜੀ, ਨਾਨਕ ਤਪਾ ਕੇਡਾ ਹੰਕਾਰੀ ਹੈ, ਤੁਹਾਡਾ ਨਿਉਤਾ ਬੀ ਨਹੀਂ ਸੂ ਮੰਨਿਆ। ਭਾਗੋ ਨੂੰ ਗੁੱਸਾ ਚੜ੍ਹ ਗਿਆ, ਉਸਨੇ ਫੇਰ ਬ੍ਰਾਹਮਣ ਘੱਲਿਆ ਕਿ ਜਾਓ ਮੇਰੇ ਪਾਸ ਸੱਦਕੇ ਲਿਆਓ। ਪਰ ਜਦ ਸੱਦਣ ਲਈ ਬ੍ਰਾਹਮਣ ਗਿਆ ਤਾਂ ਆਪ ਨੇ ਕਿਹਾ, "ਅਸੀਂ ਫਕੀਰ ਲੋਕ ਹਾਂ, ਸਾਡਾ ਪਾਤਸ਼ਾਹ ਨਾਲ ਕੀ ਕੰਮ।" ਜਦ ਗੁਰੂ ਜੀ ਨਾ ਗਏ ਤਾਂ ਚੁਗਲ-ਵੱਟਾਂ ਨੇ ਮਲਕ ਨੂੰ ਹੋਰ ਗੁੱਸਾ ਚਾੜ੍ਹਿਆ। ਤਦ ਮਲਕ ਨੇ ਪੰਜਾਂ ਨੂੰ ਫੇਰ ਘੱਲਿਆ ਕਿ ਨਾ ਆਵੇ ਤਾਂ ਫੜ ਲਿਆਓ। ਗੁਰੂ ਜੀ ਹੁਕਮ ਸੁਣਕੇ ਹੱਸੇ ਤੇ ਟੁਰ ਪਏ। ਅੱਗੇ ਗਏ ਤਾਂ ਮਲਕ ਉਦਾਲੇ ਲੋਕ ਬੈਠੇ ਸਨ। ਗੁਰੂ ਜੀ ਅੰਦਰ ਲੰਘਕੇ ਚੁਪ ਖੜੇ ਹੋ ਗਏ। ਤਦ ਮਲਕ ਨੇ ਕਿਹਾ-"ਹੇ ਤਪਾ, ਤੂੰ ਸ਼ੂਦਰਾਂ ਦੇ ਘਰ ਰੋਟੀਆਂ ਖਾਂਦਾ ਹੈਂ ਤੇ ਸੁੱਚੇ ਤੇ ਪਵਿੱਤ੍ਰ ਬ੍ਰਹਮ ਭੋਜਾਂ ਤੇ ਨਹੀਂ ਆਉਂਦਾ! ਫਿਰ ਤੂੰ ਡੂੰਮਾਂ ਨਾਲ ਵਰਤਦਾ ਹੈਂ ਤੇ ਸਾਨੂੰ ਖੱਤ੍ਰੀਆਂ ਨੂੰ ਤ੍ਰਾਹੁੰਦਾ ਹੈਂ* ਇਹ ਕੀ ਗਲ ਹੈ?" ਗੁਰੂ ਜੀ ਨੇ ਕਿਹਾ, "ਅਸੀਂ ਦਰਵੇਸ਼ ਹਾਂ ਰਬ ਦੇ, ਜਿਥੋਂ ਦੇਂਦਾ ਹੈ ਖਾ ਲੈਂਦੇ ਹਾਂ।" ਮਲਕ ਬੋਲਿਆ, "ਫੇਰ ਮੇਰਾ ਬ੍ਰਹਮ ਭੋਜ ਬੀ ਖਾ ਲੈਂਦੇ।" ਗੁਰੂ ਜੀ ਮੁਸਕਰਾਏ ਤੇ ਬੋਲੇ, "ਹਛਾ ਮਲਕ ਜੀ! ਕੋਈ ਲੁੱਚੀ ਕਚੌਰੀ ਮੰਗਾਓ ਆਪਣੇ ਬ੍ਰਹਮ ਭੋਜ ਦੀ।" ਉਧਰ ਲਾਲੋ ਨੂੰ ਆਖਿਆ "ਤੂੰ ਆਪਣੇ ਘਰੋਂ ਕੋਧਰੇ ਦਾ ਟੁੱਕਰ ਲੈ ਆ।" ਜਦ ਦੋਇ ਆ ਗਏ ਤਾਂ ਗੁਰੂ ਜੀ ਨੇ ਇਕ ਹੱਥ ਵਿਚ ਲੁੱਚੀ ਕਚੌਰੀ ਤੇ ਦੂਜੇ ਵਿਚ ਕੋਧਰੇ ਦਾ ਟੁੱਕਰ ਲੈ ਕੇ ਬਾਹਾਂ ਲੰਮੀਆਂ ਕਰਕੇ ਦੋਹਾਂ ਨੂੰ ਘੁੱਟਿਆ, ਨਿਪੀੜਿਆ ਤਾਂ ਦੇਖੋ ਕੋਧਰੇ ਵਿਚੋਂ ਦੁੱਧ ਦੀਆਂ ਬੂੰਦਾਂ ਸਿੰਮ ਪਈਆਂ ਤੇ ਮਲਕ ਭਾਗੋ ਦੀ ਲੁੱਚੀ ਕਚੌਰੀ ਵਿਚੋਂ ਲਹੂ ਦੀਆਂ ਬੂੰਦਾਂ ਸਿੰਮ ਪਈਆਂ। ਇਹ ਦੇਖਕੇ ਸਾਰੀ ਮਜਲਸ, ਜੋ ਸ਼ਹਿਰਦੇ ਮਨੁੱਖਾਂ ਦੀ ਬੈਠੀ ਸੀ, ਹਰਯਾਨ ਰਹਿ ਗਈ ਤੇ ਸਾਰੇ ਡਰ ਗਏ ਕਿ ਇਹ ਤਪਾ ਬੜਾ ਕਲਾਵਾਨ ਤੇ

*ਪਰੇ ਕਰਦਾ ਹੈਂ, ਨਫਰਤ ਕਰਦਾ ਹੈਂ।

ਕਰਾਮਾਤੀ ਹੈ। ਮਲਕ ਨੂੰ ਗੁੱਸਾ ਆਇਆ ਨਾਲੇ ਸ਼ਰਮਿੰਦਗੀ ਬੀ ਆਈ। ਤਦ ਗੁਰੂ ਜੀ ਬੋਲੇ, "ਦੇਖ ਮਲਕ! ਕਿਕਰ ਦੇ ਬੀਜ ਨੂੰ ਕੰਡੇ ਨਹੀਂ ਹੁੰਦੇ ਪਰ ਜਦ ਬੀਜ ਉਗਦਾ ਹੈ ਤੇ ਬੂਟਾ ਬਣਦਾ ਹੈ, ਕੰਡੇ ਨਿਕਲ ਆਉਂਦੇ ਹਨ, ਤਿਵੇਂ ਜ਼ੋਰ ਜ਼ੁਲਮ, ਪਾਪ ਤੇ ਅਧਰਮ ਦੀ ਕਮਾਈ ਦੇ ਮਾਹਲ ਪੂੜੇ, ਕਚੌਰੀਆਂ, ਲੁੱਚੀਆਂ ਸੁਆਦਲੇ ਹਨ ਖਾਣ ਨੂੰ, ਪਰ ਧਰਮੀ ਪੁਰਖਾਂ ਨੂੰ, ਜਦ ਉਹ ਖਾ ਜਾਣ, ਤਾਂ ਪੀੜ ਕਰਦੇ ਹਨ। ਇਸ ਲਈ ਜ਼ੋਰ ਜ਼ੁਲਮ ਨਾਲ ਕਮਾਏ ਧਨ ਦੇ ਭੋਜਨ ਧਰਮੀਂ ਹਿਰਦਿਆਂ ਨੂੰ ਵਰਜਿਤ ਹਨ; ਖਾਣੇਂ ਮਨ੍ਹੇ ਹਨ। ਤੇ ਐਸੇ ਦਾਨ ਕਰਨ ਵਾਲਿਆਂ ਨੂੰ ਬੀ ਉਸਦਾ ਪੁੰਨ ਫਲ ਨਹੀਂ ਮਿਲਦਾ, ਸਗੋਂ ਜਿਨ੍ਹਾਂ ਪਾਪਾਂ ਨਾਲ ਇਕੱਠੀ ਕੀਤੀ ਹੋਵੇ ਉਹਨਾਂ ਦਾ ਦੰਡ ਮਿਲਦਾ ਹੈ।" ਇਉਂ ਕਹਿੰਦੇ ਆਪ ਜੀ ਬਾਹਰ ਆ ਗਏ ਤੇ ਲਾਲੋ ਦੇ ਕੱਚੇ ਕੋਠੇ ਵਿਚ ਜਾ ਵੜੇ।

ਇਸ ਸਾਖੀ ਵਿਚ ਗੁਰੂ ਜੀ ਨੇ ਸਾਨੂੰ ਮੱਤਿ ਦਿੱਤੀ ਹੈ ਕਿ ਧਰਮ ਦੀ ਕਿਰਤ ਕਰੋ, ਉਸ ਤੇ ਗੁਜ਼ਰਾਨ ਕਰੋ, ਉਸ ਵਿਚੋਂ ਦਾਨ ਕਰੋ, ਉਹ ਫਲੇਗਾ, ਉਹ ਦਿੱਤਾ ਤੁਹਾਨੂੰ ਲੋਕ ਪ੍ਰਲੋਕ ਸੁਖ ਦੇਵੇਗਾ।

❖❖❖

## ੪੦. ਫਕੀਰਾਂ ਦੀ ਬੰਦ ਛੁਡਾਈ।

**ਏਮਨਾਬਾਦ** ਵਿਚ ਇਕ ਸਾਖੀ ਹੋਰ ਹੋਈ ਸੀ। ਸੰਡਜਾਲੀ ਦਾ ਜੋ ਖਾਨ ਸੀ ਪਠਾਣ ਕਿਲ੍ਹੇਦਾਰ, ਉਸਦਾ ਪੁਤ੍ਰ ਬੀਮਾਰ ਹੋ ਗਿਆ। ਤਦ ਓਸ ਨੇ ਇਕ ਦਿਨ ਮਲਕ ਭਾਗੋ ਨੂੰ ਆਖਿਆ, "ਮਲਕ, ਮੇਰਾ ਜੁਆਨ ਪੁਤ੍ਰ ਵੱਲ ਨਹੀਂ ਹੁੰਦਾ, ਦਿਨੋਂ ਦਿਨ ਹੇਠਾਂ ਹੀ ਹੇਠਾਂ ਹੁੰਦਾ ਜਾਂਦਾ ਏ, ਦਵਾ ਦਰਮਲ ਕੋਈ ਕੰਮ ਨਹੀਂ ਆਏ।" ਤਾਂ ਭਾਗੋ ਨੇ ਕਿਹਾ, "ਫਕੀਰਾਂ ਦੀ ਦੁਆ ਰੱਦ ਬਲਾ ਹੁੰਦੀ ਹੈ; ਅਰਥਾਤ ਜੇ ਕੋਈ ਕਾਮਲ ਫਕੀਰ ਆਕੇ ਤੇਰੇ ਪੁਤ੍ਰ ਲਈ ਅਰਦਾਸ ਕਰੇ ਤਾਂ ਪੁਤ੍ਰ ਵੱਲ ਹੋਵੇ। ਪਰ ਫਕੀਰ ਕਾਮਲ ਹੋਵੇ।" ਕਾਮਲ ਆਖਦੇ ਹਨ ਪੂਰੇ ਨੂੰ ਜੋ ਸਚੀ ਮੁਚੀ ਰਬ ਦਾ ਪਿਆਰਾ ਹੋਵੇ; ਪਰ ਲੋਕੀ ਕਾਮਲ ਉਸ ਨੂੰ ਆਖਦੇ ਹਨ ਜੋ

ਉਹਨਾਂ ਦੇ ਭਾਣੇ ਕਰਾਮਾਤੀ ਹੋਵੇ, ਕਰਾਮਾਤ ਕਰਕੇ ਦੱਸੇ। ਖਾਨ ਨੇ ਕਿਹਾ, "ਕੌਣ ਕਾਮਲ ਹੈ ਫਕੀਰ? ਮੈਂ ਕਿਵੇਂ ਪਛਾਣਾਂ?" ਤਾਂ ਭਾਗੋ ਨੇ ਕਿਹਾ, "ਜਿਤਨੇ ਹਨ ਫੜ ਮੰਗਾਓ ਤੇ ਆਖੋ ਮੇਰੇ ਪੁਤਰ ਨੂੰ ਵੱਲ ਕਰੋ ਤਾਂ ਛੋੜ ਸਾਂ, ਸੋ ਆਪੇ ਜੋ ਕਾਮਲ ਹੋਇਆ ਕਰਾਮਾਤ ਕਰ ਦਿਖਾਏਗਾ।" ਤਾਂ ਖਾਨ ਨੇ ਸਾਧੂ ਪਕੜ ਮੰਗਵਾਏ ਜੋ ਜੋ ਭਾਗੋ ਨੇ ਦੱਸੇ , ਗੁਰੂ ਨਾਨਕ ਜੀ ਬੀ ਫਿਰਦੇ ਟੁਰਦੇ ਤਿਵੇਂ ਹੀ ਆਂਦੇ ਗਏ। ਭਾਗੋ ਨੇ ਉਹਨਾਂ ਦਾ ਨਾਮ ਵੀ ਦੱਸਿਆ ਸੀ।

ਸਾਰੇ ਫਕੀਰ ਖਾਨ ਦੇ ਬੁਲਾਏ ਹੋਏ ਬੈਠੇ ਸਨ ਕਿ ਲਾਲੋ ਸੁਣਕੇ ਭੱਜਾ ਆਇਆ। ਜਗਤ ਦੇ ਬੰਦੀ ਛੋੜ ਨੂੰ ਬੰਦੀ ਵਿਚ ਵੇਖਕੇ ਰੋ ਪਿਆ, "ਇਹ ਜਗਤ ਮੂਰਖਾਂ ਦਾ ਹੈ ਜੋ ਆਪਣੇ ਸੁਖ ਦੇਣ ਵਾਲਿਆਂ, ਉੱਚਿਆਂ ਮਨੁੱਖਾਂ ਨਾਲ ਵੈਰ ਕਰਦਾ ਤੇ ਦੁੱਖ ਦੇਂਦਾ ਹੈ।"

ਤਦ ਗੁਰੂ ਜੀ ਨੇ ਕਿਹਾ: "ਲਾਲੋ, ਬੈਰਾਗ* ਨਾ ਕਰ, ਦੇਖ ਰੰਗ ਕਰਤਾਰ ਦੇ, ਇਹ ਬੀ ਉਸਦਾ ਕੋਈ ਚੋਜ ਹੈ।"

ਹੁਣ ਨਵਾਬ ਆ ਗਿਆ ਤੇ ਓਸ ਕਿਹਾ, "ਅੱਲਾ ਵਾਲਿਓ! ਮੇਰੇ ਪੁਤ੍ਰ ਨੂੰ ਵੱਲ ਕਰੋ। ਦੁਆਇ ਖੈਰ ਕਰੋ। ਅਰਥਾਤ ਰਾਜ਼ੀ ਹੋਣ ਲਈ ਅਰਦਾਸ ਕਰੋ।" ਹੋਰ ਤਾਂ ਫਕੀਰ ਚੁੱਪ ਬੈਠੇ ਰਹੇ ਪਰ ਗੁਰੂ ਜੀ ਬੋਲੇ, "ਸੁਣ ਖਾਨਾਂ, ਕਦੇ ਕਿੱਕਰ ਨੂੰ ਅੰਗੂਰ ਲੱਗੇ ਹਨ?" ਨੂਾਬ ਨੇ ਕਿਹਾ, 'ਨਹੀਂ'। ਤਾਂ ਆਪ ਬੋਲੇ, "ਜ਼ੋਰ ਨੂੰ ਖ਼ੈਰ ਦਾ ਫਲ ਕੀਕੂੰ ਲੱਗੇ?" ਮਤਲਬ ਇਹ ਸੀ ਕਿ ਤੂੰ ਫਕੀਰਾਂ ਤੇ ਜ਼ੋਰ ਜ਼ੁਲਮ ਕਰਕੇ ਉਨ੍ਹਾਂ ਤੋਂ ਪੁਤ ਦੀ ਖ਼ੈਰ ਮੰਗਦਾ ਹੈਂ, ਉਹਨਾ ਦੇ ਦਿਲ ਤੂੰ ਦੁਖਾਏ ਹਨ, ਦੁਖੇ ਦਿਲਾਂ ਵਿਚੋਂ ਖ਼ੈਰ ਕੀਕੂੰ ਉੱਗੇ? ਖ਼ੈਰ ਦਾ ਅਰਥ ਸੀ ਪੁਤਰ ਦੀ ਤੰਦਰੁਸਤੀ।

ਇਸ ਤਰ੍ਹਾਂ ਦੇ ਵਾਕ ਸੁਣ ਕੇ ਨੂਾਬ ਨੂੰ ਦਿਲ ਵਿਚ ਸੋਚ ਆਈ ਕਿ ਇਹ ਦਰਵੇਸ਼ ਜੀ ਸੱਚ ਆਖਦੇ ਹਨ, ਤਦ ਪੁਤਰ ਦੇ ਮੋਹ ਕਰਕੇ ਹੁਣ ਨੀਵਾਂ ਹੋ ਗਿਆ ਅਤੇ ਆਖਿਓ ਸੁ "ਕਰੋ ਮਿਹਰ ਤੇ ਦੁਆ ਸਾਂਈ ਲੋਕੋ!" ਗੁਰੂ ਜੀ ਨੇ ਕਿਹਾ, "ਖਾਨ! ਹੋਣ ਦੇਹ ਜੋ ਕੁਛ ਹੁੰਦਾ ਹੈ,

---

*ਬੈਰਾਗ ਆਖਦੇ ਹਨ ਪਜਾਰ ਨਾਲ ਉਦਾਸ ਹੋਣਾ।

ਅੱਲਾ ਨੂੰ ਜੋ ਮਨਜ਼ੂਰ ਹੈ ਠੀਕ ਹੈ।" ਖਾਨ ਨੇ ਹੋਰ ਨੀਵਾਂ ਹੋਕੇ ਮਾਫੀ ਮੰਗੀ ਤੇ ਕਿਹਾ-"ਅੱਲਾ ਵਾਲਿਓ, ਮਾਫ ਕਰੋ ਤੇ ਪੁਤ ਚੰਗਾ ਕਰ ਦਿਓ।"

ਗੁਰੂ ਨਾਨਕ ਦੇਵ ਜੀ ਕਰਾਮਾਤਾਂ ਦੇ ਮਾਲਕ ਸਨ ਪਰ ਕਰਦੇ ਨਹੀਂ ਸਨ ਹੁੰਦੇ। ਹੁਣ ਸੋਚ ਰਹੇ ਸਨ ਕਿ ਇਨ੍ਹਾਂ ਫਕੀਰਾਂ ਉਤੇ ਮੂਰਖ ਖ਼ਾਨ ਜ਼ੁਲਮ ਕਰ ਰਿਹਾ ਹੈ, ਇਨ੍ਹਾਂ ਨੂੰ ਛੁਡਾਈਏ, ਇਨ੍ਹਾਂ ਵਿਚ ਕਈ ਬੰਦਗੀ ਵਾਲੇ ਹਨ ਤੇ ਸਾਰੇ ਬੇ-ਕਸੂਰ ਹਨ। ਇਹ ਕਰਤਾ ਪੁਰਖ ਦੀ ਰਜ਼ਾ ਵਿਚ ਹੀ ਹੈ ਕਿ ਉਸਦਾ ਬੰਦਗੀ ਵਾਲਾ ਸੰਤ ਕੋਈ ਦੁਖ ਪਾਵੇ ਤਾਂ ਉਸ ਨੂੰ ਛੁਡਾ ਦੇਣਾ; ਇਹ ਰਬ ਜੀ ਦੀ ਖੁਸ਼ੀ ਲੈਣੀ ਹੈ, ਓਹ ਸੰਤਾਂ ਨੂੰ ਪਜਾਰ ਕਰਦਾ ਹੈ। ਤਦ ਨੈਣ ਮੀਟ ਲਏ ਤੇ ਫੇਰ ਖੁਹਲੇ ਤੇ ਬੋਲੇ-"ਪੁੱਤ ਤੇਰੇ ਦੀ ਖੈਰ ਫਕੀਰਾਂ ਦੇ ਜੂਠੇ ਟੁੱਕਰਾਂ ਵਿਚ ਹੈ।" ਖਾਨ ਨੇ ਕਿਹਾ-"ਕਿਵੇਂ ਕਰੋ ਵੱਲ ਕਰ ਦਿਓ।"

ਤਦ ਲਾਲੋ ਨੂੰ ਗੁਰੂ ਜੀ ਨੇ ਕਿਹਾ "ਜਾਹ ਆਪਣੇ ਘਰੋਂ ਆਪਣਾ ਜੂਠਾ ਟੁੱਕਰ ਲੈ ਆ।" ਲਾਲੋ ਟੁੱਕਰ ਲੈ ਆਯਾ ਤਾਂ ਉਹ ਟੁੱਕਰ ਖ਼ਾਨਜ਼ਾਦੇ ਨੂੰ ਦਿਤਾ ਗਿਆ। ਉਸ ਖਾਧਾ ਤੇ ਦੇਖੋ ਕਿ ਉਹ ਰਾਜ਼ੀ ਹੋ ਗਿਆ। ਤਦ ਨੂਾਬ ਹੱਕਾ ਬੱਕਾ ਰਹਿ ਗਿਆ ਕਿ ਇਹ ਫਕੀਰ ਕਿੱਡਾ ਬਲ ਵਾਲਾ ਹੈ, ਕੋਲ ਖਲੋਤਾ ਭਾਗੋ ਹੈਰਾਨ ਪਰੇਸ਼ਾਨ ਹੋ ਕੇ ਡਰ ਨਾਲ ਕੰਬਣ ਲਗ ਪਿਆ। ਦਰਬਾਰ ਸਾਰਾ ਅਚੰਭਾ ਤੇ ਖ਼ੁਦ ਸਾਰੇ ਫਕੀਰ ਜੋ ਫੜ ਆਏ ਸਨ ਹੈਰਾਨ ਰਹਿ ਗਏ।

ਅਗਲੇ ਦਿਨ ਮਲਕ ਭਾਗੋ ਆ ਪੈਰੀਂ ਪਿਆ, "ਮੈਥੋਂ ਅਵੱਗਜਾ, ਹੋਈ ਹੈ ਮੈਨੂੰ ਬਖਸ਼ੋ।" ਤਦ ਗੁਰੂ ਜੀ ਨੇ ਕਿਹਾ "ਮੇਰੀ ਅਵੱਗਜਾ? ਨਾਨਕ ਦੀ ਅਵੱਗਜਾ? ਹੈਂ! ਨਾਨਕ ਦੀ ਅਵੱਗਜਾ ਕੋਈ ਨਹੀਂ। ਡਰ ਉਸ ਅਵੱਗਜਾ ਤੋਂ ਜੋ ਤੂੰ ਆਪਣੀ ਤੇ ਆਪਣੀ ਪਰਜਾ ਦੀ ਕੀਤੀ ਹੈ ਤੇ ਜੋ ਤੂੰ ਖ਼ਾਲਕ* ਦੀ ਕਰ ਰਿਹਾ ਹੈਂ। ਦੇਖ! ਪਸ਼ੂ ਪੰਖੀ ਸਾਰਾ ਦਿਨ ਪੇਟ ਭਰਨ ਲਈ ਫਿਰਦੇ ਹਨ, ਮਾਨੋ ਕਿਰਤ ਕਰਦੇ ਤੇ ਪੇਟ ਭਰਦੇ ਹਨ, ਸਦਾ ਖੁਸ਼ੀ, ਸਦਾ ਅਰੋਗ, ਸਦਾ ਅਸਮਾਨਾਂ ਵਿਚ ਉਡਦੇ ਹਨ।

---

*ਖ਼ਾਲਕ ਆਖਦੇ ਹਨ ਕਰਤਾਰ ਨੂੰ, ਵਾਹਿਗੁਰੂ ਜੀ ਨੂੰ।

ਮਿਹਨਤ ਦੀ ਰੋਟੀ ਵਿਚ ਸੁਖ ਹੈ, ਮਿਹਨਤ ਸਰੀਰ ਨੂੰ ਨਰੋਆ ਰੱਖਦੀ ਹੈ, ਮਿਹਨਤ ਸਾਂਈਂ ਦੇ ਰਸਤੇ ਸੁਖ ਦੇਂਦੀ ਹੈ। ਲੋਕਾਂ ਦੇ ਕਮਾਏ ਹੋਏ ਨੂੰ ਜ਼ੋਰ ਨਾਲ ਖੱਸਣਾ, ਫਰੇਬ ਨਾਲ ਖੱਸਣਾ, ਕੱਠੀ ਕਰਨੀ ਤੇ ਉਸ ਉਤੇ ਸੱਪ ਵਾਂਗ ਪਥੱਲਾ ਮਾਰ ਬੈਠਣਾ ਰੋਗ ਹੈ ਸਰੀਰ ਦਾ, ਮਨ ਦਾ, ਆਤਮਾ ਦਾ। ਦੇਖ ਤੂੰ ਆਪਾ ਖੁੰਝਾ ਬੈਠਾ ਹੈਂ, ਆਪਾ ਵੰਵਾਂ ਬੈਠਾ ਹੈਂ, ਆਪਾ ਆਪ ਮਾਰ ਬੈਠਾ ਹੈਂ, ਤਰਸ ਕਰ ਆਪੇ ਤੇ, ਇਸ ਮੋਏ ਆਪੇ ਨੂੰ ਜੀਵਾਲ, ਧਰਮ ਦੀ ਕਣੀ ਇਸ ਵਿਚ ਪਾ।" ਗੁਰੂ ਜੀ ਇਹ ਦੱਸ ਰਹੇ ਸਨ ਕਿ ਜ਼ੋਰ ਜ਼ੁਲਮ ਕਰਕੇ ਤੂੰ ਭੈੜਾ ਹੋਇਆ ਹੈਂ ਤੇਰਾ ਮਨ ਭੈੜਾ ਹੋ ਗਿਆ ਹੈ। ਇਹ ਮਾਨੋ ਰੋਗੀ ਤੇ ਮੁਰਦਾ ਹੁੰਦਾ ਹੈ।

ਭਾਗੋ-ਪਾਤਸ਼ਾਹ! ਹੁਣ ਤਾਂ ਮਨ ਨੇ ਤਰੰਗ ਖਾਧਾ ਹੈ ਜੋ ਆਖੋ ਸੋ ਮਿੱਠਾ ਹੈ, ਪਰ ਮੈਨੂੰ ਦੱਸੋ ਕਿ ਇਸ ਹੱਡ ਰੱਖ ਦੇਹ ਨਾਲ, ਇਸ ਆਲਸੀ ਹੋ ਚੁਕੇ ਜਾਮੇ ਨਾਲ ਮਜੂਰੀ ਕੀਕੂੰ ਕਰਾਂ?

ਸਤਿਗੁਰੂ-ਪਾਤਸ਼ਾਹ ਦਾ ਤਖ਼ਤ ਮਜੂਰੀ ਹੈ, ਗਰੀਬ ਦੀ ਟੋਕਰੀ ਮਜੂਰੀ ਹੈ, ਹੱਟੀ ਵਾਲੇ ਦੀ ਤੱਕੜੀ ਮਜੂਰੀ ਹੈ, ਪਰ ਤਾਂ ਜੇ ਸਾਈਂ ਤੇ ਅੱਖ ਧਰਕੇ ਆਪੋ ਆਪਣੀ ਕਿਰਤ ਕਾਰ ਕਰਨ। ਤੇਰੀ ਕਾਰਦਾਰੀ ਮਿਹਨਤ ਹੈ, ਮਜੂਰੀ ਹੈ, ਕਿਰਤ ਹੈ, ਪਰ ਜੇ ਤੂੰ ਹੱਕ ਨਾ-ਹੱਕ ਪਛਾਣੇਂ, ਨਿਆਂ ਤੋਲੇਂ, ਵੱਢੀ ਨਾ ਖਾਵੇਂ, ਜ਼ੋਰ ਜ਼ੁਲਮ ਨਾ ਕਰੇ ਤਾਂ। ਹਾਂ, ਸਭ ਕਮਾਮ, ਸਭ ਜ਼ਿੰਮੇਵਾਰੀਆਂ ਸਾਰੇ ਕਿਰਤ ਹਨ, ਜੇ ਉਸ ਨੂੰ ਭਲੀ ਤਰ੍ਹਾਂ ਕਰੋ ਤਾਂ। ਚਾਹੋ ਕਿੱਤਾ ਮਿਲਿਆ ਹੈ ਚਾਹੋ ਆਪ ਚਾਇਆ ਹੈ, ਪਹੇਮਾਨਗੀ ਸਭਨਾਂ ਕਿੱਤਿਆਂ ਦੀ ਸਤਜਾ ਨੂੰ ਮਾਰਦੀ ਹੈ। ਮਜੂਰ ਦੀ ਟੋਕਰੀ, ਬਾਣੀਏ ਦੀ ਤੱਕੜੀ, ਕਾਰਦਾਰ ਦਾ ਹੁਕਮ, ਰਾਜੇ ਦਾ ਨਿਆਂ ਕਰਨਾ ਤੇ ਸਾਧੂ ਦੀ ਸ਼ੁਭ ਮਤਿ ਦਾਨ ਦੇਣੀ ਸਭ ਕਿਰਤ ਹੈ, ਜੇ ਪਹੇਮਾਨਗੀ ਨਹੀਂ ਤਾਂ। ਹਾਂ, ਸਾਰਾ ਕੁਛ ਬੰਦਗੀ ਹੋ ਜਾਂਦਾ ਹੈ ਜੇ ਹਿਰਦੇ ਸਾਂਈ ਰੱਖਕੇ ਕਰੋ, ਜੋ ਕੁਛ ਕਿ ਕਰਨਾ ਸਾਡੇ ਹਿੱਸੇ ਸਾਡੀ ਵੰਡ ਵਿਚ, ਭਾਗਾਂ ਨਾਲ ਕਿ ਉਸ ਦੀ ਚੋਣ ਨਾਲ ਕਿ ਕਿਸੇ ਦੀ ਮਿਹਰ ਨਾਲ ਆਇਆ ਹੈ। ਆਪਣਾ ਲਹੂ ਨਿਚੋੜ ਕੇ, ਖੇਤੀ ਕਰਕੇ, ਸਰਕਾਰੀ ਮਾਮਲਾ

ਭਰਕੇ, ਜਿਸ ਰਾਹਕ ਪਾਸ ਮਸਾਂ ਸਾਲ ਦੇ ਟੁੱਕਰ ਰਹਿ ਜਾਂਦੇ ਹਨ, ਉਸ ਤੋਂ ਯਾ ਕਿਸੇ ਕਿਰਤੀ ਤੋਂ ਜ਼ੋਰ ਨਾਲ ਖੋਹਣਾ ਯਾ ਕਿਸੇ ਧਰਮ ਦੇ ਵਪਾਰੀ ਨੂੰ ਡਰਾ ਧਮਕਾ ਕੇ ਧਨ ਲੈਣਾ ਸਭਨਾਂ ਦਾ ਲਹੂ ਨਿਚੋੜਨਾ ਹੈ। ਜਿਹੀ ਪਸ਼ੂ ਦੀ ਗਿੱਚੀ ਵੱਢਕੇ ਰੱਤ ਚੋ ਲਈ, ਤੇਹੀ ਕਿਸੇ ਦੀ ਕਮਾਈ ਹੋਈ ਵਿਚੋਂ ਜ਼ੋਰ ਛਲ ਨਾਲ ਲੈਣਾ ਰੱਤ ਨਿਚੋੜਨਾ ਹੈ।

ਇਸ ਪ੍ਰਕਾਰ ਦੇ ਵਾਕ ਸੁਣਕੇ ਭਾਗੋ ਫਿਰ ਪੈਰੀਂ ਪੈ ਗਿਆ ਤੇ ਗੁਰੂ ਕਾ ਸਿਖ ਬਣ ਗਿਆ। ਵੱਢੀਆਂ ਦੀ ਕੱਠੀ ਕੀਤੀ ਦੌਲਤ ਸਭ ਨੂੰ ਵੰਡ ਦਿੱਤੀ ਤੇ ਅਗੋਂ ਨੂੰ ਨੇਕ ਬੰਦਾ ਬਣ ਗਿਆ। ਨਾਮ ਜਪੇ ਤੇ ਨਿਆਂ ਪੂਰਾ ਪੂਰਾ ਕਰੇ ਤੇ ਹਕ ਦੀ ਰੋਟੀ ਖਾਵੇ। ਬਾਲੇ ਵਾਲੀ ਜਨਮ ਸਾਖੀ ਵਿਚ ਲਿਖਿਆ ਹੈ ਕਿ ਮਲਕ ਭਾਗੋ ਦੀ ਨਿੰਮ੍ਰਤਾ ਤੇ ਖੁਸ਼ੀ ਹੋਕੇ ਗੁਰੂ ਜੀ ਨੇ ਫੁਰਮਾਇਆ-"ਭਾਗੋ ਤੂੰ ਨਿਹਾਲ ਹੋਜਾ।" ਫੇਰ ਲਿਖਿਆ ਹੈ ਤਾਂ ਖਾਨ ਆਇਕੇ ਪੈਰਾਂ ਤੇ ਢਹਿ ਪਿਆ ਤੇ ਮਾਫੀ ਮੰਗੀ, ਤਾਂ ਸਤਿਗੁਰਾਂ ਫੁਰਮਾਇਆ, "ਭਾਗੋ ਅਤੇ ਖਾਨ ਦੋਵੇਂ ਜਾਇ ਕਰ ਸਭਨਾਂ ਫਕੀਰਾਂ ਦੀ ਖੁਸ਼ੀ ਲੇਵਹੁ।"

ਸੋ ਜਾ ਦੋਹਾਂ ਮਾਫੀ ਮੰਗੀ, ਫਕੀਰ ਸਾਧ ਖੁਸ਼ ਕੀਤੇ ਤੇ ਆਦਰ ਨਾਲ ਟੋਰੇ। ਆਖੋ "ਧੰਨ ਗੁਰੂ ਨਾਨਕ" ਜਿਸ ਨੇ ਸਾਧਾਂ ਫ਼ਕੀਰਾਂ ਨੂੰ ਅਨਹੱਕੀ ਬੰਦੀ ਤੋਂ ਛੁਡਾਯਾ ਤੇ ਸੁਖੀ ਕੀਤਾ।

ਇਸ ਵਾਰਤਾ ਤੋਂ ਇਕ ਦਿਨ ਮਗਰੋਂ ਮਰਦਾਨਾ ਮੁੜ ਕੇ ਆ ਗਿਆ ਤੇ ਸ੍ਰੀ ਗੁਰੂ ਜੀ ਰਾਇ ਬੁਲਾਰ ਦੀ ਸਿੱਕ ਸੱਧਰ ਦੇ ਜਾਣੂ ਤੇ ਮਰਦਾਨੇ ਦੇ ਆਂਦੇ ਸੁਨੇਹੇ ਸੁਣਕੇ ਤਲਵੰਡੀ ਨੂੰ ਟੁਰ ਪਏ। ਭਾਈ ਲਾਲੋ ਤਾਂ ਚਾਹੁੰਦਾ ਸੀ ਕਿ ਗੁਰੂ ਜੀ ਹੋਰ ਠਹਿਰਨ, ਪਰ ਗੁਰੂ ਜੀ, ਪਵਨ ਰੂਪ ਉਪਕਾਰੀ ਦਾ ਰੂਪ ਧਾਰਕੇ ਟੁਰੇ ਸਨ ਕਿ ਲੋਕਾਂ ਦੇ ਘਰੀਂ ਜਾ ਜਾ ਕੇ ਦੇਸ਼ ਦੇਸ਼ ਫਿਰਦੇ ਲੋਕਾਂ ਨੂੰ ਸੁਖ ਦੇਣ।

❖❖❖

# ੪੧. ਗੁਰੂ ਜੀ ਦੀ ਤਿਲਵੰਡੀ ਫੇਰੀ।

**ਸੈਦਪੁਰ** ਸੰਡਜਾਲੀ ਤੋਂ ਟੁਰ ਪਏ ਸ੍ਰੀ ਗੁਰੂ ਨਾਨਕ ਦੇਵ ਜੀ। ਲਾਲੋ ਨੇ ਨੈਣ ਭਰੇ ਹੋਏ ਤੇ ਹੱਥ ਜੋੜੇ ਹੋਏ ਨੇ ਬੇਨਤੀ ਕੀਤੀ "ਛੇਤੀ ਛੇਤੀ ਟੁਰ ਪਏ ਹੋ।" ਸਤਿਗੁਰੂ ਜੀ ਨੇ ਪਿਆਰ ਨਾਲ ਤੱਕ ਕੇ ਕਿਹਾ, 'ਵਤ ਆਸੀਏ', ਭਈ ਫੇਰ ਆਵਾਂਗੇ। ਐਉਂ ਵਿਦਿਆ ਹੋਏ ਪਿਆਰੇ ਲਾਲੋ ਤੋਂ।

ਟੁਰ ਪਏ ਹੌਲੇ ਹੌਲੇ। ਰਸਤੇ ਵਿਚ ਠਹਿਰਦੇ, ਕਿਸੇ ਕਿਸੇ ਨੂੰ ਮਿਲਦੇ, ਵਾਹਿਗੁਰੂ ਜੀ ਦੇ ਰਸਤੇ ਲਾਉਂਦੇ, ਦਸੀਂ ਕੁ ਦਿਨੀਂ ਤਲਵੰਡੀ ਜਾ ਪਹੁੰਚੇ। ਬਾਹਰ ਸ਼ਹਿਰ ਤੋਂ ਇਕ ਖੂਹ ਤੇ ਜਾ ਡੇਰਾ ਕੀਤਾ। ਉਧਰ ਖ਼ਬਰ ਹੋ ਗਈ ਕਿ ਖੂਹ ਤੇ ਕੋਈ ਸੰਤ ਆ ਟਿਕੇ ਹਨ। ਫੇਰ ਪਤਾ ਲਗ ਗਿਆ ਕਿ ਕਾਲੂ ਮਹਿਤੇ ਦਾ ਫਕੀਰ ਹੋ ਗਿਆ ਪੁਤ 'ਨਾਨਕ' ਹੈ। ਘਰ ਬੀ ਖ਼ਬਰ ਪਹੁੰਚੀ। ਤਦ ਗੁਰੂ ਜੀ ਦੀ ਮਾਤਾ ਛੇਤੀ ਛੇਤੀ ਆਈ। ਮਗਰੋਂ ਉਹਨਾਂ ਦਾ ਪਿਤਾ ਮਹਿਤਾ ਕਾਲੂ ਤੇ ਚਾਚਾ ਲਾਲੂ ਆਦਿਕ ਭੱਜੇ ਆਏ। ਮਾਂ ਆਉਂਦੀ ਨੂੰ ਵੇਖਕੇ ਆਪ ਗੁਰੂ ਜੀ ਉਠੇ ਹੀ ਸੇ ਕਿ ਮਾਂ ਨੇ ਆਪ ਦਾ ਪਵਿਤ੍ਰ ਸਿਰ ਗਲ ਲਾ ਕੇ ਬੜਾ ਰੁਦਨ ਕੀਤਾ। ਅਰਥਾਤ ਪਿਆਰ ਨਾਲ ਰੋਈ। ਫੇਰ ਆਪ ਪਿਤਾ ਤੇ ਚਾਚੇ ਨੂੰ ਮਿਲੇ, ਫੇਰ ਚਾਚੇ ਲਾਲੂ ਨੇ ਕਾਲੂ ਜੀ ਨੂੰ ਚੁਪ ਰਹਿਣ ਦੀ ਸੈਨਤ ਕੀਤੀ ਕਿ ਮਤਾਂ ਕੋਈ ਕੌੜਾ ਵਾਕ ਕਹਿ ਬੈਠੇ। ਮਾਤਾ ਜੀ ਨੇ ਘਰ ਚਲਣ ਦੀ ਪ੍ਰੇਰਨਾ* ਕੀਤੀ। ਫੇਰ ਲਾਲੂ ਨੇ ਪਿਆਰ ਨਾਲ ਸਮਝਾਇਆ ਤੇ ਘਰ ਚੱਲਣੇ ਲਈ ਆਖਿਆ। ਤਦ ਗੁਰੂ ਜੀ ਨੇ ਕਿਹਾ : ਹੁਣ ਅਸਾਂ ਸੱਚੇ ਬਾਬਲ ਦਾ ਘਰ ਮੱਲ ਲਿਆ ਹੈ। ਲਾਲੂ ਨੇ ਸੋਚਿਆ : ਸਾਡੀ ਗਲ ਅਉਖੀ ਦਿੱਸਦੀ ਹੈ ਕਿ ਇਹ ਰੱਬ ਦਾ ਪਿਆਰਾ ਮੰਨੇ ਤੇ ਸਾਡੇ ਆਖੇ ਘਰ ਤੁਰ ਪਵੇ, ਇਸ ਨੂੰ ਬੁਲਾਰ ਪਾਸ ਲੈ ਚਲੋ, ਉਸ ਨਾਲ ਪਿਆਰ ਹੈਸੁ;

---

*ਪ੍ਰੇਰਨਾ-ਪਜਾਰ ਨਾਲ ਆਪਣੀ ਗੱਲ ਮਨਾਉਣੀ।

ਉਸ ਦੀ ਗਲ ਮਤਾਂ ਮੰਨ ਹੀ ਲਵੇ। ਫੇਰ ਲਾਲੂ ਨੇ ਆਖਿਆ-"ਆਪ ਜੀ ਆਏ ਹੋ, ਚਲੋ ਰਾਇ ਨੂੰ ਮਿਲੋ, ਉਹ ਮਿਲਣੇ ਦੀ ਬਹੁੰ ਸੱਧਰ ਕਰਦਾ ਹੈ।" ਗੁਰੂ ਜੀ ਆਇ ਹੀ ਰਾਇ ਦੇ ਸੱਦੇ ਉਤੇ ਉਸ ਨੂੰ ਮਿਲਣੇ ਲਈ ਸਨ; ਸੋ ਉਠ ਕੇ ਟੁਰ ਪਏ। ਅਗੇ ਰਾਇ ਮੰਜੀ ਤੇ ਬੈਠਾ ਸੀ, ਉਠਿਆ ਤਾਂ ਗੁਰੂ ਜੀ ਨੇ ਛੇਤੀ ਨਾਲ ਥੰਮ੍ਹ ਲਿਆ, ਤਦ ਰਾਇ ਨੇ ਆਪ ਨੂੰ ਸਿਰ੍ਹਾਂਦੀ ਵਲ ਬਿਠਾਇਆ ਤੇ ਆਪ ਪੈਂਦ ਵਲ ਹੋ ਬੈਠਾ। ਕਿਤਨਾ ਚਿਰ ਰਾਇ ਦੇ ਨੈਣਾਂ ਵਿਚੋਂ ਅੱਥਰੂ ਕਿਰਦੇ ਰਹੇ ਤੇ ਗੁਰੂ ਜੀ ਮਿਹਰ ਨਾਲ ਉਸ ਵੱਲ ਤੱਕਦੇ ਰਹੇ। ਫੇਰ ਰਾਇ ਨੇ ਆਖਿਆ: ਹੇ ਬਖਸ਼ੇ ਹੋਏ ! ਮੈਨੂੰ ਕਰਤਾਰ ਤੋਂ ਬਖਸ਼ਾਇ ਦੇਹ।

ਗੁਰੂ ਜੀ-ਤੁਸੀਂ ਰਾਇ ਜੀ! ਧੁਰ ਦੇ ਬਖਸ਼ੇ ਗਏ ਹੋ। ਅਰਥਾਤ ਵਾਹਿਗੁਰੂ ਜੀ ਦੀ ਦਰਗਾਹੋਂ ਬਖਸ਼ੇ ਗਏ ਹੋ।

ਰਾਇ-ਧੁਰੋਂ ਬਖਸ਼ਾਇਆ ਹਈ ਤਾਂ ਆਪ ਵੀ ਕੁਛ ਆਪਣੀ ਮਿਹਰ ਕਰ।

ਗੁਰੂ ਜੀ-ਰਾਇ ਜੀਓ ਜੀ, ਜਿਥੇ ਅਸੀਂ ਓਥੇ ਤੁਸੀਂ।

ਰਾਇ-ਇਕ ਵੇਰ ਮੱਥਾ ਚਰਨਾਂ ਨੂੰ ਲਾ ਲੈਣ ਦਿਓ, ਮੇਰੀ ਪੂਰੀ ਤਾਂ ਪੈਂਦੀ ਏ। ਇਹ ਕਹਿ ਕੇ ਰਾਇ ਮੱਲੋ ਮੱਲੀ ਮੰਜੀ ਤੋਂ ਹੇਠ ਹੋ ਗਿਆ ਤੇ ਸੁਹਣੇ ਸੁਹਣੇ ਚਰਨਾਂ ਨਾਲ ਸਿਰ ਲਾ ਲਿਆ। ਸਿਰ ਚਰਨਾਂ ਨਾਲ ਛੁਹਦਿਆਂ ਸਾਰ ਰਾਇ ਜੀ ਦੇ ਮਨ ਵਿਚ ਜਿਥੇ ਪਿਆਰ ਤੇ ਬਿਰਹਾ[1] ਡੇਰੇ ਲਾਈ ਬੈਠਾ ਸੀ ਖੇੜੇ[2] ਦੀ ਝਰਨਾਟ ਛਿੜੀ ਤੇ ਲੂੰ ਲੂੰ ਵਿਗਸ ਗਿਆ[3]। 'ਨਾਨਕ ਭਗਤਾ ਸਦਾ ਵਿਗਾਸੁ'। ਰਾਇ ਨੂੰ 'ਆਤਮ ਵਿਗਾਸੁ' ਜੋ ਸਚੀ ਭਗਤੀ ਦਾ ਫਲ ਹੈ, ਪ੍ਰਾਪਤ ਹੋਇਆ। ਇਸ ਵਿਗਾਸ ਦੇ ਆਇਆਂ ਪਾਪਾਂ ਤੇ ਉਹਨਾਂ ਦੇ ਫਲ ਦੁਖਾਂ ਦਾ ਨਾਸ਼ ਹੁੰਦਾ

---

੧. ਵਿਛੋੜਾ।

੨. ਖੁਸ਼ੀ।

੩. ਫੁਲਾਂ ਵਾਂਙੂ ਖਿੜ ਪਿਆ। ਅਰਥ ਹੈ ਬਹੁਤ ਖੁਸ਼ੀ ਹੋ ਗਿਆ।

ਹੈ-'ਸੁਣਿਐ ਦੂਖ ਪਾਪ ਕਾ ਨਾਸੁ। ਦੂਖ ਪਾਪ ਝੜੇ ਤਾਂ 'ਨਾਨਕ ਭਗਤਾ ਸਦਾ ਵਿਗਾਸੁ' ਹੋ ਗਿਆ।

ਕੁਛ ਚਿਰ ਇਸ ਰਸ ਵਿਚ ਨਿਮਗਨ[1] ਰਹਿਕੇ ਰਾਇ ਨੇ ਆਪਣੇ ਦਾਸ ਨੂੰ ਕਿਹਾ ਕਿ 'ਸੁੱਧੇ' ਬ੍ਰਾਹਮਣ ਨੂੰ ਕਹੋ ਰਸੋਈ ਤਿਆਰ ਕਰੇ। ਅੱਜ ਰਸੋਈ ਏਥੇ ਹੀ ਸਭਨਾਂ ਨੇ ਜੀਵਣੀ ਹੈ; ਅਰਥਾਤ ਰੋਟੀ ਸਭ ਨੇ ਏਥੇ ਹੀ ਅੱਜ ਖਾਣੀ ਹੈ।

ਰਾਇ ਨਾਲ ਇਤਨਾ ਪ੍ਰੇਮ ਦੇਖਕੇ ਪਰਿਵਾਰ ਸਾਰੇ ਨੇ ਜ਼ੋਰ ਨਾਲ ਆਖਿਆ ਕਿ ਰਾਇ ਜੀ ਤੁਸੀਂ ਪ੍ਰੇਰਨਾ ਕਰੋ, ਅਰਥਾਤ ਤੁਸੀਂ ਸੁਹਣੀ ਤਰ੍ਹਾਂ ਆਖੋ ਕਿ ਨਾਨਕ ਬਾਹਰ ਨਾ ਜਾਵੇ; ਚਾਹੇ ਤਪੇ ਵੇਸ ਵਿਚ ਹੀ ਰਹੇ, ਪਰ ਏਥੇ ਰਹੇ। ਰਾਇ ਨੇ ਗੁਰੂ ਜੀ ਅਗੇ ਬੇਨਤੀ ਕੀਤੀ ਕਿ ਆਪ ਫਕੀਰੀ ਹੀ ਕਰੋ, ਪਰ ਟਿਕੋ ਏਥੇ ਹੀ। ਜ਼ਿਮੀਂ ਸਭ ਜੋ ਮੇਰੀ ਹੈ ਆਪ ਦੀ ਬਖਸ਼ਿਸ਼ ਹੈ। ਕਾਮੇ[2] ਕੰਮ ਕਰਨਗੇ, ਆਪ ਵੰਡੋ ਵਰਤਾਓ, ਜਿਵੇਂ ਸੁਖ ਮੰਨੋ ਕਰੋ, ਕੋਈ ਕੁਛ ਨਾ ਕਹੇਗਾ। ਗੁਰੂ ਜੀ ਬੋਲੇ, ਕਿਰਸਾਨੀ[3], ਹੱਟੀ ਬਹਿਕੇ ਵਪਾਰ, ਫਿਰਕੇ ਸੁਦਾਗਰੀ ਤੇ ਲੱਕ ਬੰਨ੍ਹ ਕੇ ਚਾਕਰੀ ਸਭਨੀਂ ਥੋਕੀਂ ਅਸਾਂ 'ਨਾਮ ਸਾਈਂ ਦਾ' ਚਿਤ ਕੀਤਾ ਹੈ, ਇਹੋ ਹੈ ਕਿਰਸਾਨੀ; ਇਹੋ ਹੱਟ, ਇਹੋ ਸੁਦਾਗਰੀ ਤੇ ਇਹੋ ਚਾਕਰੀ ਕਰਨੀ ਹੈ। ਰਾਇ ਜੀ! ਇਹ ਸਭ ਕੁਛ ਸਾਹਿਬ ਦੇ ਹੁਕਮ ਵਿਚ ਹੈ। ਰਾਇ ਤਾਂ ਰਜ਼ਾ ਦਾ ਬੰਦਾ[4] ਸੀ, ਉਹ ਸਮਝ ਗਿਆ ਕਿ ਇਹ ਸਾਹਿਬ[5] ਦੇ ਰੰਗ ਰੱਤੇ ਹਨ। ਉਸਦੇ ਪ੍ਰੇਮ ਵਿਚ ਜਗਤ ਤਾਰਨ ਲਈ ਫਕੀਰ ਬਣੇ ਹਨ। ਇਨ੍ਹਾਂ ਨੂੰ ਅਟਕਾਉਣਾ ਰਜ਼ਾ ਵਿਚ ਦਖਲ ਦੇਣਾ ਹੋਸੀ[6], ਤਾਂ ਫੇਰ ਇਹ ਗੱਲ ਆਖੀਓਸੁ :-

੧. ਮਸਤ ਰਹਿਕੇ।
੨. ਕਾਮਾ-ਉਹ ਨੌਕਰ ਜੋ ਮਾਲਕ ਦੀ ਜ਼ਮੀਨ ਵਾਹੇ।
੩. ਖੇਤੀ ਕਰਨੀ।
੪. ਹੁਕਮ ਵਿਚ ਟੁਰਦਾ ਸੀ।
੫. ਵਾਹਿਗੁਰੂ।
੬. ਰੱਬ ਜੀ ਦੇ ਹੁਕਮ ਦੇ ਉਲਟ ਕਰਨਾ ਹੋਸੀ।

ਕੋਈ ਹੋਰ ਫੁਰਮਾਇਸ਼ ਕਰੋ ਜੋ ਅਸੀਂ ਬੀ ਕਬੂਲ ਪਵੀਏ। ਤਾਂ ਗੁਰੂ ਜੀ ਬੋਲੇ : ਹੇ ਰਾਇ! ਫੁਰਮਾਇਸ਼ ਇਹ ਹੈ :-

ਉਹ ਕੰਮ ਕਰਨਾ ਜੋ ਉਸ (ਰੱਬ) ਨੂੰ ਭਾਵੇ, ਉਸ ਰੱਬ ਨੂੰ ਧਿਆਉਣਾ। ਜਿੱਥੇ ਜ਼ੋਰ ਨਾ ਚੱਲੇ, ਉਥੇ ਜ਼ੋਰ ਸਾਂਈਂ ਆਰਾਧਣ ਉਤੇ ਲਾਉਣਾ। ਉਸੇ ਦੀ ਸ਼ਰਨ ਰਹਿਣਾ। ਹਾਂ ਦੁਇ ਹੱਥ ਜੋੜ ਕੇ ਉਸ ਦੀ ਸ਼ਰਨ ਪੈ ਜਾਹ।

ਇਹ ਬੀ ਲਿਖਿਆ ਹੈ ਕਿ ਇਕ ਦਿਨ ਤੜਕੇ ਗੁਰੂ ਜੀ ਉਠੇ; ਇਸ਼ਨਾਨ ਕਰਨਾ ਚਾਹਿਆ ਤਾਂ ਪਤਾ ਲੱਗਾ ਖੂਹ ਕੋਈ ਨਹੀਂ ਪਿਆ ਵਗਦਾ। ਤਦ ਆਪ ਦੇ ਮੂੰਹ ਤੋਂ ਨਿਕਲਿਆ ਏਥੇ ਟੋਭਾ ਕੋਈ ਨਹੀਂ? ਰਾਇ ਨੇ ਜਦ ਇਹ ਗੱਲ ਸੁਣੀ ਤਾਂ ਉਸ ਨੇ ਉਥੇ ਇਕ ਟੋਭਾ ਖੁਦਵਾਕੇ ਨਿਰਮਲ ਜਲ ਨਾਲ ਭਰਾ ਦਿੱਤਾ। ਟੋਭਾ ਆਖਦੇ ਹਨ ਕੱਚੇ ਤਲਾ ਨੂੰ* ਜਾਂ ਛੱਪੜ ਨੂੰ ਜੋ ਆਪ ਮਿੱਟੀ ਪੁਟਵਾਕੇ ਕੋਈ ਬਣਾਏ।

❖❖❖

## ੪੨. ਤੁਲਸਾਂ ਦਾਸੀ।

**ਗੁਰੂ** ਜੀ ਕੁਛ ਦਿਨ ਤਲਵੰਡੀ ਟਿਕੇ ਰਹੇ, ਪਰ ਰਾਤ ਨੂੰ ਬਾਹਰ ਰੁੱਖਾਂ ਹੇਠ ਹੀ ਡੇਰਾ ਰਖਦੇ। ਦਿਨੇ ਕਦੇ ਇਧਰ ਉਧਰ ਸੈਲ ਕਰਦੇ, ਕਦੇ ਰਾਇ ਨੂੰ ਜਾ ਨਿਹਾਲ ਕਰਦੇ, ਰੋਟੀ ਅਕਸਰ ਮਾਤਾ ਜੀ ਪਾਸ ਖਾਂਦੇ ਜੋ ਬੜੇ ਪਿਆਰ ਨਾਲ ਖੁਆਲਦੀ। ਜਦ ਟੱਬਰ ਨੂੰ ਪਤਾ ਲੱਗ ਗਿਆ ਕਿ ਇਨ੍ਹਾਂ ਨੇ ਘਰ ਨਹੀਂ ਠਹਿਰਨਾ, ਚਲੇ ਹੀ ਜਾਣਾ ਹੈ ਤਾਂ ਫਿਰ ਜਿੰਨੇ ਵੀ ਦਿਨ ਵਧੀਕ ਠਹਿਰ ਸੱਕਣ ਠਹਿਰਾਈਏ, ਇਹੋ ਗੱਲ ਸੋਹਣੀ ਲੱਗਣ ਲੱਗ ਪਈ। ਇਕ ਦਿਨ ਗੁਰੂ ਜੀ ਘਰ ਆਏ ਤਾਂ ਮਾਤਾ ਜੀ ਰੋਟੀ ਪਕਾ ਰਹੇ ਸਨ। ਗੁਰੂ ਜੀ ਵਿਹੜੇ ਵਿਚ ਇਕ ਮੰਜੀ ਤੇ ਲੇਟ ਗਏ ਤੇ ਐਉਂ ਜਾਪੇ ਕਿ ਜਿਵੇਂ

*ਇਹ ਟੋਭਾ ਹੁਣ ਪੱਕਾ ਤਲਾਉ ਹੈ।

ਸੌਂ ਗਏ ਹਨ। ਜਦ ਰੋਟੀ ਤਿਆਰ ਹੋ ਗਈ, ਜਿਸ ਨੂੰ ਸਿੱਖ ਘਰਾਂ ਵਿਚ ਆਖੀਦਾ ਹੈ ਕਿ 'ਪ੍ਰਸਾਦ ਤਿਆਰ ਹੋ ਗਿਆ ਏ', ਤਾਂ ਸ੍ਰੀ ਮਾਤਾ ਜੀ ਨੇ ਘਰ ਦੀ ਟਹਿਲਣ ਨੂੰ, ਜਿਸ ਦਾ ਨਾਉਂ ਤੁਲਸਾਂ ਸੀ, ਆਖਿਆ "ਜਾਹ ਤੁਲਸਾਂ! ਲਾਲ ਜੀ ਨੂੰ ਕਹੋ ਭੋਜਨ ਤਿਆਰ ਹੈ।" ਤੁਲਸਾਂ ਮਾਤਾ ਜੀ ਦੀ ਦਾਸੀ ਯਾ ਟਹਿਲਣ ਸੀ। ਇਹ ਸੁਭਾ ਦੀ ਬੜੀ ਚੰਗੀ ਤੇ ਸਿਦਕ ਵਾਲ਼ੀ ਬੀਬੀ ਸੀ। ਜਾਂ ਗਈ ਤਾਂ ਗੁਰੂ ਸਾਹਿਬ ਜੀ ਸਿੱਧੇ ਚਿਤ ਲੇਟੇ ਹੋਏ ਸਨ, ਨੈਣ ਬੰਦ ਸਨ, ਚੇਹਰੇ ਉਤੇ ਕੋਈ ਸੁੰਦਰਤਾ ਰੱਬੀ ਰੰਗ ਦੀ ਡੁਲ੍ਹ ਡੁਲ੍ਹ ਪੈ ਰਹੀ ਸੀ। ਤੁਲਸਾਂ ਨੇ ਵਾਜ ਮਾਰਕੇ ਜਗਾਉਣਾ ਚੰਗਾ ਨਾ ਜਾਤਾ ਤੇ ਚਰਨਾਂ ਨੂੰ ਹੱਥ ਲਾਇਆ। ਚਰਨ ਕਹੀਦਾ ਹੈ ਪਵਿਤ੍ਰ ਲੋਕਾਂ ਦੇ ਪੈਰਾਂ ਨੂੰ। ਜਦ ਚਰਨ ਛੋਹੇ ਤਾਂ ਤੁਲਸਾਂ ਦੇ ਅੰਦਰ ਝਰਨ ਝਰਨ ਹੋਈ ਤੇ ਪਿਆਰ ਆਇਆ, ਚਰਨ ਚੰਮਿਓਸੁ ਤੇ ਫੇਰ ਫੇਰ ਚੁੰਮੇ ਚੱਟੇ। ਫੇਰ ਆਪ ਚਰਨ ਫੜੇ ਹੀ ਟਿਕ ਗਈ ਤਾਂ ਕੀ ਦੇਖਦੀ ਹੈ ਕਿ ਇਕ ਜਹਾਜ਼ ਡੁੱਬਣ ਲੱਗਾ ਹੈ, ਤੇ ਉਸ ਜਹਾਜ਼ ਦਾ ਮਾਲਕ, ਜਿਸ ਦਾ ਲੱਖਾਂ ਰੁਪਈਆਂ ਦਾ ਮਾਲ ਜਹਾਜ਼ ਉਤੇ ਲੱਦਿਆ ਹੋਇਆ ਹੈ 'ਗੁਰੂ ਨਾਨਕ' 'ਗੁਰੂ ਨਾਨਕ' ਕੂਕਦਾ ਅਰਦਾਸ ਕਰ ਰਿਹਾ ਹੈ, ਕਿ ਹੇ ਗੁਰੂ ਜੀ ਮੇਰੀ ਬਾਹੁੜੀ ਕਰੋ ਮੈਨੂੰ ਪੁੱਕਰੋ, ਆਓ ਮੇਰਾ ਜਹਾਜ਼ ਬਚਾਓ। ਤਾਂ ਤੁਲਸਾਂ ਕੀ ਦੇਖਦੀ ਹੈ ਕਿ ਗੁਰੂ ਜੀ ਓਥੇ ਪੁੱਜ ਗਏ ਹਨ ਤੇ ਜਹਾਜ਼ ਨੂੰ ਬਚਾਕੇ ਸਹੀ ਸਲਾਮਤ ਕਿਨਾਰੇ ਵਲ ਲੈ ਗਏ ਹਨ। ਇਹ ਦੇਖਕੇ ਤੁਲਸਾਂ ਚਲੀ ਗਈ ਤੇ ਮਾਤਾ ਜੀ ਨੂੰ ਕਿਹਾ ਕਿ ਲਾਲ ਜੀ ਟਿਕੇ ਹੋਏ ਹਨ।

ਮਾਤਾ ਜੀ ਨੇ ਆਖਿਆ: ਜਗਾ ਲਿਆ, ਫੇਰ ਭੋਜਨ ਜੋ ਤਿਆਰ ਕਰਵਾਇਆ ਕੀਤਾ ਹੈ ਠਰ ਜਾਏਗਾ। ਤਾਂ ਤੁਲਸਾਂ ਬੋਲੀ: "ਓਹ ਇਕ ਆਪਣੇ ਸਿਖ ਦਾ ਜਹਾਜ਼ ਡੁੱਬਣੋਂ ਬਚਾਕੇ ਕਿਨਾਰੇ ਲਿਜਾ ਰਹੇ ਹਨ, ਵਿਹਲੇ ਹੋ ਲੈਣ ਤਾਂ ਜਗਾ ਲਿਆਵਾਂਗੀ।" ਮਾਤਾ ਜੀ ਨੇ

ਸਮਝਿਆ ਕਿ ਪੁਤ ਜੋ ਫਕੀਰ ਹੋ ਗਿਆ ਹੈ, ਦਾਸੀ ਬੀ ਮਿੱਠਾ ਜਿਹਾ ਮਿਹਣਾ ਪਈ ਮਾਰਦੀ ਹੈ, ਆਪ ਗਈ ਤੇ ਗੁਰੂ ਜੀ ਨੂੰ ਜਾ ਜਗਾਇਆ ਅਤੇ ਚੌਂਕੇ ਵਿਚ ਲਿਆਕੇ ਬੜੇ ਪਿਆਰ ਨਾਲ ਭੋਜਨ ਛਕਾਇਆ। ਜਦ ਛਕਕੇ ਚੁਲੀ ਕਰਕੇ ਆਪ ਜੀ ਬੈਠੇ ਤਾਂ ਮਾਤਾ ਜੀ ਨੇ ਕਿਹਾ: ਦੇਖੋ ਲਾਲ ਜੀ! ਆਪ ਜੀ ਜੇ ਇਹ ਫਕੀਰੀ ਵੇਸ ਨਾ ਧਾਰੋ, ਸੁਹਣੇ ਘਰ ਬਾਰ ਵਾਲੇ ਹੋ ਕੇ ਲੋਕਾਂ ਵਿਚ ਉੱਚੇ ਉੱਚੇ ਹੋ ਕੇ ਫਿਰੋ ਤਾਂ ਲੋਕੀਂ ਤੁਹਾਡਾ ਆਦਰ ਕਰਨ, ਸਾਡਾ ਬੀ ਮਾਨ ਵਧੇ, ਹੁਣ ਲੋਕੀਂ ਮਖੋਲਾਂ ਕਰਦੇ ਹਨ। ਹੋਰ ਤਾਂ ਹੋਰ ਘਰ ਦੀ ਦਾਸੀ ਬੀ ਤਾਂ ਮਖੋਲਾਂ ਦੀ ਗੱਲ ਪਈ ਕਰਦੀ ਸੀ। ਮਖ਼ੌਲ ਆਖਦੇ ਹਨ ਹਾਸੇ ਟਿਚਕਰ ਦੀ ਗੱਲ ਨੂੰ।

ਸ੍ਰੀ ਗੁਰੂ ਜੀ-ਮਾਤਾ ਜੀ! ਅੱਜ ਕਿਸੇ ਨੇ ਕੋਈ ਆਪ ਜੀ ਨੂੰ ਬੇਅਦਬੀ ਦਾ ਵਾਕ ਬੋਲਿਆ ਹੈ?

ਮਾਤਾ ਜੀ ਬੋਲੇ : ਵੇਖਾਂ ਆਹ ਤੁਲਸਾਂ, ਘਰ ਦੀ ਦਾਸੀ, ਅੱਜ ਤੁਸਾਂ ਜੀ ਨੂੰ ਜਗਾਉਣ ਗਈ ਮੁੜ ਆਈ ਤੇ ਆਖਣ ਲਗੀ, ਲਾਲ ਤਾਂ ਸਮੁੰਦਰਾਂ ਵਿਚ ਜਹਾਜ਼ ਪਿਆ ਤਾਰਦਾ ਹੈ।

ਸਤਿਗੁਰੂ ਜੀ ਮੁਸਕਰਾਏ ਤੇ ਫੇਰ ਬੋਲੇ-ਮਾਤਾ ਜੀ ਤੁਲਸਾਂ ਦਾ ਕੀ ਹੈ, ਇਸਦਾ ਗੁੱਸਾ ਨਾ ਕਰੋ, ਤੁਲਸਾਂ ਤਾਂ ਕਮਲੀ ਹੈ। ਕਮਲਿਆਂ ਦਾ ਕੀਹ ਗੁੱਸਾ।

ਗੁਰੂ ਜੀ ਨੇ ਇਹ ਵਾਕ ਸਹਿ ਸੁਭਾ ਕਹੇ ਸਨ, ਪਰ ਆਤਮ ਸ਼ਕਤੀ ਆਪ ਵਿਚ ਐਤਨੀ ਸੀ ਕਿ ਤੁਲਸਾਂ ਕਮਲੀ ਹੋ ਗਈ। ਲਿਖਿਆ ਹੈ ਕਿ ਤੁਲਸਾਂ ਬਉਰਾਨੀ ਜੇਹੀ ਰਹੀ ਤੇ ਅੰਤ ਜਦ ਮਰ ਗਈ ਤਾਂ ਮੁਕਤ ਹੋ ਗਈ। ਮੁਕਤ ਹੋਣਾ ਕਹੀਦਾ ਹੈ ਉਸ ਨੂੰ, ਜੋ ਮਰ ਕੇ ਵਾਹਿਗੁਰੂ ਜੀ ਪਾਸ ਚਲਾ ਜਾਵੇ ਤੇ ਸਦਾ ਸੁਖੀ ਰਹੇ। ਇਸ 'ਮੁਕਤ ਹੋ ਗਈ' ਗਲ ਤੋਂ ਸਮਝ ਪਈ ਕਿ ਤੁਲਸਾਂ ਪਾਗਲ ਨਹੀਂ ਸੀ ਹੋ ਗਈ, ਉਹ ਬਾਹਰੋਂ ਬਾਹਰੋਂ ਮਸਤ ਜੇਹੀ ਰਹੀ, ਪਰ ਅੰਦਰੋਂ

ਵਾਹਿਗੁਰੂ ਜੀ ਨਾਲ ਜੁੜੀ ਰਹਿੰਦੀ ਸੀ ਤੇ ਬਾਹਰੋਂ ਐਉਂ ਲਗਦੀ ਸੀ ਜਿਵੇਂ ਕਿ ਹੋਸ਼ ਜ਼ਰਾ ਘੱਟ ਹੈਸੁ। ਹੋਰ ਉਸ ਨੂੰ ਕੋਈ ਔਖ ਨਹੀਂ ਸੀ ਤੇ ਨਾ ਉਹਦੀ ਮਸਤੀ ਕੋਈ ਰੋਗ ਕਿ ਬਿਮਾਰੀ ਵਾਂਙੂ ਸੀ।

❖❖❖

## ੪੩. ਮੁੜ ਸੈਦ ਪੁਰ ਆਏ।

**ਹੁਣ** ਸ੍ਰੀ ਗੁਰੂ ਜੀ ਨੇ ਤਲਵੰਡੀ ਤੋਂ ਤੁਰਨ ਦੀ ਤਿਆਰੀ ਕੀਤੀ। ਰਾਇ ਜੀ ਵਿਛੁੜਨਾ ਨਹੀਂ ਸਨ ਚਾਹੁੰਦੇ, ਵਾਰ ਵਾਰ ਵੈਰਾਗ ਵਿਚ ਆ ਜਾਂਦੇ ਸਨ। ਵੈਰਾਗ ਕਹਿੰਦੇ ਹਨ ਪਜਾਰ ਕਰਕੇ ਵਿਛੜਨ ਨੂੰ ਜੀ ਨਾ ਕਰੇ ਤੇ ਅੱਖਾਂ ਵਿਚ ਰੋਣ ਭਰ ਭਰ ਆਵੇ ਤੇ ਕਲੇਜੇ ਨੂੰ ਕੁਛ ਕੁਛ ਹੋਵੇ। ਰਾਇ ਹੁਣ ਬੁੱਢਾ ਸੀ ਤੇ ਡਰਦਾ ਸੀ ਕਿ ਏਹ ਪਰਦੇਸਾਂ ਨੂੰ ਗਏ ਖਬਰੇ ਕਦੋਂ ਮੁੜਨਗੇ, ਮੈਨੂੰ ਫੇਰ ਜੀਉਂਦੇ ਜੀ ਦਰਸ਼ਨ ਹੋਵੇਗਾ ਕਿ ਨਹੀਂ। ਇਸ ਕਰਕੇ ਬਹੁਤ ਉਦਾਸ ਹੁੰਦਾ ਸੀ, ਪਰ ਗੁਰੂ ਜੀ ਨੇ ਉਸ ਨੂੰ ਬੜੇ ਪਿਆਰ ਨਾਲ ਉਪਦੇਸ਼ ਦਿੱਤੇ ਤੇ ਐਸਾ ਉੱਚਾ ਉਸ ਦੇ ਅੰਦਰੋਂ ਹੀ ਕਰ ਦਿੱਤਾ ਕਿ ਉਹ ਆਪਣੇ ਆਤਮਾ* ਵਿਚ ਸੁਖੀ ਹੋ ਗਿਆ, ਗੁਰੂ ਜੀ ਨੇ ਉਸ ਦਾ ਜਨਮ ਮਰਨ ਕੱਟ ਦਿਤਾ ਕਿ ਮਰਕੇ ਓਹ ਵਾਹਿਗੁਰੂ ਜੀ ਕੋਲ ਹੀ ਰਹੇ, ਮੁੜ ਕੇ ਜਗਤ ਵਿਚ ਨਾ ਆਵੇ ਤੇ ਏਥੇ ਓਥੇ ਸਦਾ ਸੁਖੀ ਰਹੇ। ਲਿਖਿਆ ਹੈ ਕਿ ਰਾਇ ਨੂੰ ਗੁਰੂ ਜੀ ਨੇ 'ਕਰੁਨਾ ਬਹੁ ਕੀਨਿ ਨਿਹਾਲ ਕਹਜੋਂ' ਅਰਥਾਤ ਮੇਹਰ ਕਰਕੇ ਨਿਹਾਲ ਕਰ ਦਿੱਤਾ। ਗੁਰੂ ਜੀ ਫੇਰ ਘਰ ਆਏ, ਮਾਤਾ ਪਿਤਾ ਨੂੰ ਐਸਾ ਉਪਦੇਸ਼ ਕੀਤਾ ਕਿ ਉਹ ਬੀ ਸੁਖੀ ਹੋ ਗਏ। ਤਦ ਆਪ ਨੇ ਤਲਵੰਡੀ ਤੋਂ ਮੁੜ ਲਾਲੋ ਪਿਆਰੇ ਵਲ ਕੂਚ ਕੀਤਾ। ਜਦ ਪਹੁੰਚੇ ਤਾਂ ਲਾਲੋ ਨੂੰ ਗੁਰੂ ਜੀ ਦੇ ਦਰਸ਼ਨ ਕਰਕੇ ਚਾਉ ਚੜ੍ਹ ਗਿਆ, ਬੜੇ ਆਦਰ ਤੇ ਪਿਆਰ ਨਾਲ ਮਿਲਿਆ। ਹਰ ਤਰ੍ਹਾਂ ਸੇਵਾ ਕੀਤੀ। ਕੁਝ ਦਿਨ ਆਪ

*ਅਰਥ ਹੈ ਆਪਣੇ ਅੰਦਰੋਂ ਸੁਖੀ ਹੋ ਗਿਆ।

ਜੀ ਉਥੇ ਟਿਕੇ ਰਹੇ, ਹੋਰ ਬੀ ਜੋ ਜੋ ਮਨੁੱਖ ਕਿ ਤ੍ਰੀਮਤਾਂ ਸੈਦ ਪੁਰ ਵਿਚ ਭਲੇ ਪਾਸੇ ਲਾਏ ਸਨ ਆ ਕੇ ਮਿਲੇ ਤੇ ਸੁਖੀ ਹੋਏ। ਫੇਰ ਗੁਰੂ ਜੀ ਉਥੋਂ ਬੀ ਟੂਰ ਪਏ। ਪਰ ਲਾਲੋ ਨੂੰ ਟੁਰਨ ਤੋਂ ਪਹਿਲਾਂ ਪਰਮੇਸ਼ਰ ਦੇ ਪਿਆਰ ਵਿਚ ਨਿਹਾਲ ਕਰ ਦਿੱਤਾ। ਲਾਲੋ ਨਾਮ ਜਪਦਾ ਸਾਂਈਂ ਵਿਚ ਜੁੜਿਆ ਸੁਹਣਾ ਸੰਤ ਬਣ ਗਿਆ।

ਮੁੱਦਤ ਤੋਂ ਇਸ ਸੈਦ ਪੁਰ ਏਮਨਾ ਵਾਦ ਵਿਚ, ਆਖਦੇ ਹਨ, ਓਥੇ ਸਤਿਗੁਰ ਜੀ ਦੇ ਯਾਦਗਾਰੀ ਨਿਸ਼ਾਨ ਇਹ ਚਲੇ ਆਏ ਹਨ-

**(੧) ਭਾਈ ਲਾਲੋ ਦੀ ਖੂਹੀ**-ਇਹ ਖੂਹੀ ਭਾਈ ਲਾਲੋ ਦੇ ਵਿਹੜੇ ਵਿਚ ਸੀ, ਜਦੋਂ ਗੁਰੂ ਜੀ ਉਸ ਦੇ ਘਰ ਜਾ ਕੇ ਬਿਰਾਜਦੇ ਹੁੰਦੇ ਸਨ।

**(੨) ਰੋੜੀ ਸਾਹਿਬ**-ਇਹ ਉਹ ਟਿਕਾਣਾ ਹੈ ਜਿਥੇ ਗੁਰੂ ਜੀ ਰੋੜਾਂ ਦੀ ਥਹੀ ਉਪਰ ਬੈਠਕੇ ਭਜਨ ਕਰਦੇ ਹੁੰਦੇ ਸਨ। ਜੈਸੇ 'ਰੋੜਾਂ ਕੀ ਗੁਰ ਕਰੀ ਵਿਛਾਈ' ਭਾਈ ਗੁਰਦਾਸ ਜੀ ਨੇ ਲਿਖਿਆ ਹੈ। ਇਹ ਟਿਕਾਣਾ ਏਮਨਾਵਾਦ ਤੋਂ ਅੱਠ ਕੁ ਮੀਲ ਦੀ ਵਿਥ ਤੇ ਦੱਖਣ ਪੱਛਮ ਦੀ ਵਲ ਹੈ।

**(੩) ਚੱਕੀ ਸਾਹਿਬ**-ਏਥੇ ਉਹ ਚੱਕੀ ਸਾਂਭੀ ਹੋਈ ਹੈ ਜੋ ਗੁਰੂ ਜੀ ਨੂੰ ਆਮ ਸ਼ਹਿਰ ਵਾਸੀਆਂ ਵਿਚ ਫੜੇ ਗਿਆਂ ਨੂੰ ਪੀਹਣ ਲਈ ਦਿੱਤੀ ਗਈ ਸੀ ਤੇ ਜੋ ਆਪੇ ਫਿਰਦੀ ਰਹੀ ਸੀ[੧]। ਇਹ ਵੇਖਕੇ ਜ਼ਾਲਮ ਪਾਤਸ਼ਾਹ ਤਕ ਖਬਰ ਪੁੱਜੀ ਸੀ ਤਾਂ ਗੁਰੂ ਜੀ ਨੇ ਸਾਰੇ ਕੈਦੀ ਛੁਡਵਾਏ ਸੇ[੨]।

❖❖❖

---

੧. ਪਤਾ ਨਹੀਂ ਅੱਜ ਕਲ ਇਹਨਾਂ ਪਵਿਤਰ ਟਿਕਾਣਿਆਂ ਦਾ ਪ੍ਰਬੰਧ ਮੁਸਲਮਾਨਾਂ ਨੇ ਕਿਵੇਂ ਦਾ ਕੀਤਾ ਹੋਇਆ ਹੈ।

੨. ਇਹ ਸਾਖੀ ਫੇਰ ਆਵੇਗੀ।

# ੪੪. ਹੜੱਪੇ ਦੀ ਸਾਖੀ।

**ਸੈਦਪੁਰ** ਤੋਂ ਸ੍ਰੀ ਗੁਰੂ ਜੀ ਦੱਖਣ ਦੇ ਪਾਸੇ ਵਲ ਨੂੰ ਟੁਰ ਪਏ। ਜਾਪਦਾ ਹੈ ਕਿ ਲਾਹੌਰ ਆਏ। ਏਥੇ ਕੁਛ ਦਿਨ ਠਹਿਰੇ ਕਿ ਰਵਾਂ ਰਵੀਂ ਅਗੇ ਲੰਘ ਗਏ। ਇਸ ਬਾਬਤ ਕੋਈ ਸਾਖੀ ਅਜੇ ਨਹੀਂ ਲੱਭੀ। ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ-

"ਤਬ ਬਾਬਾ ਜੀ ਉਜੜ ਕਉ ਚਲੇ। ਤਬ ਕਿਤੇ ਵਸਤੀ ਵੜੇ ਨਾਹੀ, ਕਿਤੇ ਜੰਗਲਿ ਕਿਤੇ ਦਰਜਾਇ ਕਿਥਾਈਂ ਟਿਕੇ ਨਾਹੀ।"

ਇਸ ਤੋਂ ਬੀ ਪਤਾ ਲਗਾ ਕਿ ਕਿਸੇ ਵਸਤੀ ਵਿਚ ਨਹੀਂ ਠਹਿਰੇ, ਬਾਹਰੋ ਬਾਹਰ ਉਜਾੜਾਂ ਦੇ ਰਸਤੇ ਟੁਰੀ ਗਏ। ਰਾਤਾਂ ਬ੍ਰਿਛਾਂ ਹੇਠਾਂ ਗੁਜ਼ਾਰ ਲੈਂਦੇ ਰਹੇ। ਫੇਰ ਕੋਈ ਨਗਰੀ ਆਈ ਤਾਂ ਬਾਹਰ ਠਹਿਰੇ ਤੇ ਮਰਦਾਨੇ ਨੂੰ ਆਖਣ ਲਗੇ: ਮਰਦਾਨਿਆਂ ਭੁਖ ਲਗੀ ਹਈ? ਤਾਂ ਉਸ ਆਖਿਆ : ਤੁਸੀਂ ਸਭ ਕੁਛ ਜਾਣਦੇ ਹੋ।

ਗੁਰੂ ਜੀ ਬੋਲੇ : ਜਾਹ ਮਰਦਨਿਆ! ਵਸਤੀ ਵਿਚ ਜਾ ਵੜ ਤੇ ਰੋਟੀ ਖਾ ਆਉ। ਮਰਦਾਨੇ ਆਖਿਆ 'ਜੀਓ ਜੀ! ਮੈਨੂੰ ਤਾਂ ਨਗਰੀ* ਵਿਚ ਕੋਈ ਜਾਣਦਾ ਨਹੀਂ, ਰੋਟੀ ਬਿਨਾ ਮੰਗੇ ਕੌਣ ਦੇਵੇਗਾ? ਆਖੋ ਤਾਂ ਮੰਗ ਕੇ ਖਾ ਆਵਾਂ?

ਗੁਰੂ ਜੀ-ਸ਼ਬਦ ਦੇ ਗਾਵਣ ਹਾਰਿਆ! ਤੈਨੂੰ ਮੰਗਣ ਦੀ ਕੀ ਲੋੜ ਹੈ, ਤੂੰ ਜਾਹ ਉੱਪਲ ਖੱਤ੍ਰੀਆਂ ਦਾ ਘਰ ਹਈ ਨਗਰੀ* ਵਿਚ, ਉੱਥੇ ਜਾ ਖੜੋ, ਚੁਪਾਤਾ ਹੀ ਰਹੀਂ, ਉਹ ਲੋਕ ਰੋਟੀ ਖਾਂਦੇ ਹੋਣਗੇ, ਤੈਨੂੰ ਜਾਂਦੇ ਸਾਰ ਦੇਖਕੇ ਖਿੜਨਗੇ, ਸਾਰੀ ਨਗਰੀ ਉਲਟ ਪਏਗੀ, ਹਿੰਦੂ ਮੁਸਲਮਾਨ ਸਭ ਤੇਰੀ ਪੈਰੀਂ ਪੈਣਗੇ, ਛਤੀਹ ਪ੍ਰਕਾਰ ਦੇ ਭੋਜਨ ਲਿਆ ਧਰਨਗੇ,

---

*ਇਹ ਨਗਰੀ 'ਹੜੱਪਾ' ਸਹੀ ਹੁੰਦੀ ਹੈ, ਇਸ ਨਗਰੀ ਤੋਂ ਬਾਹਰ ਵਾਰ ਗੁਰਦੁਆਰਾ ਹੈ।

ਕੋਈ ਬਸਤ੍ਰ ਬੀ ਲਿਆ ਭੇਟ ਧਰੇਗਾ। ਜੋ ਤੇਰੇ ਮੂੰਹ ਲਗੇਗਾ ਜੀ ਵਿਚ ਕਹੇਗਾ, ਇਥੇ ਸਰਬੰਸ ਲਿਆ ਅਗੇ ਧਰਾਂ। ਤੇਰੇ ਦਰਸ਼ਨਾਂ ਤੋਂ ਨਿਹਾਲ ਹੋ ਹੋ ਆਖਣਗੇ, ਵਾਹ ਵਾਹ ਸਾਂਈਂ ਦੇ ਸੁਹਣਿਆਂ! ਤੈਥੋਂ ਨਿਹਾਲ ਹੋ ਰਹੇ ਹਾਂ। ਪਰ ਮਰਦਾਨਿਆਂ ਕਈ ਐਸੇ ਬੀ ਹੋਣਗੇ ਜੋ ਤੇਰੀ ਪ੍ਰਵਾਹ ਨਹੀਂ ਕਰਨਗੇ ਜੋ ਤੂੰ ਕੌਣ ਹੈਂ ਤੇ ਕਿਥੋਂ ਆਇਆ ਹੈਂ।

ਇਹ ਬਚਨ ਸੁਣਕੇ ਮਰਦਾਨਾ ਨਗਰੀ ਵਿਚ ਗਿਆ, ਬਚਨ ਗੁਰੂ ਗੁਰ ਪੂਰੇ ਨੇ ਜੋ ਆਖਿਆ ਸੀ ਸੋ ਅੱਖਰ ਅੱਖਰ ਸੱਚ ਹੋਇਆ। ਸਾਰਾ ਸ਼ਹਿਰ ਆ ਪੈਰੀਂ ਪਿਆ। ਭੋਜਨ, ਰੁਪਏ, ਬਸਤ੍ਰ ਬਥੇਰੇ ਆਏ, ਲੋਕਾਂ ਨੇ ਬਹੁਤ ਆਦਰ ਦਿੱਤਾ ਤੇ ਸੇਵਾ ਕੀਤੀ। ਮਰਦਾਨਾ ਆਪਣੀ ਸੇਵਾ ਪੂਜਾ ਵੇਖ ਵੇਖਕੇ ਬੜਾ ਖੁਸ਼ ਹੋਵੇ, ਫੁੱਲਿਆ ਜਾਮੇਂ ਨਾ ਸਮਾਵੇ, ਪਰ ਵਿਚ ਵਿਚ ਜਦ ਕੋਈ ਐਸਾ ਆਦਮੀ ਆਵੇ ਜੋ ਮਰਦਾਨੇ ਵੱਲ ਤੱਕੇ ਬੀ ਨਾ, ਤਾਂ ਉਸਦਾ ਦਿਲ ਕੁਛਕੁ ਉਦਾਸੀ ਖਾਵੇ। ਇਸ ਪ੍ਰਕਾਰ ਜਦ ਦੇਹੁੰ ਲੱਥਾ ਤਾਂ ਮਰਦਾਨਾ ਰੁਪਏ ਕੱਪੜੇ ਬੰਨ੍ਹਕੇ ਬਾਬਾ ਜੀ ਪਾਸ ਲੈ ਆਇਆ। ਮਰਦਾਨੇ ਦੇ ਚਿਹਰੇ ਦੀ ਖੁਸ਼ੀ, ਮਨ ਦਾ ਹੁਲਾਸ ਤੇ ਖੁਸ਼ੀਆਂ ਗੁਰੂ ਬਾਬੇ ਨੇ ਤੱਕੀਆਂ, ਫੇਰ ਬਸਤ੍ਰ ਰੇਸ਼ਮੀਂ ਤੇ ਸੂਤੀ ਤੱਕੇ, ਫੇਰ ਰੁਪਏ ਤੇ ਮੋਹਰਾਂ ਵੇਖੀਆਂ। ਗੁਰੂ ਜੀ ਵੇਖਣ ਤੇ ਮੁਸਕ੍ਰਾਉਣ ਤੇ ਹੱਸਣ। ਗੁਰੂ ਜੀ ਹੱਸਦੇ ਹੱਸਦੇ ਨਿਲੇਟ ਹੁੰਦੇ ਜਾਣ। ਆਖਣ-ਮਰਦਾਨਿਆਂ ਕੀ ਆਂਦੋ ਈ।

ਮਰਦਾਨਾ-ਸੱਚੇ ਪਾਤਸ਼ਾਹ, ਇਹ ਤੇਰੇ ਬਚਨਾਂ ਦਾ ਪ੍ਰਤਾਪ ਹੈ, ਤੇਰੇ 'ਨਾਮ' ਦਾ ਸਦਕਾ ਹੈ, ਸਾਰਾ ਸ਼ਹਿਰ ਮੇਰੀ ਸੇਵਾ ਨੂੰ ਆ ਢੁੱਕਿਆ, ਮੈਂ ਰੱਜ ਰੱਜ ਪਦਾਰਥ ਛਕੇ; ਇਹ ਰੁਪਏ; ਕਪੜੇ ਆਪ ਜੋਗ ਲੈ ਆਯਾ ਹਾਂ।

ਗੁਰੂ ਜੀ (ਖੁਸ਼ ਹੋਕੇ)-ਮਰਦਾਨਿਆ, ਭਲਾ ਕੀਤੋਈ ਜੋ ਲੈ ਆਇਆ ਹੈਂ। ਤੇਰਾ ਭਾਉ ਸੁਹਣਾ ਹੈ, ਪਰ ਇਹ ਤਾਂ ਸਾਡੇ ਕਿਸੇ ਕੰਮ ਨਹੀਂ?

ਮਰਦਾਨਾ-ਫੇਰ ਪਾਤਸ਼ਾਹ ਇਨ੍ਹਾਂ ਨੂੰ ਕੀ ਕਰਾਂ?

ਗੁਰੂ ਜੀ-ਸੱਟ ਘੱਤ।

ਮਰਦਾਨੇ ਇਕ ਵਾਰ ਸਤਿਗੁਰ ਦੇ ਖਿੜੇ ਮੱਥੇ ਵੱਲ ਤੱਕਿਆ, ਦੂਜੀ ਝਾਤ ਆਪਣੇ ਅੰਦਰ ਪਾਈ, ਫੇਰ ਨੂਰੀ ਮਸਤਕ ਤੱਕਿਆ, ਜਿਸ ਪੁਰੋਂ 'ਚਾਨਣ ਫੁਹਾਰ' ਪੈ ਰਹੀ ਸੀ। ਜਿਵੇਂ ਚੰਦ ਤੋਂ ਚਾਨਣੇ ਦੀ ਫੁਹਾਰ ਪੈਂਦੀ ਹੈ, ਤਿਵੇਂ ਗੁਰੂ ਜੀ ਦਾ ਚਿਹਰਾ ਚਾਨਣਾ ਚਾਨਣਾ ਲਗਦਾ ਸੀ। ਤਾਂ ਮਰਦਾਨੇ ਨੇ ਪੰਡ ਚਾਈ ਤੇ ਦੂਰ ਜਾ ਕੇ ਸੱਟ ਪਾਈ।

❖❖❖

# ੪੫. ਸੱਜਣ ਠੱਗ।

**ਏਸ** ਥਾਂ ਤੋਂ ਬੀ ਟੁਰ ਪਏ। ਟੁਰੀ ਗਏ, ਜਾਂਦੇ ਜਾਂਦੇ ਇਕ ਵਸਤੀ ਆਈ[1]। ਪਰ ਏਹ ਅਜੇ ਦੂਰ ਸੀ ਕਿ ਵਡਾ ਸਾਰਾ ਘਰ ਆ ਗਿਆ ਜੋ ਰਸਤੇ ਦੇ ਨੇੜੇ ਹੀ ਸੀ। ਇਸ ਘਰ ਦੇ ਉਦਾਲੇ ਵਲਗਣ ਸੀ, ਇਕ ਪਾਸੇ ਵਿਚਕਾਰ ਦਰਵੱਜਾ ਤੇ ਅਗੇ ਡੇਉਢੀ ਸੀ, ਦੋਹੀਂ ਨੁਕਰੀ ਧਰਮ ਸਥਾਨ ਸਨ, ਇਕ ਪਾਸੇ ਤਾਂ ਠਾਕੁਰ ਦੁਆਰਾ ਸੀ ਤੇ ਦੂਜੇ ਪਾਸੇ ਮਸੀਤ। ਡੇਉਢੀ ਲੰਘਕੇ ਅਗੇ ਖੁੱਲ੍ਹਾ ਥਾਂ ਤੇ ਫੇਰ ਹਵੇਲੀ ਸੀ ਵੱਡੀ ਸਾਰੀ। ਇਸ ਦੇ ਅੰਦਰ ਕੋਠੜੀਆਂ ਤੇ ਤਹਿਖਾਨੇ[2] ਸਨ। ਕਿਸੇ ਲੁਕੇ ਅੰਦਰ ਖੂਹ ਸਰੀਖਾ ਥਾਉਂ ਬੀ ਸੀ, ਜਿਸਦਾ ਰਸਤਾ ਗੁਪਤ ਸੀ ਤੇ ਧਰਤੀ ਦੇ ਅੰਦਰ ਹੇਠਾਂ ਰਚਿਆ ਸੀ। ਹੋਰ ਕਈ ਕਮਰੇ ਯਾ ਦਲਾਨ ਸੇ। ਇਸ ਹਵੇਲੀ ਦਾ ਇਕ ਮਾਲਕ ਸੀ, ਅਰ ਕਈ ਉਸਦੇ ਦਾਸ ਸੇਵਕ ਸਨ।

ਇਸ ਘਰ ਦੇ ਮਾਲਕ ਨੂੰ 'ਸ਼ੇਖ ਸਜਣ' ਆਖਦੇ ਸਨ। ਇਸ ਨੇ ਬਹੁਤ ਪਿਆਰ ਤੇ ਸੇਵਾ ਦਾ ਢੰਗ ਬਣਾ ਰਖਿਆ ਸੀ। ਹਿੰਦੂ ਆਵੇ ਤਾਂ ਬੜੀ ਸੇਵਾ ਕਰੇ, ਠਾਕੁਰ ਦੁਆਰੇ ਲਿਜਾਕੇ ਪੂਜਾ ਹੁੰਦੀ ਦਿਖਾਵੇ ਤੇ

---

੧. ਇਹ ਵਸਤੀ ਤੁਲੰਭਾ ਸੀ।

੨. ਭੋਰਾ, ਜ਼ਿਮੀਂ ਅੰਦਰ ਬਣਿਆ ਕੋਠਾ।

ਬੜਾ ਧਰਮੀ ਬਣ ਰਹੇ। ਜੇ ਕੋਈ ਮੁਸਲਮਾਨ ਮੁਸਾਫ਼ਰ ਆ ਜਾਵੇ ਤਾਂ ਮਸੀਤੇ ਲੈ ਜਾਏ। ਖਾਣ ਪੀਣ ਦੀ ਬੜੀ ਖ਼ਾਤਰਦਾਰੀ ਕਰੇ। ਫੇਰ ਜਦ ਰਾਤ ਪਏ ਤਾਂ ਆਖੇ ਜੀ ਚਲੋ ਆਰਾਮ ਕਰੋ, ਹੁਣ ਸਵੋਂ। ਇਸ ਤਰ੍ਹਾਂ ਵਿਸਾਹਕੇ ਦੋ ਇਕ ਦਿਨ ਰਖੇ। ਜਦ ਦਾਉ ਲਗ ਜਾਵੇ ਤਾਂ ਉਸ ਨੂੰ ਆਪਣੇ ਅੰਦਰ ਕਿਸੇ ਲੁਕਵੇਂ ਥਾਂ ਮਾਰਕੇ ਖੂਹ ਵਿਚ ਸੁੱਟੇ ਕਿ ਡੂੰਘੇ ਥਾਂ ਦਬਾ ਦੇਵੇ ਤੇ ਮਾਲ ਧਨ ਉਸਦਾ ਸਾਂਭ ਲਵੇ। ਪਰ ਦਿਨ ਵੇਲੇ ਬੜੀ ਤਸਬੀ (ਮਾਲਾ) ਹੱਥ ਵਿਚ ਲੈ ਬਹੇ। ਇਸ ਨੇ ਆਪਣੇ ਘਰ ਵਿਚ ਲੋਕਾਂ ਨੂੰ ਠੱਗਣ ਦੇ ਹੋਰ ਬੜੇ ਸਾਮਾਨ ਬਣਾਏ ਹੋਏ ਸਨ।

ਗੁਰੂ ਜੀ ਸਭ ਕੁਝ ਜਾਣਦੇ ਸਨ, ਜਾਣਕੇ ਹੀ ਉਸ ਦੇ ਘਰ ਗਏ ਸਨ। ਸੱਜਣ ਨੇ ਜਦ ਦੇਖਿਆ ਤਾਂ ਸਮਝਿਓਸੁ ਕਿ ਇਹ ਕੋਈ ਵਡਾ ਅਮੀਰ ਕਿ ਜੌਹਰੀ ਹੈ, ਇਸਦੇ ਪੱਲੇ ਗੁੱਝੇ ਹੀਰੇ ਜੁਾਹਰਾਤ ਹਨ। ਇਸਦੇ ਮੂੰਹ ਤੇ ਜੋ ਲਾਲੀ ਹੈ ਇਹ ਨਿਸ਼ਾਨੀ ਹੈ ਬੜੇ ਧਨ ਵਾਲੇ ਹੋਣ ਦੀ। ਇਹ ਧਨ ਲੁਕਾਉਣ ਪਿਛੇ ਹੀ ਫਕੀਰ ਹੋਇਆ ਜਾਪਦਾ ਹੈ ਕਿ ਲੋਕੀ ਸ਼ੱਕ ਨਾ ਕਰਨ ਕਿ ਇਸ ਪਾਸ ਧਨ ਹੈ। ਫਕੀਰੀ ਬਨਾਵਟ ਹੈ ਧਨ ਲੁਕਾਉਣ ਲਈ। ਸੋ ਰਾਤ ਸੁਆਲ ਕੇ ਲੁੱਟ ਲਈਏ ਸਾਰੇ ਜੁਾਹਰਾਤ। ਇਸ ਤਰਾਂ ਦੀਆਂ ਸੋਚਾਂ ਸੋਚਕੇ ਖ਼ਾਤਰ ਕੀਤੀਓਸ।

ਗੁਰੂ ਜੀ ਬਹੁਤ ਰਾਤ ਗਈ ਤਕ ਬੈਠੇ ਰਹੇ। ਸਜਣ ਨੇ ਦੋ ਇਕ ਵਾਰੀ ਆਖਿਆ: ਸਵੋਂ ਜੀ ਰਾਤ ਬੀਤਦੀ ਹੈ। ਆਪ ਲਈ ਅੰਦਰ ਮੰਜੇ ਵਿਛੇ ਹਨ ਸੁਹਣੇ ਥਾਉਂ। ਤਾਂ ਗੁਰੂ ਜੀ ਨੇ ਕਿਹਾ 'ਇਕ ਸ਼ਬਦ ਖ਼ੁਦਾ ਦੀ ਬੰਦਗੀ ਦਾ ਪੜ੍ਹਕੇ ਸਉਣ ਵਾਲੇ ਥਾਂ ਚੱਲਾਂਗੇ। ਤਦ ਸੱਜਣ ਨੇ ਆਖਿਆ: 'ਭਲਾ ਜੀ ਸ਼ਬਦ ਖ਼ੁਦਾ ਦੀ ਬੰਦਗੀ ਦਾ ਆਖੋ ਜੀ ਅਸੀਂ ਬੀ ਸੁਣੀਏ।' ਤਦ ਗੁਰੂ ਜੀ ਨੇ ਮਰਦਾਨੇ ਨੂੰ ਆਖਿਆ ਰਬਾਬ ਵਜਾ: ਮਰਦਾਨੇ ਰਬਾਬ ਵਜਾਇਆ. ਤਾਂ ਸੂਹੀ ਰਾਗ ਵਿਚ ਗੁਰੂ ਜੀ ਨੇ ਸ਼ਬਦ ਆਪ ਗਾਵਿਆ; ਜੋ ਸ਼ਬਦ ਐਉਂ ਹੈ :-

ਰਾਗ ਸੂਹੀ ਮਹਲਾ ੧ ਘਰੁ ੬॥

ੴ ਸਤਿਗੁਰੂ ਪ੍ਰਸਾਦਿ॥

**"ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥**
**ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥੧॥**
**ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ॥**
**ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥੧॥ਰਹਾਉ॥**
**ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥**
**ਢਠੀਆ ਕੰਮਿ ਨ ਆਵਨੀ ਵਿਚਹੁ ਸਖਣੀਆਹਾ॥੨॥**
**ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ॥**
**ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨਿ॥੩॥**
**ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖ ਭੁਲੰਨਿ॥**
**ਸੇ ਫਲ ਕੰਮਿ ਨ ਆਵਨੀ ਤੇ ਗੁਣ ਮੈ ਤਨਿ ਹੰਨਿ॥੪॥**
**ਅੰਧਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ॥**
**ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ॥੫॥**
**ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ॥**
**ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ*॥੬॥੧॥੩॥"**

---

*ਕੈਹਾ=ਇਕ ਚਿਟੀ ਧਾਤ ਹੈ, ਜਿਸ ਦੇ ਕੌਲ ਕਟੋਰੇ ਬਣਦੇ ਹਨ। ਏਹ ਹੁੰਦੇ ਤਾਂ ਚਿਟੇ ਹਨ, ਪਰ ਜਿਉਂ ਜਿਉਂ ਘੋਟੇ ਕਾਲਕ ਲਹਿੰਦੀ ਹੈ, ਹਥ ਬੀ ਕਾਲੇ ਹੋ ਜਾਂਦੇ ਹਨ। ਮਤਲਬ ਹੈ ਪਖੰਡੀ ਸਾਧੂ ਤੇ ਖੋਟੇ ਪੁਰਖਾਂ ਤੋਂ। ਸਜਣ=ਮਿਤਰ, ਭਾਵ ਹੈ ਸੰਤ। ਪਾਸਹੁ ਚਿਤਵੀਆਹਾ=ਆਸ ਪਾਸ ਤੋਂ ਮੂਰਤਾਂ ਫੁਲਾਂ ਨਾਲ ਚਿਤਰੀਆਂਹੋਈਆਂ।
ਬਗਾ=ਬਗਲਾ। ਬੱਗੇ=ਚਿੱਟੇ। ਪਾਣੀ ਵਿਚ ਖੜੋਤਾ ਬਗਲਾ ਜਿਵੇਂ ਚਿੱਟਾ ਹੁੰਦਾ ਹੈ ਪਰ ਸਮਾਧੀ ਲਾ ਕੇ ਖੜਾ ਦਿੱਸਦਾ ਦਾਉ ਲਾ ਲਾ ਕੇ ਮੱਛੀਆਂ ਫੜ ਫੜ ਖਾਂਦਾ ਹੈ।
ਬਗੇ ਨਾ ਕਹੀਅਨਿ=ਇਨ੍ਹਾਂ ਨੂੰ ਚਿੱਟਾ ਨਾ ਕਹੋ, ਭਾਵ ਸੰਤ ਨਾ ਆਖੋ।
ਮੈਜਨ=ਤੋਤਾ। (ਅ) ਮੈਂ+ਜਨ, ਅਰਥ 'ਲੋਕੀ ਮੈਨੂੰ ਦੇਖਕੇ ਭੁੱਲਦੇ ਹਨ ਤਾਂ ਬੀ ਕਹਿੰਦੇ ਹਨ ਕਿ ਇਹ ਸੰਤ ਹੈ; ਜਿਵੇਂ ਤੋਤੇ ਸਿੰਮਲ ਦੇ ਫਿੱਕੇ ਫੁਲਾਂ ਨੂੰ ਮਿੱਠੇ

(ਬਾਕੀ ਟੂਕ ਦੇਖੋ ਪੰਨਾ ੧੩੦)

ਜਾਂ ਇਹ ਸ਼ਬਦ ਗੁਰੂ ਜੀ ਉਚਾਰਦੇ ਗਏ ਤੇ ਫੇਰ ਰਹਾਉ ਉਚਾਰਨ, ਮੁੜ ਮੁੜ ਸੱਜਣ ਵਲ ਨਜ਼ਰ ਫੇਰ ਜਾਣ ਤਾਂ ਸੱਜਣ ਦਾ ਦਿਲ ਸ਼ਬਦ ਦੇ ਅਰਥਾਂ ਵਿਚ ਖੁੱਭਦਾ ਗਿਆ। ਜਦ ਚੋਖਾ ਚਿਰ ਲਗ ਕੇ ਸ਼ਬਦ ਮੁੱਕਾ ਤਦ ਸੱਜਣ ਨੂੰ ਹੋਸ਼ ਆ ਗਈ, ਸਾਰੇ ਆਪਣੇ ਕੀਤੇ ਪਾਪ ਤੇ ਧੋਖੇ ਦੇ ਦੇ ਕੇ ਮਾਰੇ ਮੁਸਾਫਰ ਅੱਖਾਂ ਅਗੋਂ ਲੰਘੇ ਤੇ ਦਿਲ ਵਿਚ ਕਾਤੀ ਵੱਹੀ ਕਿ ਅੰਤ ਮਰ ਜਾਣਾ ਹੈ, ਇਹ ਪਾਪਾਂ ਨਾਲ ਇਕੱਠਾ ਕੀਤਾ ਧਨ ਕਿਸੇ ਹੋਰ ਨੇ ਸਾਂਭਣਾ ਹੈ ਤੇ ਦਰਗਾਹ ਰੱਬ ਦੀ ਜਾ ਕੇ ਫਾਹੇ ਮੇਰੇ ਗਲੇ ਪੈਣੇ ਹਨ। ਸੱਚ ਗਾਂਵਿਆਂ ਹੈ ਏਸ ਫਕੀਰ ਨੇ। ਫੇਰ ਕਾਤੀ ਵੱਜੀ ਕਿ ਇਹ ਕੋਈ ਹੀਰਿਆਂ ਵਾਲਾ ਜੌਹਰੀ ਨਹੀਂ; ਇਹ ਤਾਂ ਸਚ ਮੁਚ ਰੱਬ ਦਾ ਪਿਆਰਾ ਹੈ, ਜਿਸਨੇ ਮੇਰੇ ਸਾਰੇ ਪਾਪ ਸਹੀ ਕਰ ਲਏ ਹਨ। ਜੋ ਕੁਛ ਗਾਂਵਿਆਂ ਹੈ ਸਾਰੇ ਮੇਰੇ ਪਾਪ ਹੈਨ ਤੇ ਮੈਨੂੰ ਸੁਣਾਏ ਸਮਝਾਏ ਸੂ। ਇਸ ਦੇ ਮੂੰਹ ਤੇ ਜੋ ਲਾਲੀ ਰੌਣਕ ਮੈਂ ਤੱਕੀ ਹੈ ਇਹ ਰੱਬ ਦੀ ਬੰਦਗੀ ਹੈ। ਸੋ ਸੱਜਣ ਬਹੁਤ ਉਦਾਸ ਹੋਕੇ ਉਠਿਆ ਤੇ ਪੰਘਰੇ ਹੋਏ ਦਿਲ ਨਾਲ ਚਰਨਾਂ ਤੇ ਢੈਹ ਪਿਆ; ਰੋਵੇ, ਪੈਰ ਚੁੰਮੇ ਤੇ ਵਾਰ ਵਾਰ ਆਖੇ-ਦਾਤਾ ਮੇਰੇ ਤੇ ਫਜ਼ਲ* ਕਰ ਮੇਰੇ ਤੇ ਮੇਹਰ ਕਰ, ਮੇਰੇ ਗੁਨਾਹ ਮਾਫ ਕਰ।

ਤਦ ਗੁਰੂ ਨਾਨਕ ਜੀ ਬੋਲੇ ਸੱਜਣਾ! ਗੁਨਾਹ ਮਾਫ ਹੁੰਦੇ ਹਨ ਤੇ ਫਜ਼ਲ ਬੀ ਹੁੰਦਾ ਹੈ, ਪਰ ਦੋ ਗੱਲਾਂ ਨਾਲ। ਇਕ ਤਾਂ ਇਹ ਹੈ ਕਿ ਸੱਚ ਨੂੰ ਫੜ। ਸਚੋ ਸੱਚ ਇਕਰਾਰ ਕਰ ਆਪਣੇ ਕੀਤੇ ਪਾਪਾਂ, ਗੁਨਾਹਾਂ ਦਾ। ਦੂਜੀ ਗੱਲ ਇਹ ਕਰ ਜੋ ਧਨ ਇਸ ਤਰ੍ਹਾਂ ਦੇ ਪਾਪ ਕਰ ਕਰਕੇ ਇਕੱਠਾ ਕੀਤਾ ਹੈ ਲੁਟਾ ਦੇਹ ਰੱਬ ਦੇ ਨਾਂ ਤੇ, ਪੁਚਾ

---

*ਮੇਹਰ, ਕਿਰਪਾ।

(ਪੰਨਾ ੧੨੯ ਦੀ ਬਾਕੀ ਟੂਕ)

ਸਮਝ ਕੇ ਭੁਲਦੇ ਹਨ। ਇਹ ਬੀ ਸੱਜਣ ਦੇ ਪਖੰਡੀ ਹੋਣ ਦਾ ਇਸ਼ਾਰਾ ਹੈ। ਡੂਗਰ=ਪਹਾੜ। ਰੱਬ ਦਾ ਰਸਤਾ ਪਹਾੜ ਵਰਗਾ ਔਖਾ ਹੈ ਤੇ ਰਾਹ ਨਹੀਂ ਲੱਭਦਾ। ਇਨ੍ਹਾਂ ਸਾਰੀਆਂ ਤੁਕਾਂ ਵਿਚ ਸੱਜਣ ਦੀਆਂ ਮਾੜੀਆਂ ਕਰਤੂਤਾਂ ਉਸਨੂੰ ਸਮਝਾਈਆਂ ਹਨ।

ਦੇਹ ਉਨ੍ਹਾਂ ਦੇ ਘਰੀਂ, ਜਿਨਾਂ ਦੇ ਬੰਦੇ ਲੁੱਟੇ ਨੀ ਜੇ ਤੈਨੂੰ ਕੁਛ ਪਤੇ ਯਾਦ ਹੈਨ ਤਾਂ। ਤਦ ਸੱਜਣ ਨੇ ਹੱਥ ਜੋੜੇ ਤੇ ਸਾਰੇ ਕੀਤੇ ਪਾਪਾਂ ਦਾ ਇਕਰਾਰ ਕੀਤਾ। ਪਾਪਾਂ ਦਾ ਇਕਰਾਰ ਕਰਨ ਦਾ ਅਰਥ ਹੈ ਕਿ ਸਾਰੇ ਪਾਪ ਕਹਿ ਸੁਣਾਏ ਤੇ ਮੰਨਿਆ ਕਿ ਮੈਂ ਪਾਪੀ ਹਾਂ, ਮੈਂ ਮੁਕਰਦਾ ਨਹੀਂ। ਫੇਰ ਸੱਜਣ ਨੇ ਕੱਠੀ ਕੀਤੀ ਦੌਲਤ ਗੁਰੂ ਜੀ ਨੂੰ ਦਿਖਾਈ, ਜੋ ਦਿਨ ਚੜ੍ਹੇ ਸਜਣ ਨੇ ਵੰਡਣੀ ਤੇ ਕੀਤੇ ਯਾਦ ਪਤਿਆਂ ਤੇ ਘੱਲਣੀ ਸ਼ੁਰੂ ਕਰ ਦਿੱਤੀ। ਇਉਂ ਸਾਰੀ ਮੁਕਾ ਦਿੱਤੀ।

ਜਦ ਸੱਜਣ ਪਾਪਾਂ ਦੀ ਕਮਾਈ ਲੁਟਾ ਬੈਠਾ ਤਾਂ ਪਾਪਾਂ ਦੇ ਧਨ ਤੋਂ ਬਣਾਇਆ ਘਰ ਬੀ ਗੁਰੂ ਜੀ ਨੇ ਢੁਹਾ ਦਿੱਤਾ। ਗੁਰੂ ਬਾਬੇ ਨੇ ਹੁਕਮ ਦਿੱਤਾ ਕਿ ਏਥੇ ਹੁਣ ਧਰਮਸਾਲ ਬਣਾ। ਸਚਮੁਚ ਦਾ ਧਰਮ ਅਸਥਾਨ ਇਹ ਥਾਂ ਧਰਮ ਦੇ ਪੈਸੇ ਨਾਲ ਬਣਾ, ਜਿਥੇ ਬੈਠਕੇ ਭਜਨ ਕਰ, ਨਾਮ ਜਪ ਤੇ ਸਚ ਮੁਚ ਦੁਖੀ ਲੋਕਾਂ ਦੀ ਸੇਵਾ ਕਰ। ਤਦ ਸੱਜਣ ਪੈਰੀਂ ਪਿਆ। ਸਤਿਗੁਰਾਂ ਨੇ 'ਨਾਮ' ਦਾਨ ਦਿਤਾ ਤੇ ਨਾਮ ਦਾ ਧਾਰਨ ਕਰਨ ਵਾਲਾ ਬਣਾ ਦਿੱਤਾ। ਸੱਜਣ ਬਾਕੀ ਉਮਰਾ ਓਸ ਆਪਣੀ ਬਣਾਈ ਧਰਮਸਾਲਾ ਵਿਚ ਬੈਠਾ ਭਜਨ ਤੇ ਪਰਉਪਕਾਰ ਕਰਦਾ ਨਾਮ ਜਪਦਾ ਤੇ ਗੁਰੂ ਕੇ ਸ਼ਬਦਾਂ ਦਾ, ਜੋ ਮਰਦਾਨੇ ਨੇ ਓਥੇ ਗਾਵੇਂ, ਪ੍ਰਚਾਰ ਕਰਦਾ ਰਿਹਾ*। ਲਿਖਿਆ ਹੈ ਕਿ ਪਹਿਲੀ ਧਰਮਸਾਲਾ ਗੁਰੂ ਜੀ ਨੇ ਇਹ ਬਣਵਾਈ।

❖❖❖

*ਸੱਜਣ ਦੀ ਸਮਾਧ ਹੁਣ ਤਕ ਮੌਜੂਦ ਹੈ ਤੇ ਤਲੁੰਬੇ ਦੇ ਇਲਾਕੇ ਭਾਈ ਜੋਧ ਦੀ ਧਰਮਸਾਲ ਦੇ ਨੇੜੇ ਹੈ। ਸੋ ਹੜਪੇ ਤੋਂ ਹੋਰ ਹੇਠਾਂ ਨੂੰ ਜਾ ਕੇ ਇਹ ਟਿਕਾਣਾ ਆਉਂਦਾ ਹੈ। ਜੋ ਪੁਰਾਣੀ ਸ਼ਾਹੀ ਸੜਕ ਤੇ, ਜਿਸ ਨੂੰ ਕੱਖਾਂ ਵਾਲੀ ਸੜਕ ਕਹਿੰਦੇ ਹਨ, ਹੈ। ਮਿੰਟਗੁਮਰੀ ਤੋਂ ਟੁਰੀਏ ਤਾਂ ਪਹਿਲੇ ਹੜੱਪਾ, ਫੇਰ ਚੀਚਾ ਵਤਨੀ, ਫੇਰ ਬੁਰਜੀ, ਫੇਰ ਤਲੁੰਭਾ ਤੇ ਮਖ਼ਦੂਮ ਪੁਰ, ਫੇਰ ਕਸੀਰ ਵਾਲਾ, ਗਾਵਾਂ ਤੇ ਅੱਗੇ ਮੁਲਤਾਨ ਆਉਂਦਾ ਹੈ। ਮਖ਼ਦੂਮ ਪੁਰ ਰੇਲ ਦਾ ਸਟੇਸ਼ਨ ਹੈ ਜੋ ਖਾਨੇਵਾਲ, ਸ਼ਰ ਕੋਟ ਦੇ ਵਿਚਕਾਹੇ ਹੈ। ਸਟੇਸ਼ਨ ਤੋਂ ਸਮਾਧ ਅੱਧਾ ਪੌਣਾ ਮੀਲ ਹੈ। ਇਥੇ ਇਕ ਪੁਰਾਣਹ ਥੇਹ ਹੈ, ਜੋ ਭਾਈ ਸੱਜਣ (ਠੱਗ) ਦੀ ਭਿੜਕੀ ਸਦਾਉਂਦਾ ਹੈ, ਇਹੋ ਵਸਤੀ ਸੀ ਉਸ ਦੀ। ਇਹ ਭਿੜਕੀ ਮਖ਼ਦੂਮ ਪੁਰ ਤੋਂ ਡੇਢ ਕੁ ਮੁਰੱਬੇ ਦੀ ਵਿੱਥ ਪੁਰ ਹੈ।

(ਬਾਕੀ ਟੂਕ ਦੇਖੋ ਪੰਨਾ ੧੩੨ ਹੇਠ)

# ੪੬. ਇਕ ਪੀਰ ਸੰਵਾਰਿਆ।

**ਸੱਜਣ** ਠੱਗ ਨੂੰ ਸੱਜਣ ਸੰਤ ਬਣਾਕੇ ਸਤਿਗੁਰੂ ਜੀ ਟੁਰ ਪਏ। ਟੁਰੇ ਜਾਂਦਿਆਂ ਮਰਦਾਨੇ ਆਖਿਆ: ਸੁਹਣੇ ਮੇਰੇ ਪਿਆਰੇ ਜੀਓ! ਐਡੇ! ਪਾਪੀ, ਬੇ ਰਹਿਮ ਤੇ ਖ਼ੂਨੀ ਸੱਜਣ ਦੇ ਘਰ ਕਿਉਂ ਗਏ ਤੇ ਆਪਣੀ ਵਡਮੁੱਲੀ ਜਿੰਦ ਖਤਰੇ ਵਿਚ ਕਿਉਂ ਪਾਈ?

ਗੁਰੂ ਜੀ-ਮਰਦਾਨਿਆਂ, ਇਕ ਗੰਦੇ ਛੱਪੜ ਨੂੰ ਮਿੱਠੇ ਜਲ ਦਾ ਸੋਮਾ ਬਣਾ ਦੇਣਾ ਬੜਾ ਉਤਮ ਕੰਮ ਹੈ ਕਿ ਨਹੀਂ? ਦੇਖ; ਇਹ ਇਕ ਨਹੀਂ ਤਰਿਆ, ਇਸ ਇਕ ਦੇ ਤਰਣ ਨਾਲ ਕਿੰਨੇ ਬੇ ਗੁਨਾਹ ਲੋਕ ਜੋ ਇਸ ਨੇ ਅਜੇ ਮਾਰਨੇ ਸਨ, ਬਚ ਗਏ। ਹੁਣ ਇਸਦੇ ਸਤਿਸੰਗ ਨਾਲ ਕਿੰਨੇ ਪਾਪੀ ਲੋਕ ਪੁੰਨੀ ਬਣ ਜਾਣਗੇ, ਗ਼ੀਬਾਂ ਦੇ ਭਲੇ ਹੋਣਗੇ। ਇਸ ਇੱਕ ਦੇ ਸੁਧਰ ਜਾਣ ਨਾਲ ਇਸ ਤਰ੍ਹਾਂ ਨੇਕੀਆਂ ਦੀ ਨਦੀ ਵਗ

---

(ਪੰਨਾ ੧੩੧ ਦੀ ਬਾਕੀ ਟੂਕ)

ਸਮਾਧ ਅਜ ਕਲ ਗੁਸਾਂਈਆਂ ਦੇ ਕਬਜ਼ੇ ਵਿਚ ਹੈ ਜੋ ਉਸ ਸਮਾਧ ਤੋਂ ਸੱਜਣ ਦਾ ਨਾਮ ਮੇਟਦੇ ਹਨ ਪਰ ਪੁਰਾਤਨ ਸਾਰੇ ਦੱਸਦੇ ਹਨ ਕਿ ਤ੍ਰੈ ਸਮਾਧਾਂ ਵਿਚੋਂ ਇਕ ਸੱਜਣ ਦੀ ਹੈ ਤੇ ਦੋ ਗੁਸਾਂਈਆਂ ਦੀਆਂ ਹਨ, ਪਰ ਭਿੜਕੀ ਨੂੰ ਸਾਰੇ ਸੱਜਣ ਦੀ ਭਿੜਕੀ ਕਹਿੰਦੇ ਹਨ। ਸਮਾਧ ਦੇ ਨਾਲ ਹੀ ਭਾਈ ਜੋਧ ਦਾ ਪੱਕਾ ਡੇਰਾ ਹੈ, ਜੋ ਸ਼ਹਿਰੋਂ ਬਾਹਰ ਹੈ। ਪੁਰਾਤਨ ਲੋਕ ਦੱਸਦੇ ਹਨ ਕਿ ਸੱਜਣ ਨੂੰ ਤਾਰਕੇ ਗੁਰੂ ਬਾਬਾ ਜੀ ਇਥੇ ਬੈਠੇ ਸਨ। ਸਤਵੇਂ ਪਾਤਸ਼ਾਹ ਤੋਂ ਵਰੋਸਾਏ ਜਾ ਕੇ ਭਾਈ ਜੋਧ ਜੀ ਬੀ ਇੱਥੇ ਆ ਟਿਕੇ ਤੇ ਬੰਦਗੀ ਕਰਦੇ ਰਹੇ। ਦਸਮੇਂ ਪਾਤਸ਼ਾਹ ਦੇ ਸਮੇਂ ਮਸੰਦਾਂ ਦੀ ਪਕੜ ਵੇਲੇ ਭਾਈ ਜੋਧ ਬੀ ਆਨੰਦਪੁਰ ਅੱਪੜੇ। ਭਾਈ ਫੇਰੂ ਨੇ ਆਪ ਦੀ ਸੱਚੀ ਫਕੀਰੀ ਸਤਿਗੁਰੂ ਨੂੰ ਦੱਸੀ ਫੇਰ ਹੋਰ ਬਖਸ਼ਿਸ਼ ਹੋਈ, ਫੇਰ ਆਪ ਇਥੇ ਆ ਰਹੇ ਤੇ ਸਤਿਨਾਮ ਦਾ ਛੱਟਾ ਦੇਂਦੇ ਰਹੇ। ਏਥੇ ਹੀ ਆਪ ਚੜ੍ਹੇ ਸਨ। ਇਹ ਟਿਕਾਣਾ ਉਨ੍ਹਾਂ ਦੀ ਯਾਦਗਾਰ ਹੈ ਜੋ ਸਟੇਸ਼ਨ ਅੱਧ ਕੁ ਮੀਲ ਰੇਲ ਦੇ 'ਸਿਗਨਲ' ਦੇ ਪਾਸ ਵਾਰ ਹੈ। ਹੁਣ ਇਨ੍ਹਾਂ ਟਿਕਾਣਿਆਂ ਦਾ ਕੀ ਹਾਲ ਹੈ, ਪਤਾ ਨਹੀਂ ਲੱਗਾ।

ਤੁਰੇਗੀ। ਇਨ੍ਹਾਂ ਠੱਗਾਂ ਧਾੜਵੀਆਂ ਵਿਚ ਤਾਕਤ ਹੁੰਦੀ ਹੈ, ਜੋ ਖੋਟੀ ਮਤਿ ਕਰਕੇ ਭੈੜੇ ਪਾਸੇ ਲੱਗ ਜਾਂਦੀ ਤੇ ਮਾੜੇ ਕੰਮ ਕਰਦੀ ਹੈ। ਜੇ ਉਹਨਾਂ ਨੂੰ ਸੁਮੱਤ ਦੇ ਦੇਈਏ ਤਾਂ ਉਹੋ ਤਾਕਤ ਭਲੇ ਕੰਮ ਤੇ ਲੱਗ ਪੈਂਦੀ ਹੈ। ਤਾਕਤ ਆਖਦੇ ਹਨ ਜ਼ੋਰ ਨੂੰ, ਬਲ ਨੂੰ।

ਮਰਦਾਨਾ-ਠੀਕ ਹੈ। ਇਨ੍ਹਾਂ ਚੋਰਾਂ, ਧਾੜਵੀਆਂ, ਜੁਆਰੀਆਂ ਜ਼ਾਲਮਾਂ ਵਿਚ ਤਾਕਤ ਤਾਂ ਬੜੀ ਹੁੰਦੀ ਹੈ, ਸਹੁਰੇ ਐਵੇਂ ਪਏ ਬਦੀ ਵਲ ਜਾਂਦੇ ਹਨ। ਠੀਕ ਕਿਹਾ ਨੇ, ਜੇ ਉਹਨਾਂ ਦੇ ਨੈਣ ਖੁਲ੍ਹ ਜਾਣ ਤਾਂ ਫੇਰ ਨੇਕੀ ਵਲ ਵੀ ਉਹੋ ਤਾਕਤ ਲਗੇਗੀ, ਪਰ ਤੇਰੇ ਵਿਚ ਦਾਤਾ! ਕਿੰਨੀ ਤਾਕਤ ਹੈ ਜੋ ਤਾਕਤਵਰਾਂ ਨੂੰ ਬਦੀ ਵਲੋਂ ਹੋੜਕੇ ਨੇਕੀ ਵਲ ਲਾਉਂਦਾ ਹੈਂ। ਧੰਨ ਤੂੰ ਧੰਨ ਤੇਰਾ ਨਿਰੰਕਾਰ! ਭਲਾ ਹੁਣ ਕਿੱਧਰ ਚਲੇ ਹੋ? ਮੈਂ ਜਾਤਾ ਸੀ ਮੁਲਤਾਨ ਜਾਸੋ, ਪਰ ਉਹ ਰਾਹ ਛੋੜ ਕੇ ਪੂਰੇ[੧] ਨੂੰ ਟੁਰ ਪਏ ਹੋ?

ਸ੍ਰੀ ਗੁਰੂ ਜੀ-ਮਰਦਾਨਿਆਂ! ਨੀਲੀ[੨] ਵਲ ਨੂੰ ਚੱਲਣਾ ਹੈ। ਇਕ ਪੀਰ ਹੈ ਏਧਰ ਜੋ ਪਰਜਾ ਨੂੰ ਦੁਖਾ ਰਿਹਾ ਹੈ ਬਹੁਤ।

ਮਰਦਾਨਾ-ਫੇਰ ਹੁਣ ਜਿਸ ਪੀਰ ਵਲ ਚੱਲੇ ਹੋ, ਉਹ ਕੋਈ ਸੱਜਣ ਵਾਂਡੂ ਸਾਡੀ ਜਾਨ ਦਾ ਲਾਗੂ ਹੀ ਹੋਊ ਕਿ ਸੁਖ ਗੁਜ਼ਰੇਗੀ?

ਗੁਰੂ ਜੀ-ਘਬਰਾ ਨਹੀਂ, ਕਰਤਾਰ ਭਲੀ ਕਰੇਗਾ।

ਇਉਂ ਗੱਲਾਂ ਕਰਦੇ ਟੁਰੀ ਗਏ, ਦੋ ਤ੍ਰੈ ਦਿਨ ਤੇ ਰਾਤਾਂ ਰਸਤੇ ਵਿਚ ਮੁਕਾਮ ਕੀਤੇ। ਫੇਰ ਇਕ ਗਿਰਾਉਂ ਦੇ ਬਾਹਰ ਉੱਚਾ ਤੇ ਸੁਥਰਾ ਥਾਂ ਦੇਖ ਕੇ ਉਜਾੜ ਵਿਚ ਹੀ ਟਿਕ ਗਏ। ਡੇਰਾ ਇਕ ਵਡੇ ਰੁੱਖ ਹੇਠ ਹੀ ਲਾ ਲਿਆ। ਪਿੰਡ ਵਿਚੋਂ ਕੋਈ ਆਦਮੀ ਕੋਲ ਦੀ ਲੰਘਿਆ ਤਾਂ ਦਰਸ਼ਨ ਦੇਖਕੇ ਬਹੁਤ ਖੁਸ਼ੀ ਹੋਇਆ। ਮੱਥਾ ਟੇਕਿਆ

੧. ਪੂਰਾ-ਪੂਰਬ, ਜਿੱਧਰੋਂ ਸੂਰਜ ਚੜ੍ਹੇ।

੨. ਜਦ ਸਤਲੁਜ ਤੇ ਬਿਆਸ ਹਰੀ ਕੇ ਪੱਤਣ ਦੇ ਲਾਗੇ ਕੱਠੇ ਹੋਕੇ ਵਗ ਪੈਂਦੇ ਹਨ ਤਦ ਉਸ ਕੱਠੀ ਵਗਦੀ ਨਦੀ ਨੂੰ ਨੀਲੀ ਆਖਦੇ ਹਨ।

ਤੇ ਕੁਛ ਚਿਰ ਪਾਸ ਬਹਿ ਕੇ ਪਿੰਡ ਚਲਾ ਗਿਆ ਤੇ ਜਾ ਲੋਕਾਂ ਨੂੰ ਦੱਸਿਆ ਕਿ ਕੋਈ ਰੱਬ ਦੇ ਪਿਆਰੇ ਡਾਢੇ ਸੋਹਣੇ ਤੇ ਪਵਿੱਤ੍ਰ ਚਿਹਰੇ ਵਾਲੇ ਟਿੱਬੇ ਤੇ ਬੈਠੇ ਹਨ। ਸੋ ਪਿੰਡ ਦੇ ਲੋਕ ਦਰਸ਼ਨਾਂ ਨੂੰ ਆਏ। ਜੋ ਦਰਸ਼ਨ ਕਰੇ ਖੁਸ਼ੀ ਹੋ ਜਾਵੇ। ਕਈਆਂ ਨੇ ਬੇਨਤੀ ਕੀਤੀ ਕਿ ਪਿੰਡ ਚੱਲੋ, ਸੁਹਣੇ ਘਰ ਵਿਚ ਡੇਰਾ ਲਾਓ। ਪਰ ਆਪ ਜੀ ਨਾ ਗਏ। ਇਥੇ ਕੁਝ ਦਿਨ ਠਹਿਰੇ ਰਹੇ। ਤਾਂ ਜਿਸ ਪੀਰ ਦੀ ਗੱਲ ਮਰਦਾਨੇ ਨਾਲ ਕੀਤੀ ਸਾਨੇ, ਉਸਨੂੰ ਖਬਰ ਹੋਈ ਕਿ ਕੋਈ ਟਿੱਬੀ ਤੇ ਦਰਵੇਸ਼ ਆ ਟਿਕਿਆ ਹੈ, ਜੋ ਬੜਾ ਸੁਹਣਾ ਤੇ ਰੱਬ ਜੀ ਦੇ ਰੰਗ ਰੱਤਾ ਹੈ, ਲੋਭ ਲਾਲਚ ਰਤਾ ਨਹੀਂ ਸੂ। ਓਸ ਦਾ ਗਾਉਣਾ ਜਗਤ ਨੂੰ ਮੋਂਹਦਾ ਹੈ। ਕਿਸੇ ਫੇਰ ਉਸਨੂੰ ਜਾ ਦੱਸਿਆ ਕਿ ਨਵਾਂ ਆਇਆ ਫਕੀਰ ਟਿੱਬੀ ਤੇ ਡੇਰਾ ਬਨਾਉਣ ਲੱਗਾ ਹੈ, ਉਹ ਚੁਬਾਰਾ ਵੀ ਪਾਏਗਾ। ਇਹ ਸੁਣਕੇ ਪੀਰ ਨੂੰ ਗੁੱਸਾ ਲੱਗਾ।

ਇਹ ਫਕੀਰ ਸੀ ਤਾਂ ਘਾਲਾਂ ਕਰਨ ਵਾਲ, ਤਪ ਕਰਦਾ ਸੀ, ਪਰ ਏਸ ਲਈ ਨਹੀਂ ਕਿ ਰੱਬ ਜੀ ਦੇ ਪਿਆਰ ਵਿਚ ਆ ਜਾਵੇ ਪਰ ਇਸ ਲਈ ਕਿ ਲੋਕਾਂ ਵਿਚ ਵਡਿਆਈ ਹੋਵੇ ਕਿ ਬੜੇ ਤਪ ਕਰਦਾ ਹੈ ਤੇ ਇਸ ਕਰਕੇ ਕਰਾਮਾਤੀ ਹੈ। ਐਉਂ ਕਰਦਿਆਂ ਲੋਕੀਂ ਡਰਨ ਤੇ ਏਸ ਦੀ ਪੂਜਾ ਕਰਨ। ਜੇ ਕੋਈ ਉਸ ਦਾ ਆਮਨਾ ਨਾ ਮੰਨੇ, ਅਰਥਾਤ ਉਸ ਦੇ ਆਖੇ ਵਿਚ ਨਾ ਟੁਰੇ ਤਾਂ ਗੁੱਸੇ ਹੋ ਹੋ ਪਵੇ। ਏਸ ਤਰ੍ਹਾਂ ਉਸਨੇ ਆਪਣਾ ਡਰ ਬਿਠਾਇਆ ਹੋਇਆ ਸੀ; ਚੁਬਾਰੇ ਵਿਚ ਰਹਿੰਦਾ ਸੀ ਤੇ ਹੋਰ ਕਿਸੇ ਨੂੰ ਚੁਬਾਰਾ ਪਾਉਣ ਨਹੀਂ ਸੀ ਦੇਂਦਾ।

ਗੁਰੂ ਨਾਨਕ ਦੇਵ ਜੀ ਨੂੰ ਇਹ ਗਲ ਨਹੀਂ ਸੀ ਭਾਉਂਦੀ। ਓਹ ਚਾਹੁੰਦੇ ਸਨ ਕਿ ਕੋਈ ਸੰਤ ਹੋਵੇ, ਕੋਈ ਪੀਰ ਹੋਵੇ, ਉਹ ਰੱਬ ਜੀ ਨੂੰ ਪਿਆਰ ਕਰੇ, ਉਸ ਨੂੰ ਰੁਪੱਯਾਂ ਦਾ ਕਿ ਮਾਲ ਮਿਲਖ ਦਾ ਕੋਈ ਲਾਲਚ ਨਾ ਹੋਵੇ, ਉਹ ਲੋਕਾਂ ਦੇ ਭਲੇ ਦਾ ਕੰਮ ਕਰੇ, ਦੁਖੀਆਂ ਦੀ ਦਾਰੀ ਕਰੇ ਤੇ ਉਹਨਾਂ ਨੂੰ ਪਰਮੇਸ਼ੁਰ ਜੀ ਦੇ ਪਿਆਰ ਵਿਚ ਲਿਆ

ਕੇ ਸੁਖੀ ਕਰ ਦੇਵੇ। ਇਸ ਕਰਕੇ ਗੁਰੂ ਜੀ ਏਥੇ ਆਏ ਸਨ ਕਿ ਜੇ ਉਸ ਨੂੰ ਸੱਚੀ ਮੁੱਚੀ ਦਾ ਸੰਤ ਬਣਾ ਜਾਣ ਤਾਂ ਸਾਰੇ ਲੋਕਾਂ ਦਾ ਭਲਾ ਹੋ ਜਾਵੇ, ਜੋ ਉਸ ਪਾਸ ਜਾਂਦੇ ਹਨ।

ਹੁਣ ਜਦ ਪੀਰ ਨੂੰ ਖ਼ਬਰ ਪਹੁੰਚੀ ਕਿ ਕੋਈ ਹੋਰ ਰੱਬ ਦੇ ਰਾਹ ਤੇ ਟੁਰਨ ਵਾਲਾ ਆਇਆ ਹੈ ਤੇ ਲੋਕੀ ਉਸਨੂੰ ਮੇਰੇ ਨਾਲੋਂ ਵਡਾ ਮੰਨਣ ਲਗ ਪਏ ਹਨ ਤਾਂ ਦਿਲ ਵਿਚ ਦੁੱਖ ਉਠਿਆ, ਘਬਰਾਇਆ ਕਿ ਹੈਂ ਕੋਈ ਮੇਰੇ ਨਾਲੋਂ ਵਡਾ ਆ ਕੇ ਰਹਿ ਪਿਆ ਤਾਂ ਮੇਰੀ ਮਹਿਮਾਂ ਘਟ ਜਾਏਗੀ। ਫੇਰ ਕਿਸੇ ਜਾ ਕਿਹਾ ਕਿ 'ਉਹ ਟਿੱਬੀ ਤੇ ਘਰ ਪਾਉਣਗੇ ਤੇ ਚੁਬਾਰਾ ਬੀ ਪਾਊਣਗੇ' ਤਾਂ ਹੋਰ ਸੜਿਆ। ਗਲ ਇਹ ਸੀ ਕਿ ਪੀਰ ਆਪ ਚੁਬਾਰੇ ਵਿਚ ਰਹਿੰਦਾ ਸੀ ਤੇ ਪਿੰਡ ਵਿਚ ਕਿਸੇ ਹੋਰ ਨੂੰ ਚੁਬਾਰਾ ਨਹੀਂ ਸੀ ਪਾਉਣ ਦੇਂਦਾ। ਜੇ ਕੋਈ ਪਾ ਲਵੇ ਤਾਂ ਢਾ ਦੇਂਦਾ ਸੀ। ਤਦੋਂ ਰਾਜ ਮੁਸਲਮਾਨਾਂ ਦਾ ਸੀ ਤੇ ਕੋਈ ਮੁਸਲਮਾਨ ਏਸ ਦੀ ਵਧੀਕੀ ਨੂੰ ਰੋਕਦਾ ਨਹੀਂ ਸੀ। ਜੇ ਇਹ ਕੋਈ ਹੋਰ ਗਲ ਬੀ ਹਿੰਦੂ ਪਰਜਾ ਉਤੇ ਵਧੀਕੀ ਦੀ ਕਰ ਲਵੇ ਤਾਂ ਬੀ ਇਸਨੂੰ ਕੋਈ ਹਾਕਮ ਨਹੀਂ ਸੀ ਟੋਕਦਾ। ਇਸ ਕਰਕੇ ਬੀ ਲੋਕੀ ਇਸ ਤੋਂ ਡਰਦੇ ਸਨ।

ਹੁਣ ਜਦ ਇਸ ਨੇ ਗੁਰੂ ਜੀ ਬਾਬਤ ਗੱਲਾਂ ਸੁਣੀਆਂ ਤਾਂ ਰੋਹ (=ਗੁੱਸੇ) ਵਿਚ ਭਰਕੇ ਉਠ ਟੁਰਿਆ ਕਿ ਜਾ ਕੇ ਉਠਾ ਕੇ ਦੂਰ ਕਰਾਂ। ਮੇਰੇ ਪਿੰਡ ਕੋਈ ਚੁਬਾਰਾ ਪਾ ਕੇ ਕਦੇ ਨਾ ਰਹੇਗਾ।

ਸੋ ਇਹ ਆਖਕੇ ਗੁਰੂ ਜੀ ਨੂੰ ਸਲਾਮ ਕਹਿਕੇ ਸਾਹਮਣੇ ਹੋ ਬੈਠਾ ਤੇ ਜੀ ਵਿਚ ਸੋਚਿਓਸੁ ਕਿ ਇਹ ਤਾਂ ਹਿੰਦੂ ਹੈ, ਇਸ ਦਾ ਕੀਹ ਹੈ ਦੋ ਚਾਰ ਗੱਲਾਂ ਕਰਕੇ ਇਸਨੂੰ ਜਿੱਤ ਲਵਾਂਗਾ। ਤਦ ਬੋਲਿਆ?

ਐ ਦਰਵੇਸ਼ ਕਿਧਰੋਂ ਆਏ ਤੇ ਕਿੱਧਰ ਜਾਓਗੇ?

ਤਦ ਗੁਰੂ ਜੀ ਬੋਲੇ :-ਪੌਣ ਇਕ ਪਾਸਿਓਂ ਆਉਂਦੀ ਹੈ, ਇਕ ਪਾਸੇ ਟੁਰ ਜਾਂਦੀ ਹੈ,ਉਹ ਟੁਰੀ ਹੀ ਰਹਿੰਦੀ ਹੈ, ਆਉਂਦੀ ਜਾਂਦੀ ਅਸੀਂ ਆਖ ਦੇਂਦੇ ਹਾਂ।

ਪੀਰ-ਸੁਣਿਆ ਸੀ ਇੱਥੇ ਟਿਕੋਗੇ। ਟਿਕੋ ਤਾਂ ਕੋਠਾ ਪੁਆ ਦੇਈਏ ਬੈਠ ਕੇ ਤਪ ਕਰੋ।

ਗੁਰੂ ਜੀ-ਬੈਠੋ...ਬੈਠੇ ਰਹੋ, ਸਾਨੂੰ ਟੁਰਨੇ ਦਾ ਹੁਕਮ ਹੈ, ਅਜੇ।

ਪੀਰ (ਸੁਖਾਲਾ ਸਾਹ ਲੈ ਕੇ)-ਅਸਾਂ ਸੁਣਿਆ ਸੀ ਚੁਬਾਰਾ ਪਾਉਗੇ।

ਗੁਰੂ ਜੀ-ਪਾਵਾਂਗੇ ਕਿ ਢਾਵਾਂਗੇ? ਫਕੀਰ ਦਾ ਘਰ ਸਾਈਂ ਦੇ ਚੁਬਾਰੇ।

ਪੀਰ-ਸਮਝੇ ਨਹੀਂ ਪਿਆ, ਨਾਲੇ ਢਾਹੁਣਾ ਨਾਲੇ ਚੁਬਾਰੇ ਵੱਸਣਾ।

ਗੁਰੂ ਜੀ-ਕਹਿੰਦੇ ਹਨ ਮਨੁੱਖ ਮਿੱਟੀ ਤੋਂ ਬਣਿਆ ਹੈ, ਸੋ ਮਿੱਟੀ ਨਾਲ ਏਸ ਦਾ ਪਿਆਰ ਹੈ। ਇਕ ਮਿੱਟੀ ਦਾ ਤਾਂ ਸਰੀਰ ਹੈ ਸੁ, ਇਕ ਇਹ ਮਿੱਟੀ ਦਾ ਕੋਠਾ ਉਸਾਰ ਕੇ ਵਿਚ ਵੜ ਬੈਠਦਾ ਹੈ, ਫੇਰ ਬਫਾਉਂਦਾ[1] ਹੈ ਕਿ ਮੈਂ ਹਾਂ ਮਾਲਕ ਪਰ ਤਲਬ ਸਾਂਈਂ ਦੀ ਆਈ ਨਹੀਂ ਕਿ ਦੁਇ ਮੜੋਲੀਆਂ[2] ਮਿੱਟੀ ਦੀਆਂ ਛਡ ਤੁਰਦਾ ਹੈ। ਮਿੱਟੀ ਵਿਚ ਫਸ ਬੈਠਣਾ ਮਿੱਟੀ ਵਰਗੀ ਮੈਲੀ ਅਕਲ ਦਾ ਕੰਮ ਹੈ। ਫਕੀਰ ਉੱਜਲ ਮਤ ਵਾਲਾ ਹੁੰਦਾ ਹੈ, ਉਹ ਮਿੱਟੀ ਤੋਂ ਵੱਖ ਹੋ ਕੇ ਮਿੱਟੀ ਨੂੰ ਵੇਖਦਾ ਹੈ ਕਿ ਇਹ ਮੈਂ ਨਹੀਂ, ਮਿੱਟੀ ਤੋਂ ਉਪਰ ਸਾਂਈਂ ਦੀ ਜੋਤ ਦਾ ਚੁਬਾਰਾ ਹੈ, ਫਕੀਰ ਉਸ ਵਿਚ ਜਾ ਟਿਕਾਣਾ ਕਰਦਾ ਹੈ। ਉਠਦਾ, ਬਹਿੰਦਾ, ਟੁਰਦਾ ਰੱਬ ਵਿਚ ਰਹਿੰਦਾ ਹੈ, ਫਕੀਰ ਇਸ ਚੁਬਾਰੇ ਖੇਡਦਾ ਹੈ। ਮਿੱਟੀ ਦਾ ਪਿਆਰ ਮਿੱਟੀ ਵਿਚ ਲੈ ਜਾਂਦਾ ਹੈ। ਚੁਬਾਰੇ ਉਲਟਕੇ ਮੜ੍ਹੀਆਂ, ਗੋਰਾਂ ਕਬਰਾਂ ਬਣ ਜਾਂਦੇ ਹਨ।

ਏਹ ਜੋ ਸੁਮੱਤਿ ਦਿੱਤੀ ਗੁਰੂ ਜੀ ਨੇ ਬੜੀ ਵਡਮੁੱਲੀ ਹੈ। ਇਸ ਦੇ ਸੌਖੇ ਅਰਥ ਇਹ ਹਨ ਕਿ ਹੇ ਫਕੀਰ! ਤੇਰਾ ਸਰੀਰ ਮਿੱਟੀ ਦਾ

---

੧. ਆਕੜਦਾ ਹੈ।

੨. ਦੋਵੇਂ ਮਿੱਟੀ ਦੇ ਘਰ: ਸਰੀਰ ਤੇ ਕੋਠਾ।

ਬਣਿਆ ਹੈ, ਅਰਥਾਤ ਸਰੀਰ ਧਰਤੀ ਅਤੇ ਪੌਣ ਪਾਂਣੀ ਅਗਨੀ ਆਦਿ ਤੱਤਾਂ ਤੋਂ ਬਣਿਆ ਹੈ। ਤੇਰੇ ਅੰਦਰ ਆਤਮਾ ਹੈ ਜੋ ਜਿੰਦ ਹੈ, ਜਿਸ ਕਰਕੇ ਤੈਨੂੰ ਚਾਹੀਦਾ ਹੈ ਕਿ ਤੂੰ ਜਿੰਦ ਨੂੰ ਪਿਆਰ ਕਰੇਂ ਤੇ ਜਿੰਦ ਕਰਕੇ ਉੱਚਾ ਹੋ ਜਾਵੇਂ, ਜਿਸ ਨੂੰ ਸਿਆਣੇ ਆਖਦੇ ਹਨ ਨਿਰੋਲ 'ਆਤਮਾ' ਹੋ ਜਾਏਂ। ਤੂੰ ਤਾਂ ਘਾਟੇ ਵਲ ਗਿਆ ਜਦ ਤੂੰ ਮਿੱਟੀ ਇੱਟਾਂ ਦੇ ਉਸਰੇ ਚੁਬਾਰੇ ਨੂੰ ਪਿਆਰ ਕਰਨ ਲੱਗ ਪਿਆ। ਐਸਾ ਪਿਆਰ ਕਿ ਲੋਕਾਂ ਨੂੰ ਦੁਖ ਦੇਣ ਲੱਗ ਪਿਆ। ਜਦ ਤੂੰ ਕਿਸੇ ਦਾ ਚੁਬਾਰਾ ਢਾਹਿਆ ਤਾਂ ਓਹ ਦੁਖੀ ਹੁੰਦੇ ਹਨ, ਰੋਂਦੇ ਹਨ। ਤੂੰ ਪੀਰ ਬਣਿਆ ਸੈਂ, ਪੀਰ ਆਖਦੇ ਹਨ ਵਡੇ ਨੂੰ, ਵਡਿਆਂ ਦਾ ਕੰਮ ਹੈ ਆਪ ਤੋਂ ਛੋਟਿਆਂ ਨੂੰ ਸੁਖ ਦੇਣਾ।

ਸੋ ਦੇਖ ਚੁਬਾਰੇ ਦਾ ਐਨਾ ਪਿਆਰ ਦੁਖ ਦੇਣ ਲੱਗ ਪਿਆ। ਜੋ ਦੁਖ ਦੇਵੇ ਸੋ ਨੀਵਾਂ। ਛੇਕੜ ਦੇਖ ਮਰਕੇ ਤੂੰ ਕਬਰ ਵਿਚ ਜਾਏਂਗਾ ਤੈਨੂੰ ਤੇਰੇ ਲੋਕ ਮਿੱਟੀ ਵਿਚ ਦਬਾ ਆਉਣਗੇ, ਸੋ ਤੇਰਾ ਸਰੀਰ ਚੁਬਾਰੇ ਛੱਡਕੇ ਧਰਤੀ ਤੇ ਬੀ ਨਾ ਰਿਹਾ, ਸਗੋਂ ਉਸਦੇ ਇਕ ਨੀਵੇਂ ਖੁਦੇ ਹੋਏ ਟੋਏ ਵਿਚ ਦੱਬਿਆ ਗਿਆ। ਸੋ ਤੇਰਾ ਚੁਬਾਰਿਆਂ ਦਾ ਪਿਆਰ ਤੇਰੀ ਜਿੰਦ ਨੂੰ, ਤੇਰੇ ਮਨ ਨੂੰ, ਕਬਰ ਵਿਚ ਹੀ ਰੱਖਸੀ, ਪਰ ਚਾਹੀਦਾ ਇਹ ਸੀ ਕਿ ਮਰਕੇ ਤੇਰੀ ਆਤਮਾ ਯਾ ਜਿੰਦ ਵਾਹਿਗੁਰੂ ਜੀ ਪਾਸ ਪਹੁੰਚਦੀ। ਇਹ ਸੀ ਅਰਥ ਗੁਰੂ ਜੀ ਦੇ ਬਚਨਾਂ ਦਾ ਜੋ ਪੀਰ ਸਮਝ ਗਿਆ।

ਗੁਰੂ ਸਾਹਿਬ ਦੇ ਸੱਚੇ ਤੇ ਪਿਆਰ ਵਾਲੇ ਬਚਨ ਸੁਣ ਕੇ ਪੀਰ ਨੂੰ ਹੋਸ਼ ਆ ਗਈ ਤੇ ਦਿੱਸ ਪਿਓ ਸੁ ਕਿ ਮੈਂ ਮਾੜੇ ਕੰਮ ਕਰ ਰਿਹਾ ਹਾਂ। ਫੇਰ ਸ੍ਰੀ ਗੁਰੂ ਜੀ ਅੱਗੇ ਹੱਥ ਜੋੜ ਕੇ ਬੇਨਤੀ ਕੀਤੀਓਸੁ ਕਿ ਕੁਛ ਦਿਨ ਏਥੇ ਹੋਰ ਠਹਿਰੋ। ਗੁਰੁ ਜੀ ਓਥੇ ਠਹਿਰ ਪਏ। ਹਰ ਦਿਨ ਪੀਰ ਗੁਰੂ ਜੀ ਦਾ ਸਤਿਸੰਗ ਕਰਦਾ ਕਰਦਾ ਸਚੀਂ ਮੁਚੀਂ ਦਾ ਸੰਤ ਬਣ ਗਿਆ, ਅਰਥਾਤ ਨਾਮ ਜਪਣ ਲੱਗ ਪਿਆ। ਸਮਝ ਪੈ ਗਈ ਕਿ ਸਾਰੇ ਬੰਦੇ ਰੱਬ ਦੇ ਬਣਾਏ ਹੋਏ ਹਨ, ਸਾਰੇ ਉਸ ਦੇ ਬੱਚੇ ਹਨ।

ਤਾਂ ਤੇ ਸਭ ਨੂੰ ਪਿਆਰ ਕਰਨਾ ਚਾਹੀਏ, ਕਿਸੇ ਨੂੰ ਦੁੱਖ ਨਹੀਂ ਦੇਣਾ ਚਾਹੀਏ। ਇਕ ਤਾਂ ਉਸ ਨੂੰ ਰੱਬ ਜੀ ਦੇ ਪਿਆਰ ਦੀ ਸੋਝੀ ਆਈ, ਦੂਜੀ ਇਹ ਬੀ ਦਾਤ ਮਿਲ ਗਈ ਕਿ ਪਰਮੇਸ਼ੁਰ ਦੀ ਰਜ਼ਾ ਅਰਥਾਤ ਭਾਣੇ ਤੇ ਤੁਰਨਾ ਚਾਹੀਏ, ਇਉਂ ਉਸ ਨੂੰ ਆਪਣੇ ਲਈ ਸੱਚਾ ਸੱਚਾ ਬਣਾ ਕੇ ਤੇ ਪਰਜਾ ਲਈ ਪਿਆਰ ਦਾ ਦੇਣਹਾਰ ਬਣਾ ਕੇ ਗੁਰੂ ਜੀ ਅੱਗੇ ਨੂੰ ਟੁਰ ਪਏ। ਗੁਰੂ ਜੀ ਨੇ ਜਿਵੇਂ ਇਕ ਠੱਗ ਨੂੰ ਸੰਤ ਬਣਾ ਕੇ ਜਗਤ ਦਾ ਭਲਾ ਕੀਤਾ ਸੀ ਤਿਵੇਂ ਇਕ ਭੁੱਲ ਵਿਚ ਆਏ ਪੀਰ ਨੂੰ ਸੰਵਾਰ ਕੇ ਪਰਜਾ ਦਾ ਭਲਾ ਕਰ ਦਿੱਤਾ। ਇਕ ਇਕ ਨੂੰ ਸੰਵਾਰਕੇ ਹਜ਼ਾਰਾਂ ਨੂੰ ਸੁਖੀ ਕਰ ਦਿੱਤਾ।

ਆਖੋ- ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ,
ਧੰਨ ਸ੍ਰੀ ਗੁਰੂ ਨਾਨਕ ਦੇਵ

❖❖❖

## ੪੭. ਹਰਿਦੁਆਰ ਫੇਰੀ।

**ਕੁਛ** ਦਿਨ ਪੀਰ ਪਾਸ ਠਹਿਰ ਕੇ ਤੇ ਇਹ ਦੇਖ ਕੇ ਕਿ ਇਹ ਭਲਾ ਹੋ ਗਿਆ ਹੈ ਤੇ ਸਿੱਧੇ ਰਸਤੇ ਟੁਰ ਪਿਆ ਹੈ, ਗੁਰੂ ਜੀ ਉਸ ਤੋਂ ਵਿਦਾ ਹੋਏ ਤੇ ਲਗਪਗ ਪੂਰੇ ਦੇ ਰੁਖ਼ ਨੂੰ ਟੁਰਦੇ ਗਏ। ਕਈ ਥਾਂ ਠਹਿਰਦੇ, ਲੋਕਾਂ ਨੂੰ ਸੁਹਣੀਆਂ ਮੱਤਾਂ ਦੇਂਦੇ, ਭਲੇ ਪਾਸੇ ਲਾਉਂਦੇ ਟੁਰੀ ਗਏ। ਟੁਰਦੇ ਟੁਰਦੇ ਹਰਿਦੁਆਰ ਜਾ ਪਹੁੰਚੇ। ਅਜੇ ਪਤਾ ਨਹੀਂ ਚੱਲ ਸਕਿਆ ਕਿ ਰਸਤੇ ਵਿਚ ਆਪ ਜੀ ਕਿਥੇ ਕਿਥੇ ਠਹਿਰੇ ਤੇ ਕੀਹ ਕੀਹ ਕੌਤਕ ਹੋਏ ਤੇ ਕਿਸ ਰਾਹੇ ਗਏ; ਪਰ ਖੁਸ਼ਬੋਈ ਜਿਥੇ ਜਾਵੇ ਖੁਸ਼ਬੋਈ ਹੀ ਦੇਂਦੀ ਹੈ ਸੋ ਜਗਤ ਨੂੰ ਤਾਰਦੇ ਹੀ ਗਏ ਸਮਝ ਲੈਣਾ ਔਖਾ ਨਹੀਂ।

ਹਰਿਦੁਆਰ ਗੰਗਾ ਦੇ ਕਿਨਾਰੇ ਇਕ ਟਿਕਾਣਾ ਹੈ ਜਿੱਥੇ ਕੁ ਵਾਰ ਗੰਗਾ ਸਾਰੇ ਪਹਾੜਾਂ ਪਹਾੜੀਆਂ ਨੂੰ ਛੋੜਦੀ ਮੈਦਾਨਾਂ ਵਿਚ ਆ ਵੜਦੀ ਹੈ, ਇਹ ਟਿਕਾਣਾ ਤੀਰਥ ਹੈ ਤੇ ਬਹੁਤ ਪੁਰਾਣੇ ਸਮਿਆਂ ਤੋਂ ਵਡਾ ਤੀਰਥ ਮੰਨਿਆ ਚਲਾ ਆਉਂਦਾ ਹੈ। ਸਾਰੇ ਹਿੰਦੁਸਤਾਨ ਵਿਚੋਂ

ਲੋਕੀ ਇਥੇ ਪਹੁੰਚਦੇ ਤੇ ਇਸ਼ਨਾਨ ਕਰਕੇ ਸਮਝਦੇ ਹਨ ਕਿ ਪਾਪ ਧੋ ਹੋ ਗਏ। ਇਥੇ ਬੀ ਗੁਰੂ ਜੀ ਉਥੇ ਗੰਗਾ ਕਿਨਾਰੇ ਵਸਦੇ ਲੋਕਾਂ ਤੋਂ ਬਾਹਰੋਂ ਆਏ ਯਾਤ੍ਰੀਆਂ ਨੂੰ ਸੁਮੱਤਾਂ ਦੇਣ ਗਏ ਸਨ।

ਸਵੇਰ ਸਾਰ ਇਕ ਦਿਨ ਆਪ ਜੀ ਬ੍ਰਹਮ ਕੁੰਡ ਤੇ ਜਾ ਖੜੋਤੇ ਤਾਂ ਕੀਹ ਦੇਖਦੇ ਹਨ ਕਿ ਲੋਕੀਂ ਨਹਾ ਰਹੇ ਹਨ ਤੇ ਚੜ੍ਹਦੇ ਸੂਰਜ ਨੂੰ ਬੁੱਕ ਭਰ ਭਰ ਕੇ ਪਾਣੀ ਦੇ ਰਹੇ ਹਨ। ਸੁਹਣੇ ਸਤਿਗੁਰ ਬੀ ਵਗਦੇ ਪਾਣੀ ਵਿਚ ਜਾ ਖੜੋਤੇ, ਚੜ੍ਹਦੇ ਸੂਰਜ ਵਲ ਪਿੱਠ ਕਰ ਲਈ ਤੇ ਪੱਛੋਂ ਵਲ ਮੂੰਹ ਕੀਤਾ ਤੇ ਭਰ ਭਰਕੇ ਪਾਣੀ ਦੇ ਬੁੱਕ ਓਸੇ ਤਰ੍ਹਾਂ ਦੇਣ ਲਗ ਪਏ, ਜੀਕੂੰ ਲੋਕੀਂ ਚੜ੍ਹਦੇ ਸੂਰਜ ਨੂੰ ਪਾਣੀ ਦੇ ਰਹੇ ਸਨ। ਇਹ ਗੱਲ ਨਵੀਂ ਸੀ, ਲੋਕੀਂ ਦੇਖ ਦੇਖ ਕੇ ਕੱਠੇ ਹੋ ਗਏ। ਚੰਗੀ ਭੀੜ ਹੋ ਗਈ ਤਾਂ ਪੁੱਛਣ ਲਗੇ : ਤੂੰ ਕੌਣ ਹੈਂ, ਪੱਛੋਂ ਨੂੰ ਪਾਣੀ ਕਿਉਂ ਦੇਂਦਾ ਹੈਂ? ਪੱਛੋਂ ਨੂੰ ਤਾਂ ਮੱਕਾ ਹੈ, ਦੱਸ ਹਿੰਦੂ ਹੈਂ ਤੂੰ, ਹਿੰਦੂ ਹੈਂ ਤਾਂ ਪੂਰੇ ਵਲ ਪਾਣੀ ਦੇਹ। ਤਦ ਇਕ ਤਰਸ ਭਰੀ ਨਿਗਾਹ ਨਾਲ ਗੁਰੂ ਜੀ ਨੇ ਤੱਕਿਆ ਤੇ ਪੁੱਛਣ ਲੱਗੇ ਤੁਸੀਂ ਪੂਰੇ ਨੂੰ ਪਾਣੀ ਕਾਸ ਨੂੰ ਦੇਂਦੇ ਹੋ? ਤਾਂ ਉਨ੍ਹਾਂ ਕਿਹਾ ਪਿਤਰਾਂ ਨੂੰ ਦੇਂਦੇ ਹਾਂ। ਕੋਈ ਬੋਲਿਆ ਸੂਰਜ ਨੂੰ ਦੇਂਦੇ ਹਾਂ। ਤਾਂ ਆਪ ਨੇ ਪੁੱਛਿਆ ਪਿਤਰਾਂ ਦਾ ਟਿਕਾਣਾ ਕਿੰਨੀ ਦੂਰ ਹੈ? ਉਨ੍ਹਾਂ ਨੇ ਕਿਹਾ ਸਾਢੇ ਉਣੰਜਾ ਕਰੋੜ ਕੋਸਾਂ ਤੇ ਪਿਤਰ ਲੋਕ ਹੈ ਤੇ ਸੂਰਜ ਬੀ ਕ੍ਰੋੜਾਂ ਕੋਸ ਹੈ। ਇਹ ਸੁਣਕੇ ਗੁਰੂ ਜੀ ਫੇਰ ਪੱਛੋਂ ਰੁਖ ਹੀ ਹੋਰ ਵੱਧ ਪਾਣੀ ਦੇਣ ਲਗ ਪਏ। ਫੇਰ ਲੋਕਾਂ ਪੁੱਛਿਆ: ਭਾਈ ਸਾਨੂੰ ਬੀ ਉੱਤਰ ਦੇਹ, ਤੂੰ ਪਾਣੀ ਕਿਸ ਨੂੰ ਦੇਂਦਾ ਹੈਂ? ਤਾਂ ਸਤਿਗੁਰੂ ਜੀ ਬੋਲੇ : ਸੁਣੋ ਸਜਣੋਂ ਮੇਰਾ ਇਸ ਰੁਖ ਗਿਰਾਂ (ਪਿੰਡ) ਹੈ, ਘਰ ਦਾ ਪੈਲੀ ਬੰਨਾ ਹੈ, ਸਾਡੇ ਦੇਸ ਮੀਂਹ ਨਹੀਂ ਪਿਆ। ਮੈਂ ਤੁਸਾਨੂੰ ਵੇਖਕੇ ਪਾਣੀ ਦੇ ਰਿਹਾ ਹਾਂ ਭਲਾ ਜੇ ਪਹੁੰਚ ਪਵੇ ਤਾਂ ਖੇਤੀਆਂ ਬਚ ਰਹਿਣ। ਲੋਕੀਂ ਹੱਸ ਪਏ। ਇਕ ਨੇ ਕਿਹਾ : ਤੇਰਾ ਪਾਣੀ ਤਾਂ ਗੰਗਾ ਤੋਂ ਲੀਤਾ ਗੰਗਾ ਵਿਚ ਹੀ ਤਾਂ ਡਿਗ ਰਿਹਾ ਹੈ ਖੇਤੀ ਨੂੰ ਕਿਵੇਂ ਪੁੱਜੇਗਾ?

ਗੁਰੂ ਜੀ-ਹੱਛਾ ਭਾਈ! ਮੇਰਾ ਪਾਣੀ ਮੇਰੇ ਘਰ ਦੇ ਖੇਤਾਂ ਨੂੰ ਜੋ ਢਾਈ ਕੁ ਸੌ ਕੋਹਾਂ ਦੀ ਵਾਟ ਤੇ ਹੋਸੀ, ਨਹੀਂ ਪਹੁੰਚੇਗਾ ਤੇ ਤੁਹਾਡਾ ਦਿੱਤਾ ਪਾਣੀ ਕ੍ਰੋੜਾਂ ਕੋਹਾਂ ਤੇ ਜਾ ਅੱਪੜੇਗਾ?

ਸ੍ਰੀ ਗੁਰੂ ਜੀ ਦੀ ਹਰ ਇਕ ਨਿੱਕੀ ਗਲ ਵਡੇ ਅਰਥਾਂ ਵਾਲੀ ਹੁੰਦੀ ਸੀ। ਨਿੱਕੀ ਜੇਹੀ ਗਲ ਐਸੀ ਪਈ ਕਿ ਸਾਰੇ ਸੋਚੀਂ ਪੈ ਗਏ ਕਿ ਹੈਂ ਜੇ ਐਉਂ ਦਿੱਤਾ ਪਾਣੀ ਇਸੇ ਧਰਤੀ ਤੇ ਨਹੀਂ ਅੱਪੜਦਾ ਤਾਂ ਕ੍ਰੋੜਾਂ ਕ੍ਰੋੜਾਂ ਕੋਹਾਂ ਤੇ ਕੀਕੂੰ ਅੱਪੜੇਗਾ! ਇਹ ਸਚ ਆਖਦਾ ਹੈ; ਇਹ ਕੋਈ ਦੇਵਤਾ ਪੁਰਖ ਹੈ ਜੋ ਸਾਨੂੰ ਮਤਿ ਦੇਣ ਆਇਆ ਹੈ। ਪਰ ਇਕ ਨੇ ਵਿਚੋਂ ਕਿਹਾ-ਭਲੇ ਪੁਰਖਾ ਗੱਲ ਸੰਕਲਪ ਦੀ ਹੈ। ਸਾਡੇ ਮਨ ਦੇ ਸੰਕਲਪ ਪਾਣੀ ਅਰਪ ਰਹੇ ਹਨ। ਗੁਰੂ ਜੀ ਨੇ ਕਿਹਾ : ਸੰਕਲਪ ਹੀ ਨਰਕ ਵਲ ਰੁਖ ਰੱਖਦੇ ਹਨ। ਉਸ ਨੇ ਕਿਹਾ : ਅਸੀਂ ਤਾਂ 'ਹਰਿ ਹਰਿ' ਦੇ ਸੰਕਲਪ ਕਰ ਰਹੇ ਹਾਂ। ਸੰਕਲਪ ਆਖਦੇ ਹਨ ਮਨ ਦੇ ਫੁਰਨੇ ਨੂੰ ਜਾਂ ਖਿਆਲ ਨੂੰ। ਤਾਂ ਗੁਰੂ ਜੀ ਬੋਲੇ ਸੰਕਲਪ ਤਾਂ ਤੁਸਾਡੇ ਘਰ ਗਏ ਹੋਏ ਹਨ, ਕਿਸੇ ਦੇ ਪੁੱਤਰ ਵੱਲ, ਕਿਸੇ ਦੇ ਵਹੁਟੀ ਵੱਲ, ਕਿਸੇ ਦੇ ਧਨ ਦੌਲਤ, ਹੱਟੀ ਪੱਟੀ ਵਲ, ਕਿਸੇ ਦਾ ਦੁਸ਼ਮਨਾਂ ਵੱਲ, ਕਿਸੇ ਦਾ ਮਿੱਤਰਾਂ ਵੱਲ। ਸੋ ਮਨ ਤਾਂ ਹੋਇਆ ਹੋਰਨਾਂ ਵੱਲ। ਮੂੰਹ ਤੇ ਹੋਇਆ ਹਰਿ ਹਰਿ, ਪਰ ਮਨ ਹਰਿ ਹਰਿ ਵਿਚ ਕੋਈ ਨਹੀਂ। ਉਸ ਨੇ ਕਿਹਾ ਮੇਰਾ ਮਨ ਕਿੱਥੇ ਹੈ? ਤਾਂ ਗੁਰੂ ਜੀ ਨੇ ਕਿਹਾ ਤੇਰਾ ਮਨ ਮਾਲਾ ਦੇ ਮਣਕੇ ਫੇਰਦਿਆਂ ਵਹੁਟੀ ਵਲ ਗਿਆ ਸੀ। ਇਸ ਤਰ੍ਹਾਂ ਦੋ ਇਕ ਹੋਰਨਾਂ ਦੇ ਮਨ ਦੇ ਫੁਰਨੇ ਦੱਸ ਦਿਤੇ, ਜੋ ਸੱਚ ਨਿਕਲੇ, ਫੇਰ ਤਾਂ ਲੋਕੀਂ ਪੈਰੀਂ ਪੈ ਗਏ।

ਹੁਣ ਪੌੜਾਂ ਉਤੇ ਭੀੜ ਹੋ ਗਈ। ਗੁਰੂ ਬਾਬੇ ਨੇ ਜਦ ਸਾਰੇ ਲੋਕੀ ਦੇਖੇ ਕਿ ਸੱਚ ਸੁਣਨ ਦੇ ਰੁਖ਼ ਵਿਚ ਹੋ ਗਏ ਹਨ ਤਾਂ ਗੱਜ ਕੇ ਉਪਦੇਸ਼ ਦਿੱਤਾ ਸਾਰੇ ਲੋਕਾਂ ਨੂੰ, ਸੱਚ ਤੇ ਤੁਰਨ ਦਾ ਰਾਹ ਦੱਸਿਆ। ਫੇਰ ਵਾਹਿਗੁਰੂ ਜੀ ਨਾਲ ਪਿਆਰ ਕਰਨ ਦੀ ਜਾਚ ਦੱਸੀ। ਭਲਾ ਕਰਨ ਤੇ ਕਿਸੇ ਨੂੰ ਦੁਖ ਨਾ ਦੇਣੇ ਦੀ ਜਾਚ ਦੱਸੀ ਤੇ ਫੁਰਮਾਇਆ

ਕਿ ਵਾਹਿਗੁਰੂ ਅੰਦਰ ਵਸਾ ਕੇ ਮਨ ਨੂੰ ਉੱਚਾ ਕਰੋ, ਦਾਤਾ ਬਣੋ, ਦਾਨ ਦਿਓ, ਸੁਖੀ ਰਹੋ ਤੇ ਸੁਖ ਵਰਤਾਓ। ਅੰਨ ਪਾਣੀ ਧਰਮ ਦੀ ਕਿਰਤ ਦਾ ਖਾਓ ਪੀਓ। ਧਰਮ ਕਿਰਤ ਦਾ ਅਰਥ ਇਹ ਹੈ ਕਿ ਮਿਹਨਤ ਨਾਲ, ਮਜ਼ੂਰੀ ਨਾਲ, ਨੌਕਰੀ ਨਾਲ, ਵਿਹਾਰ ਨਾਲ, ਖੇਤੀ ਨਾਲ ਜੀਊਂ ਦੀ ਕਮਾਈ ਕਰੋ ਸੱਚ ਤੇ ਸੁੱਚ ਨਾਲ ਕਰੋ, ਉਸ ਵਿਚ ਪਾਪ ਨਾ ਵਾੜੋ। ਵਾਹਿਗੁਰੂ ਸਭ ਦੇ ਅੰਦਰ ਹੈ, ਸਭ ਨੂੰ ਭਰਾ ਸਮਝੋ, ਵਾਹਿਗੁਰੂ ਅੰਗ ਸੰਗ ਹੈ ਉਸ ਦਾ ਭੈ ਰਖੋ ਤੇ ਪਾਪ ਨਾ ਕਰੋ, ਕਿਉਂਕਿ ਪਾਪ ਉਸ ਨੂੰ ਪਸੰਦ ਨਹੀਂ। ਵਾਹਿਗੁਰੂ ਪਿਆਰ ਹੈ ਉਸਨੂੰ ਪਿਆਰ ਕਰੋ।

ਇਸ ਪ੍ਰਕਾਰ ਲੰਮਾ ਉਪਦੇਸ਼ ਦੇ ਕੇ ਜਦ ਗੁਰੂ ਜੀ ਵਿਹਲੇ ਹੋਏ ਤਾਂ ਲੋਕਾਂ ਕਿਹਾ ਕਿ ਅੰਨ ਭੋਜਨ ਤਿਆਰ ਹੈ ਚਲੋ ਭੋਜਨ ਪਾਓ, ਤਦ ਗੁਰੂ ਜੀ ਨੇ ਕੁਛ ਨਾਂਹ ਕੀਤੀ। ਤਦ ਲੋਕਾਂ ਨੇ ਕਿਹਾ ਕਿ ਪਰਮੇਸ਼ੁਰ ਦੇ ਵਾਸਤੇ ਚੱਲੋ, ਤਾਂ ਸ੍ਰੀ ਗੁਰੂ ਜੀ ਅੰਨ ਜੇਵਣ ਉਹਨਾਂ ਦੇ ਨਾਲ ਤੁਰ ਪਏ। ਜਾਂ ਪਹੁੰਚੇ ਚਉਕੇ ਪਾਸ ਤਾਂ ਚਉਕੇ ਵਿਚ ਵਡੇ ਵਡੇ ਬ੍ਰਾਹਮਣ ਤੇ ਸਾਧ ਜਾ ਵੜੇ ਤੇ ਲੀਕਾਂ ਕੱਢ ਲਈਆਂ।

ਅਗੇ ਜਨਮ ਸਾਖੀ ਵਿਚ ਐਉਂ ਵਾਰਤਾ ਲਿਖੀ ਹੈ :-'ਤਾਂ ਗੁਰੂ ਜੀ ਆਖਿਆ : ਭਾਈ ਚਉਕਾ ਭਿੱਟਿਆ ਗਿਆ, ਤੁਸੀਂ ਕਾਰਾਂ* ਕਿਉਂ ਕੱਢਦੇ ਹੈਗੇਓ। ਤਾਂ ਉਨ੍ਹਾਂ ਆਖਿਆ ਜੀ ਅਸਾਂ ਆਪਣੀ ਨਜ਼ਰ ਦੇ ਹੇਠ ਅੰਨ ਕਰਵਾਯਾ ਹੈ ਜੀ, ਚਉਕਾ ਭਿੱਟਣ ਨਹੀਂ ਦਿੱਤਾ ਜੀ, ਅਤੇ ਕਾਰਾਂ ਇਸ ਵਾਸਤੇ ਕੱਢੀਆਂ ਹੈਨ ਜੀ ਕਿ ਮਤ ਕੋਈ ਚਉਕੇ ਉੱਤੇ ਅੱਗੋਂ ਆਵੇ। ਤਾਂ ਸ੍ਰੀ ਗੁਰੂ ਬਾਬੇ ਜੀ ਆਖਿਆ: ਭਾਈ, ਜਿਚਰ ਤੁਸੀਂ ਨਹੀਂ ਸਾਓ ਚੜ੍ਹੇ ਉਤਨਾ ਚਿਰ ਤਾਂ ਚਉਕਾ ਸੁੱਚਾ ਸੀ, ਜਾਂ ਤੁਸੀਂ ਚਉਕੇ ਉਪਰ ਚੜ੍ਹੇ ਤਾਂ ਚਉਕਾ ਭਿੱਟ ਗਿਆ, ਕਿਉਂ ਜੋ ਨਾਲ ਚਾਰ ਮਲੇਛ ਹੋਰ ਚੜ੍ਹੇ ਹੈਨ। ਤਾਂ ਉਨ੍ਹਾਂ ਕਹਿਆ, ਗੁਰੂ ਜੀ ਉਹ ਤਾਂ ਅਸਾਂ ਨੂੰ

*ਕਾਰਾਂ ਦਾ ਅਰਥ ਹੈ ਲੀਕਾਂ।

ਨਜ਼ਰ ਨਹੀਂ ਆਂਵਦੇ। ਤਾਂ ਸ੍ਰੀ ਗੁਰੂ ਜੀ ਬੋਲੇ :-

**"ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥ ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ॥" (ਸਿਰੀ ਵਾ: ੨੦)**

ਸ੍ਰੀ ਬਾਬੇ ਆਖਿਆ : ਇਨ੍ਹੀਂ ਚੜ੍ਹਿਆਂ ਚਉਕਾ ਭਿੱਟੀ ਦਾ ਹੈ; ਤਾਂ ਉਨ੍ਹਾਂ ਆਖਿਆ : ਜੀ ਪਵਿੱਤ੍ਰ ਕਿਉਂ ਕਰ ਹੋਵੀਦਾ ਹੈ? ਤਾਂ ਗੁਰੂ ਬਾਬੇ ਜੀ ਆਖਿਆ :-

**"ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ॥ ਨਾਨਕ ਅਗੇ ਊਤਮ ਸੇਈ ਜਿ ਪਾਪਾਂ ਪੰਦਿ ਨ ਦਹੀ*॥੧॥"**

ਗੁਰੂ ਜੀ ਦੇ ਵਾਕਾਂ ਦਾ ਅਰਥ ਭਾਵ ਇਉਂ ਹੈ:-

ਲੋਕੀ ਚਾਰ ਜਾਤਾਂ ਨੀਚ ਗਿਣਦੇ ਹਨ : ਡੂਮ, ਕਸਾਈ ਚੂਹੜਾ, ਚੰਡਾਲ। ਗੁਰੂ ਜੀ ਚਾਰ ਖਸਲਤਾਂ ਨੂੰ ਚਾਰ ਨੀਚ ਜਾਤਾਂ ਗਿਣਦੇ ਹਨ, ੧. ਕੁਬੁਧਿ, ੨. ਕੁਦਇਆ, ੩. ਪਰਾਈ ਨਿੰਦਿਆ, ੪. ਕ੍ਰੋਧ। ਇਹ ਗਿਣਕੇ ਉਨ੍ਹਾਂ ਲੀਕਾਂ ਕੱਢਣ ਵਾਲੇ ਤੇ ਆਪ ਨੂੰ ਸੱਚੇ ਮੰਨਣ ਵਾਲੇ ਬ੍ਰਾਹਮਣਾਂ ਆਦਿਕਾਂ ਨੂੰ ਗੁਰੂ ਜੀ ਆਖਦੇ ਹਨ ਕਿ ਜਦ ਤੁਸੀਂ ਚੌਂਕੇ ਵਿਚ ਵੜੇ ਹੋ ਤਦ ਇਹ ਮਾੜੀਆਂ ਖ਼ਸਲਤਾਂ ਤੁਹਾਡੇ ਅੰਦਰ ਸਨ; ਸੋ ਤੁਸੀਂ ਭਿੱਟੇ ਹੋਏ ਯਾ ਨੀਚ ਜਾਤਾਂ ਵਾਲੇ ਸਾਓ, ਜਿਨ੍ਹਾਂ ਦੇ ਅੰਦਰ ਨੀਚ ਖ਼ਸਲਤਾਂ ਸਨ। ਖ਼ਸਲਤ ਆਖਦੇ ਹਨ ਸੁਭਾਉ ਨੂੰ, ਵਾਦੀ ਨੂੰ, ਆਦਤ ਨੂੰ, ਜੋ ਅੰਦਰ ਬਣ ਜਾਂਦੀਆਂ ਹਨ ਤੇ ਆਦਮੀ ਉਹਨਾਂ ਦੇ ਵੱਸ ਪਿਆ ਕੰਮ ਕਰਦਾ ਹੈ। ਚੰਗਿਆਂ ਦੇ ਵੱਸ ਪਿਆ ਚੰਗੀਆਂ ਗੱਲਾਂ ਕਰਦਾ ਹੈ, ਮਾੜਿਆਂ ਦੇ ਵੱਸ ਪਿਆ ਮਾੜੀਆਂ ਗੱਲਾਂ ਕਰਦਾ ਹੈ। ਜੋ ਗੁਰੂ ਬਾਬੇ ਨੇ ਉਹਨਾਂ ਨੂੰ ਸੁਹਣੀ ਮੱਤ ਦਿੱਤੀ ਕਿ

*ਵਾਰ ਸਿਰੀ ਰਾਗ ਮ: ੧-੨੦।

ਏਹਨਾਂ ਭੈੜੀਆਂ ਵਾਦੀਆਂ ਨੂੰ ਅੰਦਰੋਂ ਕੱਢੋ। ਇਹਨਾਂ ਨੂੰ ਰੱਖ ਕੇ ਤੁਸੀਂ ਪਵਿਤ੍ਰ ਨਹੀਂ ਬਣ ਸਕਦੇ।

ਓਹ, ਜੋ ਨਾਲ ਆਏ ਸਨ, ਤੇ ਰੋਟੀ ਖਾਣ ਲਈ ਬੇਨਤੀ ਕਰਕੇ ਨਾਲ ਲਿਆਏ ਸਨ, ਸੋਚਣ ਲਗੇ ਕਿ ਗੁਰੂ ਬਾਬੇ ਨੇ ਸਚ ਆਖਿਆ ਹੈ*। ਤਦ ਇਕ ਨੇ ਹੱਥ ਜੋੜਕੇ ਪੁੱਛਿਆ ਕਿ ਪਵਿਤ੍ਰ ਕਿਉਂ ਕਰ ਹੋਵੀਦਾ ਹੈ? ਤਾਂ ਗੁਰੂ ਬਾਬੇ ਨੇ ਆਪਣੇ ਸ਼ਲੋਕ ਵਿਚ ਦੱਸ ਦਿੱਤਾ ਕਿ ਸੱਚ ਨੂੰ ਧਾਰਨ ਕਰੋ, ਸੱਚੇ ਹੋ ਜਾਓ, ਚਉਂਕੇ ਦੀ ਪਵਿਤ੍ਰਤਾ ਦੀ ਲੀਕ ਕੱਢਣੀ ਤੇ ਤੀਰਥਾਂ ਤੇ ਭਉਂ ਭਉਂ ਕੇ ਨ੍ਹਾਉਂਦੇ ਫਿਰਨ ਦੀ ਥਾਂ ਨਾਮ ਜਪੋ ਪਰਮੇਸ਼ੁਰ ਦਾ, ਇਹ ਸੱਚਾ ਤੇ ਸੁੱਚਾ ਨ੍ਹਾਉਣਾ ਹੈ। ਇਸੀ ਤਰ੍ਹਾਂ ਜੋ ਹੋਰ ਪਾਪ ਹਨ, ਉਨ੍ਹਾਂ ਦੇ ਰਸਤੇ ਨਾ ਟੁਰੋ, ਪਾਪ ਕਦੇ ਨਾ ਕਰੋ। ਇਸ ਦਾ ਫਲ ਇਹ ਹੋਵੇਗਾ ਕਿ ਅੱਗੇ ਵਾਹਿਗੁਰੂ ਜੀ ਦੇ ਦੇਸ਼ ਜਾ ਕੇ ਤੁਸੀਂ ਉੱਤਮ ਮੰਨੇ ਜਾਓਗੇ। ਓਥੇ ਤੁਸੀਂ ਚੰਗੇ ਸੁਹਣੇ ਉਜਲੇ ਹੋ ਕੇ ਜਾਓਗੇ।

ਇਹ ਸੁਣਕੇ ਉਹ ਚਰਨੀਂ ਪੈ ਗਏ ਤੇ ਬੋਲੇ ਕਿ ਆਪਣੇ ਬਣਾ ਲਓ। ਤਾਂ ਗੁਰੂ ਜੀ ਨੇ ਕਿਹਾ ਜੋ ਧਨ ਤੁਸਾਂ ਨੇ ਲੋਕਾਂ ਨਾਲ ਛਲ ਧੋਖੇ ਕਰ ਕੇ ਕਮਾਇਆ ਹੈ ਲੁਟਾ ਦਿਓ। ਤਦ ਉਹਨਾਂ ਸਾਰਿਆਂ ਨੇ ਜੋ ਕੁਛ ਨਾਲ ਸੀ, ਨਕਦੀ ਰੁਪੱਯੇ, ਮੁਹਰਾਂ ਕਿ ਮਾਲ ਅਸਬਾਬ ਕਿ ਰਥ ਕਿ ਘੋੜੇ ਸਭ ਡੇਰਿਆਂ ਤੋਂ ਲਿਆ ਕੇ ਲੁਟਾ ਦਿੱਤਾ ਗ੍ਰੀਬਾਂ ਨੂੰ। ਤਦ ਗੁਰੂ ਜੀ ਉਨ੍ਹਾਂ ਤੇ ਮਿਹਰਬਾਨ ਹੋਏ। ਜੈਸਾ ਕਿ ਸ੍ਰੀ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ:-

ਤਿਨ ਪਰ ਮੇਹਰ ਦ੍ਰਿਸ਼ਟਿ ਜਗਤੇਸ਼ਾਂ॥ ਸਤਿਨਾਮ ਕੋ
ਦੇ ਉਪਦੇਸ਼ਾ॥੫੭॥ ਪ੍ਰੇਮ ਨਾਮ ਕੋ ਰੰਗ ਚਢਾਵਾ॥

*ਸ੍ਰੀ ਗੁਰੂ ਜੀ ਨੇ ਐਉਂ ਬੀ ਕਿਤੇ ਫੁਰਮਾਇਆ ਹੈ : ਲਖ ਠਗੀਆ ਪਹਿਨਾਮੀਆਂ ਰਾਤ ਦਿਨਸੁ ਜੀਅ ਨਾਲਿ॥

ਮਨ ਕੋ ਸ਼ਾਂਤਿ ਦਈ ਸੁਖ ਪਾਵਾ। ਅੰਤਿ ਕਾਲ ਮੈਂ ਸ਼ੁਭ
ਗਤਿ ਪਾਈ। ਜੀਵਤ ਨਾਮ ਬਿਖੈ ਲਿਵ ਲਾਈ॥੫੮॥

(ਸ੍ਰੀ ਗੁਰੂ ਨਾ: ਪ੍ਰਕਾਸ਼ ਉਤ੍ਰਾਰਧ)

ਅਰਥਾ-ਉਨ੍ਹਾਂ ਉਤੇ ਦਇਆ ਕੀਤੀ ਜਗਤ ਦੇ ਮਾਲਕ (ਗੁਰੂ ਨਾਨਕ) ਨੇ, ਸਤਿਨਾਮ ਦਾ ਉਪਦੇਸ਼ ਦਿਤਾ। ਨਾਮ ਦੇ ਪ੍ਰੇਮ ਦਾ ਰੰਗ ਚਾੜ੍ਹ ਦਿਤਾ। ਉਨ੍ਹਾਂ ਦੇ ਮਨਾਂ ਨੂੰ ਠੰਢ ਪਾ ਦਿਤੀ ਤੇ ਓਹ ਸੁਖੀ ਹੋ ਗਏ। ਜਦ ਉਹਨਾਂ ਦੀ ਮੌਤ ਦਾ ਸਮਾਂ ਆਇਆ ਤਾਂ ਉਹ ਮੁਕਤ ਹੋ ਗਏ। ਜੀਉਂਦੇ ਜੀ ਨਾਮ ਵਿਚ ਉਹਨਾਂ ਦੀ ਪ੍ਰੀਤ ਲੱਗੀ ਰਹੀ।

❖❖❖

# ੪੮. ਕੁਰਛੇਤਰ ਫੇਰੀ*।

**ਹੁਣ** ਸ੍ਰੀ ਸਤਿਗੁਰੂ ਜੀ ਫੇਰ ਟੁਰ ਪਏ, ਰੁਖ ਕੁਛ ਉਤਰ ਪੱਛੋਂ ਦਾ ਲਿਆ; ਜਿੱਧਰ ਸਹਾਰਨਪੁਰ ਸ਼ਹਿਰ ਹੈ। ਰਸਤੇ ਵਿਚ ਕੋਈ ਮੇਲਾ ਸੀ, ਪਰ ਆਪ ਟੁਰੀ ਗਏ ਤੇ ਕੁਰਛੇਤਰ ਜਾ ਪਹੁੰਚੇ। ਰਸਤੇ ਵਿਚ ਕਈ ਥਾਂ ਠਹਿਰੇ, ਸਤਿਨਾਮ ਦਾ ਉਪਦੇਸ਼ ਦਿੱਤਾ; ਲੋਕਾਂ ਦੇ ਕਰਮ ਸੁਧਾਰ, ਉਹਨਾਂ ਨੂੰ ਨੇਕ ਕਰਮ 'ਕਰਨ ਦੀ' ਤੇ ਮਾੜੇ ਕਰਮਾਂ ਦੇ 'ਨਾ ਕਰਨ ਦੀ' ਜਾਚ ਸਿਖਾਈ।

ਕੁਰਛੇਰਤਰ ਇਨ੍ਹਾਂ ਦਿਨਾਂ ਵਿਚ ਭਾਰੀ ਮੇਲਾ ਸੀ। ਲੱਖਾਂ ਆਦਮੀ ਦੂਰ ਦੂਰ ਤੋਂ ਇਥੇ ਆਉਂਦੇ ਸਨ, ਅੱਜ ਕੱਲ ਬੀ ਆਉਂਦੇ ਹਨ। ਤਦੋਂ ਸੂਰਜ ਗ੍ਰਹਿਣ ਲਗਣਾ ਸੀ; ਲੋਕੀ ਉਸ ਵੇਲੇ ਇਸ ਤੀਰਥ ਵਿਚ ਨ੍ਹਾਉਣ ਲਈ ਇਕੱਠੇ ਹੋ ਰਹੇ ਸਨ। ਗੁਰੂ ਜੀ ਏਥੇ ਨਾ ਮੇਲਾ ਵੇਖਣ ਗਏ ਸਨ, ਨਾ ਇਥੇ ਨ੍ਹਾਕੇ ਆਪ ਪਵਿਤ੍ਰ ਹੋਣ ਲਈ ਗਏ ਸਨ। ਆਪ ਤਾਂ ਧੁਰਾਂ ਦੇ ਪਵਿਤ੍ਰ ਸਨ, ਆਪ ਜੀ ਏਥੇ ਭੁੱਲੇ ਹੋਏ ਲੋਕਾਂ ਨੂੰ ਸੁਮਤਿ ਦੇਣ ਗਏ ਸਨ।

*ਜਨਮ ਸਾਖੀ ਅਨੁਸਾਰ ਪਹਿਲਾਂ ਹਰਿਦਵਾਰ ਤੇ ਫੇਰ ਕੁਰਛੇਤਰ ਗਏ ਹਨ। ਸ੍ਰੀ ਗੁ: ਨਾ: ਪ੍ਰਕਾਸ਼ ਅਨੁਸਾਰ ਪਹਿਲੇ ਕੁਰਛੇਤਰ ਤੇ ਫੇਰ ਹਰਿਦਵਾਰ।

ਆਮ ਲੋਕੀਂ ਸਮਝਦੇ ਹਨ ਕਿ ਜਦੋਂ ਚੰਦ ਕਿ ਸੂਰਜ ਨੂੰ ਗ੍ਰਹਿਣ ਲੱਗਦਾ ਹੈ ਤਦੋਂ ਰਾਹੂ ਕੇਤੂ ਦੋ ਰਾਖਸ਼ ਹਨ ਜੋ ਉਨ੍ਹਾਂ ਨੂੰ ਗ੍ਰਸ ਲੈਂਦੇ ਹਨ, ਅਰਥਾਤ ਮੂਲੋਂ ਮੁਕਾ ਦੇਣ ਲਈ ਘੇਰ ਲੈਂਦੇ ਹਨ। ਇਸ ਕਰਕੇ ਲੋਕੀਂ ਨ੍ਹਾਉਂਦੇ ਤੇ ਦਾਨ ਦੇਂਦੇ ਹਨ ਕਿ ਉਸ ਦਾਨ ਤੇ ਇਸ਼ਨਾਨ ਦੇ ਅਸਰ ਨਾਲ ਓਹ ਰਾਖਸ਼ ਟਲ ਜਾਣ ਤੇ ਆਪਣਾ ਮਾੜਾ ਅਸਰ ਨਾ ਪਾ ਸਕਣ। ਇਹ ਨਿਸਚਾ ਠੀਕ ਨਹੀਂ ਸੀ, ਕਿਉਂਕਿ ਗ੍ਰਹਿਣ ਤਾਂ ਇਕ ਛਾਇਆ ਹੁੰਦੀ ਹੈ ਜੋ ਕਦੇ ਧਰਤੀ ਦੀ ਕਦੇ ਚੰਦ ਦੀ ਚੰਦ ਸੂਰਜ ਤੇ ਪੈਂਦੀ ਹੈ। ਤੁਸੀਂ ਵੇਖ ਲਓ ਜੇ ਕੋਈ ੧੭ ਵਰ੍ਹੇ ਦੇ ਗ੍ਰਹਿਣ ਹਰ ਵਰਹਾ ਲਿਖਦਾ ਰਹੇ ਤਾਂ ਅਗਲੇ ੧੭ ਵਰ੍ਹੇ ਦੇ ਸਾਰੇ ਲੱਗਣ ਵਾਲੇ ਗ੍ਰਹਿਣ ਪਹਿਲੋਂ ਹੀ ਦੱਸ ਸਕਦਾ ਹੈ, ਕਿਉਂਕਿ ਇਤਨੇ ਚਿਰ ਬਾਦ ਲਗ ਪਗ ਉਹੋ ਜਿਹੇ ਤੇ ਉਨ੍ਹਾਂ ਤ੍ਰੀਕਾਂ ਦੇ ਆਨਮਾਨ ਹੀ ਗ੍ਰਹਿਣ ਲਗਦੇ ਹਨ। ਸੋ ਪਤਾ ਲੱਗਾ ਕਿ ਧਰਤੀ ਚੰਦ ਦੀਆਂ ਆਪਣੀਆਂ ਬੱਝੀਆਂ ਹੋਈਆਂ ਚਾਲਾਂ ਮੂਜਬ ਏਹ ਛਾਏ ਵੇਲੇ ਵੇਲੇ ਸਮੇਂ ਪੈਂਦੇ ਹਨ। ਸੋ ਗੁਰੂ ਜੀ ਇਹ ਰਾਖਸ਼ਾਂ ਦਾ ਭਰਮ ਦੂਰ ਕਰਨ ਤੇ ਸੱਚਾ ਗਿਆਨ ਪਰਮੇਸ਼ੁਰ ਦਾ ਦੇਣ ਗਏ ਸਨ ਕਿ ਉਂਞ ਦਾਨ ਪੁੰਨ ਕਰੋ, ਰੋਜ਼ ਇਸ਼ਨਾਨ ਕਰੋ, ਪਰ ਝੂਠੇ ਭਰੋਸੇ ਧਾਰਕੇ ਨਾ ਅਣ-ਹੋਏ ਰਾਖਸ਼ਾਂ ਨੂੰ ਡਰਾਓ। ਸਤਿਗੁਰੂ ਜੀ ਫੇਰ ਇਹ ਸੁਮਤਿ ਦੇਣ ਗਏ ਸਨ ਕਿ ਸਾਰੀ ਦੁਨੀਆਂ ਦਾ ਬਨਾਉਣ ਵਾਲਾ ਵਾਹਿਗੁਰੂ ਹੈ, ਉਹ ਕੀਕੂੰ ਬਣਾਉਂਦਾ ਹੈ? ਓਹ ਆਪ ਹੀ ਜਾਣਦਾ ਹੈ, ਸੋ ਚੰਦ, ਸੂਰਜ, ਤਾਰੇ, ਧਰਤੀ, ਮਨੁੱਖ, ਪਸ਼ੂ ਸਭ ਉਸੇ ਦੀ ਰਚਨਾ ਹਨ, ਉਸ ਨੂੰ ਨਾ ਭੁਲਾਓ, ਉਸ ਨੂੰ ਯਾਦ ਰਖੋ, ਉਸ ਨਾਲ ਪਿਆਰ ਕਰੋ ਤੇ ਉਹ ਕੰਮ ਕਰੋ ਜੋ ਉਸ ਨੂੰ ਭਾਉਂਦੇ ਹਨ। ਜੋ ਕੰਮ ਉਸ ਨੂੰ ਚੰਗੇ ਨਹੀਂ ਲਗਦੇ ਉਹਨਾਂ ਕੰਮਾਂ ਨੂੰ ਤੁਸੀਂ ਵੀ ਬੜੇ ਮਾੜੇ ਜਾਣਕੇ ਨਾ ਕਰਿਆ ਕਰੋ। ਹੋਰ ਭਰਮ ਵਹਿਮ ਦੂਰ ਕਰ ਦਿਓ।

ਇਸ ਪ੍ਰਕਾਰ ਜਗਤ ਦਾ ਅੰਧਕਾਰ ਦੂਰ ਕਰਨਾ ਤੇ ਵਾਹਿਗੁਰੂ ਜੀ ਦੇ ਪਿਆਰ ਦਾ ਪ੍ਰਚਾਰ ਕਰਨਾ, ਕੁਰਛੇਤਰ ਦੀਆਂ ਭੀੜਾਂ ਵਿਚ ਆਪ ਦੇ ਜਾਣ ਦਾ ਕਾਰਣ ਸੀ। ਸਿਖਾਂ ਨੂੰ ਆਪ ਜੀ ਸਿਖਾਇਆ ਕਰਦੇ ਸਨ ਕਿ ਸਾਰੇ ਜੀਵ ਰੱਬ ਦੇ ਹਨ। ਜਦ ਰੱਬ ਜੀ ਨੂੰ ਯਾਦ ਰੱਖੋ, ਪਿਆਰ ਕਰੋ ਤਾਂ ਉਸ ਦੇ ਸਾਜਿਆਂ ਲੋਕਾਂ ਨੂੰ ਬੀ ਦੁੱਖ ਨਾ ਦਿਓ, ਕਿਸੇ ਨਾਲ ਦਗਾ ਫ਼ਰੇਬ ਛਲ ਨਾ ਕਰੋ, ਸੱਚ ਵਰਤੋ ਤੇ ਪਿਆਰ ਕਰੋ।

## (ਗ੍ਰਹਣ)

**ਜਿਸ** ਵੇਲੇ ਗ੍ਰਹਣ ਲਗਣ ਵਾਲਾ ਸੀ ਤਾਂ ਇਕ ਰਾਜਾ* ਆ ਗਿਆ। ਉਸ ਦੀ ਮਾਂ ਨਾਲ ਸੀ, ਇਸ ਨੂੰ ਵੈਰੀਆਂ ਨੇ ਰਾਜ ਖੋਹਕੇ ਕੱਢ ਦਿੱਤਾ ਸੀ। ਉਹ ਕੁਰਛੇਤਰ ਆ ਰਿਹਾ ਸੀ ਕਿ ਕਿਸੇ ਮਹਾਤਮਾ ਨੂੰ ਮਿਲਕੇ ਅਸੀਸ ਲਵਾਂ। ਜਾਪਦਾ ਹੈ ਕਿ ਇਸ ਨੂੰ ਇਹ ਤਾਂ ਪਤਾ ਸੀ ਕਿ ਕੁਰਛੇਤਰ ਮੇਲਾ ਲੱਗ ਰਿਹਾ ਹੈ, ਪਰ ਇਹ ਪਤਾ ਨਹੀਂ ਸੀ ਕਿ ਗ੍ਰਹਿਣ ਅੱਜੋ ਹੀ ਲੱਗ ਜਾਣਾ ਹੈ। ਇਸ ਨੇ ਰਸਤੇ ਵਿਚ ਇਕ ਹਿਰਨ ਦਾ ਸ਼ਿਕਾਰ ਕੀਤਾ, ਕਿ ਡੇਰਾ ਕਰਕੇ ਭੋਜਨ ਪਾ ਕੇ ਤੇ ਫੇਰ ਸਾਧੂਆਂ ਵਿਰਕਤਾਂ ਦੇ ਦਰਸ਼ਨ ਕਰਾਂਗੇ। ਪਰ ਤੀਰਥਾਂ ਤੋਂ ਉਰੇ ਹੀ ਗੁਰੂ ਜੀ ਬੈਠੇ ਦਿੱਸ ਪਏ, ਮਰਦਾਨਾਂ ਕੀਰਤਨ ਕਰ ਰਿਹਾ ਸੀ। ਸੂਰਤ ਇਲਾਹੀ ਦੇਖਕੇ ਰਾਜਾ ਤੇ ਉਸਦੀ ਮਾਂ ਅਸਚਰਜ ਰਹਿ ਗਏ ਕਿ ਹੋਵੇ ਨਾ ਤਾਂ ਇਹੋ ਰੱਬ ਦਾ ਅਸਲੀ ਪਿਆਰਾ ਹੈ। ਅੱਗੇ ਵਧੇ, ਮੱਥਾ ਟੇਕਿਆ ਤੇ ਹਿਰਨ ਭੇਟਾ ਧਰ ਦਿੱਤਾ। ਰਾਜਾ ਫੇਰ ਆਪਣਾ ਦੁਖ ਰੋਣ ਲੱਗ ਪਿਆ। ਹਿਰਨ ਨੂੰ ਆਗਿਆ ਪਾਕੇ, ਸੇਵਕਾਂ ਨੇ ਮਟਕੇ ਵਿਚ

---

*ਤਵਾਰੀਖ ਖਾਲਸਾ ਵਿਚ ਇਸ ਰਾਜਾ ਨੂੰ ਹਾਂਸੀ ਦੇ ਰਾਜਾ ਅੰਮ੍ਰਿਤ ਰਾਇ ਦਾ ਬੇਟਾ ਜਗਤ ਰਾਇ ਦੱਸਿਆ ਹੈ।

ਪਾਕੇ ਰਿੰਨ੍ਹਣਾ ਧਰ ਦਿੱਤਾ। ਆਪ ਜੀ ਦੁਖੜੇ ਸੁਣਦੇ ਤੇ ਦਿਲਾਸਾ ਤੇ ਗਜਾਨ ਦੇਂਦੇ ਰਹੇ ਕਿ ਧੂੰਆਂ ਉਠਦਾ ਦੇਖਕੇ ਲੋਕੀਂ ਗੁੱਸੇ ਨਾਲ ਭਰ ਗਏ, ਕਿਉਂਕਿ ਗ੍ਰਹਣ ਲਗੇ ਵਿਚ ਰਸੋਈ ਕਰਨੀ ਪੰਡਤ ਤੇ ਲੋਕੀਂ ਪਾਪ ਸਮਝਦੇ ਹਨ। ਸੋ ਲੋਕੀ ਡਾਂਗਾਂ ਤੇ ਕੁਤਕੇ (ਸੋਟੇ) ਲੈਕੇ ਆ ਪਹੁੰਚੇ ਤੇ ਗੁੱਸੇ ਨਾਲ ਕੜਕਕੇ ਬੋਲੇ: ਕੌਣ ਹੈਂ ਤੂੰ ਗ੍ਰਹਣ ਲਗੇ ਰਸੋਈ ਕਰਨੇ ਵਾਲਾ! ਕੌਣ ਹੈਂ ਤੂੰ ਗ੍ਰਹਣ ਲਗੇ ਵਿਚ ਹਰਨ ਮਾਰਕੇ ਰਿੰਨ੍ਹਣ ਵਾਲਾ?

ਗੁਰੂ ਜੀ ਬੋਲੇ: ਆਓ, ਜੀ ਸਦਕੇ ਮਾਰੋ, ਪਰ ਸੋਚ ਲਓ ਜੇ ਮੱਟ ਵਿਚ ਰਿੱਝ ਰਹੇ ਦਾ ਗ੍ਰਹਣ ਵਿਚ ਰਿੰਨ੍ਹਣਾ ਪਾਪ ਹੈ ਤਾਂ ਤੁਸਾਡਾ ਸਾਨੂੰ ਮਾਰਨਾਂ ਗ੍ਰਹਣ ਵਿਚ ਕੀਕੂੰ ਪੁੰਨ ਹੈ? ਜੇ ਇਹ ਪੁੰਨ ਕਰਮ ਹੈ ਤਾਂ ਕਰ ਲਓ। ਇਹ ਸੁਣਕੇ ਸਾਰੇ ਸੋਚੀਂ ਪੈ ਗਏ। ਦਿੱਸਦਾ ਹੈ ਐਉਂ ਜੋ ਗੁਰੂ ਜੀ ਨੇ ਉਵ ਤਾਂ ਹਾਰ ਮੰਨੀ ਕਿ ਆਓ ਮੈਨੂੰ ਮਾਰ ਲਓ, ਪਰ ਹੋ ਗਈ ਜਿੱਤ, ਸਭ ਸ਼ਰਮਿੰਦੇ ਹੋ ਗਏ ਤੇ ਡਾਂਗਾਂ ਕੁਤਕੇ (=ਸੋਟੇ) ਨੀਵੇਂ ਹੋ ਗਏ। ਪਰ ਜੈਸਾ ਕਿ ਗੁਰੂ ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ, ਗੁਰੂ ਜੀ ਨੇ ਕਿਹਾ: ਜੇ ਵੀਚਾਰ ਕਰਨੀ ਹੈ ਤਾਂ ਕੋਈ ਪੰਡਤ, ਕੋਈ ਸੰਨਜਾਸੀ ਲੈ ਆਓ। ਤਦ ਓਹ ਗਏ ਤੇ ਕੁਛ ਪੰਡਤ ਸੰਨਜਾਸੀ ਲੈ ਆਏ। ਇਕ ਪੰਡਤ ਸੀ ਉਸ ਦਾ ਨਾਂ ਸੀ 'ਨਾਨੂ' ਪਰ ਸਦਾਉਂਦਾ ਸੀ 'ਨਾਨਕ'। ਇਸ ਨੇ ਸਕੰਧ ਤੇ ਭਵਿੱਖਤ ਪੁਰਾਣ ਪੜ੍ਹ ਕੇ ਸਮਝਿਆ ਸੀ ਕਿ ਹੁਣ ਸਮਾਂ ਨਾਨਕ ਨਾਮੇ ਪਰਮੇਸੁਰ ਦੇ ਪਰਮ ਪਿਆਰੇ ਅਵਤਾਰ ਦੇ ਪ੍ਰਗਟ ਹੋਣ ਦਾ ਹੈ, ਮੈਂ ਬੜਾ ਪੰਡਤ ਹਾਂ ਮੈਂ ਹੀ ਭਗਤੀ ਟੋਰ ਦਿਆਂ ਤੇ ਨਾਨੂ ਤੋਂ ਨਾਮ ਨਾਨਕ ਰਖਾ ਕੇ ਅਵਤਾਰ ਪ੍ਰਸਿੱਧ ਹੋ ਜਾਵਾਂ। ਇਹ ਪੰਡਤ ਬੀ ਚਰਚਾ ਕਰਨ ਆਏ ਪੰਡਤਾਂ ਵਿਚ ਸੀ। ਇਸ ਨੂੰ ਹਰਿਆਨੀ ਹੋ ਰਹੀ ਸੀ ਕਿ ਹੋਰ 'ਨਾਨਕ' ਮੇਲੇ ਵਿਚ ਕਿਥੋਂ ਆ ਗਿਆ ਹੈ? ਕਿਤੇ ਇਹ ਓਹੋ ਨਾ ਹੋਵੇ, ਪਰ ਪੜ੍ਹਿਆ ਸੀ ਬਹੁਤ, ਖਿਆਲ ਸੀ ਕਿ ਚਰਚਾ ਕਰਕੇ ਮੈਂ ਇਸ ਨੂੰ ਬੀ

ਜਿੱਤ ਲਵਾਂਗਾ। ਸੋ ਇਹ ਬੀ ਚਰਚਾ ਕਰਨ ਆਏ ਸੰਨਜਾਸੀਆਂ ਅਤੇ ਪੰਡਤਾਂ ਵਿਚ ਆ ਗਿਆ ਸੀ। ਇਸ ਨੇ ਚਰਚਾ ਛੇੜੀ ਕਿ ਸਾਡੇ ਸ਼ਾਸਤ੍ਰਾਂ ਵਿਚ ਮਾਸ ਦੀ ਮਨਾਹੀ ਹੈ, ਸਾਡੇ ਵਡੇ ਵਡੇਰੇ ਵੇਦਾਂ ਦੇ ਸਮੇਂ ਤੋਂ ਅਹਿੰਸਕ ਰਹੇ ਹਨ, ਭਾਵ ਮਾਸ ਨਹੀਂ ਖਾਂਦੇ ਰਹੇ, ਤੁਸੀਂ ਹਿੰਦੂ ਹੋ ਕੇ ਸ਼ਾਸਤ੍ਰਾਂ ਦੇ ਉਲਟ ਕੰਮ ਕਿਉਂ ਕਰਦੇ ਹੋ? ਤਾਂ ਗੁਰੂ ਜੀ ਨੇ ਕਿਹਾ: 'ਭਾਈ! ਜੇ ਤਾਂ ਤੂੰ ਕਿਸੇ ਹੋਰ ਮਤਿ ਵਾਲਾ ਹੁੰਦਾ ਤਾਂ ਹੋਰ ਗੱਲ ਸੀ, ਪਰ ਹੇ ਨਾਨੂ ਤੂੰ ਤਾਂ ਵੇਦਾਂ ਪੁਰਾਣਾਂ ਤੇ ਹੋਰ ਹਿੰਦੂ ਸ਼ਾਸਤ੍ਰਾਂ ਤੇ ਵਡਿਆਂ ਦੀਆਂ ਗੱਲਾਂ ਕਰਦਾ ਹੈਂ, ਦੇਖ ਤੇ ਸੋਚ, ਤੁਹਾਡੇ ਵਡੇ ਯੱਗ ਕਰਦੇ ਹੁੰਦੇ ਸਨ, ਗੈਂਡੇ, ਘੋੜੇ ਤੇ ਹੋਰ ਜਾਨਵਰਾਂ ਨੂੰ ਮਾਰਕੇ ਹਵਨ ਕਰਦੇ ਹੁੰਦੇ ਸਨ। ਉਸ ਮਾਸ ਦੀਆਂ ਅੱਗ ਵਿਚ ਆਹੂਤੀਆਂ ਦੇਂਦੇ ਹੁੰਦੇ ਸਨ ਦੇਵਤਿਆਂ ਨੂੰ। ਤੁਹਾਡੇ ਪੁਰਾਣ ਵਿਚ, ਰਾਮਾਯਣ ਵਿਚ ਮਾਸ ਹੈ। ਵਿਆਹਵਾਂ ਤੇ ਤੁਸੀਂ ਬੱਕਰੇ ਮਾਰਕੇ ਮਾਸ ਰਿੰਨ੍ਹਦੇ ਹੋ। ਖੱਤ੍ਰੀ ਧਰਮ ਦੱਸਦੇ ਹੋ। ਆਰਯ ਵਡਕੇ ਮਾਸ ਖਾਂਦੇ ਸਨ : ਕੀਕੂੰ ਕਹਿ ਸਕਦੇ ਹੋ ਕਿ ਸਾਡੇ ਧਰਮ ਵਿਚ ਤੇ ਵੇਦਾਂ ਪੁਰਾਣਾਂ ਸ਼ਾਸਤ੍ਰਾਂ ਵਿਚ ਮਾਸ ਮਨ੍ਹੇ ਹੈ।

'ਫੇਰ ਪੰਡਤਾ! ਜੋ ਖੱਤ੍ਰੀ ਆਦਿ ਤੁਹਾਡੇ ਜਜਮਾਨ ਹੁਣ ਤਕ ਮਾਸ ਖਾਂਦੇ ਹਨ, ਤੁਸੀਂ ਉਨ੍ਹਾਂ ਤੋਂ ਦਾਨ ਲੈਂਦੇ ਹੋ, ਕੀ ਤੁਸੀਂ ਮਾਸਹਾਰੀਆਂ ਦਾ ਦਾਨ ਲੈ ਕੇ ਧਰਮੀ ਰਹਿ ਜਾਂਦੇ ਹੋ? ਦਾਤੇ ਦੇ ਦਾਨ ਵਿਚ ਕੀਹ ਹਿੰਸਾ ਦੀ ਛੋਹ ਨਹੀਂ ਆਉਂਦੀ?

'ਪੰਡਤ ਜੀ! ਗਲ ਇਹ ਹੈ ਕਿ ਤੁਹਾਡੇ ਵਿਚ ਗੱਲਾਂ ਦੇ ਚਤੁਰ ਹੋ ਗਏ ਹਨ। ਜੀਵਨ ਉਨ੍ਹਾਂ ਦੇ ਪਵਿਤ੍ਰ ਨਹੀਂ, ਪ੍ਰੇਮ ਵਾਲੇ ਨਹੀਂ, ਗਿਆਨ ਵਾਲੇ ਨਹੀਂ, ਧਿਆਨ ਵਾਲੇ ਨਹੀਂ ਕੋਈ ਦੋ ਗੱਲਾਂ ਬਣਾ ਲੈਂਦੇ ਹੋ ਤੇ ਝਗੜਦੇ ਦਿਗ ਬਿਜੈ* ਕਰਦੇ ਹੋ, ਇਸਨੂੰ ਸਮਝਦੇ

---

*ਝਗੜੇ ਕਰਕੇ ਦੇਸ਼ ਦੇ ਪੰਡਤਾਂ ਨੂੰ ਜਿੱਤ ਲੈਣ ਨੂੰ ਦਿਗ ਬਿਜੈ ਆਖਦੇ ਹਨ।

ਹੋ ਉੱਤਮਤਾਈ। ਪਰ ਇਹ ਨਿਰੀ ਚਤੁਰਾਈ ਹੈ। ਜਿਸ ਦੇ ਦਿਲ ਦੇ ਨੈਣ ਨਹੀਂ ਖੁੱਲੇ, ਪਾਰਬ੍ਰਹਮ ਪਰਮੇਸ਼ੁਰ ਨੂੰ ਅਨੁਭਵ[1] ਨਹੀਂ ਕੀਤਾ, ਹਰ ਜੀ ਵਿਚ ਉਸ ਨੂੰ ਵੇਖ ਕੇ ਨਿੰਮ੍ਰਤਾ ਦਇਆ ਤੇ ਅਚਰਜਤਾ ਵਿਚ ਨਹੀਂ ਆਏ, ਉਹ ਉੱਤਮ ਕਹੋ, ਗਿਆਨੀ ਕਹੋ, ਭਗਤ ਕਹੋ, ਪਰਮੇਸ਼ੁਰ ਦੇ ਪਿਆਰੇ ਕਹੋ ਕੁਛ ਬੀ ਨਹੀਂ ਹਨ। ਇਕ ਪੰਡਤ ਕਹਿ ਦੇਂਦਾ ਹੈ ਮਾਸ ਖਾਓ, ਦੂਜਾ ਕਹਿੰਦਾ ਹੈ ਨਾ ਖਾਓ। ਫਿਰ ਦੁਇ ਜਣੇ ਝਗੜੇ ਕਰਦੇ ਹਨ, ਜਿਸ ਨੂੰ ਚਰਚਾ ਆਖਦੇ ਹਨ; ਕਈ ਦਿਨ ਝਗੜੇ ਚਲਦੇ ਹਨ, ਲੋਕੀਂ ਤਮਾਸ਼ੇ ਦੇਖਦੇ ਹਨ; ਇਕ ਹਾਰਦਾ ਦੂਆ ਜਿੱਤਦਾ ਹੈ। ਦੋਵੇਂ ਹੰਕਾਰ ਵਿਚ ਹੁੰਦੇ ਹਨ, ਇਕ ਤਾਂ ਜਿੱਤਿਆ ਹੋਇਆ ਆਕੜਦਾ ਹੈ, ਦੂਜਾ ਸ਼ਰਮਿੰਦਾ ਹੋ ਕੇ ਰੋਂਦਾ ਹੈ। ਗਜਾਨ ਧਜਾਨ ਭਗਤੀ ਪ੍ਰੇਮ ਕਿਸੇ ਪਾਸ ਭੀ ਨਹੀਂ ਹੁੰਦਾ। ਇਸੇ ਕਰਕੇ ਤੁਸੀਂ ਲੋਕ ਜਗਤ ਦਾ ਭਲਾ ਨਹੀਂ ਕਰ ਰਹੇ। ਆਪਣੀ ਹੈਂਕੜ ਦਿਖਾ ਰਹੇ ਹੋ।

ਇਸ ਪ੍ਰਕਾਰ ਹੋਰ ਕਈ ਬਚਨ ਗੁਰੂ ਜੀ ਨੇ ਕੀਤੇ। ਸਾਰੇ ਸੁਣਨ ਵਾਲੇ ਝੁਕ ਗਏ। ਨਾਨੂ ਨੇ ਤਾਂ ਪੈਰ ਫੜ ਲਏ ਤੇ ਹੱਥ ਜੋੜ ਕੇ ਆਪਣੀ ਭੁੱਲ ਮੰਨੀ ਕਿ "ਮੈਂ ਆਪਣਾ ਨਾਮ 'ਨਾਨੂ' ਤੋਂ 'ਨਾਨਕ' ਰਖ ਲਿਆ ਸੀ। ਮੈਨੂੰ ਪਤਾ ਨਹੀਂ ਸੀ ਕਿ ਤੁਸੀਂ ਆ ਗਏ ਹੋ। ਮੈਂ ਤਾਂ ਪੜ੍ਹ ਸੁਣ ਕੇ ਅਗਜਾਨੀ ਸਾਂ, ਹੰਕਾਰੀ ਤੇ ਲੋਭੀ ਸਾਂ। ਤੁਸੀਂ ਠੀਕ ਅਵਤਾਰ ਹੋ, ਤੁਹਾਡਾ ਨਾਮ 'ਨਾਨਕ' ਸੱਚਾ ਹੈ[2]। ਤੁਸੀਂ ਹੀ ਹੋ ਕਲਯੁਗ ਨੂੰ ਤਾਰਨਹਾਰ। ਮੈਂ ਅੱਜ ਤੋਂ ਨਾਨੂ ਕਹਾਵਾਂਗਾ, ਨਾਨਕ ਨਹੀਂ ਕਹਾਵਾਂਗਾ। ਲੋਕੋ! ਇਹ ਸਚਮੁਚ 'ਨਾਨਕ' ਨਾਮ ਵਾਲਾ ਆ ਗਿਆ ਹੈ, ਮੈਂ ਨਹੀਂ ਜੇ ਨਾਨਕ।" ਇਓਂ ਸਾਰੇ ਪੰਡਤ, ਸਾਰੇ

---

੧. ਅਨੁਭਵ ਨਹੀਂ ਕੀਤਾ-ਸਚੀ ਮੁਚੀ ਦਾ ਅਸਲੀ ਗਿਆਨ ਨਹੀਂ ਪਾਇਆ।

੨. ਦਾਨੇ 'ਨਾਨਕ' ਪਦ ਦਾ ਅਰਥ ਕਰਦੇ ਹਨ, ਸੁਖ ਰੂਪ ਪੁਰਖ, ਸਦਾ ਆਨੰਦ।

ਆਏ ਸਨਜਾਸੀਆਂ ਤੇ ਵਿਦਵਾਨਾਂ ਨੇ ਗੁਰੂ ਜੀ ਅੱਗੇ ਝੁਕ ਕੇ ਮੱਥਾ ਟੇਕਿਆ ਤੇ ਅਨੇਕਾਂ ਨੇ ਆਪ ਦੀ ਸਿਖੀ ਧਾਰਨ ਕੀਤੀ, ਨਾਮ ਦਾਨ ਲੀਤਾ*।

ਜੋ ਪ੍ਰਸ਼ਨ ਪੰਡਿਤਾਂ ਨੇ ਕੀਤੇ ਓਹ ਤਾਂ ਸਾਰੇ ਨਹੀਂ ਲਿਖੇ ਮਿਲਦੇ; ਪਰ ਜੋ ਉੱਤਰ ਗੁਰੂ ਜੀ ਨੇ ਦਿੱਤੇ ਓਹ ਗੁਰੂ ਜੀ ਦੇ ਉਚਾਰੇ ਬਚਨਾਂ ਵਿਚ ਲਿਖੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਮਲਾਰ ਰਾਗ ਦੀ ਵਾਰ ਵਿਚ ਹੈਨ। ਉਹਨਾਂ ਵਿਚੋਂ ਇਹ ਬੀ ਪਤਾ ਚਲ ਜਾਂਦਾ ਹੈ ਕਿ ਕੀਹ ਗਲ ਪੰਡਤਾਂ ਨੇ ਕੀਤੀ ਕਿ ਜਿਸ ਜਿਸ ਦੇ ਉੱਤਰ ਗੁਰੂ ਜੀ ਨੇ ਦਿੱਤੇ ਸਨ।

## (ਸਿੱਟਾ)

**ਏਸ** ਸਾਖੀ ਵਿਚ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਨੇ ਪਹਿਲੇ ਉਨ੍ਹਾਂ ਨੂੰ ਤੇ ਫੇਰ ਉਨ੍ਹਾਂ ਨਾਲ ਝਗੜੇ ਤੇ ਚਰਚਾ ਕਰਨ ਆਏ ਲੋਕਾਂ ਨੂੰ ਉੱਤਰ ਦੇਣ ਜੋਗਾ ਨਾ ਛਡਿਆ, ਉਹ ਇਵੇਂ ਸੀ ਕਿ ਜਿਵੇਂ ਕੋਈ ਮਾਲਕ ਊਠ ਉਤੇ ਲਕੜਾਂ ਲੱਦੀ ਲਈ ਜਾਂਦਾ ਹੋਵੇ ਤੇ ਊਠ ਕਿਧਰੇ ਅੜੀ ਕਰ ਖਲੋਵੇ ਤੇ ਟੁਰੇ ਨਾ ਤਦ ਮਾਲਕ ਉਸੇ ਊਠ ਉਤੇ ਲੱਦੀਆਂ ਹੋਈਆਂ ਲੱਕੜਾਂ ਵਿਚੋਂ ਇਕ ਲੱਕੜੀ ਕੱਢ ਲਵੇ ਤੇ ਉਸ ਊਠ ਉਤੋਂ ਲਾਹੀ ਹੋਈ ਉਸੇ ਲੱਕੜੀ ਨਾਲ ਊਠ ਨੂੰ ਟੋਰ ਲਵੇ, ਤਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਾਰਨ ਆਇਆਂ ਨੂੰ ਆਪ ਜੀ ਨੇ ਦਲੀਲ ਦਿੱਤੀ ਕਿ ਜੇ ਰਾਜੇ ਦਾ ਗ੍ਰਹਣ ਲਗੇ ਵਿਚ ਹਰਨ ਮਾਰਨਾ ਮਾੜਾ ਕੰਮ ਹੈ ਤਾਂ ਤੁਸੀਂ ਗ੍ਰਹਣ ਲੱਗੇ ਵਿਚ ਮੈਨੂੰ ਮਾਰਨ ਆਏ ਹੋ ਇਹ ਮਾਰਨਾ ਕੀਕੂੰ ਚੰਗਾ ਹੈ? ਤਾਂ ਦੇਖੋ ਗੁਰੂ ਜੀ ਨੇ ਉਨ੍ਹਾਂ ਦੀ ਦਲੀਲ ਨਾਲ ਉਨ੍ਹਾਂ ਨੂੰ ਝੂਠਾ ਕਰ ਦਿੱਤਾ; ਤਦ ਉਹ ਸ਼ਰਮਿੰਦੇ ਹੋ ਗਏ।

*ਕੁਰਛੇਤਰ ਵਿਚ ਇਹ ਟਿਕਾਣਾ, ਜਿਥੇ ਚਰਚਾ ਹੋਈ ਸੀ, ਅਜੇ ਹੈ, ਉਥੇ ਗੁਰਦੁਆਰਾ ਹੈ।

ਏਸੇ ਤਰ੍ਹਾਂ ਜਦ ਪੰਡਤਾਂ ਤੇ ਸੰਨਜਾਸੀਆਂ ਨੇ ਆਖਿਆ ਕਿ ਮਾਸ ਹਿੰਦੂ ਧਰਮ ਵਿਚ ਮਨ੍ਹੇ ਹੈ ਤਦ ਗੁਰੂ ਜੀ ਨੇ ਉਨ੍ਹਾਂ ਦੇ ਪੁਰਾਣਾਂ ਤੇ ਸ਼ਾਸਤਰਾਂ ਤੋਂ ਉਨ੍ਹਾਂ ਨੂੰ ਕੱਢ ਕੇ ਦਿਖਾ ਦਿੱਤਾ ਕਿ ਤੁਹਾਡੇ ਵਡੇ ਤਾਂ ਯੱਗ ਕਰਕੇ ਗੈਂਡਾ ਆਦਿਕ ਪਸ਼ੂ ਮਾਰ ਕੇ ਅਗਨ ਵਿਚ ਹੋਮ ਕਰਦੇ ਰਹੇ ਹਨ ਤੇ ਉਹਨਾਂ ਆਹੂਤੀਆਂ ਜਾਂ ਬਲੀਆਂ ਨਾਲ ਉਹ ਮਾਸ ਦੇਵਤਿਆਂ ਨੂੰ ਪੁਚਾਉਂਦੇ ਰਹੇ ਹਨ, ਤਦ ਤੁਸੀਂ ਕਿਸ ਮੂੰਹ ਨਾਲ ਕਹਿ ਸਕਦੇ ਹੋ ਕਿ ਹਿੰਦੂ ਧਰਮ ਦੇ ਸ਼ਾਸਤ੍ਰਾਂ ਪੁਰਾਣਾਂ ਤੇ ਵੱਡੇ ਵਡੇਰਿਆਂ ਦੀਆਂ ਕਰਨੀਆਂ ਵਿਚ ਮਾਸ ਮਨ੍ਹੇ ਸੀ। ਇਸ ਗੱਲ ਨਾਲ ਓਹ ਸਾਰੇ ਸ਼ਰਮਿੰਦੇ ਹੋਕੇ ਝਗੜਾ ਕਰਨੋਂ ਹਟ ਗਏ। ਫੇਰ ਗੁਰੂ ਨਾਨਕ ਸਾਹਿਬ ਨੇ ਉਨ੍ਹਾਂ ਨੂੰ ਸੁਮੱਤਿ ਦਿੱਤੀ ਕਿ ਗਲ ਗਲ ਵਿਚ ਝਗੜੇ ਤੇ ਚਰਚਾ ਨਾ ਛੇੜਿਆ ਕਰੋ, ਵਾਹਿਗੁਰੂ ਜੀ ਨਾਲ ਪਯਾਰ ਕਰਿਆ ਕਰੋ, ਵਾਹਿਗੁਰੂ ਦਾ ਨਾਮ ਸਿਮਰਿਆ ਕਰੋ ਤੇ ਵਾਹਿਗੁਰੂ ਦੇ ਗਜਾਨ ਧਜਾਨ ਵਿਚ ਰਿਹਾ ਕਰੋ। ਇਹ ਪਿਆਰ ਤਾਂ ਪਰਮੇਸ਼ੁਰ ਜੀ ਨਾਲ ਪਾਓ ਤੇ ਪਰਮੇਸ਼ੁਰ ਜੀ ਦੇ ਬਣਾਏ ਬੰਦਿਆਂ ਨਾਲ ਬੁਰਿਆਈਆਂ ਨਾ ਕਰਿਆ ਕਰੋ। ਉਨ੍ਹਾਂ ਨਾਲ ਭਲਿਆਈਆਂ ਕਰਿਆ ਕਰੋ, ਕਿਉਂ ਜੋ ਓਹ ਸਾਰੇ ਪਰਮੇਸ਼ੁਰ ਦੇ ਬਾਲ ਬੱਚੇ ਹਨ। ਇਹ ਪਿਆਰ ਦੁਨੀਆਂ ਨਾਲ ਕਰਿਆ ਕਰੋ।

ਖਾਣ ਪੀਣ ਬਾਬਤ ਜੋ ਸ੍ਰੀ ਗੁਰੂ ਨਾਨਕ ਸਾਹਿਬ ਨੇ ਆਪਣੀ ਮਤਿ ਦਿੱਤੀ ਹੈ ਉਹ ਇਹ ਹੈ-

'ਬਾਬਾ ਹੋਰੁ ਖਾਣਾ ਖੁਸ਼ੀ ਖੁਆਰੁ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥' (ਸਿਰੀ: ਮ: ੧)

ਗੁਰੂ ਨਾਨਕ ਸਾਹਿਬ ਜੀ ਦਾ ਇਹ ਹੁਕਮ ਹਰ ਦੇਸ਼ ਵਿਚ, ਹਰ ਥਾਂ ਸੁਹਣੀ ਤਰ੍ਹਾਂ ਵਰਤਿਆ ਜਾ ਸਕਦਾ ਹੈ। ਇਸ ਦਾ ਅਰਥ ਇਹ ਹੈ ਕਿ ਉਹ ਖਾਣਾ, ਅਰਥਾਤ ਖਾਣ ਦੀ ਚੀਜ਼, ਨਾ ਖਾਓ ਜਿਸ ਦੇ ਖਾਣ ਨਾਲ ਤੁਹਾਡੇ ਸਰੀਰ ਵਿਚ ਕੋਈ ਖੇਚਲ ਪੈਦਾ ਹੋ ਜਾਏ,

ਜਿਸ ਤਰ੍ਹਾਂ ਕਿ ਕੋਈ ਪੀੜ ਹੋ ਪਵੇ ਜਾਂ ਕੋਈ ਰੋਗ ਪੈਦਾ ਹੋ ਜਾਏ ਉਹ ਨਾ ਖਾਓ, ਜਾਂ ਉਸ ਦੇ ਖਾਧਿਆਂ ਮਨ ਵਿਚ ਮਾੜੀਆਂ ਗਲਾਂ ਆਉਣ ਲੱਗ ਪੈਣ, ਜਿਸ ਤਰ੍ਹਾਂ ਕਿ ਬਹੁਤ ਮਿਰਚਾਂ ਖਾਧਿਆਂ ਗੁੱਸਾ ਆਉਂਦਾ ਹੈ, ਬਹੁਤ ਘਿਉ ਖਾਧਿਆਂ ਆਲਸ ਤੇ ਦਰਿੱਦ੍ਰ ਪੈਂਦਾ ਹੈ, ਇਹੋ ਜੇਹੀਆਂ ਹੋਰ ਮਾੜੀਆਂ ਗੱਲਾਂ, ਜਿਨ੍ਹਾਂ ਚੀਜ਼ਾਂ ਦੇ ਖਾਧਿਆਂ, ਅੰਦਰ ਫੁਰਨ ਲੱਗ ਜਾਣ ਉਹ ਖਾਣਾ ਨਾ .ਖਾਓ। ਹਰ ਬੰਦਾ ਹਰ ਥਾਂ ਆਪੇ ਆਪਣੀ ਸੋਚ ਕਰ ਲਿਆ ਕਰੇ।

ਇਹ ਖਾਣੇ ਪੀਣੇ ਦਾ ਧਰਮ ਸ਼ਾਸਤ੍ਰ ਹੈ ਜੋ ਸ੍ਰੀ ਗੁਰੂ ਨਾਨਕ ਸਾਹਿਬ ਨੇ ਦਿੱਤਾ ਹੈ ਤੇ ਸਦਾ ਸਭ ਥਾਂ ਸੁਖਦਾਈ ਹੈ।

ਸ੍ਰੀ ਗੁਰੂ ਜੀ ਦੀ ਉਸ ਵੇਲੇ ਦੀ ਕੀਤੀ ਇਹ ਕਰਾਮਾਤ ਬੀ ਲਿਖੀ ਹੋਈ ਮਿਲਦੀ ਹੈ ਕਿ ਜਦ ਸਾਰੇ ਗੁਰੂ ਜੀ ਦੀ ਦਿੱਤੀ ਮਤਿ ਦੇ ਕਾਇਲ, ਅਰਥਾਤ ਮੰਨਣ ਵਾਲੇ ਹੋ ਗਏ ਤਾਂ ਸ੍ਰੀ ਗੁਰੂ ਜੀ ਨੇ ਆਗਿਆ ਕੀਤੀ ਕਿ ਮਟਕਾ ਜੋ ਰਿਝ ਚੁਕਾ ਹੈ ਖੋਹਲੋ ਤੇ ਖਾਓ। ਜਦ ਉਹ ਖੁਹਲਿਆ ਤਾਂ ਉਸ ਵਿਚੋਂ ਖੀਰ ਨਿਕਲੀ ਜੋ ਉਸ ਵੇਲੇ ਸਾਰੇ ਮਤਾਂ ਦੇ ਆਏ ਹੋਏ ਪੰਡਤਾਂ ਤੇ ਆਮ ਲੋਕਾਂ ਨੇ ਪ੍ਰਸ਼ਾਦ ਲੈ ਕੇ ਖਾਧੀ ਤੇ ਮੰਨ ਗਏ ਕਿ-

"ਕਲਿ ਤਾਰਨ ਗੁਰੁ ਨਾਨਕ ਆਇਆ" ਹੈ।

❖❖❖

## ੪੯. ਮਨਸੁਖ-ਸ਼ਿਵਨਾਭ

**ਸ੍ਰੀ** ਗੁਰੂ ਨਾਨਕ ਦੇਵ ਜੀ ਘਰ ਬਾਰ, ਹੱਟੀ ਪੱਟੀ ਸਭ ਕੁਛ ਛੱਡਕੇ ਵਾਹਿਗੁਰੂ ਜੀ ਦੀ ਸੇਵਾ ਅੱਗੇ ਰੱਖਕੇ ਘਰੋਂ ਟੁਰ ਕੇ ਹਰਦੁਆਰ ਪੁੱਜੇ ਹੋਏ ਤੇ ਉਥੋਂ ਟੁਰਕੇ ਕੁਰਛੇਤਰ ਅੱਪੜੇ ਤੇ ਓਥੇ ਵਰਤੀ ਗ੍ਰਹਣ ਦੀ ਸਾਖੀ ਅਸੀਂ ਪੜ੍ਹ ਆਏ ਹਾਂ। ਓਧਰ ਉਨ੍ਹਾਂ ਦਾ ਪਿਆਰਾ ਸਿੱਖ ਮਨਸੁਖ ਜੋ ਲਾਹੌਰ ਸ਼ਹਿਰ ਦਾ ਵਾਸੀ ਸੀ ਤੇ ਵਪਾਰ ਕਰਦਾ ਸੀ ਘਰੋਂ ਟੁਰਕੇ

ਸੰਗਲਾਦੀਪ ਜਾ ਪਹੁੰਚਾ। ਸੰਗਲਾਦੀਪ ਹਿੰਦੁਸਤਾਨ ਦੇ ਧੁਰ ਹੇਠਾਂ ਦੂਰ ਇਕ ਟਾਪੂ ਹੈ। ਏਥੇ ਇਹ ਲਾਹੌਰ ਵਾਸੀ ਆਪਣੇ ਵਪਾਰ ਲਈ ਜਾਂਦਾ ਹੁੰਦਾ ਸੀ। ਹੁਣ ਬੀ ਇਹ ਆਪਣੇ ਕਿਸੇ ਵਣਜ ਵਪਾਰ ਲਈ ਗਿਆ ਸੀ। ਓਥੇ ਕੋਈ ਦਿਨ ਵਰਤ ਦਾ ਆ ਗਿਆ। ਵਰਤ ਆਖਦੇ ਹਨ ਸਾਰਾ ਦਿਨ ਭੁੱਖੇ ਰਹਿਣ ਨੂੰ ਜਾਂ ਅੰਨ ਨਾ ਖਾਣਾ ਤੇ ਕੁਛ ਥੋੜਾ ਫਲ ਚੱਖ ਛੋੜਨਾ। ਇਸ ਭੁੱਖੇ ਰਹਿਣ ਨੂੰ ਲੋਕੀ ਸਮਝਦੇ ਹਨ ਕਿ ਪੁੰਨ ਕਰਮ ਹੈ। ਬਹੁਤ ਭਲੇ ਕੰਮ ਨੂੰ ਪੁੰਨ ਕਰਮ ਕਹੀਦਾ ਹੈ। ਸਾਰੇ ਲੋਕਾਂ ਨੇ ਵਰਤ ਰਖਿਆ, ਪਰ ਮਨਸੁਖ ਨੇ ਵਰਤ ਨਾ ਰਖਿਆ।

ਇਸ ਦੇ ਵਰਤ ਨਾ ਰੱਖਣ ਤੇ ਲੋਕੀਂ ਗੁੱਸੇ ਹੋ ਗਏ ਤੇ ਉਸ ਇਲਾਕੇ ਦੇ ਰਾਜੇ ਦੇ ਆਦਮੀ ਉਸਨੂੰ ਫੜ ਕੇ ਰਾਜਾ ਕੋਲ ਲੈ ਗਏ। ਰਾਜੇ ਨੇ ਪੁੱਛਿਆ-ਭਾਈ ਪਰਦੇਸੀਆ! ਤੂੰ ਹਿੰਦੂ ਲਗਦਾ ਹੈਂ, ਵਰਤ ਕਿਉਂ ਨਹੀਂ ਰੱਖਿਆ? ਪੂਜਾ ਇਸ਼ਨਾਨ ਕਿਉਂ ਨਹੀਂ ਕੀਤਾ?

ਮਨਸੁਖ-ਹੇ ਰਾਜਾ, ਮੈਂ ਪਰਮੇਸ਼ਰ ਜੀ ਨੂੰ ਮਿਲਣ ਦਾ ਚਾਹਵਾਨ ਹਾਂ। ਉਸ ਨੂੰ, ਪਹੁੰਚਣ ਦੇ ਦੋ ਰਸਤੇ ਹਨ-ਇਕ ਤਾਂ ਹੈ, ਟੁਰਕੇ ਜਾਣਾ ਕੀੜੀ ਵਾਂਙੂ, ਦੂਜਾ ਹੈ 'ਪੰਛੀ ਵਾਂਙੂ ਉੱਡਕੇ ਜਾਣਾ'। ਮੈਂ ਪੰਛੀ ਮਾਰਗ ਦਾ ਟੁਰਨ ਵਾਲਾ ਹਾਂ। ਵਰਤ ਨੇਮ ਤੇ ਹੋਰ ਕਰਮ ਕਾਂਡੀਆਂ ਦੇ ਕਰਮ-ਤੀਰਥਾਂ ਤੇ ਨ੍ਹਾਉਣਾ ਆਦਿਕ ਇਹ ਕੀੜੀ ਮਾਰਗ ਹੈ, ਭਾਵ ਕੀੜੀ ਦੇ ਟੁਰਨੇ ਵਾਂਙੂ ਹੈ। ਮੇਰਾ ਰਾਹ ਪੰਛੀ ਵਾਂਙੂ ਉਡਾਰੀ ਦਾ ਹੈ।

ਰਾਜਾ ਹਰਿਆਨ ਹੋ ਕੇ ਬੋਲਿਆ-ਉਹ ਰਾਹ ਦੱਸ ਖਾਂ ਕੀਹ ਹੈ?

ਮਨਸੁਖ-ਉਹ ਰਾਹ ਹੈ ਰਾਜਾ! ਕਰਤਾਰ ਸਿਰਜਣਹਾਰ ਨੂੰ ਪਿਆਰ ਕਰਨਾ। ਦਿਲ ਵਿਚ ਰੱਬ ਜੀ ਨੂੰ ਚਿਤਾਰਨਾ-ਯਾਦ ਰਖਣਾ ਕਿ ਮੇਰੇ ਕੋਲ ਹੈ, ਮੇਰੇ ਅੰਦਰ ਹੈ। ਮੈਂ ਉਸ ਨੂੰ ਯਾਦ ਰੱਖਣਾ ਹੈ ਤੇ ਅੰਦਰੋਂ ਅੰਦਰ ਪਿਆਰ ਕਰਨਾ ਹੈ। ਪਿਆਰ ਨਾਲ ਜਿਸ ਨੂੰ ਯਾਦ ਕਰੀਦਾ ਹੈ, ਦਿਲ ਵਿਚ ਉਸ ਦੇ ਨੇੜੇ ਹੋ ਜਾਈਦਾ ਹੈ। ਜਪ, ਤਪ,

ਵਰਤ, ਤੀਰਥ ਘੁੰਮਣਾ ਆਦਿ ਹਉਮੈਂ ਦੇ ਕਰਮ* ਹਨ, ਅਰਥਾਤ ਮੈਂ ਚੰਗਾ ਹਾਂ, ਮੈਂ ਨੇਮੀ ਵਰਤ ਰੱਖਣੇ ਵਾਲਾ ਹਾਂ, ਐਉਂ ਮੈਂ ਮੈਂ ਕਰਕੇ ਕਰੀਦਾ ਹੈ। ਲੋਕਾਂ ਵਿਚ ਚੰਗੇ ਤੇ ਵਡੇ ਵਡੇ ਬਣ ਬਣ ਬਹੀਦਾ ਹੈ। ਇਸ ਨਾਲ ਕਰਤਾ ਪੁਰਖ ਜੀ ਦੂਰ ਰਹਿ ਜਾਂਦੇ ਹਨ। ਉਨ੍ਹਾਂ ਵਲ ਧਿਆਨ ਹੀ ਨਹੀਂ ਪੈਂਦਾ। ਪਰ ਜੇ ਕਰਤਾਰ ਨੂੰ ਦਿਲ ਵਿਚ ਪਿਆਰ ਕਰੋ ਤਾਂ ਹਉਮੈ ਘਟਦੀ ਹੈ। ਜਿਵੇਂ ਮਾਂ ਬੱਚੇ ਨੂੰ ਪਿਆਰ ਕਰਦੀ ਹੈ, ਪੁਤ ਪਿਉ ਨੂੰ ਪਿਆਰ ਕਰਦਾ ਹੈ, ਸੋ ਪਿਆਰ ਕਰਨ ਵਾਲਾ ਆਪਣੇ ਪਿਆਰੇ ਦੇ ਸੁਖ ਵਿਚ ਆਪਣਾ ਸੁਖ ਭੁੱਲ ਜਾਂਦਾ ਹੈ। ਹੈ ਕਿ ਨਹੀਂ? ਮਾਂ ਆਪ ਭੁੱਖੀ ਰਹਿ ਕੇ ਬੱਚੇ ਨੂੰ ਟੁੱਕ ਦੇਂਦੀ ਹੈ।

ਰਾਜਾ-ਹੇ ਵਪਾਰੀ! ਤੂੰ ਇਹ ਪੰਛੀ ਰਾਹ ਕਿਥੋਂ ਸਿੱਖਿਆ?

ਮਨਸੁਖ-ਆਪਣੇ ਸੱਚੇ ਗੁਰੂ ਪਾਸੋਂ।

ਰਾਜਾ-ਐਸਾ ਗੁਰੂ ਕੌਣ ਹੈ?

ਮਨਸੁਖ-ਰਾਜਾ ਜੀ ਸੁਣੋ! ਕਲਜੁਗ ਨੂੰ ਤਾਰਨ ਵਾਸਤੇ ਉਹ ਗੁਰੂ ਧੁਰੋਂ ਆਇਆ ਹੈ। ਆਪ ਕਰਤਾਰ ਨਾਲ ਸਦਾ ਜੁੜਿਆ ਰਹਿੰਦਾ ਹੈ ਤੇ ਹੋਰਨਾਂ ਨੂੰ ਉਸ ਨਾਲ ਜੋੜਦਾ ਹੈ। ਉਹ ਆਪ ਸਮੁੱਚਾ ਪਿਆਰ ਹੀ ਪਿਆਰ ਹੈ। ਦਰਸ਼ਨ ਕੀਤਿਆਂ ਆਪਣੇ ਪਿਆਰ ਵਿਚ ਖਿੱਚ ਲੈਂਦਾ ਹੈ।

ਰਾਜਾ-ਉਸ ਦਾ ਨਾਉਂ ਕੀ ਹੈ?

ਮਨਸੁਖ ਦੇ ਨੈਣ ਉਪਰ ਨੂੰ ਉਠ ਗਏ। ਪਾਣੀ ਡੁਲਣ ਲੱਗ ਪਿਆ ਅੱਖੀਆਂ ਵਿਚੋਂ; ਤੇ ਜ਼ਰਾ ਕੁ ਕੰਬ ਕੇ ਬੋਲਿਆ:-

ਸ੍ਰੀ ਗੁਰੂ ਨਾਨਕ ਦੇਵ
ਸ੍ਰੀ ਗੁਰੂ ਨਾਨਕ ਦੇਵ

---

*ਜੋ ਕੰਮ ਕਰੀਦੇ ਹਨ ਕਿ ਲੋਕ ਮੈਨੂੰ ਬੜਾ ਵੱਡਾ ਸਮਝਣ, ਉਹਨਾਂ ਨੂੰ ਹਉਮੈ ਦੇ ਕਰਮ ਆਖੀਦਾ ਹੈ।

ਕਲਿ ਤਾਰਣ ਗੁਰੁ ਨਾਨਕ ਆਇਆ।

ਪਤਾ ਨਹੀਂ ਮਨਸੁਖ ਕਿਸ ਪਿਆਰ ਨਾਲ, ਕਿਸ ਮਨ ਦੇ ਉਛਾਲੇ ਤੇ ਪ੍ਰੇਮ ਨਾਲ ਸਤਿਗੁਰਾਂ ਦਾ ਨਾਂ ਲੈ ਚੁਕਾ ਕਿ ਰਾਜੇ ਦੇ ਸੁਣਦੇ ਸਾਰ ਸਾਰੇ ਸਰੀਰ ਨੂੰ ਪਿਆਰ ਨਾਲ ਕਾਂਬਾ ਆ ਗਿਆ। ਨੈਣ ਭਰ ਆਏ ਤੇ ਮਾਨੋਂ ਐਉਂ ਹੋ ਗਿਆ ਜਿਵੇਂ ਉਸ ਨੂੰ ਵੀ ਗੁਰੂ ਜੀ ਦਾ ਪਿਆਰ ਪੈ ਗਿਆ ਹੈ ਤੇ ਉੱਡਕੇ ਮਿਲਣਾ ਲੋਚਦਾ ਹੈ। ਕਿੰਨੇ ਚਿਰ ਪਿਛੋਂ ਰਾਜਾ ਨੇ ਕਿਹਾ-ਮਨਸੁਖਾ! ਲੈ ਚਲ ਨਾਲ, ਦਿਖਾ ਦੇ ਦਰਸ਼ਨ, ਮਿਲਾ ਦੇ ਗੁਰੂ ਪਿਆਰਾ।...ਰਾਜ ਭਾਗ ਕੁਛ ਨਹੀਂ। ਛੁਡਾ ਤੇ ਲੈ ਚੱਲ ਨਾਲ ਤਾਂ ਮਨਸੁਖ ਨੇ ਕਿਹਾ:-

ਰਾਜਾ! ਰਾਜ ਛੱਡਣ ਦੀ ਲੋੜ ਨਹੀਂ, ਬੈਠੇ ਧਰਮ ਨਿਆਂ ਦਾ ਰਾਜ ਕਰੋ। ਪਰ ਗੁਰੂ ਨਾਨਕ, ਸੁਹਣੇ ਗੁਰੂ ਨਾਨਕ ਨੂੰ ਦਿਲ ਵਿਚ ਯਾਦ ਰਖੋ। ਸਮਝੋ ਕਿ ਉਹ ਤੁਹਾਡੇ ਆਪਣੇ ਹਨ, ਤੁਹਾਡੇ ਕੋਲ ਹਨ। ਤੁਹਾਡੇ ਪ੍ਰੇਮ ਦੀ ਖਿੱਚ ਖਾਕੇ ਉਹ ਆਪ ਆਉਣਗੇ ਤੇ ਦਰਸ਼ਨ ਦੇਣਗੇ, ਤਾਰਨਗੇ ਤੇ ਪਿਆਰਨਗੇ।

ਇਸ ਤਰ੍ਹਾਂ ਰਾਜਾ ਨੂੰ ਮਨਸੁਖ ਨਾਲ ਪਿਆਰ ਪੈ ਗਿਆ। ਰੋਜ਼ ਪਾਸ ਸੱਦੇ, ਗੁਰੂ ਜੀ ਦੇ ਗੁਣ ਸੁਣੇ ਤੇ ਵੱਧ ਤੋਂ ਵੱਧ ਮਿਲਣ ਦੇ ਚਾ ਵਿਚ ਆਵੇ। ਗੱਲ ਕਾਹਦੀ, ਜੀਕੂੰ ਮਨਸੁਖ ਨੂੰ ਗੁਰੂ ਜੀ ਨਾਲ ਪ੍ਰੇਮ ਸੀ, ਸਗਵਾਂ ਉਹੋ ਜਿਹਾ ਪ੍ਰੇਮ ਰਾਜਾ ਨੂੰ ਗੁਰੂ ਜੀ ਨਾਲ ਪੈ ਗਿਆ। ਮਨਸੁਖ ਨੇ ਤਸੱਲੀ ਦਿੱਤੀ ਕਿ ਜਿੱਥੇ ਪ੍ਰੇਮ ਹੋਵੇ ਓਥੇ ਉਹ ਆਪ ਪੁੱਜਦੇ ਹਨ ਤੇ ਚਰਨੀਂ ਲਾ ਲੈਂਦੇ ਹਨ।

ਐਉਂ ਪੂਰੀ ਸਿੱਕ ਲਾਕੇ, ਨਿਸ਼ਾਨੀਆਂ ਪਤਾ ਦੱਸਕੇ ਮਨਸੁਖ ਸੰਗਲਾਦੀਪ ਤੋਂ ਆਪਣੇ ਦੇਸ਼ ਨੂੰ ਟੁਰ ਆਯਾ।

❖❖❖

# ੫੦. ਪਾਣੀਪਤ।

**ਉਧਰ** ਸ੍ਰੀ ਗੁਰੂ ਜੀ ਕੁਰਛੇਤਰ ਨੂੰ ਛੱਡ ਕੇ ਹੇਠਲੇ ਪਾਸੇ ਵਲ ਟੁਰ ਪਏ, ਕੁਛ ਪੱਛੋਂ ਦਾ ਰੁਖ਼ ਲੈ ਕੇ ਪਾਣੀਪਤ ਆ ਗਏ। ਪਾਣੀਪਤ ਦਿੱਲੀ ਵਾਲੀ ਸੜਕ ਉਤੇ ਇਕ ਸ਼ਹਿਰ ਹੈ। ਸ਼ਹਿਰੋਂ ਬਾਹਰ ਇਕ ਖੂਹ ਤੇ ਗੁਰੂ ਜੀ ਆ ਬੈਠੇ।

ਇੰਨੇ ਨੂੰ ਇਕ ਫਕੀਰ ਦਾ ਚੇਲਾ ਆ ਗਿਆ। ਇਸ ਦਾ ਨਾਉਂ ਤਾਂ ਸੀ ਸ਼ੇਖ ਤਾਹਰ, ਪਰ ਲੋਕੀਂ ਆਖਦੇ ਸਨ 'ਸ਼ੇਖ ਟਟੀਹਰੀ'। ਇਸ ਨੇ ਡਿੱਠਾ ਜਦੋਂ ਖੂਹ ਤੇ ਤਾਂ ਜਾਤੋ ਸੁ ਕਿ ਕੋਈ ਮੁਸਲਮਾਨ ਫ਼ਕੀਰ ਕਿ ਸੰਤ ਬੈਠੇ ਹਨ ਤਾਂ ਆਖਿਓਸੁ: 'ਦਰਵੇਸ਼ ਅੱਲਾ ਦੇ! ਸਲਾਮ ਅਲੈਕਮ'। ਇਹ ਬੋਲਾ ਮੁਸਲਮਾਨ ਮਿਲਨ ਤੇ ਬੋਲਿਆ ਕਰਦੇ ਹਨ। ਅਗੋਂ ਗੁਰੂ ਜੀ ਨੇ ਮੁਸਲਮਾਨਾਂ ਵਾਂਙੂ 'ਵਅਲੈਕਮ ਸਲਾਮ' ਨਾ ਕਿਹਾ, ਸਗੋਂ ਆਖਿਆ 'ਅਲੇਖ ਕਉ ਸਲਾਮ ਹੈ ਪੀਰ ਕੇ ਦਸਤ ਪੇਸ਼!'। ਅਰਥਾਤ-ਹੇ ਪੀਰ ਦੇ ਚੇਲੇ! ਸਾਡੀ ਸਲਾਮ ਪਰਮੇਸ਼ਰ ਨੂੰ ਹੋਵੇ। ਟਟੀਹਰੀ ਹੈਰਾਨ ਹੋ ਗਿਆ ਤੇ ਡੇਰੇ ਆ ਕੇ ਪੀਰ ਨੂੰ ਆਖਣ ਲਗਿਆ ਅਜ ਇਕ ਦਰਵੇਸ਼ (ਅਰਥਾਤ ਫਕੀਰ) ਡਿੱਠਾ ਹੈ ਜਿਸ ਨੇ 'ਸਲਾਮ' ਨੂੰ ਉਲਟਾ ਪੁਲਟਾ ਕੇ ਮੋੜ ਦਿੱਤਾ ਹੈ, ਹੋਰਵੇਂ ਹੋਰਵੇਂ ਬੋਲਦਾ ਹੈ। ਆਖਿਓ ਸੂ 'ਅਲੇਖ ਕਉ ਸਲਾਮ'। ਤਾਂ ਪੀਰ ਬੋਲਿਆ: 'ਜੋ ਅਲੇਖ ਨੂੰ ਸਲਾਮ ਕਰਦਾ ਹੈ ਉਹ ਕੋਈ ਵੱਡਾ ਫ਼ਕੀਰ ਹੈ, ਵੱਡਾ ਬਜ਼ੁਰਗ ਹੈ। ਚੱਲ ਚਲੀਏ ਉਸ ਦੇ ਦਰਸ਼ਨ ਕਰੀਏ।' ਬਜ਼ੁਰਗ ਬਹੁਤੇ ਵੱਡੇ ਤੇ ਚੰਗੇ ਨੂੰ ਆਖਦੇ ਹਨ। ਗਲ ਕੀ ਦੋਵੇਂ ਓਸ ਖੂਹ ਤੇ ਆਏ। ਪੀਰ ਨੇ ਜਿਸ ਦਾ ਨਾਉਂ 'ਸ਼ਰਫ' ਮਸ਼ਹੂਰ ਸੀ, ਆ ਸਲਾਮ ਕੀਤੀ ਤਾਂ ਗੁਰੂ ਜੀ ਨੇ ਉਹੋ ਗਲ ਆਖੀ 'ਅਲੇਖ* ਕਉ ਸਲਾਮ' ਤਦ

*ਅਲੇਖ ਬੀ ਰੱਬ ਜੀ ਨੂੰ ਆਖਦੇ ਹਨ।

ਫਕੀਰ ਨੇ ਪੁੱਛਿਆ ਆਪ ਦਾ ਲਟਾ ਪਟਾ ਕੋਈ ਨਹੀਂ, ਦਿੱਸਦੇ ਫ਼ਕੀਰ ਹੋ, ਮੈਂ ਸੁਆਲ ਕੋਈ ਪੁੱਛਾਂ ਜਵਾਬ ਦਿਓਗੇ? ਗੁਰੂ ਜੀ ਬੋਲੇ: ਪੁੱਛੋ।

ਤਦ ਪੀਰ ਨੇ ਕਈ ਗੱਲਾਂ ਪੁੱਛੀਆਂ। ਜਿਨ੍ਹਾਂ ਦੇ ਉੱਤਰ ਸ੍ਰੀ ਗੁਰੂ ਜੀ ਨੇ ਦਿੱਤੇ। ਜਿਨ੍ਹਾਂ ਦਾ ਸਾਰ ਯਾ ਨਿਚੋੜ ਇਉਂ ਦਾ ਹੈ ਕਿ ਦਰਵੇਸ਼ ਯਾ ਫ਼ਕੀਰ ਯਾ ਰਬ ਦਾ ਪਿਆਰਾ ਉਹ ਹੈ ਜੋ ਜੀਉਂਦਾ ਮਰੇ। ਇਸ ਦਾ ਅਰਥ ਹੈ ਜੋ ਮਾੜੇ ਕਰਮ ਨਾ ਕਰੇ, ਕਿਸੇ ਨੂੰ ਦੁਖਾਵੇ ਨਾ, ਰਬ ਜੀ ਨੂੰ ਭੁੱਲੇ ਨਾ, ਗੁੱਸੇ ਵਿਚ ਨਾ ਆਵੇ, ਆਪਣਾ ਹੱਕ ਪਛਾਣੇ, ਕਿਸੇ ਦਾ ਹੱਕ ਨਾ ਮਾਰੇ, ਹਿਰਸ (ਲਾਲਚ) ਵਿਚ ਨਾ ਆਵੇ, ਰੋਜ਼ ਕਰਤਾਰ ਦੇ ਨਾਮ ਨੂੰ ਯਾਦ ਕਰੇ, 'ਏਕਾਂਤ[੧] ਬੈਠਕੇ ਬੀ ਕਿਸੇ ਵੇਲੇ ਮਨ ਦਾ ਧਿਆਨ ਕਰਤਾਪੁਰਖ[੨] ਵਿਚ ਜੋੜੇ। ਐਸਾ ਪੁਰਖ ਅਸਲੀ ਸਾਧ ਯਾ ਸੰਤ ਯਾ ਫਕੀਰ ਯਾ ਦਰਵੇਸ਼ ਕਹੀਦਾ ਹੈ।

"ਤਬਿ ਸ਼ੇਖ ਸ਼ਰਫ ਆਖਿਆ:-'ਵਾਹੁ ਵਾਹੁ ਖ਼ੁਦਾਇ ਦਿਆ ਸਹੀ ਕਰਣ ਵਾਲਿਆਂ ਦਾ ਕਿਆ ਸਹੀ ਕੀਚੈ[੩], ਉਨਕਾ ਦੀਦਾਰੁ[੪] ਹੀ ਬਹੁਤ ਹੈ' ਤਬਿ ਆਇ ਦਸਤਪੋਸੀ[੫] ਕੀਤੀਓਸ, ਅਤੇ ਪੈਰ ਚੁੰਮਿਓਸੁ, ਡੇਰੇ ਕਉ ਹੋਆ। ਤਬਿ ਬਾਬਾ ਮਰਦਾਨਾ ਰਵਦੇ[੬] ਰਹੇ"[੭]। ਅਰਥਾਤ ਸ਼ੇਖ ਨੇ ਕਿਹਾ ਕਿ ਤੁਸੀਂ ਪੂਰੇ ਹੀ ਪਰਮੇਸ਼ੁਰ ਦੇ ਹੋ, ਤੁਹਾਨੂੰ ਪੁਛਣ, ਦੱਸਣ, ਪਰਖਣ ਦੀ ਕੋਈ ਲੋੜ ਨਹੀਂ, ਕਿਉਂਕਿ ਤੁਸਾਂ ਤਾਂ ਪਰਮੇਸ਼ੁਰ ਨੂੰ ਸਹੀ ਕਰ ਲਿਆ, ਅਰਥਾਤ ਪਛਾਣ ਲਿਆ ਹੈ। ਇਹ ਕਹਿਕੇ ਹੱਥ ਮਿਲਾਕੇ ਫਿਰ ਪੈਰ ਚੁੰਮਓਸ ਤੇ ਫੇਰ ਆਪਣੇ ਘਰ ਆ ਗਿਆ।

ਫੇਰ ਮਰਦਾਨਾ ਤੇ ਗੁਰੂ ਜੀ ਅੱਗੇ ਨੂੰ ਟੁਰ ਪਏ।

❖❖❖

੧. ਇਕੱਲਿਆਂ। ੨. ਰੱਬ ਜੀ। ਪਰਮੇਸ਼ੁਰ।
੩. ਜਿਸਨੇ ਰੱਬ ਪਛਾਣ ਲਿਆ ਉਨ੍ਹਾਂ ਨੂੰ ਹੋਰ ਕੀਹ ਪੁੱਛਣਾ ਹੈ।
੪. ਦਰਸ਼ਨ। ੫. ਹਥ ਮਿਲਾਕੇ। ਹਥ ਵਿਚ ਹਥ ਲੈ ਕੇ ਚੁੰਮਣਾ। ਠੀਕ ਪਦ ਹੈ ਦਸਤਬੋਸੀ। ੬. ਤੁਰ ਪਏ।
੭. ਪੁਰਾਤਨ ਜਨਮ ਸਾਖੀ।

# ੫੧. ਦਿੱਲੀ।

**ਸੋ** ਗੁਰੂ ਜੀ ਪਾਣੀਪਤ ਤੋਂ ਤੁਰੇ। ਰਸਤੇ ਵਿਚ ਕਿਤੇ ਠਹਿਰਦੇ ਕਿਸੇ ਨੂੰ ਤਾਰਦੇ ਦਿੱਲੀ ਪਹੁੰਚੇ। ਦਿੱਲੀ ਤੋਂ ਦੋ ਤ੍ਰੈ ਮੀਲ ਉਰੇ ਜਮਨਾ ਕਿਨਾਰੇ ਡੇਰਾ ਕੀਤਾ। ਏਥੇ ਇਕ ਮਜਨੂੰ ਨਾਮੇ ਫਕੀਰ ਹੋਇਆ ਹੈ। ਏਥੇ ਹੀ ਪਾਸ ਵਾਰ ਉਸ ਵੇਲੇ ਦੇ ਪਾਤਸ਼ਾਹ ਇਬਰਾਹੀਮ ਲੋਧੀ ਦਾ ਫੀਲਖਾਨਾ ਸੀ। ਜਿਵੇਂ ਘੋੜੇ ਬੰਨ੍ਹਣ ਦੀ ਥਾਂ ਨੂੰ ਤਬੇਲਾ ਕਹੀਦਾ ਹੈ ਤਿਵੇਂ ਹਾਥੀ ਜਿਥੇ ਰਖੇ ਜਾਣ ਉਸ ਥਾਂ ਨੂੰ ਫੀਲਖਾਨਾਂ ਆਖਦੇ ਹਨ। ਦਿੱਲੀ ਦੇ ਜਿਸ ਪਾਸੇ ਗੁਰੂ ਜੀ ਜਾ ਬੈਠੇ ਸਨ ਉਸ ਪਾਸੇ ਨੂੰ ਲੋਕੀ ਤੀਮਾਰਪੁਰ ਆਖਦੇ ਹਨ, ਪਾਸ ਦੇ ਪਿੰਡ ਦਾ ਨਾਂ ਚੰਦ੍ਰਾਵਲ ਹੈ। ਜਮਨਾ ਦਾ ਕਿਨਾਰਾ, ਜੋ ਏਥੋਂ ਨਦੀ ਤੋਂ ਬਹੁਤ ਉੱਚਾ ਹੈ, ਸ੍ਰੀ ਗੁਰੂ ਜੀ ਨੇ ਇਥੇ ਬ੍ਰਿਛਾਂ ਹੇਠ ਡੇਰਾ ਕੀਤਾ। ਰਾਤ ਪਰਮੇਸ਼ੁਰ ਦੇ ਪ੍ਰੇਮ ਵਿਚ ਗੁਜ਼ਾਰੀ। ਅੰਮ੍ਰਿਤ ਵੇਲੇ ਮਰਦਾਨੇ ਨੇ ਕੀਰਤਨ ਦਾ ਭੋਗ ਪਾਇਆ ਤਾਂ ਸ੍ਰੀ ਗੁਰੂ ਜੀ ਦੇ ਸੋਹਣੇ ਕੰਨਾਂ ਵਿਚ ਰੋਣ ਦੀ ਆਵਾਜ਼ ਪਈ। ਤਵ ਗੁਰੂ ਜੀ ਨੇ ਮਰਦਾਨੇ ਨੂੰ ਕਿਹਾ ਭਾਈ ਰੋਣ ਦੀ ਅਵਾਜ਼ ਤੇ ਜਾਹ ਤੇ ਪਤਾ ਲਿਆ ਕਿ ਕਿਉਂ ਕੋਈ ਰੋਂਦੇ ਪਏ ਹੈਨ। ਮਰਦਾਨਾ ਜਾਂ ਪਤਾ ਲੈ ਕੇ ਪਰਤ ਆਇਆ ਤਾਂ ਗੁਰੂ ਜੀ ਨੂੰ ਦੱਸਣ ਲੱਗਾ ਕਿ ਜੀ ਫੀਲਖਾਨੇ ਵਿਚ ਇਕ ਹਾਥੀ ਮਰ ਗਿਆ ਹੈ। ਤੇ ਉਸ ਦਾ ਮਹਾਵਤ ਤੇ ਮਹਾਵਤ ਦਾ ਟੱਬਰ ਰੋ ਰਹੇ ਹਨ। ਹਾਥੀ ਦੇ ਟੋਰਨ ਵਾਲੇ ਨੂੰ ਮਹਾਵਤ ਆਖਦੇ ਹਨ। ਕੂਲੇ ਕੂਲੇ ਦਿਲ ਵਾਲੇ ਗੁਰੂ ਜੀ ਉਠੇ ਤੇ ਓਥੇ ਜਾ ਖੜੋਤੇ ਜਿਥੇ ਹਾਥੀਵਾਨ ਤੇ ਉਸ ਦਾ ਟੱਬਰ ਰੋ ਰਿਹਾ ਸੀ। ਜਾ ਕੇ ਪੁੱਛਣ ਲਗੇ? ਭਾਈ ਤੁਸੀਂ ਕਾਸਨੂੰ ਰੋਂਦੇ ਹੋ?

ਮਹਾਵਤ-ਰਬ ਦੇ ਸੁਆਰਿਆ ਦਾਤਿਆ! ਹਾਥੀ ਮਰ ਗਿਆ ਹੈ।

ਸ੍ਰੀ ਗੁਰੂ ਜੀ-ਫੇਰ ਹਾਥੀ ਪਾਤਸ਼ਾਹ ਦਾ ਹੈ। ਉਸ ਨੂੰ ਧੰਨ ਦੀ

ਪਰਵਾਹ ਨਹੀਂ, ਇਕ ਮਰ ਗਿਆ, ਦਸ ਹੋਰ ਖਰੀਦ ਲਏਗਾ, ਤੁਸੀਂ ਕਾਸਨੂੰ ਰੋਂਦੇ ਹੋ?

ਮਹਾਵਤ-ਪਾਤਸ਼ਾਹ! ਇਹ ਰੋਣਾ ਤਾਂ ਹੈ ਕਿ ਇਸ ਦੇ ਮਰਨੇ ਦਾ ਗੁੱਸਾ ਸਾਡੇ ਤੇ ਨਾ ਟੁੱਟ ਪਵੇ ਕਿ ਤੁਸਾਂ ਦੀ ਕਿਸੇ ਗਾਫ਼ਲੀ ਕਰਕੇ ਮਰਿਆ ਹੈ। ਦੂਸਰੇ ਉਪਜੀਵਕਾ ਬਣੀ ਹੋਈ ਸੀ, ਅੱਜ ਹੀ ਅਸੀਂ ਬੇ-ਰੁਜ਼ਗਾਰ ਹੋ ਜਾਵਾਂਗੇ। ਫੇਰ ਜਦੋਂ ਹੋਰ ਹਾਥੀ ਆਊ ਕੀ ਪਤਾ ਸਾਨੂੰ ਰਖਿਆ ਜਾਊ ਕਿ ਕੋਈ ਹੋਰ ਥਾਂ ਆ ਮੱਲੂ। ਸਾਡੀ ਰੋਜ਼ੀ ਬੜੀ ਮੁਸ਼ਕਲ ਹੈ ਹਾਥੀ ਜਣੇ ਖਣੇ ਪਾਸ ਨਹੀਂ ਹੁੰਦੇ, ਪਾਤਸ਼ਾਹ ਰਾਜੇ ਹੀ ਹਾਥੀ ਰੱਖਦੇ ਹਨ, ਉਨ੍ਹਾਂ ਦੀਆਂ ਨੌਕਰੀਆਂ ਬਹੁਤ ਔਖੀਆਂ ਲੱਭਦੀਆਂ ਹਨ। ਇਹ ਕਹਿੰਦੇ ਹੋਏ ਓਹ ਹੋਰ ਬਹੁਤ ਰੋਏ।

ਗੁਰੂ ਜੀ ਦੇ ਸੁਹਣੇ ਦਿਲ ਵਿਚ ਤਰਸ ਆ ਗਿਆ, ਆਖਣ ਲਗੇ-'ਜਾਇ ਕਰ ਇਸ ਦੇ ਮੂੰਹ ਉਪਰ ਹਥ ਫੇਰਹੁ ਅਤੇ ਵਾਹਿਗੁਰੂ ਆਖਹੁ'[੧]। ਇਹ ਸੁਣਕੇ ਮਹਾਵਤ ਨੇ ਹਾਥੀ ਦੇ ਮੂੰਹ ਤੇ ਹੱਥ ਫੇਰਿਆ ਤੇ 'ਵਾਹਿਗੁਰੂ' ਆਖਿਆ। ਹਾਥੀ ਹਿੱਲਿਆ ਤੇ ਫੇਰ ਉਠ ਖੜੋਤਾ।

ਇਹ ਖ਼ਬਰ ਦਿੱਲੀ ਦੇ ਪਾਤਸ਼ਾਹ ਇਬਰਾਹੀਮ ਨੂੰ ਪਹੁੰਚੀ ਕਿ ਇਕ ਦਰਵੇਸ਼ ਆਇਆ ਹੈ ਤੀਮਾਰਪੁਰ, ਜਿਸਨੇ ਆਪਦਾ ਮੋਇਆ ਹਾਥੀ ਜਿਵਾਲ ਦਿੱਤਾ ਹੈ। ਤਦ ਪਾਤਸ਼ਾਹ ਨੇ ਹਾਥੀ ਮੰਗ ਘੱਲਿਆ ਤੇ ਉਤੇ ਚੜ੍ਹ ਕੇ ਗੁਰੂ ਜੀ ਪਾਸ ਦਰਸ਼ਨ ਕਰਨ ਆਇਆ। ਆ ਕੇ ਹੇਠਾਂ ਉਤਰਿਆ ਤੇ ਸਲਾਮ ਕਰਕੇ ਪਾਸ ਵਾਰ ਆ ਬੈਠਾ। ਆਖਿਓਸੁ:-

"ਏ ਦਰਵੇਸ਼ ਏਹੁ ਹਾਥੀ ਤੁਸਾਂ ਜੀਵਾਇਆ ਹੈ?" ਤਬਿ ਬਾਬੇ ਆਖਿਆ, 'ਮਾਰਣਿ ਜੀਵਾਲਣਿ ਵਾਲਾ ਖੁਦਾਇ ਹੈ, ਅਤੇ ਦੁਆਇ ਫਕੀਰਾਂ ਰਹਮੁ ਅਲਾਹ ਹੈ'[੨]। ਤਉ ਫਿਰ ਪਾਤਸ਼ਾਹੁ

੧. ਪੁਰਾਤਨ ਜਨਮ ਸਾਖੀ।

੨. ਅਰਥਾਤ ਫਕੀਰ ਦੀ ਅਰਦਾਸ ਨਾਲ ਰੱਬ ਦਇਆ ਕਰਦਾ ਹੈ।

ਆਖਿਆ ਹੁਣ ਇਸ ਨੂੰ 'ਮਾਰਿ ਦਿਖਾਲੁ'; ਤਾਂ ਬਾਬਾ ਬੋਲਿਆ :-

ਸਲੋਕ॥ ਮਾਰੈ ਜੀਵਾਲੈ ਸੋਈ॥ ਨਾਨਕ ਏਕਸੁ ਬਿਨੁ
ਅਵਰੁ ਨ ਕੋਈ॥੧॥

ਤਦ ਹਾਥੀ ਮਰ ਗਿਆ। ਬਹੁੜਿ ਪਾਤਸ਼ਾਹ ਆਖਿਆ 'ਜੀਵਾਲੁ'। ਤਬ ਬਾਬੇ ਕਿਹਾ, 'ਹਜ਼ਰਤਿ[1]! ਲੋਹਾ ਅੱਗ ਵਿਚਿ ਤਪਿ ਲਾਲ ਹੋਂਦਾ ਹੈ, ਪਰ ਉਹ ਰਤੀ ਹੱਥ ਉਪਰਿ ਟਿਕੈ ਨਾਹੀ, ਅਤੇ ਅੰਗਿਆਰ ਕੋਈ ਰਤੀ ਰਹੇ, ਤਿਉਂ ਖੁਦਾਇ ਦੇ ਵਿਚ ਫਕੀਰ ਲਾਲੁ ਹੋਇ ਹੈਨਿ, ਅਤੈ ਖੁਦਾਇ ਕੀ ਸਟੀ ਓਹ ਉਠਾਇ ਲੈਇਨਿ ਪਰ ਉਨਕੀ ਸਟੀ ਉਠਣੇ ਰਹੀ'[2]। ਤਬਿ ਪਾਤਸ਼ਾਹੁ ਸਮਝਿ ਕਰਿ, ਬਹੁਤ ਖੁਸ਼ੀ ਹੋਆ। ਤਬਿ ਆਖਿਓਸੁ, ਜੀ ਕੁਛ ਕਬੂਲ ਕਰ[3] ਤਬਿ ਬਾਬਾ ਬੋਲਿਆ :-

ਸਲੋਕ॥ ਨਾਨਕ ਭੁਖ ਖੁਦਾਇ ਕੀ ਬਿਆ ਬੇਪਰਵਾਹੀ॥
ਅਸਾਂ ਤਲਬ ਦੀਦਾਰ ਕੀ ਬਿਆ ਤਲਬ ਨਾ ਕਾਈ[4]॥

❖❖❖

---

੧. 'ਹਜ਼ਰਤ' ਫਾਰਸੀ ਵਿਚ ਫਕੀਰ, ਰਾਜੇ ਆਦਿ ਵਡੇ ਆਦਮੀ ਨੂੰ ਕਹਿ ਲੈਂਦੇ ਹਨ।

੨. ਰੱਬ ਜਿਸ ਨੂੰ ਮਾਰੇ ਫਕੀਰ ਅਰਦਾਸ ਕਰਨ ਤਾਂ ਮੋਏ ਨੂੰ ਉਠਾਲ ਲੈਣ, ਪਰ ਫਕੀਰ ਜਿਸ ਨੂੰ ਮਾਰੇ ਉਹ ਨਹੀਂ ਉਠਦਾ ਕਿਉਂਕਿ ਪਰਮੇਸ਼ੁਰ ਆਪਣੇ ਫਕੀਰ ਯਾ ਭਗਤ ਨੂੰ ਪਿਆਰ ਕਰਦਾ ਹੈ। ਤੇ ਉਨ੍ਹਾਂ ਦੀ ਕੀਤੀ ਨੂੰ ਬਦਲਦਾ ਨਹੀਂ।

੩. ਕਬੂਲ ਕਰ, ਅਰਥ ਹੈ ਮੈਂ ਕੁਛ ਰੁਪੱਯੇ ਆਦਿ ਭੇਟ ਕਰਦਾ ਹਾਂ ਤੁਸੀਂ ਪਰਵਾਨ ਕਰੋ।

੪. ਅਰਥਾਤ ਸਾਨੂੰ ਇਕ ਰੱਬ ਜੀ ਦੀ ਭੁੱਖ ਹੈ, ਹੋਰ ਧਨ ਪਦਾਰਥ ਦੀ ਕੋਈ ਭੁੱਖ ਨਹੀਂ ਹੈ; ਹਾਂ ਸਾਨੂੰ ਇਕ ਰੱਬ ਦੇ ਦਰਸ਼ਨ ਦੀ ਮੰਗ ਹੈ ਹੋਰ ਕਿਸੇ ਸ਼ੈ ਦੀ ਮੰਗ ਨਹੀਂ ਹੈ।

# ੫੨. ਸ਼ੇਖ ਬਜੀਦ।

**ਦਿੱਲੀ** ਤੋਂ ਗੁਰੂ ਜੀ ਘਰਾਂ ਨੂੰ ਨਾ ਮੁੜੇ ਤੇ ਅੱਗੇ ਨੂੰ ਤੁਰ ਪਏ*। ਮਰਦਾਨਾ ਨਾਲ ਸੀ। ਪੂਰਬ ਵਾਲੇ ਪਾਸੇ ਨੂੰ ਟੁਰ ਪਏ। ਕੁਛ ਪੈਂਡਾ ਜਾ ਕੇ ਇਕ ਰੁੱਖ ਹੇਠਾਂ ਬੈਠ ਗਏ। ਮਰਦਾਨੇ ਕੀਰਤਨ ਕੀਤਾ। ਕੀਰਤਨ ਹੋ ਚੁਕਾ ਤਾਂ ਦੂਰੋਂ ਇਕ ਫਕੀਰ ਸੁਖਪਾਲ ਵਿਚ ਬੈਠਾ ਆਉਂਦਾ ਡਿੱਠਾ, ਛੇ ਕਹਾਰ ਸੁਖਪਾਲ ਨੂੰ ਚੁੱਕੀ ਲਈ ਆਉਂਦੇ ਸਨ। ਸੁਖਪਾਲ ਇਕ ਪ੍ਰਕਾਰ ਦੀ ਡੋਲੀ ਹੁੰਦੀ ਹੈ ਜਿਸ ਨੂੰ ਪਾਲਕੀ ਬੀ ਆਖਦੇ ਹਨ। ਇਹ ਸਵਾਰੀ ਲਈ ਸੁਖਦਾਈ ਹੁੰਦੀ ਹੈ। ਕਹਾਰ ਆਖਦੇ ਹਨ ਡੋਲੀ ਕਿ ਸੁਖਪਾਲ ਨੂੰ ਚੁੱਕਣ ਵਾਲੇ ਨੂੰ, ਉਹ ਅਕਸਰ ਮਹਿਰੇ ਯਾ ਝੀਉਰ ਹੁੰਦੇ ਹਨ। ਗੁਰੂ ਬਾਬਾ ਜੀ ਜਿਥੇ ਬੈਠੇ ਸਨ ਉਸ ਤੋਂ ਥੋੜੀ ਦੂਰ ਇਕ ਰੁੱਖ ਸੀ ਸੰਘਣੀ ਛਾਉਂ ਵਾਲਾ, ਉਸ ਦੇ ਹੇਠਾਂ ਕਹਾਰਾਂ ਨੇ ਪਾਲਕੀ ਰੱਖ ਦਿੱਤੀ। ਹੁਣ ਓਹ ਕਹਾਰ, ਵਿਚ ਬੈਠੇ ਫਕੀਰ ਨੂੰ, ਜੋ ਹੁਣ ਕਹਾਰਾਂ ਦੀ ਕੀਤੀ ਵਿਛਾਈ ਤੇ ਲੇਟ ਗਿਆ ਸੀ, ਮੁੱਠੀਆਂ ਭਰਨ ਲਗ ਪਏ, ਕੋਈ ਇਕ ਪੱਖਾ ਬੀ ਝੱਲਣ ਲੱਗ ਪਿਆ। ਇਸ ਫ਼ਕੀਰ ਨੂੰ ਲੋਕੀਂ ਸ਼ੇਖ ਬਜੀਦ ਆਖਦੇ ਸਨ।

ਇਹ ਵੇਖਕੇ ਮਰਦਾਨੇ ਨੇ ਗੁਰੂ ਜੀ ਨੂੰ ਪੁੱਛਿਆ: ਸੁਹਣੇ ਗੁਰੂ ਜੀ! ਇਹ ਕੀ ਤਮਾਸ਼ਾ ਹੈ? ਨਾਲੇ ਤਾਂ ਇਹ ਫਕੀਰ ਸੁਖਪਾਲ ਵਿਚ ਚੜ੍ਹਕੇ ਆਇਆ ਹੈ, ਨਾਲੇ ਥੱਕ ਗਿਆ ਹੈ। ਆਪ ਤਾਂ ਨਹੀਂ ਸੀ ਟੁਰਿਆ। ਸੁਖਪਾਲੇ ਵਿਚ ਤਾਹੀਓਂ ਬੈਠਾ ਸੀ ਕਿ ਥੱਕਾਂ ਨਾ। ਸੋ ਇਹ ਚੜ੍ਹਕੇ ਆਇਆ ਕੀਕੂੰ ਥਕ ਗਿਆ ਹੈ ਤੇ ਕਹਾਰ, ਜੋ ਇਸ ਨੂੰ ਸੁਖਪਾਲੇ ਵਿਚ ਚੱਕਕੇ ਲਿਆਏ ਹਨ ਓਹਨਾਂ ਨੂੰ ਥੱਕਣਾ ਚਾਹੀਦਾ ਸੀ ਓਹੀ ਉਸ ਨੂੰ ਘੁੱਟਦੇ ਦੱਬਦੇ ਤੇ ਪੱਖੇ ਝੱਲਦੇ ਹਨ।

*ਜਨਮ ਸਾਖੀਆਂ ਵਿਚ ਲਿਖਿਆ ਹੈ ਪਹਿਲੀ ਉਦਾਸੀ ਪੂਰਬ ਦੀ ਕੀਤੀ ਤੇ ਉਹ ਏਥੋਂ ਸ਼ੁਰੂ ਹੁੰਦੀ ਹੈ।

ਗੁਰੂ ਜੀ-ਮਰਦਾਨਿਆਂ! ਤੁਰਦੇ ਰਹਿਣ ਵਾਲੇ ਤਕੜੇ ਰਹਿੰਦੇ ਹਨ, ਭੁੱਖ ਵਧੇਰੇ ਲਗਦੀ ਹੈ, ਖਾਂਦੇ ਹਨ ਤਾਂ ਖਾਣਾ ਪਚ ਜਾਂਦਾ ਹੈ, ਸੋ ਨਰੋਏ ਰਹਿੰਦੇ ਹਨ। ਬੈਠੇ ਰਿਹਾਂ ਭੁੱਖ ਘਟਦੀ ਹੈ, ਜੇ ਬਹੁਤ ਖਾਣ ਤਾਂ ਨਰੋਏ ਨਹੀਂ ਰਹਿੰਦੇ, ਥੋੜਾ ਖਾਣ ਤਾਂ ਤਾਣ ਤਾਕਤ ਘਟਦੀ ਹੈ, ਉਨ੍ਹਾਂ ਦਾ ਸਰੀਰ ਛੇਤੀ ਥੱਕਦਾ ਹੈ। ਤੂੰ ਸੁਣਿਆਂ ਨਹੀਂ 'ਟੁਰਦਾ ਫਿਰਦਾ ਨਾ ਮਰੇ ਤੇ ਬੈਠੜਝਾ ਮਰ ਜਾਇ।'

ਮਰਦਾਨਾ-ਪਰ ਜੀ ਇਹ ਫਕੀਰ ਤਾਂ ਬੁੱਢਾ ਨਹੀਂ, ਬੀਮਾਰ ਨਹੀਂ, ਚੰਗਾ ਭਲਾ ਹੈ, ਇਸ ਨੂੰ ਥਕਾਨ ਕਿਉਂ ਚੜ੍ਹੇ?

ਗੁਰੂ ਜੀ ਹੱਸ ਪਏ ਤੇ ਬੋਲੇ-ਇਸ ਨੂੰ ਦੋ ਥਕਾਨ ਚੜ੍ਹੇ ਹਨ, ਇਕ ਪਿਛਲੇ ਜਨਮ ਦੇ ਹਠਾ ਤਪਾਂ ਦੇ, ਜੋ ਕਰਦਾ ਸੀ ਕਿ ਕਰਾਮਾਤੀ ਸਿਧ ਬਣ ਜਾਵਾਂ ਤੇ ਲੋਕ ਮੇਰੇ ਕੋਲੋਂ ਡਰਨ। ਸੋ ਹਠ ਤਪ ਕਰਦਾ ਥੱਕ ਗਿਆ ਸੀ। ਹੁਣ ਇਸ ਜਨਮ ਵਿਚ ਸਿੱਧ ਮਸ਼ਹੂਰ ਹੋ ਗਿਆ ਹੈ। ਲੋਕੀਂ ਸੇਵਾ ਕਰਦੇ ਧਨ ਮਾਲ ਦੇਂਦੇ ਹਨ, ਅਮੀਰ ਹੋ ਗਿਆ ਹੈ। ਸੋ ਹੁਣ ਲੋਕਾਂ ਦੀਆਂ ਆਸਾਂ ਪੂਰਦਿਆਂ ਤੇ ਸੁਖ ਆਰਾਮ ਵਿਚ ਢਿੱਲਾ ਆਲਸੀ 'ਬੈਠ ਮੱਲ' ਬਣ ਗਿਆ ਹੈ। ਇਸ ਦਾ ਬੀ ਥਕਾਨ ਹੋਇਆ ਘੁਟਾਵੇ ਨਾ ਤਾਂ ਕੀਕੂੰ ਥਕਾਨ ਉਤਰੇ ਤੇ ਨਰੋਆ ਰਹੇ।

ਗੁਰੂ ਜੀ ਇਹ ਆਖਕੇ ਹੱਸ ਪਏ।

ਗੁਰੂ ਜੀ ਦੇ ਆਖਣ ਦਾ ਅਰਥ ਇਹ ਸੀ ਕਿ ਤਪ ਹਠ ਕਰੀਦੇ ਹਨ ਕਿ ਕਿਵੇਂ ਸਿੱਧ ਪੀਰ ਬਣ ਜਾਈਏ, ਓਹ ਠੀਕ ਨਹੀਂ। ਸਿੱਧ ਪੀਰ ਬਣਕੇ ਹੰਕਾਰ ਹਉਂ ਵਿਚ ਹੀ ਰਹੀਦਾ ਹੈ। ਫੇਰ ਸਿੱਧ ਪੀਰ ਬਣ ਕੇ ਪਦਾਰਥ ਕੱਠੇ ਕਰੀਦੇ ਹਨ, ਦੌਲਤ ਜੋੜੀਦੀ ਹੈ। ਇਸ ਨਾਲ ਫੇਰ ਆਲਸ ਤੇ ਦਲਿੱਦਰ ਪੈ ਜਾਂਦਾ ਹੈ। ਚਾਹੀਦਾ ਇਹ ਹੈ ਕਿ ਬੰਦਾ ਵਾਹਿਗੁਰੂ ਨੂੰ ਪਿਆਰ ਕਰੇ ਕਰਮ ਭਲੇ ਕਰੇ, ਕਿਸੇ ਦਾ ਬੁਰਾ ਨਾ ਕਰੇ, ਇਸ ਨਾਲ ਉਸ ਦਾ ਸਰੀਰ ਤੇ ਮਨ ਸੁਖੀ ਰਹਿਣਗੇ ਤੇ ਜਦੋਂ

ਦੁਨੀਆਂ ਤੋਂ ਟੁਰੇਗਾ ਤਾਂ ਵਾਹਿਗੁਰੂ ਦੇ ਦੇਸ਼ ਜਾਏਗਾ। ਆਦਮੀ ਓਥੇ ਹੀ ਜਾਂਦਾ ਹੈ ਨਾ ਜਿਥੇ ਪਿਆਰ ਹੁੰਦਾ ਹੈ। ਸੋ ਜੋ ਵਾਹਿਗੁਰੂ ਨੂੰ ਪਿਆਰ ਕਰਦਾ ਹੈ, ਵਾਹਿਗੁਰੂ ਦੇ ਦੇਸ ਜਾਏਗਾ। ਜੋ ਮਾਲ, ਦੌਲਤ, ਪੀਰੀ, ਕਰਾਮਾਤੀ ਤਾਕਤਾਂ ਨੂੰ ਪਿਆਰ ਕਰਦਾ ਹੈ, ਉਹ ਵਾਹਿਗੁਰੂ ਦੇ ਦੇਸ਼ ਨਹੀਂ ਜਾਏਗਾ, ਜਨਮ ਮਰਨ ਵਿਚ ਲੋਕਾਂ ਦੇ ਮਗਰ ਤੇ ਦੌਲਤਾਂ ਦੇ ਪਿਛੇ ਭਟਕਦਾ ਰਹੇਗਾ।

## ੫੩. ਨਾਨਕ ਮਤਾ।

**ਫਿਰਦੇ** ਫਿਰਦੇ ਹੁਣ ਗੁਰੂ ਜੀ ਇਕ ਟਿਕਾਣੇ ਜਾ ਨਿਕਲੇ ਜਿਸ ਨੂੰ ਤਦੋਂ ਗੋਰਖ ਮਤਾ ਆਖਦੇ ਸਨ। ਇਥੇ ਗੋਰਖ ਪੰਥੀ ਸਾਧੂਆਂ ਦੇ ਡੇਰੇ ਸਨ। ਜੰਗਲ ਬੀ ਨੇੜੇ ਸੀ।

ਇਕ ਸੁੱਕੇ ਹੋਏ ਪਿੱਪਲ ਦੇ ਹੇਠਾਂ ਗੁਰੂ ਜੀ ਜਾ ਬੈਠੇ। ਥੋੜੀ ਦੂਰ ਜੋਗੀਆਂ ਦੀਆਂ ਧੂਣੀਆਂ ਧੁਖ ਰਹੀਆਂ, ਅੱਗਾਂ ਬਲ ਰਹੀਆਂ ਤੇ ਖਾਣ ਪੀਣ ਦੇ ਆਹਰ ਹੋ ਰਹੇ ਸਨ। ਮਰਦਾਨੇ ਜਾ ਕੇ ਜੋਗੀਆਂ ਕੋਲੋਂ ਕੁਝ ਲੱਕੜਾਂ ਤੇ ਅੱਗ ਮੰਗੀ ਪਰ ਕਿਸੇ ਨਾ ਦਿੱਤੀ, ਸਗੋਂ ਝਿੜਕ ਝਿੜਕ ਕੇ ਪਏ। ਤਦ ਮਰਦਾਨਾ ਉਦਾਸ ਹੋਕੇ ਮੁੜ ਆਇਆ। ਆਏ ਨੂੰ ਗੁਰੂ ਜੀ ਨੇ ਦਿਲਾਸਾ ਦਿੱਤਾ ਤੇ ਸਮਝਾਇਆ ਕਿ ਉਦਾਸ ਨਹੀਂ ਹੋਈਦਾ, ਗੁੱਸਾ ਨਹੀਂ ਕਰੀਦਾ; ਐਉਂ ਰੱਬ ਜੀ ਭੁੱਲ ਜਾਂਦੇ ਤੇ ਦਿਲ ਦੁੱਖੀ ਹੋ ਜਾਂਦਾ ਹੈ। ਭਲਾ ਹੋਇਆ ਜੋ ਹੋਇਆ, ਤੂੰ ਵਾਹਿਗੁਰੂ ਤੇ ਸਿਦਕ ਧਾਰਕੇ ਬਹਿ ਜਾਹ; ਕਰਤਾਰ ਆਪ ਫਿਕਰ ਕਰੇਗਾ।

ਮਰਦਾਨਾ ਗੁਰੂ ਜੀ ਦੇ ਦਿਲਾਸੇ ਨਾਲ ਸੁਖੀ ਹੋਕੇ ਬਹਿ ਗਿਆ ਤੇ ਫੇਰ ਅੱਖ ਲੱਗ ਗਈਓਸੁ ਤੇ ਸੌਂ ਗਿਆ। ਇੰਨੇ ਨੂੰ ਕੋਈ ਪੁਰਖ ਜੰਗਲ ਤੋਂ ਲੱਕੜਾਂ ਵੇਚਣ ਵਾਸਤੇ ਲੈਕੇ ਜਾਂਦਾ ਓਥੋਂ ਦੀ ਲੰਘ ਪਿਆ ਜਿਥੇ ਗੁਰੂ ਜੀ ਬੈਠੇ ਸਨ। ਰਾਤ ਹੁਣ ਪੈ ਗਈ ਸੀ ਤੇ ਠੰਢ ਹੋ ਗਈ ਸੀ। ਉਸ ਲੱਕੜਾਂ ਵਾਲੇ ਨੂੰ ਪਿਆਰ ਆ ਗਿਆ। ਉਸ ਨੇ

ਗੁਰੂ ਜੀ ਤੇ ਮਰਦਾਨੇ ਦੇ ਅੱਗੇ ਵਾਰ ਆਪਣੀਆਂ ਲੱਕੜਾਂ ਰੱਖਕੇ ਸੁਹਣੀ ਧੂਣੀ ਲਾ ਦਿਤੀ। ਮਰਦਾਨਾ ਜਦ ਜਾਗਿਆ ਹਰਿਆਨ ਹੋ ਗਿਆ ਕਿ ਗੁਰੂ ਜੀ ਦੀ ਗੱਲ ਕਿਵੇਂ ਸੱਚ ਹੋ ਜਾਂਦੀ ਹੈ। ਫੇਰ ਮਰਦਾਨੇ ਕੀਰਤਨ ਆਰੰਭ ਕਰ ਦਿੱਤਾ। ਧੂਣੀ ਲਗੀ ਰਹੀ।

ਕੁਛ ਦਿਨ ਓਥੇ ਰਹੇ। ਜਿਸ ਸੁੱਕੇ ਰੁੱਖ ਹੇਠ ਬੈਠੇ ਸਨ ਉਸ ਨੂੰ ਕਰੂੰਬਲੀਆਂ ਫੁੱਟ ਪਈਆਂ ਸਨ। ਤਦ ਸਿੱਧਾਂ ਜੋਗਆਂ ਨੇ ਜਾਤਾ ਕਿ ਇਹ ਫਕੀਰ ਐਵੇਂ ਕਿਵੇਂ ਨਹੀਂ; ਇਹ ਕੋਈ ਕਲਾਵਾਨ ਹੈ। ਕਲਾਵਾਨ ਕਹਿੰਦੇ ਹਨ ਜਿਸ ਵਿਚ ਸ਼ਕਤੀ ਯਾ ਤਾਕਤ ਹੋਵੇ ਕਰਾਮਾਤ ਵਾਲੀ। ਸਿੱਧਾਂ ਨੇ ਹੁਣ ਸੋਚਿਆ ਕਿ ਇਸ ਫਕੀਰ ਨੂੰ ਆਪਣੇ ਮਤਿ ਵਿਚ ਲੈ ਆਵੀਏ ਤਾਂ ਚੰਗਾ ਹੈ; ਅਰਥਾਤ ਇਸ ਨੂੰ ਜੋਗੀ ਬਣਾ ਲਈਏ। ਇਸਨੂੰ ਭੁੱਖਿਆਂ ਰੱਖ ਯਾ ਪਾਲੇ ਵਿਚ ਦੁਖੀ ਕਰਕੇ ਟੋਰਨਾ ਚੰਗਾ ਨਹੀਂ। ਤਦ ਵੱਡੇ ਵੱਡੇ ਦੋ ਚਾਰ ਮਿਲਣ ਆਏ ਤੇ ਆਦਰ ਨਾਲ ਮਿਲੇ ਤੇ ਪ੍ਰਸ਼ਨ ਕੀਤਾ:- ਕਿ ਤੂੰ ਕਿਸ ਦਾ ਚੇਲਾ ਹੈਂ ਤੂੰ ਕਿਸ ਤੋਂ ਗੁਰਮੰਤ੍ਰ ਲੀਤਾ ਹੈ? ਜੋ ਉੱਤਰ ਗੁਰੂ ਜੀ ਨੇ ਦਿਤੇ ਸਨ ਉਹ ਸ੍ਰੀ ਗੁਰੂ ਜੀ ਨੇ ਇਕ ਸ਼ਬਦ ਵਿਚ ਉਚਾਰੇ ਜੋ ਇਉਂ ਹੈ:-

ਸੂਹੀ ਮਹਲਾ ੧ ਘਰੁ ੭

**"ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ॥ ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ॥੧॥ ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ॥ ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ॥੧॥ਰਹਾਉ॥ ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ॥ ਘਟ ਹੀ ਭੀਤਰਿ ਸੋ ਸਹੁ ਤੋਲੀ ਇਨਿ ਬਿਧਿ ਚਿਤੁ ਰਹਾਵਾ॥੨॥ ਆਪੇ ਕੰਡਾਤੋਲੁ ਤਰਾਜੀ ਆਪੇ ਤੋਲਣਹਾਰਾ॥ ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ॥੩॥ ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ॥ ਤਾਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ॥੪॥੨॥੯॥"**

ਇਸ ਸ਼ਬਦ ਦੇ ਅਰਥ ਔਖੇਰੇ ਜਿਹੇ ਹਨ, ਪਰ ਸੌਖਾ ਕਰਕੇ ਸਮਝਣ ਲਈ ਇਹ ਭਾਵ ਹੈ ਕਿ ਪਹਿਲੇ ਅੰਕ ਤਕ ਤਾਂ ਸੁਆਲ ਯਾ ਪ੍ਰਸ਼ਨ ਹੈ ਤੇ ਰਹਾਉ ਤਕ ਵਾਹਿਗੁਰੂ ਜੀ ਨੂੰ ਸਾਰੇ ਹਾਜ਼ਰ ਨਾਜ਼ਰ ਭਰਪੂਰ ਦੱਸਿਆ ਹੈ ਕਿ ਮੇਰੇ ਪਿਆਰੇ ਵਾਹਿਗੁਰੂ ਤੂੰ ਇੰਨਾ ਵਡਾ ਹੈਂ ਕਿ ਤੇਰਾ ਅੰਤ ਨਹੀਂ ਪਾ ਸਕੀਦਾ। ਇਸ ਤੋਂ ਮੁਰਾਦ ਇਹ ਹੈ ਕਿ ਮੇਰਾ ਗੁਰੂ ਵਾਹਿਗੁਰੂ ਕਰਤਾ ਪੁਰਖ ਹੈ। ਅੰਕ ੨ ਵਿਚ ਇਹ ਦੱਸਿਆ ਹੈ ਕਿ ਉਸ 'ਸ਼ਹੁ' ਅਰਥਾਤ ਆਪਣੇ ਮਾਲਕ ਪਰਮੇਸ਼ੁਰ ਨੂੰ ਯਾਦ ਰੱਖਾਂ। ਆਪਣੇ ਮਨ ਨੂੰ ਉਸ ਦੀ ਯਾਦ ਵਿਚ ਟਿਕਾਈ ਰੱਖਾਂ। ਅੰਕ ੩ ਵਿਚ ਪਰਮੇਸ਼ੁਰ ਜੀ ਨੂੰ ਆਪਣੇ ਮਨ ਨੂੰ ਸੁਖੀ ਰੱਖਣ ਵਾਲਾ ਤੇ ਚੰਗਾ ਰੱਖਣ ਵਾਲਾ ਦੱਸਿਆ, ਮਾਨੋਂ ਅਰਦਾਸ ਕੀਤੀ ਹੈ ਕਿ ਹੇ ਪਰਮੇਸ਼ੁਰ ਜੀ! ਮੈਨੂੰ ਆਪ ਆਪਣੇ ਪਿਆਰ ਵਿਚ ਲਾਈ ਰਖੋ। ਅੰਕ ੪ ਵਿਚ ਗੁਰੂ ਜੀ ਨੇ ਐਡੇ ਉੱਚੇ ਸੁੱਚੇ ਵਡੇ ਤੇ ਸੁਹਣੇ ਹੋ ਕੇ ਆਪ ਨੂੰ ਨੀਵਾਂ ਦੱਸਿਆ ਹੈ। ਇਹ ਬੀ ਅਰਦਾਸ ਕੀਤੀ ਹੈ ਕਿ ਹੇ ਵਾਹਿਗੁਰੂ ਮੈਂ ਤੇਰੇ ਅੱਗੇ ਮਿੰਨਤ ਕਰਦਾ ਹਾਂ। ਮੇਰੀ ਮਤਿ, ਮੇਰੀ ਅਕਲ, ਮੇਰੇ ਕੰਮ, ਮੇਰੀ ਯਾਦ ਸਾਰੀਆਂ ਗੱਲਾਂ ਤੁਸੀਂ ਬਖਸ਼ੋ, ਮੈਨੂੰ ਮੂਰਖ ਸਮਝਕੇ ਮੇਰੀ ਮਤਿ ਉੱਜਲੀ ਕਰੋ।

ਸ਼ਬਦ ਸੁਣਕੇ ਸਿੱਧ ਸਮਝ ਗਏ ਕਿ ਇਹ ਵਾਹਿਗੁਰੂ ਨੂੰ ਪਹੁੰਚਿਆ ਹੋਇਆ ਪੂਰਾ ਪੁਰਖ ਹੈ, ਅਰਥਾਤ ਰੱਬ ਜੀ ਦਾ ਪਿਆਰਾ, ਰੱਬ ਨੂੰ ਪਿਆਰ ਕਰਨ ਵਿਚ ਪੂਰਾ ਪੂਰਾ ਹੈ; ਇਸ ਨਾਲ ਝਗੜਾ ਨਾ ਕਰੋ, ਇਸ ਨੂੰ ਆਪਣਾ ਚੇਲਾ ਬਣਾ ਲਓ; ਜੇ ਇਹ ਜੋਗੀ ਬਣ ਜਾਏ ਤਾਂ ਸਾਡਾ ਵਾਧਾ ਹੋਵੇਗਾ। ਤਦ ਆਖਣ ਲੱਗੇ: "ਹੇ ਬਾਲਕੇ! ਤੂੰ ਜੋਗੀ ਹੋਇ ਦਰਸ਼ਨ ਭੇਖ ਲੇਉ।"

ਇਸਦਾ ਅਰਥ ਇਹ ਹੈ ਕਿ ਤੂੰ ਸਾਥੋਂ ਗੁਰ ਮੰਤ੍ਰ ਲੈ, ਮੰਤ੍ਰ ਲੈ ਤੇ ਚੇਲਾ ਬਣ, ਤੇ ਸਾਡੇ ਜੋਗੀਆਂ ਵਾਲੇ ਕਪੜੇ ਪਾ, ਗੋਦੜੀ ਲੈ,

ਡੰਡਾ ਫੜ, ਸੁਆਹ ਮਲ, ਕੰਨ ਪੜਵਾ ਕੇ ਮੁੰਦਰਾਂ ਪਾ, ਤੇ ਸਿਰ ਦੇ ਕੇਸ ਮੁਨਾ ਦੇ ਤੇ ਘਰ ਘਰ ਕਿੰਗ ਵਜਾਉਂਦਾ ਫਿਰ। ਯਾ ਮੜ੍ਹੀਆਂ ਮਸਾਣਾਂ ਵਿਚ ਬੈਠਕੇ ਤਾੜੀਆਂ ਲਾ, ਤੀਰਥਾਂ ਉਤੇ ਫਿਰ ਤੇ ਘਰ ਘਰ ਅਲਖ ਜਗਾਕੇ ਪੇਟ ਭਰ।

ਸੋ ਗੁਰੂ ਜੀ ਨੇ ਉਨ੍ਹਾਂ ਦੇ ਇਸ ਵਾਕ ਤੋਂ ਸਾਰਾ ਉਨ੍ਹਾਂ ਦਾ ਭਾਵ ਸਮਝ ਲਿਆ ਤੇ ਉੱਤਰ ਦਿਤਾ, ਜੋ ਉੱਤਰ ਗੁਰੂ ਜੀ ਨੇ ਏਸ ਸ਼ਬਦ ਵਿਚ ਉਚਾਰਿਆ ਹੈ :-

ਸੂਹੀ ਮਹਲਾ ੧ ਘਰੁ ੭

ੴ ਸਤਿਗੁਰ ਪ੍ਰਸਾਦਿ॥

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥ ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੧॥ ਗਲੀ ਜੋਗੁ ਨ ਹੋਈ॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥੧॥ਰਹਾਉ॥ ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥ ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥ ਨਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗੁ ਜੁਗਤਿ ਇਵ ਪਾਈਐ॥੨॥ ਸਤਿਗੁਰੁ ਭੇਟੇ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ॥ ਨਿਝਰੁ ਝਰੈ ਸਹਜਿ ਧੁਨਿ ਲਾਗੈ ਘਰ ਹੀ ਪਰਚਾ ਪਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੩॥ ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ॥ ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ॥੪॥੧॥੮॥

ਇਸ ਸ਼ਬਦ ਦਾ ਅਰਥ ਬੀ ਲੰਮਾ ਤੇ ਔਖੇਰਾ ਹੈ ਪਰ ਸੌਖ ਕਰ ਕਰ ਸਮਝੋ ਤਾਂ ਸੁਹਣੇ, ਸਤਿਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਜੋਗ ਤਾਂ ਨਾਮ ਹੋਣਾ ਚਾਹੀਦਾ ਹੈ ਕਰਤਾਰ ਜੀ-ਰੱਬ ਜੀ-ਨਾਲ ਅੰਦਰੋਂ ਮਨ ਨਾਲ ਜੁੜੇ ਰਹਿਣ ਦਾ। ਗੋਦੜੀ ਲਈ ਫਿਰਿਆਂ, ਸੁਆਹ ਮਲਿਆਂ, ਮੁੰਦਰਾਂ ਪਾਇਆਂ; ਸਿਰ ਮੁਨਾਇਆਂ, ਸਿੰਙੀ ਵਜਾਇਆਂ, ਮਸਾਣਾਂ ਵਿਚ ਜਾ ਬੈਠਿਆਂ, ਤੀਰਥਾਂ ਤੇ ਫਿਰਿਆਂ ਕਰਤਾਰ ਨਾਲ ਮਨ ਨਹੀਂ ਜੁੜਦਾ, ਉਹ ਤਾਂ ਬਾਹਰਲੀਆਂ ਗੱਲਾਂ ਹੋਈਆਂ। ਜੋਗ ਤਾਂ ਇਸ ਗੱਲ ਦਾ ਨਾਉਂ ਹੈ ਕਿ ਦੁਨੀਆਂ ਵਿਚ ਵਸਦਿਆਂ ਦੁਨੀਆਂ ਵਿਚ ਮਾੜੇ ਕਰਮ ਕਰ ਕਰਕੇ ਆਪੇ ਨੂੰ ਮਾਯਾ ਵਿਚ ਫਸਾ ਨਾ ਲਈਏ। ਰਹੀਏ ਮਾਯਾ ਵਿਚ, ਪਰ ਮਾਯਾ ਸਾਨੂੰ ਮੰਦੇ ਪਾਸੇ ਨਾ ਲੈ ਜਾਵੇ। ਅਸਲੀ ਜੋਗੀ ਤਾਂ ਐਉਂ ਬਣੀਦਾ ਹੈ:-ਸਤਿਗੁਰੂ ਨੂੰ ਮਿਲੇ, ਮਨ ਨੂੰ ਮੰਦੇ ਖਿਆਲਾਂ ਤੋਂ; ਦੇਹ ਨੂੰ ਮੰਦੇ ਕਰਮਾਂ ਤੋਂ ਰੋਕੇ, ਅੰਦਰ ਨਾਮ ਦਾ ਜਪ ਕਰੇ, ਐਸਾ ਕਿ ਕਰਤਾ ਪੁਰਖ ਵਾਹਿਗੁਰੂ ਵਲ ਦਿਲ ਲਗਿਆ ਕਰੇ।

ਜੋਗੀਆਂ ਨਾਲ ਇਸ ਤਰ੍ਹਾਂ ਹੋਰ ਵੀਚਾਰ ਹੁੰਦੀ ਰਹੀ। ਛੇਕੜ ਜੋਗੀ ਹਾਰੇ ਤਾਂ ਉਨ੍ਹਾਂ ਨੇ ਮੱਥਾ ਟੇਕਿਆ ਤੇ ਸੋਚਿਓ ਨੇ ਕਿ ਇਸ ਦੇ ਬੈਠਣੇ ਨਾਲ ਸੁੱਕਾ ਬ੍ਰਿਛ* ਹਰਿਆ ਹੋ ਗਿਆ ਹੈ, ਇਸ ਦਾ ਅਦਬ ਕਰਨਾ ਚਾਹੀਏ, ਇਹ ਰੱਬ ਜੀ ਨੂੰ ਪਹੁੰਚਿਆ ਹੋਇਆ ਹੈ। ਸੋ ਝਗੜਾ ਛੱਡ ਕੇ ਮੱਥਾ ਟੇਕਿਓ ਨੇ।

---

*ਪੁਰਾਤਨ ਜਨਮ ਸਾਖੀ ਵਿਚ 'ਬੜ' ਲਿਖਿਆ ਹੈ ਪਰ ਹੋਰ ਥਾਈਂ ਤੇ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਤੇ 'ਤਵਾਰੀਖ ਖਾਲਸਾ' ਵਿਚ ਪਿੱਪਲ ਦਾ ਬ੍ਰਿਛ ਲਿਖਿਆ ਹੈ। ਜਿਸ ਬ੍ਰਿਛ ਨੂੰ ਮਗਰੋਂ ਜੋਗੀਆਂ ਨੇ ਸਾੜਿਆ ਤੇ ਫੇਰ ਛੇਵੇਂ ਗੁਰਾਂ ਨੇ ਹਰਾ ਕੀਤਾ, ਉਹ ਇਹੋ ਸੀ ਤੇ ਇਹ ਪਿੱਪਲ ਹੀ ਹੈ। ਇਸ ਪਿੱਪਲ ਦੇ ਪਤੇ ਹੀ ਪ੍ਰਸ਼ਾਦ ਵਜੋਂ ਉਥੋਂ ਆਉਂਦੇ ਹਨ।

ਕੁਛ ਦਿਨ ਗੁਰੂ ਜੀ ਓਥੇ ਠਹਿਰੇ, ਉਥੇ ਨੇੜੇ ਤੇੜੇ ਗਿਰਾਵਾਂ ਵਿਚ ਗੁਰੂ ਜੀ ਦੇ ਲੋਕੀਂ ਸਿਖ ਬਣ ਗਏ। ਇਨ੍ਹਾਂ ਸਿਖਾਂ ਨੇ ਉਸ ਪਿੱਪਲ ਵਾਲੀ ਥਾਂ, ਜਿਥੇ ਗੁਰੂ ਜੀ ਬੈਠੇ ਸਨ, ਧਰਮਸਾਲ ਪਾਈ ਤੇ ਉਸ ਦਾ ਨਾਉਂ 'ਨਾਨਕ ਮਤਾ' ਰਖਿਆ।

ਜੋਗੀਆਂ ਦੀ ਮਾਨਤਾ ਉਥੋਂ ਘਟ ਗਈ, ਤਦ ਉਹ ਸਹਿਜੇ ਸਹਿਜੇ ਓਥੋਂ ਚਲੇ ਗਏ[੧]।

ਛੇਵੇਂ ਸਤਿਗੁਰਾਂ ਦੇ ਸਮੇਂ ਜੋਗੀ ਫੇਰ ਆਏ ਤੇ ਧਰਮਸਾਲ ਤੋਂ ਗੁਰੂ ਕੇ ਸਿਖ 'ਅਲਮਸਤ' ਨੂੰ ਕੱਢ ਦਿੱਤਾ ਤੇ ਪਿੱਪਲ ਨੂੰ ਸਾੜ ਦਿਤਾ ਕਿ ਗੁਰੂ ਨਾਨਕ ਦੇਵ ਜੀ ਦੇ ਇਸਨੂੰ ਹਰਾ ਕਰਨ ਦੀ ਸਾਖੀ ਗੁੰਮ ਹੋ ਜਾਏ, ਤਦੋਂ ਛੇਵੇਂ ਗੁਰੂ ਸ੍ਰੀ ਗੁਰੂ ਹਹਿਰਗੋਬਿੰਦ ਜੀ ਗੱਦੀ ਤੇ ਸਨ। ਜਦ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਪਤਾ ਲਗਾ ਤਾਂ ਆਪ ਓਥੇ ਗਏ। ਗੁਰੂ ਕਾ ਥਾਂਉਂ ਫੇਰ ਆਪਣੇ ਸਿਖ ਅਲਮਸਤ ਨੂੰ ਲੈ ਦਿੱਤਾ। ਸੜੇ ਪਿੱਪਲ ਤੇ ਕੇਸਰ-ਜਲ ਦੇ ਛੱਟੇ ਮਾਰੇ, ਉਸ ਦੇ ਪੱਤਿਆਂ ਉਤੇ ਹੁਣ ਤਾਈਂ ਛੱਟੇ ਜੇਹੇ ਹੁੰਦੇ ਹਨ। ਜੋਗੀ ਉਥੇ ਨਾ ਰਹੇ। ਤੇ ਗੁਰੂ ਘਰ ਦੇ ਉਦਾਸੀ ਸੰਤ ਉਥੇ ਗੁਰਦੁਆਰੇ ਦੇ ਪਾਸ ਦੇ ਜੰਗਲ ਦੇ ਮਾਲਕ ਹੈਨ, ਗੁਰਦੁਆਰੇ[੨] ਨਾਲ ਪੰਜ ਕੁ ਹਜ਼ਾਰ ਦੀ ਜਾਗੀਰ ਸੀ। ਪਹਿਲਾਂ ਅਲਮਸਤ ਦੇ ਚੇਲੇ ਇਸ ਗੁਰਧਾਮ ਦੇ ਮਹੰਤ ਹੁੰਦੇ ਆਏ, ਹੁਣ ਸੁਣਿਆਂ ਹੈ ਕੁਛ ਬਰਸਾਂ ਤੋਂ ਇਕ ਪੰਥਕ ਕਮੇਟੀ ਸਰਕਾਰ ਵਲੋਂ ਕਾਇਮ ਹੋ ਗਈ ਹੈ ਜੋ ਪ੍ਰਬੰਧ ਕਰਦੀ ਹੈ ਤੇ ਨਵਾਂ ਮੰਦਰ ਕਮੇਟੀ ਨੇ ਸੁਹਣਾ ਬਣਾਇਆ ਹੈ ਤੇ ਯਾਤ੍ਰੀਆਂ ਦੇ ਆਰਾਮ ਲਈ ਥਾਂ ਬੀ ਬਣੀ ਹੈ। ਦੀਪ ਮਾਲਾ ਨੂੰ ਏਥੇ ਮੇਲਾ ਬੀ ਲਗਦਾ ਹੈ।

❖❖❖

੧. ਇਹ ਪ੍ਰਸੰਗ ਗੁਰੂ ਨਾਨਕ ਪ੍ਰਕਾਸ਼ ਵਿਚ ਹੋਰ ਵਧੇਰਾ ਹੈ।

੨. ਇਹ ਗੁਰਧਾਮ ਨੈਨੀਤਾਲ ਇਲਾਕੇ ਵਿਚ ਹੈ। ਰੇਲਵੇ ਅਸਟੇਸ਼ਨ ਖਟੇਮਾ ਤੋਂ ਦਸ ਕੁ ਮੀਲ ਤੇ ਹੈ। ਰਸਤਾ ਬਰਸਾਤ ਵਿਚ ਖਰਾਬ ਦੱਸੀਦਾ ਹੈ। ਜੰਗਲ ਵਿਚ ਬਨ ਪਸ਼ੂਆਂ ਦਾ ਭੈ ਬੀ ਦੱਸੀਦਾ ਹੈ।

# ੫੪. ਮਿੱਠਾ ਰੀਠਾ।

**ਇਉਂ** ਬੀ ਵੀਚਾਰ ਹੈ ਕਿ ਗੁਰੂ ਜੀ ਇਥੋਂ ਓਠ ਕੇ ਅੱਗੇ ਘੋਰ ਬਨ ਵਿਚ ਗਏ। ਓਥੇ ਮਰਦਾਨੇ ਨੂੰ ਜਦੋਂ ਭੁੱਖ ਲਗੀ ਤਾਂ ਗੁਰੂ ਜੀ ਨੇ ਕਿਹਾ ਅਹੁ ਫਲ ਖਾ ਲੈ। ਇਹ ਬ੍ਰਿਛ ਰੀਠੇ ਦਾ ਸੀ। ਫਲ ਲਗੇ ਹੋਏ ਸਨ। ਮਰਦਾਨੇ ਨੇ ਜਿਸ ਪਾਸਿਓਂ ਖਾਧੇ ਉਹ ਮਿੱਠੇ ਸਨ। ਨਾ ਤਾਂ ਉਹ ਮਰਦਾਨੇ ਨੂੰ ਕੌੜੇ ਲੱਗੇ, ਨਾ ਉਹ ਖਾ ਕੇ ਔਖਾ ਹੋਇਆ। ਰੀਠਾ ਯਾ ਰੇਠੜਾ ਫਲ ਕੌੜਾ ਹੁੰਦਾ ਹੈ; ਪਰ ਗੁਰੂ ਨਾਨਕ ਜੀ ਦੇ ਕਹਿਣ ਨਾਲ ਓਸ ਪੇੜ ਦੇ ਫਲ ਮਿੱਠੇ ਹੋ ਗਏ। ਹੁਣ ਤਾਈਂ ਲੋਕੀਂ ਮਿੱਠੇ ਹੋਏ ਰੇਠਿਆਂ ਦਾ ਫਲ ਪ੍ਰਸ਼ਾਦ ਵਜੋਂ ਲਿਆਉਂਦੇ ਹਨ ਤੇ ਲਗ ਪਗ ਹਰ ਗੁਰਸਿਖ ਨੂੰ ਕਦੇ ਨਾ ਕਦੇ ਇਸ ਪ੍ਰਸ਼ਾਦ ਦੇ ਚੱਖਣ ਦਾ ਸਮਾਂ ਆ ਜਾਂਦਾ ਹੈ*।

❖❖❖

# ੫੫. ਪੰਡਤ ਚਤਰ ਦਾਸ।

**ਫਿਰਦੇ** ਫਿਰਦੇ ਸਤਿਗੁਰੂ ਜੀ ਬਨਾਰਸ ਆ ਨਿਕਲੇ। ਬਨਾਰਸ ਦਾ ਦੂਜਾ ਨਾਉਂ ਕਾਸ਼ੀ ਹੈ। ਏਥੇ ਇਕ ਪੰਡਤ ਸੀ, ਚਤਰ ਦਾਸ ਨਾਉਂ ਸੀ ਉਸ ਦਾ। ਗੁਰੂ ਜੀ ਨੂੰ ਨਦੀ ਕਿਨਾਰੇ ਬੈਠਾ ਵੇਖ ਕੇ ਪੰਡਤ ਖੜੋ ਗਿਆ ਤੇ ਪੁੱਛਣ ਲੱਗਾ-ਐਵੇਂ ਬੈਠੇ ਹੋ, ਨਾ ਸਾਲਗਰਾਮ ਅੱਗੇ, ਨਾ ਕੋਈ ਹੋਰ ਮੂਰਤੀ, ਨਾ ਪੂਜਾ ਕਰ ਰਹੇ ਹੋ, ਗਲ ਤੁਲਸੀ ਮਾਲਾ ਬੀ ਨਹੀਂ, ਲਗਦੇ ਸਾਧੂ ਹੋ, ਤੁਸੀਂ ਜਾਚ ਸਿਖੋ ਠਾਕੁਰ ਪੂਜਾ ਦੀ ਤਾਂ ਸਾਧੂ ਬਣੋ।

ਗੁਰੂ ਜੀ ਨੇ ਉਸ ਨਾਲ ਜੋ ਬਚਨ ਕੀਤੇ ਉਹਨਾਂ ਦਾ ਅਰਥ ਇਹ ਸੀ ਕਿ ਮੂਰਤੀ ਪੂਜਾ ਕਰਨੀ ਠੀਕ ਨਹੀਂ, ਅਸੀਂ

---

*ਇਹ ਟਿਕਾਣਾ ਨਾਨਕ ਮਤੇ ਤੋਂ ਦੂਰ ਪੰਝੀ ਤੀਹ ਕੋਹ ਦੇ ਲਗ ਪਗ ਜੰਗਲ ਵਿਚ ਪਹਾੜੀ ਤੇ ਹੈ।

ਪਰਮੇਸ਼ੁਰ ਦੀ ਪੂਜਾ ਕਰਦੇ ਹਾਂ ਜਿਸ ਦੀ ਮੂਰਤ ਕੋਈ ਨਹੀਂ। ਸੋ ਤੁਸੀਂ ਬੀ ਉਸ ਦੀ ਪੂਜਾ ਕੀਤਾ ਕਰੋ, ਪਰ ਨਾਲ ਮਾੜੇ ਕੰਮ ਛਡ ਦਿਓ। ਫੇਰ ਆਪਣੇ ਮਨ ਵਿਚ ਅੰਮ੍ਰਿਤ ਭਰੋ, ਉਹ ਅੰਮ੍ਰਿਤ ਹੈ ਪਰਮੇਸ਼ੁਰ ਦਾ ਨਾਮ।

ਇਸ ਤਰ੍ਹਾਂ ਬੜੀ ਲੰਮੀ ਵਿਚਾਰ ਹੁੰਦੀ ਰਹੀ। ਛੇਕੜ ਪੰਡਤ ਪੈਰੀਂ ਪੈ ਗਿਆ ਤੇ ਗੁਰੂ ਕਾ ਸਿਖ ਬਣ ਗਿਆ। ਕਈ ਦਾਨੇ ਆਖਦੇ ਹਨ ਕਿ 'ਦਖਣੀ ਓਅੰਕਾਰ'[੧] ਦੀ ਬਾਣੀ ਵਿਚ ਉਹੋ ਵਿਚਾਰ ਦੱਸੀ ਹੋਈ ਹੈ, ਜੋ ਇਸ ਪੰਡਤ ਨਾਲ ਗੋਸ਼ਟ ਹੋਈ ਸੀ।

❖❖❖

# ੫੯. ਸ੍ਰੀ ਗੁਰੂ ਜੀ ਪਟਨੇ ਆਏ।

(ਸਾਲਸਰਾਏ)

**ਪਟਨਾ** ਸ਼ਹਿਰ ਬਿਹਾਰ ਦੇਸ਼ ਵਿਚ ਹੈ ਤੇ ਬਿਹਾਰ ਦੀ ਰਾਜਧਾਨੀ ਹੈ। ਇਸ ਦੇ ਨੇੜੇ ਖੰਡਰ ਮਿਲਦੇ ਹਨ ਜੋ ਪੁਰਾਣੇ ਸ਼ਹਿਰ 'ਪਾਟਲੀ ਪੁਤ੍ਰ' ਦੇ ਖੋਲੇ ਹਨ[੨]। ਰਾਜਾ ਚੰਦ੍ਰਗੁਪਤ ਦੇ ਵੇਲੇ ਪਟਨਾ ਨੌਂ ਮੀਲ ਲੰਮਾ ਸ਼ਹਿਰ ਸੀ ਤੇ ਇਸ ਦੇ ਦੁਆਲੇ ਕੋਟ ਸੀ ਤੇ ਬੁਰਜ ਤੇ ਖਾਈ ਸੀ। ਕੋਟ ਨਾਮ ਹੈ ਪੱਕੀ ਫਸੀਲ ਯਾ ਕੰਧ ਦਾ। ਪਟਨਾ ਸ਼ਹਿਰ ਇਸ ਪੁਰਾਣੇ ਸ਼ਹਿਰ ਦੇ ਖੋਲਿਆਂ ਤੋਂ ਕੁਛ ਵਾਟ ਤੇ ਫੇਰ ਵਸ ਪਿਆ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਇਹ ਸ਼ਹਿਰ ਪਾਟਲੀਪੁਤ੍ਰ ਜੇਡਾ ਵੱਡਾ ਤਾਂ ਨਹੀਂ ਸੀ, ਪਰ ਤਦ ਬੀ ਰੌਣਕਾਂ ਵਾਲਾ ਸੀ। ਸ੍ਰੀ ਗੁਰੂ ਜੀ ਫਿਰਦੇ ਘੁੰਮਦੇ ਲੋਕਾਂ ਨੂੰ ਭਲੇ ਪਾਸੇ ਲਾਉਂਦੇ, ਜੀਅਦਾਨ

੧. ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਮਕਲੀ ਰਾਗ ਵਿਚ ਹੈ।

੨. ਜਿਥੇ ਕੁ ਕਮਰਾਹ ਪਿੰਡ ਹੈ।

ਦੇਂਦੇ ਪਟਨੇ ਸ਼ਹਿਰ ਪਹੁੰਚੇ*, ਪਰ ਸ਼ਹਿਰ ਦੇ ਵਿਚ ਨਹੀਂ ਗਏ। ਸ਼ਹਿਰੋਂ ਉਰੇ ਹੀ ਬਾਹਰ ਵਾਰ ਸੁਹਣੇ ਬ੍ਰਿਛਾਂ ਦੀ ਛਾਵੇਂ ਡੇਰਾ ਕੀਤਾ, ਦਿਨ ਲਹਿ ਚੁਕਾ ਸੀ, ਸੰਧਜਾ ਪੈ ਰਹੀ ਸੀ। ਮਰਦਾਨਾ ਭੁੱਖਾ ਸੀ। ਪਰ ਫੇਰ ਬੀ ਕੀਰਤਨ ਕੀਤੋਸੁ। ਫੇਰ ਗੁਰੂ ਜੀ ਨਾਲ ਗੱਲਾਂ ਕਰਨ ਲੱਗ ਪਿਆ। ਰਾਤ ਕੁਛ ਲੰਘ ਗਈ ਤੇ ਮਰਦਾਨਾ ਸੌਂ ਗਿਆ ਤੇ ਸ੍ਰੀ ਗੁਰੂ ਜੀ ਆਪਣੇ ਰੱਬ ਜੀ ਦੇ ਧਿਆਨ ਮਗਨ ਟਿਕ ਗਏ।

ਅੰਮ੍ਰਿਤ ਵੇਲੇ ਮਰਦਾਨੇ ਫੇਰ ਕੀਰਤਨ ਕੀਤਾ, ਜੰਗਲ ਵਿਚ ਮੰਗਲ ਹੋ ਗਿਆ। ਜਦ ਦੇਹੁੰ ਚੋਖਾ ਚੜ੍ਹ ਆਇਆ ਤਾਂ ਮਰਦਾਨੇ ਆਖਿਆ-ਹੇ ਸਤਿਗੁਰੂ ਜੀ ਰਾਤ ਭੀ ਭੁੱਖੇ ਸੁੱਤੇ ਹਾਂ, ਕੱਲ ਦਿਨੇ ਪੇਟ ਭਰ ਰੋਟੀ ਨਹੀਂ ਸੀ ਲੱਭੀ। ਹੁਣ ਫੇਰ ਭੁੱਖ ਸਤਾਉਂਦੀ ਹੈ; ਪੇਟ ਬੜਾ ਪਾਪੀ ਹੈ। ਰੋਜ਼ ਖੁਆਓ ਰੋਜ਼ ਹੀ ਭੁੱਖਾ ਤੇ ਭੁੱਖ ਦਾ ਮਾਰਿਆ ਰੁੱਠਾ ਰੁੱਠਾ ਹੋ ਜਾਂਦਾ ਹੈ। ਹੁਣ ਚਲੋ ਸ਼ਹਿਰ ਜੇ ਕਿਤੋਂ ਪਾ ਦਾਣੇਂ ਕਿ ਦੋ ਰੋਟੀਆਂ ਲੱਝਣ ਤਾਂ ਖਾ ਕੇ ਮੈਂ ਰੁੱਸੇ ਪੇਟ ਨੂੰ ਮਨਾਂ ਲਵਾਂ। ਤੁਸੀਂ ਖ਼ਬਰੇ ਕਿਸ ਆਧਾਰ ਤੇ ਫਾਕੇ ਗੁਜ਼ਾਰ ਲੈਂਦੇ ਹੋ!

ਤਦ ਗੁਰੂ ਜੀ ਨੇ ਇਕ ਲਾਲ ਗੀਟੀ ਜੇਹੀ, ਜੋ ਬੜੀ ਚਮਕਦੀ ਦਮਕਦੀ ਸੀ, ਉਥੋਂ ਹੀ ਪੱਟਕੇ ਦੇ ਦਿੱਤੀ ਤੇ ਆਖਿਆ, ਜਾਹ ਸ਼ਹਿਰ ਵਿਚ ਇਸ ਨੂੰ ਵੇਚ ਕੇ ਜੋ ਜੀ ਕਰੇ ਖਾਹ ਪੀ।

ਮਰਦਾਨਾ ਉਸ ਵੇਲੇ ਟੁਰ ਪਿਆ ਤੇ ਸ਼ਹਿਰ ਜਾ ਪਹੁੰਚਾ। ਉਹ ਲਾਲ ਗੀਟੀ ਵੇਚਣ ਲਈ ਹੱਟੀਵਾਨਾਂ ਨੂੰ ਦੱਸਦਾ, ਛੇਕੜ ਸਾਲਸਰਾਇ ਜੌਹਰੀ ਦੀ ਦੁਕਾਨ ਤੇ ਪੁੱਜਾ, ਉਸ ਵੇਲੇ ਦੁਕਾਨ ਤੇ ਆਪ ਸਾਲਸ ਨਹੀਂ ਸੀ ਉਸ ਦੇ ਇਕ ਦੋ ਨੌਕਰ ਸਨ, ਸੋ ਇਕ ਨੇ

---

*ਜਨਮ ਸਾਖੀ ਵਿਚ ਸ਼ਹਿਰ ਦਾ ਨਾਉਂ ਬਿਸ਼ੰਭਰ ਪੁਰ ਹੈ ਪਟਨੇ ਦੇ ਕਈ ਨਾਂ ਹੋ ਚੁਕੇ ਮਿਲਦੇ ਹਨ ਜਿਹਾਂ ਕੁ: ਪੁਸ਼ਪ ਪੁਰ: ਕੁਸਮ ਪੁਰ, ਪਦਮਾਵਤੀ। ਅਸਚਰਜ ਨਹੀਂ ਕਿ ਬਿਸੰਭਰ ਪੁਰ ਵੀ ਰਿਹਾ ਹੋਵੇ ਯਾ ਪੁਸ਼ਪਪੁਰ ਦਾ ਵਿਗੜਕੇ ਬਿਸ਼ੰਭਰ ਪੁਰ ਹੋ ਗਿਆ ਹੋਵੇ।

ਜਾ ਸਾਲਸ ਨੂੰ ਖਬਰ ਕੀਤੀ ਕਿ ਦੁਕਾਨ* ਤੇ ਇਕ ਪ੍ਰਦੇਸੀ ਨਵੀਂ ਵੰਨ ਦਾ ਆਇਆ ਖੜਾ ਹੈ ਤੇ ਕੋਈ ਸੌਦਾ ਵੇਚਣ ਨੂੰ ਬੜਾ ਕਾਹਲਾ ਹੈ।

ਇਹ ਸੁਣ ਕੇ ਸਲਾਸਰਾਇ ਆਪ ਤੇ ਉਸ ਦਾ ਸ਼ਾਗਰਦ 'ਅਧਰਕਾ' ਹੱਟੀ ਪਰ ਆ ਗਏ ਤੇ ਹੱਟੀ ਪਰ ਆਏ ਬੈਠੇ ਆਦਮੀ ਨਾਲ ਗੱਲਾਂ ਟੁਰ ਪਈਆਂ :-

ਆਓ ਜੀ! ਸੇਠ ਜੀ! ਕਿਸ ਦੇਸ਼ ਤੋਂ ਆਏ? ਕੀ ਮਾਲ ਲਿਆਏ?

ਇਹ ਸੇਠ ਕੌਣ ਸੀ? ਇਹ ਸ੍ਰੀ ਮਰਦਾਨਾ ਗੁਰੂ ਕਾ ਰਬਾਬੀ ਸੀ। ਇਹ ਸੁਣਕੇ ਮਰਦਾਨਾ ਬੋਲਿਆ :-

ਮਦ੍ਰ ਦੇਸ਼ ਤੋਂ ਆਏ ਹਾਂ, ਜਿਥੇ ਪੰਜ-ਨਦ ਵਗਦੇ ਹਨ ਤੇ ਇਕ ਲਾਲ ਜੇਹੀ ਗੀਟੀ ਵੇਚਣ ਆਏ ਹਾਂ, ਜੇ ਚਾਰ ਕੌਡਾ ਚਾ ਦਿਓ ਤਾਂ ਅੰਨ ਪਾਣੀ ਹੋ ਜਾਏ।

ਸਾਲਸ-ਦਰਸ਼ਨ ਕਰਾਓ।

ਮਰਦਾਨੇ ਨੇ ਇਕ ਪੋਟਲੀ ਖੋਹਲਕੇ ਪੰਜ ਛੇ ਮਾਸੇ ਦੀ ਚਮਕਦੀ ਲਾਲੋ ਲਾਲ ਗੀਟੀ ਜੇਹੀ ਅੱਗੇ ਧਰ ਦਿੱਤੀ।

ਸਾਲਸ ਰਾਇ (ਹਛੂੰ ਤਰ੍ਹਾਂ ਪਰਤ ਪਰਤਕੇ ਦੇਖਕੇ ਗੁੰਮ ਜੇਹਾ ਹੋ ਗਿਆ ਫੇਰ ਬੋਲਿਆ :-) ਸ਼ੁਕਰ ਹੈ, ਧੰਨ! ਉਸਤਾਦਾਂ ਦੇ ਵਾਰੇ ਵਾਰੇ ਜਾਈਏ। ਅਧਰਕੇ! ਬੱਚਾ ਸੌ ਰੁਪੱਸਾ ਲੈ ਆਉ।

ਅਧਰਕਾ ਸੌ ਰੁਪੱਯਾ ਲੈ ਆਇਆ।

ਸਾਲਸ (ਮਰਦਾਨੇ ਦੇ ਅੱਗੇ ਧਰਕੇ)-ਲਓ ਮਹਾਰਾਜਾ ਜੀ, ਤੇ ਇਹ ਲਓ ਆਪਣਾ ਲਾਲ, ਸੰਭਾਲਕੇ ਪੋਟਲੀ ਵਿਚ ਬੰਨ੍ਹ ਲੈਣਾ।

ਮਰਦਾਨਾ-ਤੇ ਸੌ ਰੁਪੱਯਾ ਕਿਸ ਗੱਲ ਦਾ ਹੈ?

---

*ਹੱਟੀ।

ਸਾਲਸ (ਚੰਗੀ ਤਰ੍ਹਾਂ ਮਰਦਾਨੇ ਵਲ ਤੱਕ ਕੇ)-ਇਹ ਸੌ ਰੁਪੱਯਾ ਇਸ ਲਾਲ ਦੀ ਦਰਸ਼ਨ ਭੇਟਾ[1] ਹੈ। ਮਲੂਮ ਹੁੰਦਾ ਹੈ, ਇਹ ਸ਼ੈ ਕਿਸੇ ਜੌਹਰੀ ਦੀ ਹੈ ਤੇ ਤੁਹਾਨੂੰ ਉਸ ਨੇ ਦੇ ਕੇ ਸ਼ਹਿਰ ਦੇ ਜੋਹਰੀਆਂ ਦੀ ਪਰਖ ਵਾਸਤੇ ਘੱਲਿਆ ਹੈ, ਨਹੀਂ ਤਾਂ ਇਹ ਲਾਲ ਕੌਣ ਵੇਚਦਾ ਹੈ? ਉਹ ਸੁਭਾਗ ਹੈ ਜਿਸਨੇ ਰੰਗ ਦਾ ਇੰਨਾ ਚੁਹਚਹਾ ਤੇ ਨੀਰ[2] ਦਾ ਐਨਾ ਸਾਫ ਤੇ ਵੱਡਾ ਲਾਲ ਜ਼ਿੰਦਗੀ ਵਿਚ ਵੇਖ ਲਿਆ ਹੋਵੇ। ਉਸਤਾਦ ਸਾਡੇ ਇਕ ਗੱਲ ਕਹਿੰਦੇ ਹੁੰਦੇ ਸਨ ਇਸ ਤਰ੍ਹਾਂ ਦੇ ਲਾਲ ਦੀ, ਸੋ ਅਸਾਂ ਅੱਜ ਅੱਖੀਂ ਤੱਕਿਆ ਹੈ। ਉਹ ਆਖਦੇ ਹੁੰਦੇ ਸਨ ਕਿ ਇਸ ਉੱਚੀ ਤਰਾਂ ਦਾ ਰਤਨ ਜਦ ਦੇਖੋ ਤੇ ਮਗਨ ਹੋ ਜਾਓ ਤਾਂ ਪਹਿਲਾਂ ਦਰਸ਼ਨ ਭੇਟਾ ਕਰੋ। ਮੁੱਲੋਂ ਇਹ ਲਾਲ ਇੰਨੇ ਮੁੱਲ ਵਾਲਾ ਹੈ ਕਿ ਅਮੁੱਲ ਹੈ। ਸੋ ਅਸਾਂ ਉਹਨਾਂ ਉਸਤਾਦਾਂ ਦੀ ਮੱਤ ਕਮਾਈ ਹੈ, ਜੋ ਦਰਸ਼ਨ ਭੇਟਾ ਸੌ ਰੁਪੱਯਾ ਦੇ ਰਹੇ ਹਾਂ, ਆਪ ਇਹ ਦਰਸ਼ਨ ਭੇਟਾ ਲੈ ਜਾਓ।

ਅਧਰਕਾ-ਸ਼ਾਹ ਜੀ! ਜ਼ਰਾ ਮੈਨੂੰ ਬੀ ਦਿਖਾਉਣਾ ਇਹ ਲਾਲ।

ਸਾਲਸ (ਚਾ ਕੇ)-ਲਓ ਬੱਚਾ ਵੇਖੋ।

ਅਧਰਕਾ-(ਵੇਖ ਵੇਖ ਕੇ ਗੁੰਮ ਜੇਹਾ ਹੋ ਗਿਆ, ਫੇਰ ਬੋਲਿਆ:)-ਸ਼ਾਹ ਜੀ! ਅਜ ਤਾਂ ਮੈਂ ਬੀ ਕੁਛ ਅੱਖ ਵਾਲਾ ਹੋ ਗਿਆ ਹਾਂ। ਸੱਚ ਮੁਚ ਇਹ ਬੜੀ ਸੁੱਚੀ, ਬੇਰਗਾ[3], ਡਾਢੀ ਸਾਫ ਤੇ ਹਰ ਤਰ੍ਹਾਂ ਸੁਥਰੀ ਸ਼ੈ ਹੈ। ਮੈਂ ਕਦੇ ਇਹ ਡਲ੍ਹਕ ਇਹ ਪਾਣੀ ਦੀ ਸੁੱਚ ਨਹੀਂ ਸੀ ਤੱਕੀ, ਜੋ ਅਚਰਜ ਪਈ ਲਾਉਂਦੀ ਹੈ।

---

੧. ਦਰਸ਼ਨ ਭੇਟਾ ਦਾ ਅਰਥ ਹੈ ਜੋ ਇਸ ਨੂੰ ਦੇਖੋ ਸੌ ਸੌ ਰੁਪੱਯਾ ਨਿਰੇ ਦਰਸ਼ਨ ਕਰਨ ਦੀ ਭੇਟਾ ਦੇਵੇ।

੨. ਹੀਰਾ ਪੰਨਾ ਲਾਲ ਆਦਿਕਾਂ ਵਿਚੋਂ ਜੋ ਬਿਲਕੁਲ ਨਿਰਮਲ ਹੋਵੇ ਤਾਂ ਉਸ ਨੂੰ ਪਾਣੀ ਦਾ ਸਾਫ ਯਾ ਨੀਰ ਦਾ ਆਖਦੇ ਹਨ।

੩. ਜਿਸ ਵਿਚ ਕੋਈ ਘਟ ਰੰਗ ਦੀ ਲੀਕ ਕਿ ਝਾਈਂ ਆਦਿ ਨਾ ਹੋਵੇ। ਇਕ ਰੰਗ ਦਾ ਹੋਵੇ ਸਾਰਾ ਸਾਫ।

ਮਰਦਾਨਾ-ਸ਼ਾਹ ਜੀ! ਮੈਨੂੰ ਜਦ ਇਹ ਗੀਟੀ ਮਾਲਕ ਨੇ ਦਿੱਤੀ ਸੀ ਤਾਂ ਮੈਂ ਮਾਲਕ ਦੀ ਮਸ਼ਕਰੀ ਸਮਝੀ ਸੀ। ਫੇਰ ਮੈਂ ਕਿਹਾ- ਸ਼ੁਕੀਨਾਂ ਦਾ ਸ਼ਹਿਰ ਹੈ, ਕੋਈ ਬਾਲਾਂ ਦੀ ਖੇਡ ਲਈ ਲੈ ਲਏਗਾ ਤੇ ਪੇਟ ਭਰ ਅੰਨ ਮਿਲ ਜਾਏਗਾ। ਪਰ ਜਦ ਮੈਂ ਪਹਿਲੇ ਦੁਕਾਨਦਾਰ ਨੂੰ ਦਿੱਤੀ ਤਾਂ ਉਸ ਨੇ ਇਕ ਮੂਲੀ ਦੇ ਕੇ ਕਿਹਾ ਬਈ ਇਹ ਲੈ ਲੈ ਸਾਡੇ ਬਾਲ ਇਸ ਨਾਲ ਦੋ ਘੜੀਆਂ ਖੇਡ ਲੈਣਗੇ। ਮੈਂ ਕਿਹਾ ਦੋ ਚਾ ਦੇਹ ਤਾਂ ਉਸ ਨੇ ਨਾਂ ਦਿੱਤੀਆਂ, ਫੇਰ ਇਕ ਹਲਵਾਈ ਦੇ ਗਿਆ ਤਾਂ ਉਸਨੇ ਸੇਰ ਮਠਿਆਈ ਨਾ ਦਿਤੀ ਤੇ ਇਕ ਬਜ਼ਾਜ਼ ਦੇ ਜਾ ਖੜੋਤਾ ਤਾਂ ਉਸਨੇ ਗਜ਼ ਖੱਦਰ ਹੀ ਦੇਣ ਨੂੰ ਕਿਹਾ ਪਰ ਨਾਲ ਓਸ ਕਿਹਾ ਕਿਸੇ ਸਰਾਫ[1] ਪਾਸ ਜਾਹ। ਫੇਰ ਚੇਤਾ ਆਇਆ ਕਿ ਮਾਲਕ ਨੇ ਤਾਂ ਸਰਾਫ ਕਿ ਜੌਹਰੀ[2] ਹੀ ਕਿਹਾ ਸੀ। ਫਿਰ ਮੈਂ ਦੋ ਚਾਰ ਹੱਟੀਂ ਗਿਆ, ਮੁੱਲ ਵੱਧ ਪੈਂਦਾ ਰਿਹਾ। ਇਸ ਦੇ ਹੋਰ ਵੱਧ ਮੁੱਲ ਹੋਣ ਦਾ ਮੈਨੂੰ ਹੁੱਣ ਸੰਸਾ ਹੋ ਗਿਆ ਤਾਂ ਮੈਂ ਢੂੰਡਦਾ ਆਪ ਦੇ ਪਾਸ ਆਇਆ ਹਾਂ, ਆਪ ਨੇ ਮੁੱਲ ਅਮੁੱਲ ਆਖਿਆ ਹੈ ਤੇ ਸੌ ਦਰਸ਼ਨ ਭੇਟਾ ਦਿੱਤਾ ਹੈ। ਇਹ ਮੈਂ ਨਹੀਂ ਲੈਂਦਾ।

ਸਾਲਸ-ਤੁਸੀਂ ਸੌ ਰੁਪੱਯਾ ਤੇ ਲਾਲ ਆਪਣੇ ਸ਼ਾਹ ਪਾਸ ਲੈ ਜਾਓ, ਜੇ ਉਹਨਾਂ ਵੇਚਣਾ ਹੀ ਹੋਇਆ ਤਾਂ ਫੇਰ ਆ ਜਾਣਾ, ਪਰ ਇਸ ਸ਼ੈ ਦਾ ਮੁਲ ਅਮੁੱਲ ਹੈ।

ਮਰਦਾਨਾ-ਸ਼ਾਹ ਜੀ! ਮੈਂ ਰਾਤ ਦਾ ਭੁੱਖਾ ਹਾਂ, ਤੇ ਮੇਰੇ ਮਾਲਕ ਜੀ ਭੁੱਖੇ ਤਾਂ ਨਹੀਂ, ਪਰ ਅੰਨ ਉਹਨਾਂ ਬੀ ਨਹੀਂ ਪਾਇਆ, ਹੁਕਮ ਇਹ ਸੀ, ਇਸ ਨੂੰ ਵੇਚ ਕੇ ਭੋਜਨ ਲੈ ਆਓ।

ਸਾਲਸ-ਤੁਸੀਂ ਇਹ ਲੈ ਜਾਓ, ਭੋਜਨ ਬੀ ਪਹੁੰਚ ਜਾਏਗਾ, ਸਾਨੂੰ ਪਤਾ ਦੱਸ ਜਾਓ, ਫਿਕਰ ਨਾ ਕਰੋ। ਅਸੀਂ ਵਪਾਰੀ ਲੋਕ ਹਾਂ

---

੧. ਜੋ ਸੋਨਾ ਚਾਂਦੀ ਵੇਚੇ ਖਰੀਦੇ ਸੋ ਸਰਾਫ।

੨. ਜੋ ਜਵਾਹਰਾਤ ਕਿ ਰਤਨ ਵੇਚੇ ਸੋ ਜੌਹਰੀ।

ਤੇ ਆਪ ਦਾ ਸ਼ਾਹ ਬਹੁਤ ਵਡਾ ਵਪਾਰੀ ਜਾਪਦਾ ਹੈ ਤੇ ਉੱਚੀ ਨਜ਼ਰ ਵਾਲਾ ਲਗਦਾ ਹੈ। ਉਹ ਸਾਡੀ ਗੱਲ ਤੇ ਖੁਸ਼ ਹੋਵੇਗਾ, ਨਾਰਾਜ਼ ਨਹੀਂ ਹੋਣ ਲੱਗਾ।

ਮਰਦਾਨਾ (ਜ਼ਰਾ ਮੱਥਾ ਵੱਟਕੇ)-ਪਤਾ ਨਹੀਂ ਵਡਾ ਤਾਂ ਜ਼ਰੂਰ ਹੈ, (ਆਪਣੇ ਮਨ ਨਾਲ ਕਹਿਣ ਲਗਾ) ਪਰ ਜੇ ਵਪਾਰੀ ਹੁੰਦਾ ਤਾਂ ਦੇਸ਼ ਬਦੇਸ਼ ਭੌਣ ਦੀ ਕੀ ਲੋੜ ਸੀ? ਘਰ ਬੈਠਾ ਹੀ ਅਮੀਰ ਹੋ ਜਾਂਦਾ। (ਫਿਰ ਉੱਚੀ ਬੋਲਿਆ) ਅੱਛਾ ਚੱਲਦੇ ਹਾਂ।

ਸੋ ਰੁਪੱਯਾ ਤੇ ਲਾਲ ਲੈਕੇ ਮਰਦਾਨਾ ਸਤਿਗੁਰੂ ਪਾਸ ਪੁੱਜਾ। ਸਤਿਗੁਰੂ ਦੇਖਕੇ ਹੱਸੇ ਤੇ ਮਰਦਾਨੇ ਨੇ ਲਾਲ ਤੇ ਰੁਪੱਯੇ ਅੱਗੇ ਧਰੇ ਤੇ ਆਖਿਆ:-ਆਹ ਲਓ! ਆਪਣਾ ਤਲਿਸਮ[੧], ਕਿਸੇ ਥਾਂ ਦੋ ਮੂਲੀਆਂ ਮੁਲ ਨਹੀਂ ਪੈਂਦਾ ਤੇ ਕਿਸੇ ਥਾਂ ਸੌ ਰੁਪਯਾ ਦਰਸ਼ਨ ਭੇਟਾ ਤੇ ਮੁੱਲੋਂ ਅਮੋਲਕ ਦੱਸੀਦਾ ਹੈ।

ਸਤਿਗੁਰੂ-ਮਰਦਾਨਿਆਂ, ਅਮੋਲਕ ਚੀਜ਼ਾਂ ਦਾ ਇਹ ਹਾਲ ਹੈ। ਦ੍ਰਿਸ਼ਟੀ ਵਾਲੀ ਥਾਂ ਅਮੋਲਕ ਹਨ ਤੇ ਨਾ ਦ੍ਰਿਸ਼ਟੀ ਵਾਲੀ ਥਾਂ 'ਮੁੱਲ ਰਹਿਤ' ਹਨ[੨] (ਅਰਥਾਤ) ਪਰਖ ਵਾਲੇ ਅਮੋਲਕ ਨੂੰ ਅਮੋਲਕ ਸਮਝਦੇ ਹਨ, ਨਾ ਪਰਖ ਵਾਲੇ ਮੁੱਲ ਵਾਲੀ ਨੂੰ ਕੌਡੀਓਂ ਸਸਤੀ ਸਮਝਦੇ ਹਨ। ਉੱਚੀ ਦ੍ਰਿਸ਼ਟੀ[੩] ਮੁੱਲ ਹੈ। ਜਿਸ ਨੂੰ ਪਰਖ ਲੈਣ ਦੀ ਸੋਝੀ ਨਹੀਂ ਸੀ, ਉਸ ਮੂਲੀ ਮੁੱਲ ਪਾਇਆ; ਜਿਸ ਦੇ ਪਰਖ ਲੈਣ ਵਾਲੇ ਨੈਣ ਸਨ ਉਸਨੇ ਅਮੋਲਕ ਦੱਸਿਆ। ਇਹ ਸੌ ਰੁਪੱਯਾ ਉਸਦੀ

---

੧. ਜਾਦੂਗਰੀ ਦੀ ਚੀਜ਼।

੨. ਗੁਰੂ ਜੀ ਇਕ ਆਮ ਵਰਤ ਰਿਹਾ ਅਸੂਲ ਦੱਸਦੇ ਹਨ ਪਰ ਸੈਨਤ 'ਨਾਮ' ਦੀ ਅਮੋਲਕਤਾਈ ਵਲ ਹੈ।

੩. ਉੱਚੀ ਨਜ਼ਰ-ਸਿਆਣ ਲੈਣ ਵਾਲੀ ਨਜ਼ਰ, ਜੋ ਉੱਚੀਆਂ ਗੱਲਾਂ ਨੂੰ ਸਮਝ ਲਵੇ।

ਅੰਦਰਲੀ ਸੋਝੀ ਨੇ ਕਦਰ ਪਾਈ ਹੈ, ਪਰ ਸਾਡਾ ਹੱਕ ਕਾਈ ਨਹੀਂ ਕਿ ਬਿਨਾਂ ਕੋਈ ਮਾਲ ਦਿੱਤੇ ਦੇ ਰੁਪੱਯੇ ਲਵੀਏ, ਜਾਹੁ ਇਹ ਮੋੜ ਆ।

ਮਰਦਾਨਾ ਥੱਕਾ ਟੁੱਟਾ ਸੀ ਪਰ ਜਾਣਦਾ ਸੀ ਕਿ ਸੌ ਰੁਪੱਯਾ ਅਨਹੱਕਾ ਹੈ ਤੇ ਗੁਰੂ ਜੀ ਨੇ ਲੈਣਾ ਨਹੀਂ; ਸੋ ਚਾਹੇ ਅਨਚਾਹੇ ਰੁਪੱਯੇ ਦੇਣ ਮੁੜ ਗਿਆ।

ਸਤਿਗੁਰੂ ਜੀ ਓਸੇ ਜੰਗਲ ਵਿਚ ਪਰਮੇਸ਼ਰ ਦੇ ਪਯਾਰ ਵਿਚ ਬੈਠ ਕਿਸੇ ਡਾਢੀ ਮਿੱਠੀ ਲੈ ਵਿਚ ਗਾਉਂਦੇ ਰਹੇ ਸਨ:-

ਕਿਆ ਸਾਲਾਹੀ ਅਗਮ ਅਪਾਰੈ॥ ਸਾਚੇ ਸਿਰਜਣਹਾਰ
ਮੁਰਾਰੈ॥ ਜਿਸਨੋ ਨਦਰਿ ਕਰੇ ਤਿਸੁ ਮੇਲੇ ਮੇਲਿ ਮਿਲੈ
ਮੇਲਾਈ ਹੇ[1]॥੧੩॥ (ਮਾਰੂ ਸੋ: ਮ: ੧)

ਇਸ ਵੇਲੇ ਅਧਰੱਕਾ ਭੋਜਨ ਪਕਵਾਨ ਲੈ ਕੇ ਪੁੱਜ ਪਿਆ ਤੇ ਇਸ ਮਿੱਠੀ ਧੁਨਿ ਤੇ ਮਸਤ ਹੋਕੇ ਭਚੱਕ[2] ਰਹਿ ਗਿਆ, ਨਜ਼ਰ ਬੱਝ ਗਈ ਤੇ ਅੰਦਰ ਕੋਈ ਡੂੰਘੀ ਖਿੱਚ ਵੱਜਣ ਲੱਗ ਪਈ ਤੇ ਭੁੱਲ ਗਿਆ ਕਿ ਮੈਂ ਕਿਸੇ ਜੌਹਰੀ ਕੋਲ ਆਯਾ ਹਾਂ ਤੇ ਆਪੇ ਆਪ ਤੋਂ ਬਾਹਰ ਹੋ ਕੇ ਵਿਸਮਾਦ[3] ਵਿਚ ਝੂਮਣ ਲੱਗ ਪਿਆ। ਜਦੋਂ ਗੁਰੂ ਜੀ ਦਾ ਸ਼ਬਦ ਮੁੱਕਾ ਤਾਂ ਪ੍ਰਸ਼ਾਦ ਅਗੇ ਰੱਖ ਕੇ ਪੈਰਾਂ ਤੇ ਢਹਿ ਪਿਆ ਤੇ ਫੇਰ ਹੱਥ ਜੋੜ ਕੇ ਬੋਲਿਆ:-

---

੧. ਅਰਥਾਤ-ਹੇ ਪਰਮੇਸ਼ਰ, ਜੋ ਪਾਰ ਰਹਿਤ ਹੈਂ ਤੂੰ, ਹੇ ਸੱਚੇ, ਹੇ ਸਾਨੂੰ ਸਾਜਣ ਵਾਲੇ, ਹੇ ਹੰਕਾਰ ਨੂੰ ਦੂਰ ਕਰਨ ਵਾਲੇ, ਤੂੰ ਜਿਸ ਉਤੇ ਦਇਆ ਕਰਦਾ ਹੈਂ ਉਸ ਨੂੰ ਆਪਣੇ ਨਾਲ ਮੇਲ ਲੈਂਦਾ ਹੈਂ, ਤੇਰੇ ਮੇਲਿਆਂ ਹੀ ਤੇਰਾ ਮੇਲ ਹੁੰਦਾ ਹੈ।

੨. ਬਹੁਤ ਹਰਿਆਨ।

੩. ਵਿਸਮਾਦ-ਜਦੋਂ ਕੋਈ ਹਰਿਆਨ ਹੁੰਦਾ ਹੁੰਦਾ ਆਪੇ ਵਿਚ ਗੁੰਮ ਹੋ ਜਾਏ ਕਿਸੇ ਸੁਆਦ ਵਿਚ ਉਸ ਨੂੰ ਵਿਸਮਾਦ ਆਖਦੇ ਹਨ।

ਹੇ ਨਾਥ! ਰੱਖ ਲੈ, ਮੈਂ ਆਪ ਨੂੰ ਜੌਹਰੀ ਜਾਣ ਕੇ ਆਇਆ ਸਾਂ ਪਰ ਤੁਸੀਂ ਨਾਰਾਇਣ ਦਾ ਰੂਪ ਹੋ ਦਿੱਸੇ ਹੋ। ਤੁਸਾਂ ਵਿਚ ਜੋਤਿ ਚਮਕਾਰੇ ਮਾਰਦੀ ਹੈ। ਤੁਸਾਂ ਵਿਚੋਂ ਅੰਮ੍ਰਿਤ ਦੀ ਮਿਠਾਸ ਤੇ ਖੁਸ਼ਬੋ ਲਹਿਰੇ ਮਾਰਦੀ ਹੈ। ਹੇ ਰੱਬੀ ਰੰਗ ਵਾਲੇ! ਦਰਸ਼ਨ ਬੀ ਦਿੱਤਾ ਨੇ; ਮਗਨ ਬੀ ਕੀਤਾ ਨੇ, ਸੋਝੀ ਭੀ ਦਿੱਤੀ ਨੇ, ਮੇਲ ਲਓ, ਚਿਰੀ ਵਿਛੁੰਨੇ ਨੂੰ ਮੇਲ ਲਓ।

ਮਰਦਾਨਾ ਹੁਣ ਜੌਹਰੀ ਦੇ ਘਰ ਜੌਹਰੀ ਦੇ ਅੱਗੇ ਰੁਪੱਯੇ ਸੱਟਕੇ ਆ ਗਿਆ ਸੀ ਤੇ ਜੌਹਰੀ ਇਹ ਸੋਚਕੇ ਕਿ ਇਹ ਜਿਸ ਨੇ ਸੌ ਰੁਪੱਯੇ ਨਹੀਂ ਲਏ, ਜੌਹਰੀ ਨਹੀਂ, ਇਹ ਕੋਈ ਰੱਬ ਦਾ ਪਿਆਰਾ ਹੋਣਾ ਹੈ, ਉਹ ਬੀ ਉਠਕੇ ਤੇ ਮਰਦਾਨੇ ਦੇ ਮਗਰੇ ਮਗਰ ਆਇਆ ਸੀ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਉਹ ਬੀ ਅਸਚਰਜ ਹੋ ਗਿਆ। ਉਸ ਨੂੰ ਬੀ ਗੁਰੂ ਦਰਸ਼ਨ ਦਾ ਐਸਾ ਝਲਕਾ ਵੱਜਾ ਕਿ ਹੈਰਾਨ ਹੁੰਦਾ ਹੁੰਦਾ ਗੁੰਮ ਜਿਹਾ ਹੋ ਗਿਆ। ਫੇਰ ਆਪਾ ਸੰਭਾਲਕੇ ਅਗੇ ਹੋਇਆ, ਮੱਥਾ ਟੇਕਿਆ। ਸਤਿਗੁਰੂ ਜੀ ਨੇ ਆਦਰ ਦਿੱਤਾ। ਸਾਲਸ ਹੱਥ ਜੋੜਕੇ ਬੈਠ ਗਿਆ ਤੇ ਬੋਲਿਆ ਲਾਲ ਆਪ ਦਾ ਵੇਖਕੇ ਚਿਤ ਬਹੁਤ ਹੀ ਅਨੰਦ ਹੋਇਆ ਹੈ। ਅਸਚਰਜ ਤੋਂ ਅਸਚਰਜ ਹੁੰਦਾ ਹੈ, ਤੁਸੀਂ ਅਸਚਰਜ ਹੋ। ਫੇਰ ਚੁਪ ਕਰਕੇ ਬੋਲਿਆ- ਆਪ ਦਾ ਦੇਸ਼, ਨਾਮ?

ਸਤਿਗੁਰੂ-ਦੇਸ਼-ਨਿਰੰਕਾਰ, ਨਾਮ-ਨਿਰੰਕਾਰੀ।

ਸਾਲਸ-ਗਹੁ ਨਾਲ ਤੱਕ ਕੇ ਤੇ (ਦਿਲ ਵਿਚ ਖਿੱਚ ਖਾ ਕੇ)- ਕੁਛ ਸਾਨੂੰ ਬੀ ਨਿਰੰਕਾਰ ਦੀ ਸੋਝੀ ਪਾਓ?

ਸਤਿਗੁਰੂ- "**ਜਹ ਦੇਖਾ ਤਹ ਦੀਨ ਦਇਆਲਾ॥**
**ਆਇ ਨ ਜਾਈ ਪ੍ਰਭੁ ਕਿਰਪਾਲਾ॥**

**ਜੀਆ ਅੰਦਰਿ ਜੁਗਤਿ ਸਮਾਈ**
**ਰਹਿਓ ਨਿਰਾਲਮੁ ਰਾਇਆ[1]॥੧॥"**

(ਮਾਰੂ ਸੋ:)

ਸਾਲਸ-ਜੋ ਆਪ ਜੀ ਨੂੰ ਜਿੱਧਰ ਦੇਖੋ ਦਿੱਸਦਾ ਹੈ, ਅਸਾਂ ਜੀਵਾਂ ਨੂੰ ਕਿਉਂ ਨਹੀਂ ਦਿੱਸਦਾ?

ਸਤਿਗੁਰੂ-ਦੇਖ ਭਾਈ ਸਾਲਸ! ਨਿਰਮਲ ਪਾਣੀ ਵਿਚ ਜਾਲਾ ਤੇ ਕੌਲ ਫੂਲ ਦੋਵੇਂ ਹੀ ਵੱਸਦੇ ਹਨ[2]। ਜਾਲਾ ਮੈਲਾ ਹੈ, ਕੌਲ ਫੂਲ ਵਿਚ ਰਸ ਹੁੰਦਾ ਹੈ; ਜਿਸਨੂੰ ਮਕਰੰਦ ਆਖਦੇ ਹਨ, ਇਕੋ ਜਲ ਦੀ ਹੀ ਦੁਹਾਂ ਨੂੰ ਸੰਗਤ ਹੈ, ਪਰ ਕੌਲ ਫੂਲ ਨੂੰ ਜਾਲੇ ਦਾ 'ਸੰਗ ਦੋਖ' ਨਹੀਂ ਲਗਦਾ[3]। ਅਰਥਾਤ ਕਲਵ ਜਾਲੇ ਦੇ ਕੋਲ ਹੋਣ ਕਰਕੇ ਜਾਲੇ ਵਾਂਙੂ ਮੈਲਾ ਮੈਲਾ ਨਹੀਂ ਹੁੰਦਾ। ਫੇਰ ਦੇਖੋ ਡੱਡੂ ਬੀ ਓਸੇ ਪਾਣੀ ਵਿਚ ਵੱਸਦਾ ਹੈ, ਪਰ ਉਹ ਕਵਲ ਫੂੱਲ ਨੂੰ ਨਹੀਂ ਸਿਆਣਦਾ; ਸਿਵਾਲ (ਜਾਲਾ) ਖਾਂਦਾ ਹੈ, ਪਰ ਕੌਲ ਫੁੱਲਾਂ ਵਿਚੋਂ ਅੰਮ੍ਰਿਤ (ਰੂਪੀ ਮਕਰੰਦ ਰਸ) ਨੂੰ ਨਹੀਂ ਲੱਖਦਾ[4]। ਡੱਡੂ ਜਲ ਦੇ ਵਿਚ (ਕੌਲਾਂ ਦੇ ਨਾਲ) ਨਿਤ ਵਸਦਾ ਹੋਯਾ ਨਹੀਂ ਸੋਝੀ ਪਾਉਂਦਾ ਤੇ (ਭੌਰੇ ਭੌਰੀਆਂ) (ਜਲ ਵਿਚ) ਨਹੀਂ ਵਸਦੇ, (ਪਰ) ਉਪਰੋਂ (ਆਕੇ) ਉਸ ਦੇ ਗੁਣਾਂ ਨੂੰ ਚੁੰਘ (ਪ੍ਰਾਪਤ ਕਰ) ਲੈਂਦੇ ਹਨ[5]। ਅਰਥਾਤ ਡੱਡੂ ਨੂੰ

---

੧. ਅਰਥਾਤ ਵਾਹਿਗੁਰੂ ਜੋ ਗਰੀਬਾਂ ਉਤੇ ਦਿਆਲੂ ਹੈ, ਸਾਰ ਹੈ ਤੇ ਮੈਂ ਉਸਨੂੰ ਸਾਰੇ ਵੇਖ ਰਿਹਾ ਹਾਂ ਤੇ ਉਹ ਮਰਨ ਜੰਮਣ ਵਿਚ ਨਹੀਂ, ਓਹ ਸਾਰਿਆਂ ਵਿਚ ਹੈ, ਪਰ ਫੇਰ ਵੱਖਰੇ ਦਾ ਵੱਖਰਾ ਰਹਿੰਦਾ ਹੈ।

੨. ਬ੍ਰਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲਰੇ॥

੩. ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ॥੧॥

੪. ਦਾਦਰ ਤੂ ਕਬਹਿ ਨ ਜਾਨਿਸਿ ਰੇ॥ ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ॥੧॥ਰਹਾਉ॥

੫. ਬਸੁ ਜਲ ਨਿਤ ਨ ਵਸਤ ਅਲੀਅਲ ਮੇਰਾ ਚਚਾ ਗੁਨ ਰੇ।

(ਰਾਗ ਮਾਰੂ ਮ: ੧-੪)

ਕੌਲ ਫੁਲਾਂ ਦੇ ਕੋਲ ਵੱਸ ਕੇ ਕੌਲ ਫੁਲਾਂ ਦੀ ਕਦਰ ਨਹੀਂ ਪੈਂਦੀ, ਤੇ ਭੌਰੇ ਬਾਹਰੋਂ ਉਡਦੇ ਆਉਂਦੇ ਹਨ ਕੌਲ ਫੁਲ ਵਿਚੋਂ ਮਿੱਠਾ ਰਸ ਲੈ ਲੈਂਦੇ ਹਨ।

ਸਾਲਸਰਾਇ-ਹੇ ਮਹਾਂਪੁਰਖ ਜੀ! ਇਸ ਵਿਚ ਕਾਰਣ ਕੀ ਹੈ?

ਸਤਿਗੁਰੂ-ਅਨਭਉ ਦੀ ਕਮੀ, ਜਿਸ ਤਰ੍ਹਾਂ ਚੰਦ੍ਰਮਾਂ ਨੂੰ ਕੁਮਦਨੀਆਂ ਦੂਰੋਂ ਹੀ ਦਰਸ਼ਨ ਕਰਕੇ ਖਿੜ ਜਾਂਦੀਆਂ ਹਨ, ਕਾਰਨ ਅਨਭਉ ਹੈ[1]। ਅਨੁਭਵ ਉਸ ਨੂੰ ਕਹੀਦਾ ਹੈ ਜਿਵੇਂ ਅਸਮਾਨਾਂ ਵਿਚ ਚੰਦ ਚੜ੍ਹਿਆ ਦੇਖਕੇ ਕੁਮੁਦਨੀਆਂ ਯਾ ਕੰਮੀਆਂ[2] ਜਿਨ੍ਹਾਂ ਨੂੰ ਕਹੀਦਾ ਹੈ, ਖਿੜ ਪੈਂਦੀਆਂ ਹਨ; ਉਨ੍ਹਾਂ ਨੂੰ ਸੋਝੀ ਹੈ ਚੰਦ ਦੀ ਚਾਨਣੀ ਦੀ।

ਸਾਲਸ-ਸਾਈਂ ਦੇ ਸਾਂਈ ਲੋਕ ਜੀ! ਅਨੁਭਵ ਖੋਲ੍ਹੀਏ।

ਸਤਿਗੁਰ-ਜਿਸ ਤਰ੍ਹਾਂ ਭਾਈ ਤੇਰੀ ਦ੍ਰਿਸ਼ਟੀ ਨੂੰ ਹੀਰੇ ਜਵਾਹਰ ਪਰਖਣ ਵਿਚ ਅਨਭਉ ਹੋ ਆਇਆ ਹੈ ਸਾਡੇ ਸੱਜਣ ਮਰਦਾਨੇ ਨੂੰ ਰਾਗ ਦੀਆਂ ਲਹਿਰਾਂ ਵਿਚ ਅਨੁਭਉ ਹੋ ਆਇਆ ਹੈ। ਜਿਸ ਤਰ੍ਹਾਂ ਕਵਿ ਨੂੰ ਕਿਸੇ ਉੱਚੇ ਰਸ ਵਿਚ ਅਨਭਉ ਹੋ ਆਉਂਦਾ ਹੈ ਤਿਵੇਂ ਨਿਰੰਕਾਰੀਆਂ, ਅਰਥਾਤ ਰੱਬ ਜੀ ਦੇ ਪਿਆਰਿਆਂ, ਦੇ ਅੰਦਰਲੇ ਨੂੰ ਇਕ ਉਸੇ ਤਰ੍ਹਾਂ ਦਾ, ਤੇ ਨਾਲ ਕੁਛ ਹੋਰ ਤਰ੍ਹਾਂ ਦਾ ਇਕ ਨਿਰੰਕਾਰੀ ਅਨੁਭਉ ਦਾਨ ਮਿਲਦਾ ਹੈ।

ਇਹ ਸੁਣਕੇ ਮਰਦਾਨੇ ਨੂੰ ਪਹਿਲੇ ਦਿਨ ਵਾਲਾ ਸਤਿਗੁਰੂ ਦਾ ਸਾਰਾ ਉਪਦੇਸ਼ ਯਾਦ ਆ ਗਿਆ, ਓਧਰ ਜੌਹਰੀ ਨੂੰ ਆਪਣੀ ਗੱਲ ਚੇਤੇ ਆਈ ਜੋ ਉਸਨੇ ਆਪਣੇ ਸ਼ਾਗਿਰਦ ਅਧਰੱਕੇ ਨਾਲ ਕੀਤੀ ਸੀ। ਦਿਲਾਂ ਵਿਚ ਕੰਘੀਆਂ ਫਿਰ ਗਈਆਂ। ਸਾਲਸ ਦੇ ਦਿਲ ਵਿਚ

---

੧. ਚੰਦ ਕੁਮਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ॥੨॥ (ਮਾਰੂ ਮ: ੧-)

੨. ਕੰਮੀਆਂ ਚਿੱਟੇ ਕੌਲ ਫੁਲ ਨੂੰ ਕਹਿੰਦੇ ਹਨ। ਇਸ ਨੂੰ ਫਾਰਸੀ ਵਿਚ ਨੀਲੋਂਫਰ ਤੇ ਪੰਜਾਬੀ ਵਿਚ 'ਕਮੀਆਂ' ਕਹੀਦਾ ਹੈ।

ਆਦਰ ਤੇ ਪਿਆਰ ਬਹੁਤ ਵਧਿਆ। ਦੇਹੁੰ ਵਡਾ ਆਇਆ ਵੇਖ ਕੇ ਸਾਲਸ ਨੇ ਪ੍ਰਸ਼ਾਦ ਛਕਣ ਵਾਸਤੇ ਬੇਨਤੀ ਕੀਤੀ। ਸੌ ਰੁਪੱਯਾ ਲੈਣੇ ਤਾਂ ਸਤਿਗੁਰੂ ਨੇ ਨਾਂਹ ਕਰ ਦਿੱਤੀ ਸੀ, ਇਹ ਕਹਿਕੇ "ਫਕੀਰਾਂ ਨੂੰ ਇਸ ਦੀ ਲੋੜ ਨਹੀਂ" ਤੇ ਪ੍ਰਸ਼ਾਦ ਮਰਦਾਨੇ ਨੂੰ ਬੀ ਦਿੱਤਾ ਤੇ ਆਪ ਬੀ ਛਕਿਆ ਜੋ ਅਧਰੱਕੇ ਨੇ ਬੜੇ ਪ੍ਰੇਮ ਵਿਚ ਮਗਨ ਹੋ ਕੇ ਛਕਾਇਆ। ਅਧਰੱਕੇ ਤੇ ਨਜ਼ਰ ਪਾ ਕੇ ਸਤਿਗੁਰ ਨੇ ਨਿਹਾਲ ਕਰ ਦਿੱਤਾ।

ਸਾਲਸਰਾਇ-ਹੇ ਨਿਰੰਕਾਰ ਦੇ ਪਿਆਰੇ ਜੀ! ਦਾਸ ਨੂੰ ਬੀ ਉਹ ਦ੍ਰਿਸ਼ਟੀ[1] ਦਾਨ ਕਰੋ ਜੋ ਨਿਰੰਕਾਰ ਦਿੱਸ ਆਵੇ।

ਸਤਿਗੁਰ ਜੀ-ਤੇਰੇ ਇਸ ਸੇਵਕ ਨੂੰ ਤਾਂ ਉਹ ਦ੍ਰਿਸ਼ਟੀ ਹੋ ਆਈ ਹੈ। ਗਹੁ ਕਰ ਦੇਖਿਆ ਸੂ ਤੇ ਆਪਾ ਬੰਨ੍ਹਕੇ ਦੇਖਿਆ ਸੂ ਤੇ ਆਪੇ ਵਿਚ ਤੱਕਿਆ ਸੂ ਤੇ ਮੇਹਰ ਦਾ ਸਦਕਾ ਦਿੱਸ ਆਇਆ ਸੂ।

ਇਹ ਸੁਣਕੇ ਜੌਹਰੀ ਨੇ ਦਾਸ ਵੱਲ ਤੱਕਿਆ ਤੇ ਉਸ ਦੇ ਚਰਨੀਂ ਢਹਿ ਪਿਆ। ਸਤਿਗੁਰੂ ਜੀ ਉਸ ਦੀ ਦ੍ਰਵਣਤਾ[2] ਤੇ ਨਿਰਮਾਣਤਾ[3] ਪਰ ਰੀਝ ਕੇ ਉਠੇ, ਆਪਣੇ ਸਿਰ ਪਰ ਜੋ ਡੇਢ ਗਜ਼ ਦਾ ਸਾਫਾ ਸੀ ਲਾਹ ਕੇ ਸਾਲਸ ਦੇ ਸਿਰ ਬੰਨ੍ਹ ਦਿੱਤਾ ਤੇ ਦਇਆ ਤੇ ਪਜਾਰ ਵਾਲੀ ਨਜ਼ਰ ਦ੍ਰਿਸ਼ਟੀ ਪਾ ਕੇ ਉੱਚੀ ਦ੍ਰਿਸ਼ਟੀ ਦਾਨ ਕਰ ਦਿੱਤੀ। ਭਾਵ ਇਹ ਕਿ ਵਾਹਿਗੁਰੂ ਜੀ ਨਾਲ ਜੋੜ ਦਿੱਤਾ। ਉਹ ਕਪੜਾ, ਸੂਰਜ ਪ੍ਰਕਾਸ਼ ਵਿਚ ਐਉਂ ਲਿਖਿਆ ਹੈ :-

"ਸਾਲਸ ਬਾਂਧਜੋ ਸੀਸ ਪਰ ਸ਼ੀਘਰ ਖੁਲ੍ਹੇ ਕਪਾਟ। ਗਜਾਨਾਨੰਦ
ਪੂਰਨ ਭਯੋ ਠਟਯੋ ਔਰ ਹੀ ਠਾਟ। ਭਾ ਨਿਹਾਲ ਤਤਕਾਲ ਸ੍ਰੀ

---

੧. ਡੂੰਘੀ ਪਛਾਣ ਵਾਲੀ ਨਜ਼ਰ।

੨. ਦ੍ਰਵਣ=ਦਿਲ ਦੀ ਨਰਮੀ ਤੇ ਕੂਲਾਪਨ।

੩. ਨਿਰਮਾਣਤਾ=ਨੀਵਾਂ ਹੋ ਜਾਣਾ ਆਦਰ ਕਰਨ ਲਈ।

ਗੁਰੂ ਨਾਨਕ ਮਇਆ ਤੇ। ਉਮਗਜੋ ਪ੍ਰੇਮ ਬਿਸਾਲ ਉਸਤਤਿ ਉਚਰਤਿ ਸ਼ਬਦ ਕਹਿ।"
(ਗੁਰੂ ਨਾਨਕ ਪ੍ਰਕਾਸ਼)

ਅਰਥਾਤ-ਸਾਲਸਰਾਇ ਨੇ ਗੁਰੂ ਜੀ ਦਾ ਦਿੱਤਾ ਸਾਫਾ ਆਪਣੇ ਸੀਸ ਉਤੇ ਬੰਨ੍ਹ ਲਿਆ ਤੇ ਉਸ ਦੇ ਮਨ ਅਗੇ ਜੋ ਪਰਦੇ ਸਨ ਉਹ ਪਰੇ ਹਟ ਗਏ, ਤਦ ਉਸ ਦੇ ਅੰਦਰ ਗਜਾਨ ਦੀ ਖੁਸ਼ੀ ਭਰੀ ਗਈ ਤੇ ਖਿੜ ਪਿਆ ਅੰਦਰਲੀ ਖੁਸ਼ੀ ਨਾਲ। ਸ੍ਰੀ ਗੁਰੂ ਨਾਨਕ ਦੀ ਮੇਹਰ ਨਾਲ ਉਸ ਦੇ ਦਿਲ ਵਿਚ ਬਹੁਤਾ ਪਿਆਰ ਉੱਛਲ ਪਿਆ ਤੇ ਗੁਰੂ ਜੀ ਦੇ ਗੁਣ ਗਾਉਣ ਲੱਗ ਪਿਆ।

ਇਸ ਤਰ੍ਹਾਂ ਦੋਵੇਂ ਨਿਹਾਲ ਹੋ ਗਏ, ਤਦ ਸਤਿਗੁਰੂ ਨੇ ਵਾਕ ਉਚਾਰਿਆ:-ਭਾਈ! ਜਿਵੇਂ ਜੌਹਰੀ ਦੀ, ਰਾਗੀ ਦੀ ਤੇ ਕਵੀ ਦੀ ਦ੍ਰਿਸਟਿ ਹਿਸਾਬ ਤੋਂ ਉੱਚੀ ਹੈ, ਪਰ ਤਦ ਬੀ ਬੇਮਲੂਮੇ ਹਿਸਾਬ ਦੀ ਹੈ। ਇਕ ਹੋਰ ਦ੍ਰਿਸ਼ਟੀ ਹੈ, ਜਿਹੜੀ ਦ੍ਰਿਸ਼ਟੀ ਸਭ ਦ੍ਰਿਸ਼ਟੀਆਂ ਤੋਂ ਪਰੇ ਦੀ ਹੈ, ਇਹ ਤੁਸਾਂ ਨੂੰ ਹੁਣ ਫੁਰੀ ਹੈ, ਇਹ ਪੂਰਨ ਅਨਭਉ ਹੈ, ਜਦੋਂ ਦਿੱਸਦੇ ਵੱਸਦੇ ਜਗਤ ਤੋਂ ਧਿਆਨ ਉਠਕੇ ਵਿਸਮਾਦ ਦੇ ਘਰ ਚੜ੍ਹਦਾ ਹੈ, ਆਪਾ ਆਪੇ ਵਿਚ ਆਉਂਦਾ ਹੈ, ਝਲਕਾ ਵਜਦਾ ਹੈ ਅਪਾਰ ਦਾ, ਇਸ ਦਾ ਅਰਥ ਇਹ ਹੈ ਕਿ ਜਦੋਂ ਵਾਹਿਗੁਰੂ ਜੀ ਦੇ ਪਾਸ ਹੋਣ ਦਾ ਆਸਰਾ ਮਨ ਵਿਚ ਬਣ ਜਾਂਦਾ ਹੈ, ਚਾਹੋ ਉਹ ਅੱਖਾਂ ਨਾਲ ਨਹੀਂ ਦੀਹਦੇ ਪਰ ਹੁੰਦੇ ਪਾਸ ਹਨ, ਤਦੋਂ ਹੱਦਾਂ ਬੰਨੇ ਹੇਠ ਰਹਿ ਜਾਂਦੇ ਹਨ। ਇਹ ਝਲਕਾ ਮਨ ਪਰ ਇਕ ਅਸਰ ਛੱਡ ਜਾਂਦਾ ਹੈ, ਜਿਸ ਨਾਲ ਟੁਰਦੇ ਫਿਰਦੇ ਵਸਦੇ ਜਗਤ ਵਿਚ ਵਾਹਿਗੁਰੂ ਕਰਤਾਰ ਨਿਰੰਕਾਰ ਦਾ ਅਨਭਉ ਕਰਾਉਂਦਾ ਰਹਿੰਦਾ ਹੈ। ਇਸ ਦੀ ਯਾਦ ਵਿਚ ਰੱਬ ਜੀ ਵੱਸਦੇ ਹਨ, ਭੁਲਦੇ ਨਹੀਂ ਯਾ ਇਉਂ ਕਹੋ ਕਿ 'ਨਾਮ' ਦੀ ਟੇਕ ਕਿ ਆਸਰਾ ਮਿਲ ਜਾਂਦਾ ਹੈ ਹਰ ਵੇਲੇ ਦਾ। ਫੇਰ ਮਨੁੱਖ ਦਿੱਸਦੇ ਜਗਤ ਨੂੰ ਵੇਖਕੇ ਭੁੱਲਦਾ ਨਹੀਂ, ਦਿੱਸਦਾ ਜਗਤ ਇਸ ਨੂੰ ਕੁਛ ਕੁਛ ਪੁਸ਼ਾਕੇ ਦੀ ਨਿਆਈ ਦਿੱਸਦਾ ਹੈ। ਯਾ ਜਗਤ

ਕੋਠੜੀ ਦਿੱਸਦਾ ਹੈ ਤੇ ਵਿਚ ਵੱਸਦਾ ਵਾਹਿਗੁਰੂ ਦਿੱਸਦਾ ਹੈ। ਯਾ ਜਿਵੇਂ ਕੋਠੜੀ ਵਿਚ ਵਸਦਾ ਮਨੁੱਖ ਦਿੱਸਦਾ ਹੈ ਤਿਵੇਂ-ਜੈਸਾ ਕਿ ਵਾਕ ਹੈ, 'ਇਹੁ ਜਗ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ' ਤੇ ਦੇਖਣਹਾਰ ਬੰਦਾ ਉਸ 'ਵਿਚ ਵਸਦੇ' ਪਿਆਰੇ ਤੋਂ ਬਲਿਹਾਰ ਹੁੰਦਾ ਹੈ :-

ਬਲਿਹਾਰੀ ਕੁਦਰਤਿ ਵਸਿਆ॥
ਤੇਰਾ ਅੰਤੁ ਨ ਜਾਈ ਲਖਿਆ॥

ਹੇ ਕੁਦਰਤ ਵਿਚ ਸਾਰੇ ਜਗਤ ਵਿਚ ਵਸ ਰਹੇ ਰੱਬ ਜੀ! ਤੈਥੋਂ ਸਦਕੇ ਹਾਂ, ਤੇਰਾ ਅੰਤ ਕੋਈ ਨਹੀਂ ਪਾ ਸਕਦਾ।

ਇਸ ਤਰ੍ਹਾਂ ਵਾਹਿਗੁਰੂ ਜੀ ਦੇ ਪਿਆਰ ਵਿਚ ਆ ਕੇ ਉਸੇ ਧਿਆਨ ਵਿਚ ਮਗਨ ਸਾਲਸ ਤੇ ਅਧਰੱਕਾ ਸੁਆਦ ਮਾਣਦੇ ਵਿਦਾ ਹੋਏ।

ਸਤਿਗੁਰੂ ਕਈ ਮਹੀਨੇ ਉਥੇ ਰਹੇ, ਇਥੇ ਗੰਗਾ ਤੋਂ ਪਾਰ ਤ੍ਰੈ ਮੀਲ ਇਕ ਟਿਕਾਣਾ ਹੈ; ਜਿਥੇ ਕੱਤਕ ਦੀ ਪੂੰਨਜਾਂ ਨੂੰ 'ਹਰੀ ਹਰ ਛੇਤ੍ਰ' ਦਾ ਮੇਲਾ ਲੱਗਦਾ ਹੁੰਦਾ ਸੀ। ਇਸ ਮੇਲੇ ਲਈ ਸਤਿਗੁਰੂ ਏਥੇ ਠਹਿਰੇ ਸਨ ਕਿ ਮੇਲੇ ਤੇ ਆਏ ਯਾਤ੍ਰੀਆਂ ਵਿਚ ਉਪਦੇਸ਼ ਦੇਣ; ਉਹਨਾਂ ਨੂੰ ਬੇਸਮਝੀ ਦੇ ਹਨੇਰੇ ਵਿਚੋਂ ਕੱਢਣ ਤੇ ਉੱਜਲ ਮਤਿ ਦੇ ਕੇ ਚਾਨਣ ਕਰ ਦੇਣ। ਸੋ ਆਪ ਦੇ ਗਿਰਦ ਰੋਜ਼ ਭੀੜ ਲਗੀ ਰਹੇ, ਰੱਬੀ ਕੀਰਤਨ ਉਪਦੇਸ਼ ਹੋਵੇ, ਭੁੱਲੇ ਲੋਕ ਰਸਤੇ ਪੈ ਜਾਣ। ਇਉਂ ਸ਼ਹਿਰ ਪਟਣੇ ਵਿਚ ਸਿਖੀ ਪ੍ਰਚਾਰ ਹੋ ਪਿਆ, ਰੋਜ਼ ਸੰਗਤ ਆਵੇ, ਸਤਿਸੰਗ ਕਰੇ ਸੁਖੀ ਹੋਵੇ।

ਇਹੋ ਕੱਤਕ ਪੁੰਨਿਆਂ ਸਤਿਗੁਰ ਦਾ ਅਵਤਾਰ ਦਾ ਦਿਨ ਹੁਣ ਪ੍ਰਸਿੱਧ ਹੈ ਜਿਸ ਦਿਨ ਗੁਰਪੁਰਬ ਮਨਾਈਦਾ ਹੈ। ਇਸੇ ਦਿਨ ਸਤਿਗੁਰ ਜੀ ਨੇ ਪਟਣੇ ਦੀ ਸੰਗਤ ਨਿਹਾਲ ਕੀਤੀ, ਤੇ ਚਾਰ ਮਹੀਨੇ ਰਹਿਕੇ ਟੁਰਨ ਲਗੇ, ਸੰਗਤ ਨੇ ਬੇਨਤੀ ਕੀਤੀ ਕਿ ਸਾਨੂੰ ਕੋਈ ਆਗੂ

ਦੇ ਜਾਓ ਜੋ ਸਿੱਧੇ ਰਸਤੇ ਸਾਨੂੰ ਟੋਰਦਾ ਰਹੇ, ਮਹਾਰਾਜ ਜੀਓ! ਗੁਰੂ ਜੀ ਨੇ ਅਧਰੱਕੇ ਵੱਲ ਸੈਨਤ ਕੀਤੀ ਤੇ ਫੇਰ ਬਚਨ ਕੀਤਾ ਸੰਗਤ ਦੀ ਅਗੁਵਾਨੀ ਦੀ ਸੇਵਾ ਸਾਲਸ ਕਰੇਗਾ, ਸਾਲਸ ਦੇ ਮਗਰੋਂ ਅਧਰੱਕਾ ਕਰੇਗਾ।

ਪਟਨੇ ਵਿਚ ਇਸੇ ਸਾਲਸ ਦੀ ਉਲਾਦ ਵਿਚੋਂ ਫਤਹ ਚੰਦ ਮੈਣੀ ਦਸਮੇਂ ਸਤਿਗੁਰ ਦਾ ਪਿਆਰਾ ਹੋਇਆ ਹੈ। ਇਸ ਦੇ ਘਰ ਬਾਲਕ ਪਨੇ ਵਿਚ ਗੁਰੂ ਗੋਬਿੰਦ ਸਿੰਘ ਜਾਇਆ ਕਰਦੇ ਸਨ; ਉਸ ਟਿਕਾਣੇ ਦਾ ਨਾਂ ਮੈਣੀ ਸੰਗਤ ਹੈ।

ਅਧਰੱਕੇ ਦੀ ਔਲਾਦ ਦੇ ਦੋ ਮਸੰਦ ਗੁਲਾਬ ਰਾਇ ਤੇ ਘਨਸ਼ਜਾਮ ਦਸਮੇਂ ਸਤਿਗੁਰ ਜੀ ਦੀ ਸੇਵਾ ਕਰਦੇ ਰਹੇ ਹਨ ਤੇ ਓਹਨਾਂ ਦੀ ਔਲਾਦ ਦੇ ਕਦੇ ਪਟਣੇ ਗੁਰਦੁਆਰੇ ਦੀ ਸੇਵਾ ਕਰਦੇ ਰਹੇ ਦੱਸੀਦੇ ਹਨ। ਇਹ ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਧਾਰਨ ਦਾ ਟਿਕਾਣਾ ਹੈ। ਇਸ ਗੁਰਦੁਆਰੇ ਨੂੰ 'ਤਖਤ ਸਾਹਿਬ' ਆਖਦੇ ਹਨ।

ਸਾਲਸਰਾਇ ਪ੍ਰੇਮੀ ਭਜਨੀਕ ਹੋਇਆ ਤੇ ਉਸ ਨੂੰ ਕਵਿਤਾ ਬੀ ਫੁਰਦੀ ਰਹੀ ਹੈ। ਸਾਲਸ ਸਬੰਧੀ ਕਈ ਸ਼ਬਦ ਮ: ੧ ਕਰਕੇ ਜਨਮ ਸਾਖੀਆਂ ਵਿਚ ਦਿਤੇ ਹਨ, ਉਸ ਦੀ ਆਪਣੀ ਛਾਪ ਵਾਲਾ ਬੀ ਇਕ ਸ਼ਬਦ ਐਉਂ ਹੈ :-

ਬਿਲਾਵਲ ਸਾਲਸਰਾਇ ਜੀ ਕੀ:-

ਸਤਿਗੁਰ ਦਾਤਾ ਨਾਮਕਾ ਦੀਨੇ ਖੋਲ ਕਪਾਟ[੧]॥ ਏਕ ਜੋ ਵਣਜ ਵਣੰਜਿਆ ਬਹੁਰ ਨ ਆਵੈ ਘਾਟ[੨]॥ ਸਤਿਗੁਰ ਨਾਨਕ ਪੂਰਾ ॥ ਬਚਨ ਕਾ ਸੂਰਾ[੩] ॥੧॥ ਰਹਾਉ ॥ ਅਗਮ ਨਿਗਮ[੪]

੧. ਭਾਵ ਹੈ ਦਿਲ ਤੋਂ ਪੜਦੇ ਹਟਾ ਦਿਤੇ।

੨. ਘਾਟਾ। ੩. ਸੂਰਾ=ਸੂਰਮਾ, ਬਹਾਦਰ।

੪. ਭਾਵ ਹੈ ਰਬੀ ਭੇਤ ਜੋ ਲੁਕੇ ਹੋਏ ਹਨ।

ਦਿਖਾਵਤਾ ਖੋਲੇ ਨੇਤ੍ਰ ਕਪਾਟ[5] ਅਨੰਤ[6]॥ ਜਗ ਵਣਜਾਰਾ ਸਗਲ[7] ਹੈ ਸਾਹ ਏਕ ਭਗਵੰਤ॥ ਵਣਜ ਹਮਾਰਾ ਸਤਿਗੁਰੂ ਪੂੰਜੀ[8] ਹਮਰੀ ਨਾਮ॥ ਆਠ ਪਹਿਰ ਧੁਨਿ ਲਗ ਰਹੇ ਯਹੀ ਹਮਾਰੇ ਕਾਮ॥ ਸਾਲਸ ਬਿਨਵੈ ਬੇਨਤੀ ਸੁਣ ਲੈ ਤੂੰ ਕਰਤਾਰ॥ ਕਾਚੇ ਰੰਗ ਉਤਾਰਕੇ ਸਾਚੇ ਰੰਗ ਅਪਾਰ[9]॥

❖❖❖

## ੫੭. ਗਯਾ।

**ਸਾਲਿਸਰਾਇ** ਤੇ ਅਧਰੱਕੇ ਨੂੰ ਤਾਰ ਕੇ ਸ੍ਰੀ ਸਤਿਗੁਰੂ ਜੀ ਕਾਸ਼ੀ ਤੋਂ ਟੁਰ ਪਏ ਤੇ ਆ ਗਏ ਰਾਜ ਗਿਰੀ[10]। ਇਥੇ ਮੇਲਾ ਸੀ, ਮੇਲੇ ਉਤੇ ਤਰ੍ਹਾਂ ਤਰ੍ਹਾਂ ਦੇ ਲੋਕ ਆਏ ਹੋਏ ਸਨ ਜੋ ਰਬ ਜੀ ਤੋਂ ਭੁੱਲ ਰਹੇ ਸਨ। ਉਨ੍ਹਾਂ ਨੂੰ ਰੱਬ ਦੇ ਰਸਤੇ ਪਾਕੇ ਉਨ੍ਹਾਂ ਤੋਂ ਮਾੜੇ ਕੰਮ ਛੁਡਾ ਕੇ, ਸ੍ਰੀ ਗੁਰੂ ਜੀ ਗਯਾ ਆ ਗਏ। ਆਪ ਦਾ ਸੁਹਣਾ ਸੁਹਾਵਾ, ਤੇਜ ਵਾਲਾ ਨੂਰਾਨੀ ਚਿਹਰਾ ਦੇਖਕੇ ਲੋਕੀ ਹਰਿਆਨ ਹੋ ਰਹੇ ਸਨ ਕਿ ਇਹ ਕੌਣ ਹੈ। ਕੁਛ ਪੰਡੇ ਬੀ ਗੁਰੂ ਜੀ ਪਾਸ ਆ ਗਏ। ਤੀਰਥਾਂ ਤੇ ਰਹਿਣ ਵਾਲੇ ਬ੍ਰਹਮਣਾਂ ਨੂੰ 'ਪੰਡਾ' ਕਹਿੰਦੇ ਹਨ। ਇਹ ਲੋਕ ਯਾਤ੍ਰੀਆਂ ਨੂੰ ਘਰੀਂ ਉਤਾਰਦੇ ਹੁੰਦੇ ਸਨ ਤੇ ਜਾਤ੍ਰੀ ਇਨ੍ਹਾਂ ਦੇ ਕਹੇ ਮੂਜਬ ਪਿੰਡ ਭਰਾਉਂਦੇ ਸਨ। ਪਿੰਡ ਭਰਾਉਣਾ ਇਕ ਰਸਮ ਹੈ। ਆਪਣੇ ਮਰ ਚੁਕੇ ਵਡਿਆਂ ਲਈ ਤੀਰਥ ਉਤੇ ਜਵਾਂ ਦੇ ਆਟੇ ਆਦਿਕਾਂ ਦੇ ਗੋਲੇ ਬਣਾਕੇ ਅਰਪਣ ਕਰਨੇ ਨੂੰ ਪਿੰਡ ਭਰਾਉਣਾ ਕਹਿੰਦੇ ਹਨ। ਪੰਡੇ ਗੁਰੂ ਜੀ ਨੂੰ ਭੀ ਆਖਣ ਲਗੇ ਕਿ ਸ੍ਰੀ ਜੀਓ ਪਿੰਡ ਭਰਾਓ! ਪਿਤਰਾਂ[11] ਦੀ ਮੁਕਤੀ ਕਰਾ ਲਓ।

---

੫. ਮਨ ਦੇ ਪੜਦੇ। ੬. ਬੇਹਦ। ੭. ਸਾਰਾ। ੮. ਰਾਸ, ਮੂੜੀ।

੯. ਨਾਮ ਦਾ ਸੱਚਾ ਤੇ ਬੇਅੰਤ ਰੰਗ ਚਾੜ੍ਹਦੇ।

੧੦. ਇਤਿਹਾਸ ਖਜ਼ਾਨ ਸਿੰਘ।

੧੧. ਮਰ ਗਏ ਵਡੇ ਵਡੇਰੇ ਨੂੰ ਪਿਤਰ ਆਖਦੇ ਹਨ।

ਤਾਂ ਬਾਬੇ ਕਿਹਾ: ਅਸਾਂ ਅਪਣੇ ਪਿਤਰਾਂ ਦਾ ਤੇ ਆਪਣੇ ਸਤਿਸੰਗੀਆਂ ਦਾ ਤੇ ਆਪਣਾ ਬੀ ਦੀਵਾ ਅਤੇ ਕਿਰਿਆ ਕਰਮ ਕਰਾ ਛਡਿਆ ਹੋਇਆ ਹੈ*, ਪਰ ਐਸੀ ਕਿਰਿਆ ਕੀਤੀ ਹੈ ਜੋ ਅਗਜਾਨ ਦਾ ਅੰਧੇਰਾ ਸਭ ਮਿਟ ਗਿਆ ਤੇ ਉਹਨਾਂ ਦੀ ਮੁਕਤੀ ਹੋ ਗਈ ਹੈ। ਸੁਰਗ ਤੇ ਨਰਕ ਜੋ ਹਨ ਸੋ ਅਗਜਾਨ ਵਿਚ ਹਨ, ਤਾਂ ਤੇ ਜਿਨ੍ਹਾਂ ਨੇ 'ਨਾਮ' ਰੂਪੀ ਦੀਵਾ ਬਾਲਿਆ ਹੈ ਉਹਨਾਂ ਦੀ ਮੁਕਤੀ ਹੋਈ ਹੈ। ਇਸ ਵੇਲੇ ਦੀ ਕੀਤੀ ਗਲ ਬਾਤ ਦਾ ਸ੍ਰੀ ਬਾਬਾ ਜੀ ਨੇ ਆਸਾ ਰਾਗ ਵਿਚ ਸ਼ਬਦ ਬੋਲਿਆ :-

ਆਸਾ ਮਹਲਾ ੧॥

**"ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥ ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ॥੧॥ ਲੋਕਾ ਮਤ ਕੋ ਫਕੜਿ ਪਾਇ॥ ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥੧॥ਰਹਾਉ॥ ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ॥ ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ॥੨॥ ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ॥ ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ॥੩॥ ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ॥ ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ॥੪॥੨॥੩੨॥"**

ਏਸ ਸਾਰੀ ਗੱਲ ਦਾ ਨਿਚੋੜ ਇਹ ਹੈ ਕਿ-

(੧) ਵੱਡਾ ਹੈ ਕੰਮ ਪਰਮੇਸੁਰ ਜੀ ਦਾ ਨਾਮ ਜਪਣਾ ਅਰਥਾਤ ਉਸ ਮਾਲਕ ਨੂੰ ਯਾਦ ਰਖਣਾ ਕਿ ਉਹ ਹੈ, ਸਾਰੇ ਹੈ, ਸਾਡੇ ਅੰਦਰ ਹੈ, ਅੰਗ ਸੰਗ ਹੈ, ਸਾਨੂੰ ਪਿਆਰ ਕਰਦਾ ਹੈ ਅਸੀਂ ਪਿਆਰ ਕਰੀਏ,

---

*ਜਨਮ ਸਾਖੀ ਭਾਈ ਮਨੀ ਸਿੰਘ।

ਇਸ ਨਾਲ ਸਾਡੇ ਕੀਤੇ ਹੋਏ ਮਾੜੇ ਕਰਮ ਮਾਫ ਹੋ ਜਾਣਗੇ, ਤੇ ਮਾੜੇ ਕਰਮਾਂ ਬਦਲੇ ਜੋ ਦੁਖ ਆਉਂਦੇ ਹਨ ਓਹ ਨਾ ਆਉਣਗੇ।

(੨) ਏਸ ਭੁਲੇਖੇ ਵਿਚ ਨਾ ਰਹੋ ਕਿ ਮਾੜੇ ਕਰਮ ਬਖਸ਼ੇ ਨਹੀਂ ਜਾਂਦੇ, ਜਿਵੇਂ ਇਕ ਰਤੀ ਭਰ ਅੱਗ ਜੇ ਲਕੜਾਂ ਦੇ ਢੇਰਾਂ ਵਿਚ ਰਖੋ ਤਾਂ ਸਾੜ ਦੇਂਦੀ ਹੈ, ਤਿਵੇਂ 'ਨਾਮ' ਮਾੜੇ ਕਰਮਾਂ ਨੂੰ ਨਾਸ਼ ਕਰ ਦੇਂਦਾ ਹੈ।

(੩) ਕਿਰਿਆ ਕਰਮ ਕਰਨੀ, ਪਿੰਡ ਭਰਾਉਣੇ ਆਦਿਕ ਜੋ ਲੋਕ ਕਰਦੇ ਹਨ ਓਸ ਦੀ ਥਾਵੇਂ ਬੀ ਤੁਸੀਂ ਕਰਤਾਰ ਦਾ ਸੱਚਾ ਨਾਮ ਜਪੋ। ਹੋਰ ਜੋ ਗੰਗਾ ਕਾਸ਼ੀ ਆਦਿ ਤੀਰਥਾਂ ਤੇ ਭਉਂਦੇ ਹੋ ਇਸ ਦੀ ਥਾਵੇਂ ਵਾਹਿਗੁਰੂ ਨਾਲ ਪ੍ਰੇਮ ਕਰੋ ਉਹ ਪ੍ਰੇਮ ਪਰਮੇਸ਼ੁਰ ਨੂੰ ਸਦਾ ਯਾਦ ਰਖਣ ਨਾਲ ਲੱਗਦਾ ਹੈ, ਇਸ ਤਰ੍ਹਾਂ ਤੁਹਾਨੂੰ ਵਾਹਿਗੁਰੂ ਵਲੋਂ ਬਖਸ਼ੀਸ਼ ਮਿਲੇਗੀ, ਤੁਾਹਡਾ ਜੀਵਨ ਸਫਲ ਹੋ ਜਾਏਗਾ।

❖❖❖

## ੫੯. ਬੁੱਧ ਗਯਾ-ਦੇਵ ਗਿਰ।

**ਗਯਾ** ਦੇ ਪਾਂਡਿਆਂ ਨੂੰ ਉਨ੍ਹਾਂ ਦੇ ਪ੍ਰਸ਼ਨਾਂ ਦੇ ਉੱਤਰ ਦੇ ਕੇ ਤੇ ਸੱਚਾ ਰਸਤਾ ਦੱਸਕੇ ਸਤਿਗੁਰੂ ਜੀ ਓਥੋਂ ਟੁਰ ਪਏ। ਜੋ ਵੀਚਾਰ ਦੇ ਕੇ ਸੁਹਣੇ ਗੁਰੂ ਨਾਨਕ ਨੇ ਉਨ੍ਹਾਂ ਨੂੰ ਗਜਾਨ ਨੇਤ੍ਰ ਬਖਸ਼ੇ ਸੇ ਉਹ ਵਿਚਾਰ ਆਪ ਜੀ ਨੇ ਉਪਰਲੇ ਸ਼ਬਦ ਵਿਚ ਦਿਤੇ ਹੈਨ, ਜਿਨ੍ਹਾਂ ਨੂੰ ਪੜ੍ਹਕੇ ਅੱਜ ਤੱਕ ਅਨੇਕਾਂ ਜੀਵਾਂ ਨੇ ਸੁਖ ਪਾਇਆ ਹੈ।

ਗਯਾ ਤੋਂ ਟੁਰਕੇ ਆਪ ਬੁੱਧ ਗਯਾ* ਤੇ ਆਏ। ਏਥੇ ਆ ਕੇ ਆਪ ਨੇ ਬਾਹਰ ਡੇਰੇ ਲਾ ਦਿਤੇ। ਮਰਦਾਨੇ ਨੇ ਕੀਰਤਨ ਕਰਨਾ ਤੇ ਆਪ ਨੇ ਨਿਜਾਨੰਦ ਵਿਚ ਮਗਨ ਹੋ ਜਾਣਾ। ਇਸ ਕੀਰਤਨ ਨੇ ਬੁੱਧ

*ਇਹ ਜਗ੍ਹਾ ਗਯਾ ਤੋਂ ਪੰਜ ਛੇ ਕੋਹ ਤੇ ਹੈ।

ਗਯਾ ਦੇ ਮਹੰਤ ਨੂੰ ਖਿੱਚ ਪਾਈ, ਉਹ ਮਿਲਨੇ ਨੂੰ ਆਇਆ। ਉਸ ਦਾ ਨਾਮ 'ਦੇਵ ਗਿਰ' ਲਿਖਿਆ ਹੈ*।

ਇਹ ਆਦਮੀ ਸੀ ਤਾਂ ਬੁਧ ਮੰਦਰ ਦਾ ਮਹੰਤ; ਪਰ ਸੀ ਲਗ ਭਗ ਸੰਨਜਾਸੀ। ਬੁੱਧ ਗਯਾ ਦਾ ਟਿਕਾਣਾ 'ਸ੍ਰੀ ਬੁੱਧ' ਜੀ ਦੀ ਯਾਦਗਾਰ ਹੈ। ਹਿੰਦੂਆਂ ਨੇ ਜਦ ਬੋਧਮਤ ਦੀ ਹਿੰਦੁਸਤਾਨ ਵਿਚੋਂ ਸਮਾਪਤੀ ਕਰ ਦਿਤੀ ਸੀ ਤਾਂ ਇਹ ਬੋਧੀ ਅਸਥਾਨ ਬੀ ਸਾਂਭ ਲਿਆ ਸੀ। ਇਥੇ ਬੁੱਧ ਜੀ ਨੇ ਤਪ ਤਪਿਆ ਤੇ ਉਨ੍ਹਾਂ ਨੂੰ ਆਪਣਾ ਗਜਾਨ ਹੋਯਾ ਸੀ। ਕਿਉਂਕਿ ਹਿੰਦੂ ਬੁੱਧ ਮਤ ਦੇ ਵਿਰੋਧੀ ਬੀ ਰਹੇ ਹਨ, ਪਰ ਬੁੱਧ ਜੀ ਨੂੰ ਅਵਤਾਰ ਬੀ ਮੰਨਦੇ ਸਨ, ਇਸ ਕਰਕੇ ਇਹ ਅਸਥਾਨ ਬੀ ਉਹਨਾਂ ਨੇ ਆਪਣੇ ਅਧਿਕਾਰ ਵਿਚ ਕਰ ਲਿਆ ਸੀ।

ਇਹ ਮਹੰਤ ਦੇਵ ਗਿਰ ਬਹੁਤ ਸਾਰੇ ਆਪਣੇ ਛੋਟੇ ਮੰਦਰਾਂ ਦੇ ਮਹੰਤਾਂ ਦਾ ਵੱਡਾ ਮਹੰਤ ਤੇ ਮੰਨਿਆਂ ਪਰਮੰਨਿਆਂ ਵੱਡਾ ਆਦਮੀ ਗਿਣਿਆ ਜਾਂਦਾ ਸੀ: ਪਰ ਸੀ ਸੱਚ ਦਾ ਖੋਜੀ ਤੇ ਵਿਦਵਾਨ। ਵਿਦਜਾ ਨੇ ਇਸਦੇ ਮਨ ਨੂੰ ਜਾਣਨਹਾਰਾ ਤਾਂ ਬਣਾ ਦਿੱਤਾ ਹੋਇਆ ਸੀ ਤੇ ਉਹ ਵੈਰਾਗੀ ਬੀ ਸੀ। ਵੈਰਾਗ ਆਖਦੇ ਹਨ ਦੁਨੀਆਂ ਵਿਚ ਕਿਸੇ ਨਾਲ ਪਿਆਰ ਨਾ ਰਹਿਣਾ ਤੇ ਕਿਸੇ ਸ਼ੈ ਦੀ ਲੋੜ ਨਾ ਰੱਖਣੀ। ਪਰ ਉਹ 'ਰਾਗ' ਨੂੰ ਵੈਰਾਗ ਵਿਚ ਪਲਟਦਾ ਪਲਟਦਾ ਇੰਞ ਹੋ ਗਿਆ ਸੀ ਜਿਵੇਂ ਬ੍ਰਿਛ ਦੀ ਡਾਲੀ ਪੱਕੀ ਹੁੰਦੀ ਹੁੰਦੀ ਸੁੱਕ ਜਾਏ ਤਾਂ ਮੂਲੋਂ ਪੱਕੀ ਤੇ ਅੜੁਕ ਹੋ ਜਾਂਦੀ ਹੈ ਪਰ ਉਸਦੀ ਇਸ ਪਕਿਆਈ ਤੇ ਕਰੜਾਈ ਵਿਚ ਉਸ ਵਿਚ ਲ਼ਚਕ ਨਹੀਂ ਰਹਿੰਦੀ। ਇਹ ਲਚਕ ਇਸ ਵਾਸਤੇ ਨਹੀਂ ਰਹਿੰਦੀ ਕਿ ਉਸ ਵਿਚ ਜਿੰਦ ਕਣੀ ਨਹੀਂ ਰਹਿੰਦੀ। ਜੀਉਂਦੀ ਟਹਿਣੀ ਵਿਚ ਪਕਿਆਈ ਤੇ ਲਚਕ ਦੁਏ ਹੁੰਦੀਆਂ ਹਨ। ਇਸ ਪ੍ਰਕਾਰ ਦੀ ਗੱਲ ਬਾਤ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਵ ਗਿਰ ਨੂੰ ਸਮਝਾਈ ਤਾਂ ਉਸ ਦੀ ਸੋਝੀ ਵਿਚ ਜੀਵਨ ਰੁਮਕਾ ਫਿਰਿਆ।

---

*ਤਵਾਰੀਖ ਖਾਲਸਾ।

ਅਰਥਾਤ ਉਸਦਾ ਮਨ ਇਕ ਸੁਖ ਤੇ ਖੁਸ਼ੀ ਵਿਚ ਆ ਗਿਆ। ਸਤਿਗੁਰ ਜੀ ਨੇ ਉਸ ਨੂੰ ਦੱਸਿਆ ਕਿ ਰਾਗ ਪਿਆਰ ਹੈ। ਮਾੜੇ ਕਰਮਾਂ ਦਾ ਪਿਆਰ ਮਾੜਾ ਹੈ, ਸੋ ਪਿਆਰ ਕਰੀਦਾ ਹੈ ਵਾਹਿਗੁਰੂ ਨੂੰ, ਜਿਸਨੇ ਸਦਾ ਰਹਿਣਾ ਹੈ। ਤੇ ਪਿਆਰ ਕਰੀਦਾ ਹੈ ਚੰਗੇ ਕੰਮਾਂ ਨੂੰ ਜਿਨ੍ਹਾਂ ਨਾਲ ਮਨੁਖ ਆਪ ਭਲਾ ਹੋ ਜਾਂਦਾ ਹੈ। ਫੇਰ ਉਹ ਵਾਹਿਗੁਰੂ ਅਨੰਦ ਸਰੂਪ ਹੈ, ਅਰਥਾਤ ਉਹ ਸਦਾ ਖੁਸ਼ ਰਹਿੰਦਾ ਹੈ, ਸੋ ਉਸ ਨਾਲ ਕੀਤਾ ਪਿਆਰ ਸਾਨੂੰ ਆਨੰਦ ਯਾ ਖੁਸ਼ੀ ਰਖੇਗਾ। ਤੁਸੀਂ ਸੰਸਾਰ ਤੇ ਇਸਦੀ ਰਚਨਾ ਨੂੰ ਮਾੜਿਆਂ ਸਮਝਦੇ ਹੋ, ਇਸ ਨੂੰ ਵੈਰਾਗ ਆਖਦੇ ਹੋ, ਉਹ ਵੈਰਾਗ ਸਹਿਜ ਸੁਭਾ ਪ੍ਰਾਪਤ ਹੋ ਜਾਂਦਾ ਹੈ, ਜਦੋਂ ਕਿ ਪਰਮੇਸ਼ੁਰ ਨੂੰ ਪਿਆਰ ਕਰੀਏ ਤੇ ਆਪ ਉਚੇ ਹੋ ਜਾਈਦਾ ਹੈ। ਜਿਵੇਂ ਤੁਸਾਂ ਵੈਰਾਗ ਧਾਰਿਆ ਹੈ, ਅਰਥਾਤ ਮਨ ਨੂੰ ਮਾਰ ਹੀ ਘੱਤਿਆ ਹੈ, ਹੁਣ ਕਿਸੇ ਪਾਸੇ ਦਾ ਰਾਗ (ਪਿਆਰ) ਤੁਹਾਡੇ ਪੱਕ ਗਏ ਮਨ ਨੂੰ ਨਿਵਾ ਨਹੀਂ ਸਕਦਾ, ਉਹ ਸੁੱਕੀ ਟਹਿਣੀ ਵਾਂਙੂ ਪੱਕਾ ਹੋ ਗਿਆ ਹੈ, ਸੁੱਕੀ ਲੱਕੜ ਵਾਂਙ ਸੁੱਕਾ ਹੋ ਗਿਆ ਹੈ, ਅਰਥਾਤ ਤੁਹਾਡੇ ਮਨ ਵਿਚ ਲਚਕ ਤੇ ਪਕਿਆਈ ਨਹੀਂ, ਪਰ ਜਿੰਦ-ਹੀਨਤਾ ਵਾਲੀ ਉਦਾਸੀ ਦਾ ਅਕੜੇਵਾਂ ਜਿਹਾ ਹੈ। ਤੁਸੀਂ ਜੀਉਂਦੇ ਬ੍ਰਿਛ ਨਾਲ ਲੱਗੀ ਟਹਿਣੀ ਵਾਂਙੂ ਪੱਕੇ ਤੇ ਲਚਕਦਾਰ ਤੇ ਜੀਉਂਦੇ ਮਨਾਂ ਵਾਲੇ ਨਹੀਂ ਰਹੇ।

ਦੇਵ ਗਿਰ ਲਈ ਇਹ ਨਵਾਂ ਸਬਕ ਸੀ, ਨਵੀਂ ਸੰਥਿਆ ਸੀ। ਉਹ ਸਾਰੇ ਅੰਦਰਲੇ ਪਿਆਰਾਂ ਨੂੰ ਮਾਰਕੇ ਗਿਆਨਵਾਨ ਹੋਣ ਨੂੰ ਸੰਨਿਆਸ ਤੇ ਸਾਰੇ ਮਨ ਨੂੰ ਕੋਹ ਕੇ ਵੱਖਰੇ ਹੋਣ ਨੂੰ ਜੋਗ ਜਾਣਦਾ ਸੀ। ਸਤਿਗੁਰੂ ਨੂੰ ਪੁੱਛਣ ਲੱਗਾ ਕਿ ਫੇਰ ਕੀ ਕਰੀਏ ਜੀਓ? ਇੰਦ੍ਰੇ ਨਹੀਂ ਮਾਰਨੇ ਮਨ ਨੂੰ ਨਹੀਂ ਮਾਰਨਾ ਤਾਂ ਕੀਹ ਕਰਨਾ ਹੈ? ਸਤਿਗੁਰ ਨੇ ਸਮਝਾਇਆ ਕਿ ਭਾਈ ਇੰਦ੍ਰੀਆਂ ਨੂੰ ਵਿਕਾਰਾਂ (ਮਾੜੇ ਕਰਮਾਂ) ਤੋਂ ਰੋਕਣਾ ਹੈ, ਤੇ ਮਨ ਨੂੰ ਨੀਵਿਆਂ ਖਿਆਲਾਂ ਵਿਚ ਨਹੀਂ ਜਾਣ ਦੇਣਾ। ਸਭ ਔਗੁਣ ਤਿਆਗਣੇ ਤੇ ਸ਼ੁਭ ਗੁਣ ਧਾਰਨੇ ਹਨ।

ਗਯਾ ਦੇ ਮਹੰਤ ਨੂੰ ਖਿੱਚ ਪਾਈ, ਉਹ ਮਿਲਨੇ ਨੂੰ ਆਇਆ। ਉਸ ਦਾ ਨਾਮ 'ਦੇਵ ਗਿਰ' ਲਿਖਿਆ ਹੈ*।

ਇਹ ਆਦਮੀ ਸੀ ਤਾਂ ਬੁਧ ਮੰਦਰ ਦਾ ਮਹੰਤ; ਪਰ ਸੀ ਲਗ ਭਗ ਸੰਨਜਾਸੀ। ਬੁੱਧ ਗਯਾ ਦਾ ਟਿਕਾਣਾ 'ਸ੍ਰੀ ਬੁੱਧ' ਜੀ ਦੀ ਯਾਦਗਾਰ ਹੈ। ਹਿੰਦੂਆਂ ਨੇ ਜਦ ਬੋਧਮਤ ਦੀ ਹਿੰਦੁਸਤਾਨ ਵਿਚੋਂ ਸਮਾਪਤੀ ਕਰ ਦਿਤੀ ਸੀ ਤਾਂ ਇਹ ਬੋਧੀ ਅਸਥਾਨ ਬੀ ਸਾਂਭ ਲਿਆ ਸੀ। ਇਥੇ ਬੁੱਧ ਜੀ ਨੇ ਤਪ ਤਪਿਆ ਤੇ ਉਨ੍ਹਾਂ ਨੂੰ ਆਪਣਾ ਗਜਾਨ ਹੋਯਾ ਸੀ। ਕਿਉਂਕਿ ਹਿੰਦੂ ਬੁੱਧ ਮਤ ਦੇ ਵਿਰੋਧੀ ਬੀ ਰਹੇ ਹਨ, ਪਰ ਬੁੱਧ ਜੀ ਨੂੰ ਅਵਤਾਰ ਬੀ ਮੰਨਦੇ ਸਨ, ਇਸ ਕਰਕੇ ਇਹ ਅਸਥਾਨ ਬੀ ਉਹਨਾਂ ਨੇ ਆਪਣੇ ਅਧਿਕਾਰ ਵਿਚ ਕਰ ਲਿਆ ਸੀ।

ਇਹ ਮਹੰਤ ਦੇਵ ਗਿਰ ਬਹੁਤ ਸਾਰੇ ਆਪਣੇ ਛੋਟੇ ਮੰਦਰਾਂ ਦੇ ਮਹੰਤਾਂ ਦਾ ਵੱਡਾ ਮਹੰਤ ਤੇ ਮੰਨਿਆਂ ਪਰਮੰਨਿਆਂ ਵੱਡਾ ਆਦਮੀ ਗਿਣਿਆ ਜਾਂਦਾ ਸੀ: ਪਰ ਸੀ ਸੱਚ ਦਾ ਖੋਜੀ ਤੇ ਵਿਦਵਾਨ। ਵਿਦਜਾ ਨੇ ਇਸਦੇ ਮਨ ਨੂੰ ਜਾਣਨਹਾਰਾ ਤਾਂ ਬਣਾ ਦਿੱਤਾ ਹੋਇਆ ਸੀ ਤੇ ਉਹ ਵੈਰਾਗੀ ਬੀ ਸੀ। ਵੈਰਾਗ ਆਖਦੇ ਹਨ ਦੁਨੀਆਂ ਵਿਚ ਕਿਸੇ ਨਾਲ ਪਿਆਰ ਨਾ ਰਹਿਣਾ ਤੇ ਕਿਸੇ ਸ਼ੈ ਦੀ ਲੋੜ ਨਾ ਰੱਖਣੀ। ਪਰ ਉਹ 'ਰਾਗ' ਨੂੰ ਵੈਰਾਗ ਵਿਚ ਪਲਟਦਾ ਪਲਟਦਾ ਇੰਞ ਹੋ ਗਿਆ ਸੀ ਜਿਵੇਂ ਬ੍ਰਿਛ ਦੀ ਡਾਲੀ ਪੱਕੀ ਹੁੰਦੀ ਹੁੰਦੀ ਸੁੱਕ ਜਾਏ ਤਾਂ ਮੂਲੋਂ ਪੱਕੀ ਤੇ ਅਝੁਕ ਹੋ ਜਾਂਦੀ ਹੈ ਪਰ ਉਸਦੀ ਇਸ ਪਕਿਆਈ ਤੇ ਕਰੜਾਈ ਵਿਚ ਉਸ ਵਿਚ ਲਚਕ ਨਹੀਂ ਰਹਿੰਦੀ। ਇਹ ਲਚਕ ਇਸ ਵਾਸਤੇ ਨਹੀਂ ਰਹਿੰਦੀ ਕਿ ਉਸ ਵਿਚ ਜਿੰਦ ਕਣੀ ਨਹੀਂ ਰਹਿੰਦੀ। ਜੀਉਂਦੀ ਟਹਿਣੀ ਵਿਚ ਪਕਿਆਈ ਤੇ ਲਚਕ ਦੁਏ ਹੁੰਦੀਆਂ ਹਨ। ਇਸ ਪ੍ਰਕਾਰ ਦੀ ਗੱਲ ਬਾਤ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਵ ਗਿਰ ਨੂੰ ਸਮਝਾਈ ਤਾਂ ਉਸ ਦੀ ਸੋਝੀ ਵਿਚ ਜੀਵਨ ਰੁਮਕਾ ਫਿਰਿਆ।

---

*ਤਵਾਰੀਖ ਖਾਲਸਾ।

ਅਰਥਾਤ ਉਸਦਾ ਮਨ ਇਕ ਸੁਖ ਤੇ ਖੁਸ਼ੀ ਵਿਚ ਆ ਗਿਆ। ਸਤਿਗੁਰ ਜੀ ਨੇ ਉਸ ਨੂੰ ਦੱਸਿਆ ਕਿ ਰਾਗ ਪਿਆਰ ਹੈ। ਮਾੜੇ ਕਰਮਾਂ ਦਾ ਪਿਆਰ ਮਾੜਾ ਹੈ, ਸੋ ਪਿਆਰ ਕਰੀਦਾ ਹੈ ਵਾਹਿਗੁਰੂ ਨੂੰ, ਜਿਸਨੇ ਸਦਾ ਰਹਿਣਾ ਹੈ। ਤੇ ਪਿਆਰ ਕਰੀਦਾ ਹੈ ਚੰਗੇ ਕੰਮਾਂ ਨੂੰ ਜਿਨ੍ਹਾਂ ਨਾਲ ਮਨੁਖ ਆਪ ਭਲਾ ਹੋ ਜਾਂਦਾ ਹੈ। ਫੇਰ ਉਹ ਵਾਹਿਗੁਰੂ ਅਨੰਦ ਸਰੂਪ ਹੈ, ਅਰਥਾਤ ਉਹ ਸਦਾ ਖੁਸ਼ ਰਹਿੰਦਾ ਹੈ, ਸੋ ਉਸ ਨਾਲ ਕੀਤਾ ਪਿਆਰ ਸਾਨੂੰ ਆਨੰਦ ਯਾ ਖੁਸ਼ੀ ਰਖੇਗਾ। ਤੁਸੀਂ ਸੰਸਾਰ ਤੇ ਇਸਦੀ ਰਚਨਾ ਨੂੰ ਮਾੜਿਆਂ ਸਮਝਦੇ ਹੋ, ਇਸ ਨੂੰ ਵੈਰਾਗ ਆਖਦੇ ਹੋ, ਉਹ ਵੈਰਾਗ ਸਹਿਜ ਸੁਭਾ ਪ੍ਰਾਪਤ ਹੋ ਜਾਂਦਾ ਹੈ, ਜਦੋਂ ਕਿ ਪਰਮੇਸ਼ੁਰ ਨੂੰ ਪਿਆਰ ਕਰੀਏ ਤੇ ਆਪ ਉਚੇ ਹੋ ਜਾਈਦਾ ਹੈ। ਜਿਵੇਂ ਤੁਸਾਂ ਵੈਰਾਗ ਧਾਰਿਆ ਹੈ, ਅਰਥਾਤ ਮਨ ਨੂੰ ਮਾਰ ਹੀ ਘੱਤਿਆ ਹੈ, ਹੁਣ ਕਿਸੇ ਪਾਸੇ ਦਾ ਰਾਗ (ਪਿਆਰ) ਤੁਹਾਡੇ ਪੱਕ ਗਏ ਮਨ ਨੂੰ ਨਿਵਾ ਨਹੀਂ ਸਕਦਾ, ਉਹ ਸੁੱਕੀ ਟਹਿਣੀ ਵਾਂਙੂ ਪੱਕਾ ਹੋ ਗਿਆ ਹੈ, ਸੁੱਕੀ ਲੱਕੜ ਵਾਂਙ ਸੁੱਕਾ ਹੋ ਗਿਆ ਹੈ, ਅਰਥਾਤ ਤੁਹਾਡੇ ਮਨ ਵਿਚ ਲਚਕ ਤੇ ਪਕਿਆਈ ਨਹੀਂ, ਪਰ ਜਿੰਦ-ਹੀਨਤਾ ਵਾਲੀ ਉਦਾਸੀ ਦਾ ਅਕੜੇਵਾਂ ਜਿਹਾ ਹੈ। ਤੁਸੀਂ ਜੀਉਂਦੇ ਬ੍ਰਿਛ ਨਾਲ ਲੱਗੀ ਟਹਿਣੀ ਵਾਂਙੂ ਪੱਕੇ ਤੇ ਲਚਕਦਾਰ ਤੇ ਜੀਉਂਦੇ ਮਨਾਂ ਵਾਲੇ ਨਹੀਂ ਰਹੇ।

ਦੇਵ ਗਿਰ ਲਈ ਇਹ ਨਵਾਂ ਸਬਕ ਸੀ, ਨਵੀਂ ਸੰਥਜਾ ਸੀ। ਉਹ ਸਾਰੇ ਅੰਦਰਲੇ ਪਿਆਰਾਂ ਨੂੰ ਮਾਰਕੇ ਗਜਾਨਵਾਨ ਹੋਣ ਨੂੰ ਸੰਨਜਾਸ ਤੇ ਸਾਰੇ ਮਨ ਨੂੰ ਕੋਹ ਕੇ ਵੱਖਰੇ ਹੋਣ ਨੂੰ ਜੋਗ ਜਾਣਦਾ ਸੀ। ਸਤਿਗੁਰੂ ਨੂੰ ਪੁੱਛਣ ਲੱਗਾ ਕਿ ਫੇਰ ਕੀ ਕਰੀਏ ਜੀਓ? ਇੰਦ੍ਰੇ ਨਹੀਂ ਮਾਰਨੇ ਮਨ ਨੂੰ ਨਹੀਂ ਮਾਰਨਾ ਤਾਂ ਕੀਹ ਕਰਨਾ ਹੈ? ਸਤਿਗੁਰ ਨੇ ਸਮਝਾਇਆ ਕਿ ਭਾਈ ਇੰਦ੍ਰੀਆਂ ਨੂੰ ਵਿਕਾਰਾਂ (ਮਾੜੇ ਕਰਮਾਂ) ਤੋਂ ਰੋਕਣਾ ਹੈ, ਤੇ ਮਨ ਨੂੰ ਨੀਵਿਆਂ ਖਿਆਲਾਂ ਵਿਚ ਨਹੀਂ ਜਾਣ ਦੇਣਾ। ਸਭ ਔਗੁਣ ਤਿਆਗਣੇ ਤੇ ਸ਼ੁਭ ਗੁਣ ਧਾਰਨੇ ਹਨ।

ਮਨ ਦੇ ਪਿਆਰ ਨੂੰ ਨਹੀਂ ਮਾਰਨਾ, ਪਿਆਰ ਨੂੰ ਪਰਮੇਸ਼ੁਰ ਨਾਲ ਲਾਉਣਾ ਹੈ। ਹਾਂ, ਵਾਹਿਗੁਰੂ ਜੀ ਨਾਲ ਪ੍ਰੇਮ ਕਰਨਾ ਹੈ। ਪ੍ਰੇਮ ਕਰਨਾ ਹੈ ਉਸ ਦਾ ਨਾਮ ਜਪਕੇ, ਨਾਮ ਸਿਮਰ ਕੇ, ਉਸ ਦੇ ਗੁਣ ਗਾਉਂ ਕੇ, ਅਰਦਾਸ ਕਰਕੇ, ਉਸ ਦਾ ਸ਼ੁਕਰ ਕਰਕੇ। ਇਸ ਤਰ੍ਹਾਂ ਮਨ ਨਿਰਮਲ ਯਾ ਸਾਫ਼ ਹੋ ਜਾਏਗਾ, ਬੁਧਿ ਯਾ ਅਕਲ ਬੀ ਨਿਰਮਲ ਹੋ ਜਾਏਗੀ। ਐਸੇ ਨਿਰਮਲ ਤੇ ਪ੍ਰਬੁਧ* ਹੋਏ ਮਨ ਦੇ ਵੱਸ ਵਿਚ ਇੰਦ੍ਰਿਆਂ ਨੂੰ ਟੋਰਨਾ ਹੈ। ਸਾਡੇ ਅੰਦਰ ਜੋ ਪਿਆਰ ਹੈ ਉਸ ਨੂੰ ਮਾਰਨਾ ਨਹੀਂ, ਉਸ ਨਾਲ ਮਨ ਦੇ ਰੁਖ ਨੂੰ ਉਪਰਲੇ ਪਾਸੇ (ਰੱਬ ਜੀ) ਵੱਲ ਲਗੇ ਰਹਿਣ ਵਾਲਾ ਬਨਾਉਣਾ ਹੈ। ਅਸਾਂ ਜਦ ਨਿਸ਼ਚੇ ਕਰ ਲਿਆ ਕਿ ਜਗਤ ਦਾ ਮੂਲ ਮਾਲਕ ਪਾਲਕ ਇਹ ਅਕਾਲ ਪੁਰਖ ਹੈ ਤਾਂ ਹੁਣ ਸਾਡਾ ਆਸਰਾ ਇਕੋ ਅਕਾਲ ਪੁਰਖ ਹੈ। ਜਦੋਂ ਮਨ ਬੁੱਧੀ ਵਾਹਿਗੁਰੂ ਵਿਚ ਪਿਆਰ ਪਾ ਕੇ, ਯਾ ਆਖੋ ਕਿ ਰਾਗ ਕਰਕੇ, ਯਾ ਕਹੋ ਕਿ ਉਸਨੂੰ ਆਪਣਾ ਆਲੰਬ (ਆਸਰਾ) ਬਣਾ ਕੇ ਉਸ ਨਾਲ ਲਗਾਤਾਰੀ ਲਗਾਉ ਪਾ ਲਵਾਂਗੇ ਤਾਂ ਸਾਡੇ ਵਿਚ ਵਾਹਿਗੁਰੂ ਵਸੇਗਾ ਤੇ ਵਾਹਿਗੁਰੂ ਵਿਚ ਅਸੀਂ ਵਸਾਂਗੇ। ਫੇਰ ਸਾਡਾ ਆਪਾ, 'ਜੀਵਤ ਆਪਾ' ਹੋਵੇਗਾ ਤੇ ਜੀਵਨ ਮੁਕਤੀ ਦਾ ਸੁਖ ਪਾਵੇਗਾ। ਇਸ ਤਰ੍ਹਾਂ ਸਾਰਾ ਆਪਾ ਆਪਣੇ ਸਾਰੇ ਤਾਣ ਨਾਲ ਜਦ ਸਦਾ ਲਗਾ ਰਹੇਗਾ 'ਇਕ' ਵਿਚ ਤਾਂ 'ਇਕ ਵਿਚ ਸਮਾਇਆ' ਸਫ਼ਲ ਤੇ ਸੁਰਜੀਤ ਗਿਆਨ ਵਾਲਾ ਰਹੇਗਾ। ਇਹ ਆਪਾ-ਇਹ ਆਤਮਾ-ਸ਼ੁਧ ਆਤਮਾ ਹੈ, ਤੇ ਇਹ ਕਾਰ ਸਿਰੇ ਚੜ੍ਹਦੀ ਹੈ ਨਾਮ ਸਿਮਰਨ ਨਾਲ ਯਾ ਇਉਂ ਕਹੋ ਕਿ ਰੱਬ ਜੀ ਨੂੰ ਯਾਦ ਰਖਣ ਤੇ ਪਿਆਰ ਨਾਲ ਯਾਦ ਰਖਣ ਨਾਲ। ਫਿਰ ਇਹ ਸਾਰਾ ਕੁਛ ਸਹਿਜ ਨਾਲ ਕਰਨਾ ਹੈ। ਹਠ-ਤਪ ਨਹੀਂ ਕਰਨੇ, ਪਰ ਮਨ ਤੇ ਕੁੰਡਾ ਰਖਣਾ ਹੈ, ਅੰਦਰ ਟੇਕ

---

੧. *ਅਕਲ ਵਾਲਾ।

ਸਾਂਈਂ ਦੀ ਧਾਰਕੇ ਤੇ ਉਸ ਦੇ ਸਿਮਰਨ ਦੇ ਆਸਰੇ। ਇਹ ਕਹਿਕੇ ਸ੍ਰੀ ਗੁਰੂ ਬਾਬਾ ਜੀ ਦੇ ਨੈਣ ਬੰਦ ਹੋ ਗਏ ਤੇ ਆਪ ਦੇ ਜੁੜਦੇ ਜਾਂਦੇ ਨੈਣਾਂ ਦੇ ਨਾਲ 'ਹਰਣੀ ਹੋਵਾਂ' ਪਦ ਨਿਕਲਿਆ। ਮਰਦਾਨੇ ਨੇ ਸੈਨਤ ਸਮਝ ਲਈ ਤੇ ਗਉੜੀ ਬੈਰਾਗਣ ਨਾਮੇ ਰਾਗ ਵਿਚ ਰਬਾਬ ਦੀਆਂ ਮਿਠੀਆਂ ਸੁਰਾਂ ਨਾਲ ਗਾਂਵਿਆਂ :-

ਗਉੜੀ ਬੈਰਾਗਣਿ ਮਹਲਾ ੧॥

**"ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ॥ ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ ॥੧॥ ਮੈ ਬਨਜਾਰਨਿ ਰਾਮ ਕੀ॥ ਤੇਰਾ ਨਾਮੁ ਵਖਰੁ ਵਾਪਾਰੁ ਜੀ॥੧॥ਰਹਾਉ॥ ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ॥ ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ॥੨॥ ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ॥ ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ॥੩॥ ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ॥ ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ॥੪॥੨॥੧੯*"**

---

*ਇਸ ਸ਼ਬਦ ਵਿਚ ਆਏ ਅਉਖੇ ਪਦਾਂ ਦੇ ਅਰਥ ਇਹ ਹਨ :-

ਕੰਦ ਮੂਲ=ਗਾਜਰਾਂ, ਸ਼ਕਰ ਕੰਦੀ ਵਰਗੀਆਂ ਚੀਜ਼ਾਂ ਤੇ ਫਲ ਫੁਲ। ਗੁਰ ਪਰਸਾਦੀ=ਗੁਰੂ ਦੀ ਕਿਰਪਾ ਨਾਲ। ਸਹੁ=ਪਤੀ, ਭਾਵ ਪਰਮੇਸ਼ੁਰ। ਬਨਜਾਰਨਿ=ਵਪਾਰ ਕਰਨ ਵਾਲੀ ਭਾਵ ਪ੍ਰੇਮ ਕਰਨ ਵਾਲੀ। ਵਖਰੁ=ਸੌਦਾ। ਕੋਕਿਲ=ਕੋਇਲ। ਸਹਜਿ ਸਬਦ ਬੀਚਾਰੁ=ਨਾਮ ਦਾ ਵੀਚਾਰ ਕਰਾਂ ਸਹਜਿ ਨਾਲ। ਦਰਸਨਿ ਰੂਪਿ ਅਪਾਰੁ=ਜਿਸ ਦਾ ਰੂਪ ਤੇ ਦਰਸ਼ਨ ਬਹੁਤ ਵਡਾ ਤੇ ਸੁਹਣਾ ਹੈ। ਨਾਗਨਿ=ਸਪਣੀ। ਜੋਤੀ ਜੋਤਿ ਸਮਾਇ=ਭਾਵ ਵਾਹਿਗੁਰੂ ਦੇ ਸਰੂਪ ਵਿਚ ਪਹੁੰਚ ਪਵਾਂ।

ਦੇਵ ਗਿਰ ਨੂੰ ਸੋਝੀ ਆ ਗਈ। ਹੁਣ ਉਸ ਦੀ ਬ੍ਰਿਤੀ ਵਿਚ, ਅਰਥਾਤ ਉਸ ਦੇ ਮਨ ਵਿਚ ਵਾਹਿਗੁਰੂ ਦੇ ਨਾਮ ਦਾ ਟਿਕਾਉ ਹੋ ਗਿਆ। ਅੱਠੇ ਪਹਿਰ ਅੰਦਰ ਇਕ ਰਉਂ ਤੁਰ ਪਿਆ। ਵਾਹਿਗੁਰੂ ਜੀ ਵਲ ਦਿਲ ਨੂੰ ਲਾਈ ਰਖੇ। ਅੱਗੇ ਤਾਂ ਆਪਣੇ ਖਿਆਲ ਵਿਚ ਗਿਆਨਵਾਨ ਸੀ, ਪਰ ਗਿਆਨਵਾਨ ਹੋਕੇ ਬੀ ਮਨ ਰੱਬ ਜੀ ਤੋਂ ਵੱਖਰਾ ਰਹਿੰਦਾ ਸੀ। ਕਥਾ, ਵਾਰਤਾ, ਚਰਚਾ, ਵੀਚਾਰ, ਸੰਥਾ ਆਦਿ ਵੇਲੇ ਰੱਬ ਜੀ ਯਾ ਬ੍ਰਹਮ ਦੇ ਅੱਖਰ ਮੂੰਹੋਂ ਨਿਕਲਦੇ ਸਨ, ਪਰ ਹੁਣ ਸਾਂਈਂ ਦੀ ਹੋਂਦ ਇਕ ਰਸਮਯ ਯਾਦ ਲਗਾਤਾਰੀ ਰੌ ਹੋਕੇ ਅੰਦਰ ਵਸ ਗਈ। ਮਨ ਜੋ ਖਿੰਡਦਾ ਤੇ ਨਿਤਾਣਾ ਹੁੰਦਾ ਸੀ ਰੱਬ ਜੀ ਨੂੰ ਚੇਤਕੇ ਸੁਖ ਵਿਚ ਆ ਗਿਆ[੧]।

ਦੇਵ ਗਿਰ ਨੇ ਬਹੁਤ ਦਿਨ ਸਤਿਗੁਰੂ ਨੂੰ ਪਿਆਰ ਨਾਲ ਪਾਸ ਰੱਖਿਆ, ਉਨ੍ਹਾਂ ਦੇ ਸਤਿਸੰਗ ਪ੍ਰੇਮ ਦਾ ਰਸ ਮਾਣਿਆ ਅਤੇ ਕੀਰਤਨ ਦਾ ਸੁਆਦ ਲੈਂਦਾ ਰਿਹਾ।

ਗੁਰੂ ਸਾਹਿਬ ਏਥੋਂ ਚਲੇ ਗਏ; ਪਏ ਦੇਵ ਗਿਰ ਗੁਰਸਿੱਖੀ ਵਿਚ ਪੱਕਾ ਹੋ ਕੇ ਗੁਰੂ ਜੀ ਦੀ ਸਿੱਖੀ ਦਾ ਪ੍ਰਚਾਰ ਕਰਦਾ ਰਿਹਾ। ਇਸ ਦੇ ਮਗਰੋਂ ਜੋ ਸਜਣ ਪੁਰਖ ਤੀਜੀ ਥਾਵੇਂ ਗੱਦੀ ਤੇ ਬੈਠਾ ਉਸ ਦਾ ਨਾਮ 'ਭਗਵਾਨ ਗਿਰ' ਸੀ ਤਦੋਂ ਸਤਵੇਂ ਗੁਰੂ ਸ਼੍ਰੀ ਹਰਿ ਰਾਇ ਜੀ ਗੱਦੀ ਤੇ ਸਨ। ਭਗਵਾਨ ਗਿਰ ਆਪ ਜੀ ਦੇ ਦਰਸ਼ਨ ਨੂੰ ਆਇਆ ਤੇ ਸਤਿਸੰਗ ਕਰਕੇ ਨਾਮ ਦਾਨ ਲੈਕੇ ਸੁਖੀ ਹੋਇਆ। ਇਸ ਸੰਤ ਨੇ ਆਪਣਾ ਭੇਖ ਬੀ ਉਦਾਸੀ ਕਰ ਲਿਆ ਤੇ ਗੁਰਸਿਖੀ ਦਾ ਬਹੁਤ ਪ੍ਰਚਾਰ ਕੀਤਾ।[੨]

---

੧. ਚੇਤਹਿ ਏਕੁ ਤਹੀ ਸੁਖੁ ਹੋਇ॥ (ਦਖਣੀ ਓਅੰਕਾਰੁ)

੨. ਇਹ ਸਜਣ ਗੁਰੂ ਜੀ ਦੇ ਵਰ ਨਾਲ ਇੰਨੇ ਵਡੇ ਉਪਕਾਰੀ ਹੋਏ ਕਿ ਲੱਖਾਂ ਨਾਨਕ ਪੰਥੀ ਆਪ ਨੇ ਬਣਾਏ ਤੇ ਪੂਰਬ ਵਿਚ ਤ੍ਰੈ ਚਾਰ ਸੌ ਗੁਰਧਾਮ ਬਣਾਏ। ਆਪ ਦਾ ਨਾਮ ਸਤਵੇਂ ਪਾਤਸ਼ਾਹ ਨੇ 'ਭਗਤ ਭਗਵਾਨ' ਰਖਿਆ ਸੀ। ਇਨ੍ਹਾਂ ਡੇਰਿਆਂ ਦੇ ਸੰਤ 'ਭਗਤ ਭਗਵਾਨ ਕੇ' ਕਹਾਉਂਦੇ ਹਨ ਜੋ ਉਦਾਸੀ ਸੰਤ ਹਨ। ਸੂਰਜ ਪ੍ਰਕਾਸ਼ ਵਿਚ ਆਪ ਦਾ ਪ੍ਰਸੰਗ ਹੈ।

## ੫੯. ਰਜੌਲੀ।

**ਜਾਪਦਾ** ਹੈ ਕਿ ਬੁਧ ਗਯਾ ਤੋਂ ਟੁਰਕੇ ਸਤਿਗੁਰੂ ਜੀ ਰਾਜੌਲੀ ਆਏ; ਇਥੇ ਇਕ ਕੱਲ੍ਹਣ ਸ਼ਾਹ ਨਾਮੇ ਫਕੀਰ ਤਪ ਕਰ ਰਿਹਾ ਸੀ। ਇਸ ਨੂੰ ਮਿਲੇ ਤੇ ਇਸ ਦੀ ਤਪੱਸਯਾ ਦੇਖਕੇ ਕ੍ਰਿਪਾ ਕੀਤੀ ਤੇ ਇਸ ਸਜਣ ਪੁਰਖ ਨੂੰ ਨਾਮ ਬਖਸ਼ਿਆ ਤੇ ਨਾਮ ਰਸ ਵਾਲਾ ਸੁਖੀ ਕਰ ਦਿਤਾ। ਜੋ ਸਿਖ ਵਾਹਿਗੁਰੂ ਜੀ ਨੂੰ ਆਪਣੇ ਨਾਲ ਜਾਣਕੇ ਉਸ ਦਾ ਨਾਮ ਜਪਦਾ ਹੈ, ਉਹ ਪਰਮੇਸ਼ੁਰ ਦੇ ਪ੍ਰੇਮ ਵਿਚ ਰਸੀਆ ਹੋ ਕੇ ਸੁਖੀ ਹੋ ਜਾਂਦਾ ਹੈ।

ਸੁਣਦੇ ਹਾਂ ਕਿ ਰਾਜੌਲੀ ਵਿਚ ਦੋ ਟਿਕਾਣੇ ਹਨ, ਜੋ ਗੁਰੂ ਜੀ ਦੇ ਉਥੇ ਜਾਣ ਦਾ ਨਿਸ਼ਾਨ ਹਨ : ਇਕ ਵਡੀ ਸੰਗਤ ਤੇ ਇਕ ਛੋਟੀ ਸੰਗਤ ਕਹਾਉਂਦੀ ਹੈ*।

## ੬੦. ਪਾਲੀ ਨੂੰ ਪਾਤਸ਼ਾਹੀ।

**ਪੁਰਾਤਨ** ਜਨਮ ਸਾਖੀ ਵਿਚ ਆਇਆ ਹੈ ਕਿ ਗੁਰੂ ਜੀ ਅੱਗੇ ਰਸਤੇ ਵਿਚ ਚਲੇ ਜਾਂਦੇ ਸਨ ਕਿ ਰਾਹ ਵਿਚ ਇਕ ਖੇਤ ਆਇਆ ਛੋਲਿਆਂ ਦਾ। ਖੇਤ ਵਿਚ ਇਕ ਲੜਕਾ ਖੇਤ ਦਾ ਪਾਲੀ ਖੜਾ ਸੀ ਅਤੇ ਛੋਲੀਏ ਦੀਆਂ ਹੋਲਾਂ ਭੁੰਨ ਰਿਹਾ ਸੀ। ਮਰਦਾਨੇ ਦੇ ਜੀ ਆਈ ਕਿ ਖੇਤ ਵਿਚ ਚਲੀਏ ਤੇ ਕੁਛ ਹੋਲਾਂ ਲੈਕੇ ਖਾਈਏ। ਗੁਰੂ ਜੀ ਸਮਝ ਗਏ ਕਿ ਮਰਦਾਨੇ ਨੂੰ ਭੁੱਖ ਲਗੀ ਹੈ, ਸੋ ਸੋਹਣੀ ਮੁਸਕਰਾਹਟ ਵਿਚ ਮੁਸਕ੍ਰਾਉਂਦੇ ਗੁਰੂ ਜੀ ਖੇਤ ਵਲ ਨੂੰ ਮੁੜੇ ਤੇ ਉਸਦੀ ਸੁਥਰੀ ਵੱਟ ਤੇ ਬਹਿ ਗਏ। ਖੇਤ ਦਾ ਪਾਲੀ ਜੋ ਜੁਆਨ ਲੜਕਾ ਸੀ, ਦਰਸ਼ਨ ਕਰਕੇ ਸ਼ਰਧਾ ਨਾਲ ਭਰ ਗਿਆ ਤੇ ਉਸ ਨੇ ਕੁਛ ਹੋਲਾਂ ਲਿਆ ਸਤਿਗੁਰੂ ਜੀ ਅੱਗੇ ਹਾਜ਼ਰ ਕੀਤੀਆਂ। ਗੁਰੂ ਜੀ ਨੇ ਹੋਲਾਂ ਦੀ ਮੁੱਠ ਭਰਕੇ ਮਰਦਾਨੇ ਨੂੰ ਦਿੱਤੀ।

---

*ਦੇਖੋ ਗੁਰੂ ਨਾਨਕ ਚਮਤਕਾਰ ਸਫਾ ੧੯੧-੧੯੨।

ਇਹ ਦੇਖ ਕੇ ਉਸ ਪਾਲੀ ਦੇ ਜੀ ਵਿਚ ਆਈ ਕਿ ਇਹ ਤਾਂ ਕੋਈ ਬੜੇ ਸੁਹਣੇ ਫਕੀਰ ਹਨ, ਪਰ ਭੁੱਖੇ ਹਨ, ਮੈਂ ਘਰੋਂ ਕੁਛ ਚੰਗਾ ਭੋਜਨ ਖਾਣ ਨੂੰ ਲੈ ਆਵਾਂ ਜੋ ਇਹ ਸਾਂਈਂ ਲੋਕ ਮੂੰਹ ਪਾਵਣ। ਇਹ ਸੋਚਕੇ ਲੜਕਾ ਉਠ ਟੁਰਿਆ; ਤਾਂ ਗੁਰੂ ਬਾਬੇ ਪੁਛਿਆ:-ਕਾਕਾ ਕਿੱਥੇ ਚਲਿਆ ਹੈਂ?

ਉਸ ਉੱਤਰ ਦਿੱਤੋਸੁ: ਹੇ ਸਾਂਈਂ ਲੋਕ ਜੀ! ਘਰੋਂ ਕੁਛ ਪਕਵਾਨ ਲਿਆਉਂਦਾ ਹਾਂ ਜੋ ਆਪ ਜੀ ਮੂੰਹ ਪਾਵੋ। ਕੋਈ ਕਪੜਾ ਲਿਆਉਂਦਾ ਹਾਂ ਜੋ ਆਪ ਹੇਠਾਂ ਵਿਛਾ ਬੈਠੋ।

ਤਾਂ ਗੁਰੂ ਜੀ ਬੋਲੇ :-

**"ਸੱਥਰ ਤੇਰਾ ਲੇਫ ਨਿਹਾਲੀ ਭਾਉ ਤੇਰਾ ਪਕਵਾਨ॥**
**ਨਾਨਕ ਸਿਫਤੀ ਰਜਿਆ ਬਹੁ ਬਹੁ ਰੇ ਸੁਲਤਾਨ॥"**

ਅਰਥਾਤ ਤੇਰੀ ਇਹ ਨੰਗੀ ਭੋਂ ਸਾਨੂੰ ਲੇਫ ਤੁਲਾਈ ਬਰਬਰ ਹੈ, ਤੇਰਾ ਜਿਹੜਾ ਪ੍ਰੇਮ ਹੈ, ਜਿਸ ਨਾਲ ਤੂੰ ਹੋਲਾਂ ਦਿੱਤੀਆਂ ਹਨ ਤੇ ਪਕਵਾਨ ਲੈਣ ਚੱਲਿਆ ਹੈਂ, ਇਹ ਪ੍ਰੇਮ ਹੀ ਸਾਨੂੰ ਪਕਵਾਨ ਹੈ। ਨਾਨਕ ਵਾਹਿਗੁਰੂ ਦੀਆਂ ਸਿਫਤਾਂ ਨਾਲ ਰੱਜ ਰਿਹਾ ਹੈ, ਆ ਜਾ, ਘਰ ਨਾ ਜਾ, ਬਹਿ ਜਾ, ਏਥੇ ਬਹਿ ਜਾ ਰੇ ਸੁਲਤਾਨ!

ਸੁਲਤਾਨ ਕਹਿੰਦੇ ਹਨ ਰਾਜੇ ਨੂੰ, ਪਾਤਸ਼ਾਹ ਨੂੰ। ਬਾਲੇ ਵਾਲੀ ਜਨਮ ਸਾਖੀ ਵਿਚ ਲਿਖਿਆ ਹੈ ਕਿ ਪ੍ਰੇਮ ਨਾਲ ਹੋਲਾਂ ਗੁਰੂ ਜੀ ਦੇ ਪੇਸ਼ ਕਰਨ ਦੇ ਬਦਲੇ ਗੁਰੂ ਕੇ ਵਰ ਨਾਲ ਇਹ ਲੜਕਾ ਸਚਮੁਚ ਸੁਲਤਾਨ ਯਾ ਰਾਜਾ ਦਾ ਵਰ ਪਾਕੇ ਕੁਛ ਸਮੇਂ ਬਾਦ ਉਥੋਂ ਦਾ ਰਾਜਾ ਹੀ ਹੋ ਗਿਆ*।

❖❖❖

*ਏਸ ਟਿਕਾਣੇ ਦਾ ਅਜੇ ਤਕ ਪਤਾ ਨਹੀਂ ਲੱਗਾ, ਖੋਜ ਦੀ ਲੋੜ ਹੈ।

# ੬੧. ਮੋਹਰਾਂ ਦੇ ਕੋਲੇ ਤੇ ਸੂਲੀ ਦੀ ਸੂਲ।

**ਗੁਰੂ** ਜੀ ਹੁਣ ਅਗੇ ਟੁਰ ਪਏ। ਰੁੱਤ ਬਰਸਾਤ ਦੀ ਆ ਪਹੁੰਚੀ ਸੀ। ਇਸ ਰੁੱਤ ਨੂੰ ਚੁਮਾਸਾ ਆਖਦੇ ਹਨ। ਚੁਮਾਸੇ ਵਿਚ ਸਾਧੂ ਸੰਤ ਕਿਸੇ ਟਿਕਾਣੇ ਟਿਕ ਜਾਂਦੇ ਹਨ। ਫਿਰਦੇ ਟੁਰਦੇ ਤੀਰਥ ਯਾਤ੍ਰਾ ਕਿ ਹੋਰ ਸਫਰ ਕੋਈ ਨਹੀਂ ਕਰਦੇ।

ਗੁਰੂ ਜੀ ਕਿੰਨੇ ਚਿਰ ਤੋਂ ਸਫ਼ਰ ਵਿਚ ਸਨ, ਗਰਮੀ ਕਰੜੀ ਝੱਲਦੇ ਟੁਰੇ ਰਹਿੰਦੇ ਤੇ ਸਤਿਨਾਮ ਦਾ ਦਾਨ ਦੇਂਦੇ ਚਲਦੇ ਹੀ ਰਹੇ। ਮਰਦਾਨਾ ਦੇਖ ਰਿਹਾ ਸੀ ਕਿ ਰੁਤ ਹੁਣ ਮਾੜੀ ਆ ਰਹੀ ਹੈ ਚੁਮਾਸੇ ਦੀ, ਉਹ ਚਾਹੁੰਦਾ ਸੀ ਕਿ ਕਿਤੇ ਗੁਰੂ ਜੀ ਹੁਣ ਟਿਕ ਕੇ ਚੁਮਾਸੇ ਦੇ ਦਿਨ ਬੈਠ ਜਾਣ।

ਜਦੋਂ ਗੁਰੂ ਜੀ ਆਪਣੇ ਤੇ ਸ਼ਰੱਮ (ਥਕਾਨ) ਲੈਂਦੇ ਸਨ ਤਾਂ ਮਰਦਾਨਾ ਆਪਣੇ ਥਕਾਨ ਜਾਂ ਭੁੱਖ; ਜਾਂ ਕਿਸੇ ਹੋਰ ਲੋੜ ਦੀ ਸ਼ਰਮ ਕਰਕੇ ਚੁੱਪ ਨਹੀਂ ਸੀ ਰਹਿੰਦਾ ਕਿ ਆਪਣੀ ਲੋੜ ਨਾ ਦੱਸਾਂ, ਸਗੋਂ ਬੋਲ ਕੇ ਦੱਸ ਦੱਸ ਕੇ ਤੇ ਆਪਣੀ ਖ਼ਾਤਰ ਵਾਸਤੇ ਪਾ ਪਾ ਕੇ ਆਪ ਬੀ ਟਿਕ ਜਾਂਦਾ ਤੇ ਉਨ੍ਹਾਂ ਨੂੰ ਆਰਾਮ ਵਿਚ ਟਿਕਾ ਲੈਂਦਾ ਸੀ। ਬਸੰਤ ਰੁਤ ਦੇ ਤੁਰੇ ਹੋਏ ਗੁਰੂ ਜੀ ਕਿਤੇ ਡੇਰਾ ਪਾ ਨਹੀਂ ਰਹੇ ਸਨ, ਕਿਤੇ ਦੋ ਕਿਤੇ ਚਾਰ ਦਿਨ ਠਹਿਰਦੇ ਵਾਹਿਗੁਰੂ ਜੀ ਦੇ ਨਾਮ ਦਾ ਉਪਦੇਸ਼ ਦੇਂਦੇ ਅੱਗੇ ਹੀ ਅੱਗੇ ਜਾ ਰਹੇ ਸਨ ਤੇ ਹੁਣ ਬਰਸਾਤ ਲਗ ਪਈ। ਹੁਣ ਮਰਦਾਨਾ ਚਾਹੁੰਦਾ ਸੀ ਕਿ ਮੇਰੇ ਸੁਹਣੇ ਮਾਲਕ, ਮੇਰੇ ਗੁਰੂ ਜੀ, ਚਾਰ ਦਿਨ ਆਰਾਮ ਕਰਨ। ਇਸ ਕਰਕੇ ਉਹ ਕਹਿ ਰਿਹਾ ਸੀ ਕਿ 'ਗੁਰੂ ਜੀਓ! ਹੁਣ ਕਿਸੇ ਟਿਕਾਣੇ ਬੈਠ ਕੇ ਇਹ ਦਿਨ ਗੁਜ਼ਾਰ ਲਈਏ। ਰੁਤ ਕਰੜੀ ਹੈ ਤੇ ਮਾੜੀ ਹੈ।' ਤਦ ਸਤਿਗੁਰੂ ਜੀ ਓਸਦੇ ਪਿਆਰ ਨੂੰ ਆਦਰ ਦੇਣ ਲਈ ਬੋਲੇ : 'ਭਲਾ ਮਰਦਾਨਿਆਂ! ਜਿੱਥੇ ਕੋਈ ਨਗਰੀ ਆਉਂਦੀ ਹੈ, ਚੁਮਾਸੇ ਦੇ ਦਿਨ ਓਥੇ ਅਟਕ ਜਾਵਾਂਗੇ।

ਸੋ ਅੱਗੇ ਜਾਂਦਿਆਂ ਜਾਂਦਿਆਂ ਸਾਂਈਂ ਦੀਆਂ ਮਿਹਰਾਂ ਨਾਲ ਇਕ ਉਚੇਰਾ ਥਲ, ਸੁਹਾਵਣਾ ਟਿਕਾਣਾ, ਚੰਗਾ ਪਿੰਡ ਆ ਗਿਆ। ਜਿਸ ਤੋਂ ਬਾਹਰ ਵਾਰ ਇਕ ਕੋਹ ਦੀ ਵਿੱਥ ਤੇ ਇਕ ਆਸਰਾ ਵੇਖਕੇ ਸਤਿਗੁਰਾਂ ਨੇ ਟਿਕਾਣਾ ਕਰ ਦਿੱਤਾ। ਮਰਦਾਨਾ ਖੁਸ਼ੀ ਹੋ ਗਿਆ ਕਿ ਨਿੱਤ ਦੇ ਪੈਂਡੇ ਮੁੱਕੇ, ਚਾਹੇ ਚੁਮਾਸੇ ਲਈ ਹੀ ਸਹੀ ਮੇਰਾ ਮਾਲਕ, ਮੇਰਾ ਪਿਆਰਾ ਦਸ ਦਿਨ ਵੇਲੇ ਸਿਰ ਸਵੇਂਗਾ, ਵੇਲੇ ਸਿਰ ਅੰਨ ਪਾਏਗਾ, ਸੁਖੀ ਹੋਏਗਾ।

ਉਸ ਪਿੰਡ ਵਿਚ ਵਸੋਂ ਚੰਗੀ ਸੀ, ਮਾਨੋਂ ਛੋਟਾ ਜਿਹਾ ਕਸਬਾ* ਸੀ। ਇਥੇ ਇਕ ਚੰਗਾ ਸਰਦੇ ਪੁਜਦੇ ਵਾਲਾ ਖੱਤਰੀ ਰਹਿੰਦਾ ਸੀ, ਜੋ ਪਰਮਾਰਥ ਦੀ ਲਗਨ ਵਾਲਾ ਸੀ, ਆਏ ਗਏ ਸਾਧੂ ਸੰਤ ਦੇ ਦਰਸ਼ਨ ਕਰਦਾ ਤੇ ਆਪਣੀ ਵਲੋਂ ਪੂਜਾ ਸੇਵਾ ਬੀ ਕਰਦਾ ਹੁੰਦਾ ਸੀ। ਉਸ ਨੇ ਸੁਣਿਆ ਜੋ ਬਾਹਰਲੀ ਕੁਟੀਆ ਵਿਚ ਕੋਈ ਸੰਤ ਆ ਉਤਰੇ ਹਨ, ਜੋ ਡਾਢੇ ਹੀ ਪਆਰੇ ਲਗਦੇ ਹਨ, ਉਥੇ ਕੀਰਤਨ ਹੁੰਦਾ ਹੈ ਕਿ ਚਲਦੇ ਦਰਿਆ ਅਟਕ ਜਾਂਦੇ ਹਨ, ਤਾਂ ਉਹ ਖੱਤ੍ਰੀ ਦਰਸ਼ਨ ਕਰਨ ਆਇਆ। ਉਸ ਵੇਲੇ ਕੀਰਤਨ ਹੋ ਰਿਹਾ ਸੀ। ਸ੍ਰੀ ਸਤਿਗੁਰ ਜੀ ਆਪਣੇ ਇਲਾਹੀ ਰੰਗਾਂ ਵਿਚ ਜੁੜੇ ਬੈਠੇ ਸਨ। ਮਿੱਠੀ ਮਿੱਠੀ ਹਵਾ ਵਗ ਰਹੀ ਸੀ, ਮਰਦਾਨਾ ਬੜੇ ਪ੍ਰੇਮ ਵਿਚ ਕੀਰਤਨ ਕਰ ਰਿਹਾ ਸੀ। ਖੱਤ੍ਰੀ ਮੱਥਾ ਟੇਕ ਕੇ ਬਹਿ ਗਿਆ। ਬੈਠਦੇ ਦੇ ਨੈਣ ਭਰ ਆਏ, ਛੱਪਰ ਭਾਰੇ ਹੋ ਢੱਠੇ ਤੇ ਫੇਰ ਰੰਗ ਲਗੇ ਨੈਣ ਬੰਦ ਹੋ ਗਏ, ਆਪੇ ਦੇ ਸੁਆਦ ਵਿਚ ਜੁੜ ਗਏ, ਪਤਾ ਨਹੀਂ ਰਿਹਾ ਕਿ ਸਮਾਂ ਕਿੱਥੇ ਲੰਘ ਗਿਆ ਹੈ। ਜਾਂ ਖੱਤ੍ਰੀ ਦੇ ਨੈਣ ਖੁੱਲ੍ਹੇ ਤਾਂ ਵੇਖੇ ਕਿ ਕਿੰਨੀਆਂ ਘੜੀਆਂ ਬੀਤ ਚੁਕੀਆਂ ਹਨ। ਹਾਂ, ਖੱਤ੍ਰੀ ਨੂੰ ਸੋਝੀ ਹੋ ਆਈ ਕਿ ਇਹ ਸਾਂਈਂ

*ਪਿੰਡ ਤੋਂ ਵਡੇ ਪਰ ਨਗਰੀ ਯਾ ਸ਼ਹਿਰ ਤੋਂ ਛੋਟੇ ਨੂੰ ਕਸਬਾ ਆਖਦੇ ਹਨ।

ਪਰਮੇਸ਼ੁਰ ਦਾ ਸੱਚਾ ਸੁੱਚਾ ਕੀਰਤਨ ਹੈ ਜੋ ਕਾਲ ਨੂੰ ਬੀ ਜਿੱਤ ਲੈਂਦਾ ਹੈ। ਅਰਥਾਤ ਜਿਸ ਕੀਰਤਨ ਨੂੰ ਸੁਣਿਆਂ ਪਤਾ ਹੀ ਨਹੀਂ ਰਹਿੰਦਾ ਕਿ ਕਿੰਨਾ ਵੇਲਾ ਵਿਹਾ ਗਿਆ ਹੈ, ਐਸਾ ਕੀਰਤਨ ਕਦੇ ਨਹੀਂ ਸੁਣਿਆ ਸੀ ਕਿ ਜੋ ਸਮੇਂ ਲੰਘਦੇ ਜਾਂਦੇ ਨੂੰ ਬੇਮਲੂੰਮਾ ਕਰ ਦੇਵੇ। ਫੇਰ ਗੁਰੂ ਜੀ ਵਲ ਤੱਕੇ ਤੇ ਮਨ ਨੂੰ ਆਖੇ-ਐਸੇ ਦਰਸ਼ਨ ਕਦੇ ਨਹੀਂ ਪਾਏ ਸਨ ਕਿ ਮਨ ਮੋਰ ਵਾਂਗੂੰ ਪੈਲਾਂ ਪਾਉਂਦਾ ਪਰਕਰਮਾਂ ਪਿਆ ਕਰਦਾ ਹੈ, ਦੂਰ ਹੀ ਨਹੀਂ ਹੋਣਾ ਚਾਹੁੰਦਾ। ਕੇਡੇ ਪਿਆਰੇ ਪਏ ਲਗਦੇ ਹਨ।

ਐਉਂ ਮੋਹਿਤ ਹੋ ਗਿਆ ਖੱਤ੍ਰੀ, ਪਰ ਫੇਰ ਆਪਣੇ ਕੰਮ ਕਾਜ ਯਾਦ ਆਏ ਤੇ ਕੰਮਾਂ ਕਾਜਾਂ ਦੀਆਂ ਖਿੱਚਾਂ ਦੇ ਕਾਰਨ ਕੁਛ ਚਿਰ ਮਗਰੋਂ ਘਰ ਨੂੰ ਮੁੜਿਆ। ਫੇਰ ਫੇਰ ਆਵੇ ਰਸ ਮਾਣੇ ਤੇ ਦਿਨੋਂ ਦਿਨ ਖਿੱਚ ਵਧੇ ਸੁ, ਤਾਂ ਇਕ ਦਿਨ ਐਤਨੀ ਖਿੱਚ ਵਧੀ ਕਿ ਚਿੱਤ ਨਾਲ ਨੇਮ ਕੀਤੋਸੁ ਕਿ ਨਿਤਪ੍ਰਤਿ ਦਰਸ਼ਨ ਲਈ ਆਉਣਾ ਹੈ ਤੇ ਨਾਗਾ ਕਦੇ ਨਹੀਂ ਪਾਉਣਾ, ਤੇ ਜਿਸ ਦਿਨ ਨਾਗਾ ਪੈ ਜਾਵੇ ਤਾਂ ਉਸ ਦਿਨ ਰੋਟੀ ਨਹੀਂ ਖਾਣੀ, ਰੋਟੀ ਕੀ ਪਾਣੀ ਬੀ ਨਹੀਂ ਪੀਣਾ*। ਐਉਂ ਰੋਜ਼ ਆਵੇ, ਦਰਸ਼ਨ ਕਰੇ ਤੇ ਕੀਰਤਨ ਸੁਣੇ।

ਇਕ ਦਿਨ ਉਸਦੇ ਜਾਣੂ ਇਕ ਹਟਵਾਣੀਏ ਨੇ ਪੁੱਛਿਆ ਤੂੰ ਰੋਜ਼ ਕਿੱਧਰ ਜਾਂਦਾ ਹੈਂ? ਤਾਂ ਉਸ ਖੱਤ੍ਰੀ ਨੇ ਕਿਹਾ ਭਾਈ ਇਕ ਪੂਰਨ ਪੁਰਖ, ਇਕ ਸੱਚਾ ਸੰਤ ਆਇ ਟਿਕਿਆ ਹੈ, ਉਸ ਦੇ ਦਰਸ਼ਨ ਨੂੰ ਜਾਂਦਾ ਹਾਂ। ਹਟਵਾਣੀਏ ਨੇ ਕਿਹਾ ਮੈਨੂੰ ਬੀ ਨਾਲ ਲੈ ਚਲ। ਤਾਂ ਖੱਤ੍ਰੀ ਕਿਹਾ: ਆਉ ਜੀ ਚਲੋ, ਦਰਸ਼ਨ ਪਾਓ। ਸੋ ਹਟਵਾਣੀਆ ਨਾਲ ਟੁਰ ਪਿਆ। ਪਰ ਥੋੜਾ ਰਸਤਾ ਜਾ ਕੇ ਹਟਵਾਣੀਆ ਇਕ ਹੋਰ ਰਸਤੇ ਪੈ ਗਿਆ ਤੇ ਉਸ ਪਾਸੇ ਚਲਾ ਗਿਆ, ਜਿਧਰ ਮਾੜੇ ਲੋਕ

*ਪੁਰਾਤਨ ਜਨਮਸਾਖੀ।

ਵਸਦੇ ਸੇ। ਓਥੇ ਜਾ ਕੇ ਉਹ ਭੈੜਿਆਂ ਲੋਕਾਂ ਵਿਚ ਜਾ ਕੇ ਭੈੜੇ ਕੰਮਾਂ ਵਿਚ ਲੱਗੇ ਤੇ ਹੱਸੇ ਖੇਡੇ।

ਹੁਣ ਦੋਵੇਂ ਰੋਜ਼ ਕੱਠੇ ਆਉਣ, ਖੱਤ੍ਰੀ ਤਾਂ ਸਤਿਗੁਰੂ ਜੀ ਦੇ ਸਤਿਸੰਗ ਵਿਚ ਜਾਵੇ ਤੇ ਹਟਵਾਣੀਆਂ ਭੈੜਿਆਂ ਲੋਕਾਂ ਦੇ ਮਾੜੇ ਸੰਗ ਵਿਚ ਚਲਾ ਜਾਵੇ। ਖੱਤ੍ਰੀ ਉਸ ਨੂੰ ਸਮਝਾਇਆ ਕਰੇ ਕਿ ਮਾੜੇ ਪਾਸੇ ਨਾ ਜਾਇਆ ਕਰ, ਭਲੇ ਪਾਸੇ ਚਲਿਆ ਕਰ ਮੇਰੇ ਨਾਲ, ਪਰ ਉਹ ਹਟਵਾਣੀਆਂ ਆਖੇ ਨਾ ਲਗੇ। ਇਕ ਦਿਨ ਹਟਵਾਣੀਏ ਆਖਿਆ, ਭਈ ਅੱਜ ਸਾਡੇ ਦੋਹਾਂ ਵਿਚੋਂ ਜੋ ਪਹਿਲੋਂ ਵਾਪਸ ਆਵੇ ਓਹ ਇਸ ਦੋਹਾਂ ਰਸਤਿਆਂ ਦੇ ਮੇਲ ਵਾਲੇ ਪਿੱਪਲ ਹੇਠ ਬੈਠੇ ਤੇ ਦੂਜੇ ਦੀ ਉਡੀਕ ਕਰੇ। ਇਥੋਂ ਇਕੱਠੇ ਘਰ ਚੱਲਾਂਗੇ।

ਗੱਲ ਕੀ, ਹਟਵਾਣੀਆ ਅੱਜ ਢੇਰ ਚਿਰ ਪਹਿਲੋਂ ਹੀ ਮੁੜ ਆਇਆ ਤੇ ਉਸ ਟਿਕਾਣੇ ਆ ਬੈਠਾ। ਲੱਗਾ ਉਡੀਕਣ ਖੱਤ੍ਰੀ ਨੂੰ। ਵਿਹਲੇ ਬੈਠੇ ਨੇ ਧਰਤੀ ਖੋਤਰਨੀ ਸ਼ੁਰੂ ਕਰ ਦਿੱਤੀ, ਥੋੜੀ ਖੋਤਰਨ ਮਗਰੋਂ ਇਕ ਮੋਹਰ ਨਿਕਲ ਆਈ। ਖੁਸ਼ ਹੋ ਕੇ ਹਟਵਾਣੀਏ ਨੇ ਆਪਣੀ ਲੱਕ ਨਾਲ ਬੱਧੀ ਛੁਰੀ ਕੱਢੀ ਤੇ ਹੋਰ ਧਰਤੀ ਖੋਤਰੀ। ਤਾਂ ਖੋਤਰਦਿਆਂ ਖੋਤਰਦਿਆਂ ਕੀ ਦੇਖੇ ਕਿ ਇਕ ਮਟਕਾ ਹੈ, ਉਸ ਨੂੰ ਫਰੋਲੇ ਤਾਂ ਕੋਲੇ ਹੀ ਕੋਲੇ ਭਰੇ ਹੋਏ ਹਨ।

ਖੱਤ੍ਰੀ ਬੀ ਆ ਪਹੁੰਚਾ, ਪਰ ਲੰਗੜਾਉਂਦਾ ਟੁਰਿਆ ਆਵੇ। ਹਟਵਾਣੀਏਂ ਨੇ ਡਿੱਠਾ ਕਿ ਇਕ ਪੈਰ ਬੱਧਾ ਹੋਇਆ ਲੰਗੜਾਉਂਦਾ ਆ ਰਿਹਾ ਹੈ, ਜੁੱਤੀ ਇਕ ਪੈਰ ਪਾਈ ਹੈ ਸਬੂਤ ਪਰ ਦੂਜੇ ਪੈਰ ਦੀ ਅੱਡੀ ਭੰਨੀ ਹੈ। ਤਦ ਪੁੱਛਣ ਲੱਗਾ ਕਿ ਤੇਰੇ ਪੈਰ ਨੂੰ ਕੀਹ ਹੋਇਆ? ਉਸ ਨੇ ਦੱਸਿਆ ਕਿ ਕੰਡਾ ਚੁਭ ਗਿਆ ਹੈ। ਤਦ ਹਟਵਾਣੀਏਂ ਨੇ ਕਿਹਾ: ਤੂੰ ਮੈਨੂੰ ਰੋਜ਼ ਕਹਿੰਦਾ ਸੈਂ ਸਤਿਸੰਗ ਚਲ। ਦੇਖ ਤੂੰ ਸਤਿਸੰਗ ਕੀਤਾ ਤਾਂ ਪੈਰੀਂ ਕੰਡਾ ਚੁਭਿਆ, ਪਰ ਮੈਂ ਭਾਵੇਂ ਮਾੜੇ ਕੰਮ ਜਾਂਦਾ ਸਾਂ ਮੈਨੂੰ ਲੱਭੀ ਮੁਹਰ। ਤੂੰ ਕਹਿੰਦਾ ਸੈਂ ਮਾੜੇ ਕੰਮਾਂ ਵਾਲੇ ਪਾਸੇ ਨਾ

ਜਾਹ। ਚੱਲ ਤੇਰੇ ਗੁਰੂ ਜੀ ਪਾਸ ਚੱਲ ਕੇ ਪੁੱਛੀਏ ਕਿ ਮੰਦੇ ਕੰਮੀਂ ਮੁਹਰ ਮਿਲੇ, ਚੰਗੇ ਕੰਮੀਂ ਕੰਡਾ ਚੁਭੇ, ਇਹ ਕੀ ਗੱਲ ਹੋਈ?

ਤਦ ਦੋਵੇਂ ਆਏ, ਗੁਰੂ ਜੀ ਦੀ ਪੈਰੀ ਪਏ ਤੇ ਪੁੱਛਣਾ ਕੀਤੀ। ਗੁਰੂ ਜੀ ਨੇ ਦੱਸਿਆ: ਭਾਈ ਹੱਟੀ ਵਾਲਿਆ! ਕੋਲਿਆਂ ਦਾ ਮਟਕਾ ਮੋਹਰਾਂ ਦਾ ਮਟਕਾ ਹੈਸੀ, ਕਿਸੇ ਰੱਬ ਜੀ ਦੇ ਪਿਆਰੇ ਨੂੰ ਤੂੰ ਇਕ ਮੋਹਰ ਦਿੱਤੀ ਹੈਸੀ; ਉਹ ਇਕ ਦਿਤੀ ਮੋਹਰ ਸਹੰਸਰ ਗੁਣਾਂ ਹੋ ਫਲੀ ਸੀ।

ਸਹੰਸਰ ਆਖਦੇ ਹਨ ਹਜ਼ਾਰ ਨੂੰ। ਤੈਨੂੰ ਹਜ਼ਾਰ ਮੁਹਰ ਮਿਲਣੀ ਸੀ। ਪਰ ਜਿਉਂ ਜਿਉਂ ਤੂੰ ਪਾਪ ਕਮਾਏ ਉਹ ਪੁੰਨਾ ਦੀਆਂ ਫਲੀਆਂ ਮੁਹਰਾਂ ਸੜਦੀਆਂ ਗਈਆਂ। ਹਾਂ, ਸਮਝ ਲੈ ਕਿ ਤੇਰੇ ਪਾਪਾਂ ਨੇ ਤੇਰੇ ਕੱਠੇ ਕੀਤੇ ਸ਼ੁਭ ਕਰਮਾਂ ਤੇ ਉਨ੍ਹਾਂ ਦੇ ਫਲ ਨੂੰ ਸਾੜ ਸੁੱਟਿਆ, ਬਾਕੀ ਕੇਵਲ ਇਕ ਪੁੰਨ ਰਹਿ ਗਿਆ ਜੋ ਤੈਨੂੰ ਏਥੇ ਲੈ ਆਇਆ ਹੈ, ਸੋ ਸਮਝ ਲੈ ਕਿ ਇਕ ਮੋਹਰ ਤੈਨੂੰ ਇਹ ਮੱਤ ਦੇਂਦੀ ਹੈ ਕਿ ਤੇਰੇ ਪਾਪਾਂ ਨੇ ਮੈਂ ਵਰਗੀਆਂ ਤੇਰੇ ਭਾਗਾਂ ਵਿਚੋਂ ਅਨੇਕਾਂ ਦੂਰ ਕੀਤੀਆਂ ਹਨ, ਬੀਜਿਆ ਹਰਿਆ ਹੋਣ ਦੀ ਥਾਂ ਕੁਸੰਗ ਨੇ ਸਾੜ ਘੱਤਿਆ ਹੈ, ਕੋਲੇ ਕਰ ਦਿੱਤੇ ਹਨ, ਤੇਰੇ ਧੱਤ੍ਰੀ ਮਿਤ੍ਰ ਨੇ ਸਤਿਸੰਗ ਕੀਤਾ ਹੈ, ਵਾਹਿਗੁਰੂ ਦਾ ਕੀਤਰਨ ਸੁਣਿਆ ਹੈ, ਨਾਮ ਸੁਣਿਆ ਤੇ ਜਪਿਆ ਹੈ, ਸਾਧ ਸੰਤ ਦੀ ਸੇਵਾ ਕੀਤੀ ਹੈ, ਸੋ ਇਸ ਦੇ ਪਾਪ ਨਾਸ਼ ਹੋਏਂ ਹਨ। ਇਸ ਦੇ ਪਿਛਲੇ ਕਰਮ ਹੈਸਨ ਐਸੇ ਕਿ ਉਨ੍ਹਾਂ ਦਾ ਫਲ ਸੂਲੀ ਤੇ ਚੜ੍ਹਨਾ ਹੈਸੀ, ਜਿਉਂ ਜਿਉਂ ਇਹ ਸਤਿਸੰਗ ਵਿਚ ਸੇਵਾ ਨੂੰ ਆਇਆ, ਜਿਉਂ ਜਿਉਂ ਇਸ ਨੇ ਰੱਬ ਜੀ ਦਾ ਨਾਉਂ ਲੈ ਕੇ ਉਸ ਨੂੰ ਯਾਦ ਕੀਤਾ, ਉਹ ਖੋਟੇ ਕਰਮ ਨਾਸ਼ ਹੋਣ ਲੱਗੇ, ਘਟਦੇ ਘਟਦੇ ਸੂਲੀ ਦੀ ਥਾਂ ਇਕ ਸੂਲ ਰਹਿ ਗਈ, ਜੋ ਸੂਈ ਵਾਂਗੂੰ ਚੁੱਭ ਕੇ ਇਸ ਨੂੰ ਵਡੇ ਦੁਖ ਤੇ ਮੌਤ ਤੋਂ ਬਚਾ ਗਈ। ਫੇਰ ਸੋਚ! ਭਾਈ, ਮਾੜੇ ਕੰਮ ਕਰਕੇ ਤੇਰਾ ਮਨ ਹੋਰ ਮੈਲਾ ਹੁੰਦਾ ਗਿਆ, ਤੇਰੀ ਮਨਸ਼ਾ ਮਾੜੇ ਕੰਮਾਂ ਵਲ ਵਧੀ ਹੈ,

ਪਰ ਜਿਉਂ ਜਿਉਂ ਇਸਨੇ ਸਤਿਸੰਗ ਕੀਤਾ ਹੈ ਇਸ ਦਾ ਮਨ ਪਵਿੱਤ੍ਰ ਹੁੰਦਾ ਗਿਆ, ਇਸ ਦੀ ਰੁਚੀ ਭਲੇ ਵਲ, ਸੇਵਾ ਵਲ, ਸਤਿਸੰਗ ਵਲ ਵਧ ਗਈ ਹੈ, ਏਸ ਦਾ ਮਨ ਸਾਫ ਤੇ ਭਲੇ ਪਾਸੇ ਦਾ ਪ੍ਰੇਮੀ ਹੋ ਗਿਆ ਹੈ।

ਇਹ ਗੱਲਾਂ ਸੁਣ ਕੇ ਹਟਵਾਣੀਏ ਦੇ ਦਿਲ ਗੱਲ ਪੁੜ ਗਈ, ਦਿਲ ਨੇ ਮੰਨਿਆਂ ਕਿ ਗੁਰੂ ਜੀ ਸੱਚ ਪਏ ਆਖਦੇ ਹਨ, ਕੰਬਿਆ। ਉਹ ਜੋ ਗੁਰੂ ਜੀ ਦਾ ਹੱਥ ਇਸ ਨੂੰ ਛੁਹਿਆ ਸੀ, ਉਹ ਅੱਗ ਦੀ ਚਿੰਗਾਰੀ ਵਾਂਙੂ ਸੀ, ਜਿਸ ਨਾਲ ਮਾਨੋਂ ਉਸ ਦੇ ਪਾਪ ਸੜ ਗਏ। ਚਰਨੀਂ ਢੱਠਾ, ਆਖਣ ਲੱਗਾ: ਮਿਹਰ ਕਰੋ ਤੇ ਹੁਣ ਸ਼ੁਧ ਰਸਤੇ ਪਾਓ, ਭਲੇ ਕਰਮ ਸਿਖਾਓ ਤੇ ਮਾੜਿਆਂ ਦੇ ਰਾਹ ਤੋਂ ਵਰਜ ਲਓ। ਮੈਨੂੰ ਪਾਪੀ ਨੂੰ ਬੀ ਸਤਿਸੰਗ ਵਿਚ ਰਲਾ ਲਓ। ਗੁਰੂ ਜੀ ਨੇ ਉਸ ਨੂੰ ਵਾਹਿਗੁਰੂ ਦੇ ਨਾਮ ਦਾ ਉਪਦੇਸ਼ ਦਿੱਤਾ। ਉਸ ਦਾ ਸੁਭਾ ਪਲਟ ਗਿਆ। ਉਹ ਪੁੰਨ ਕਰਨ ਵਾਲਾ, ਧਰਮ ਕਰਨ ਵਾਲਾ; ਰੱਬ ਜੀ ਦੇ ਪਿਆਰ ਕਰਨ ਵਾਲਾ ਹੋ ਗਿਆ। ਉਸ ਦਾ ਜਨਮ ਸੰਵਰ ਗਿਆ।

ਜੋ ਸ਼ਬਦ ਗੁਰੂ ਮਹਾਰਾਜ ਨੇ ਉਸ ਵੇਲੇ ਉਚਾਰਿਆ, ਉਹ ਇਹ ਹੈ :-

ਮਾਰੂ ਮਹਲਾ ੧ ਘਰੁ ੧॥

**"ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥ ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ॥੧॥ ਚਿਤ ਚੇਤਸਿ ਕੀ ਨਹੀ ਬਾਵਰਿਆ॥ ਹਰਿ ਬਿਸਰਤ ਤੇਰੇ ਗੁਣ ਗਲਿਆ॥੧॥ਰਹਾਉ॥ ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ॥ ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥੨॥ ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ॥ ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ॥੩॥ ਭਇਆ ਮਨੂਰੁ ਕੰਚਨੁ**

**ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥ ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥੪॥੩॥"**

ਇਸ ਸ਼ਬਦ ਦਾ ਭਾਵ ਇਹ ਹੈ ਕਿ ਮਨੁੱਖ ਆਪਣੇ ਕਰਮਾਂ, ਅਰਥਾਤ ਭਲੇ ਬੁਰੇ ਕਰਮਾਂ ਨਾਲ ਲੇਖ ਲਿਖਦਾ ਰਹਿੰਦਾ ਹੈ। ਸੋ ਇਨ੍ਹਾਂ ਕੀਤੇ ਕਰਮਾਂ ਮੂਜਬ ਜੀਵ ਟੁਰਦੇ ਹਨ।

ਕੰਮ ਕਰਨ ਵਾਲੀ ਜੋ ਅਰਥਾਤ ਦੇਹ, ਇਹ ਤਾਂ ਕਾਗਜ਼ ਹੈ ਤੇ ਮਨ ਸ਼ਾਹੀ ਵਾਲੀ ਦੁਆਤ ਹੈ, ਤੇ ਲੋਕੀ ਜੋ ਕਰਦੇ ਹਨ ਭਲੇ ਜਾਂ ਬੁਰੇ ਓਹ ਲਿਖੇ ਜਾਂਦੇ ਹਨ ਕਰਨ ਵਾਲਿਆਂ ਦੇ ਸੁਭਾਵ ਯਾ ਰੁਚੀ ਬਣ ਕੇ। ਹੇ ਕਮਲੇ ਮਨਾਂ ਵਾਲੇ ਲੋਕੋ ਵਾਹਿਗੁਰੂ ਨੂੰ ਯਾਦ ਕਰੋ! ਸੋਚੋ, ਵਾਹਿਗੁਰੂ ਜੀ ਨੂੰ ਭੁੱਲੇ ਰਹਿਣ ਨਾਲ ਤੁਹਾਡੇ ਗੁਣ ਘਟਦੇ ਹਨ, ਔਗੁਣ ਵਧਦੇ ਹਨ।

ਹੇ ਲੋਕੋ! ਤੁਸੀਂ ਰਾਤ ਤਾਂ ਗਾਫਲੀ ਵਿਚ ਗੁਆ ਲੈਂਦੇ ਹੋ ਤੇ ਦਿਨ ਧੰਦਿਆਂ ਵਿਚ, ਵੇਹਲੇ ਕੰਮਾਂ ਵਿਚ, ਮਾੜੇ ਕੰਮਾਂ ਵਿਚ ਬਿਤਾ ਲੈਂਦੇ ਹੋ। ਗਲ ਕੀ ਰਾਤ ਦਿਨ ਵਿਚ-ਹਰ ਘੜੀ ਓਹ ਕੰਮ ਕਰਦੇ ਹੋ ਜੋ ਤੁਹਾਨੂੰ ਫਸਾ ਲੈਂਦੇ ਹਨ। ਜਿਵੇਂ ਪੰਛੀ ਚੋਗੇ ਦੇ ਲਾਲਚ ਵਿਚ ਚੋਗ ਚੁਗਦਾ ਜਾਲ ਵਿਚ ਫਸ ਜਾਂਦਾ ਹੈ, ਚੋਗੇ ਹੇਠਾਂ ਜਾਲ ਵਿਛਿਆ ਹੁੰਦਾ ਹੈ, ਤਿਵੇਂ ਤੁਸੀਂ ਹਰ ਘੜੀ ਕਿਸੇ ਨਾ ਕਿਸੇ ਲਾਲਚ ਵਿਚ ਸੁਆਦ ਦੇ ਰਸ ਵਿਚ ਆਪਣੇ ਧਰਮ ਤੋਂ ਡਿਗਦੇ ਰਹਿੰਦੇ ਹੋ। ਇਉਂ ਮੰਦੇ ਕਰਮ ਕਰਨ ਦਾ ਸੁਭਾ ਬਣਕੇ ਉਸ ਸੁਭਾ ਵਿਚ ਅਸੀਂ ਫਸ ਜਾਂਦੇ ਹਾਂ।

ਦੱਸੋ ਹੇ ਲੋਕੋ, ਇਸ ਫਾਹੀ ਤੋਂ ਕਿਵੇਂ ਛੁੱਟੋਗੇ? ਕਿਉਂਕਿ ਤੁਹਾਡਾ ਸਰੀਰ ਤਾਂ ਭੱਠੀ ਬਣ ਰਿਹਾ ਹੈ, ਮਨ ਤੁਹਾਡਾ ਵਿਚ ਲੋਹਾ ਹੋਇਆ ਪਿਆ ਹੈ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀਆਂ ਪੰਜ ਅੱਗਾਂ ਤਪ ਰਹੀਆਂ ਹਨ, ਪਾਪਾਂ ਦੇ ਕੋਲੇ ਉਤੇ ਪਏ ਤੇ ਪੈ ਰਹੇ

ਹਨ, ਮਨ ਸੜ ਰਿਹਾ ਹੈ, ਤੇ ਚਿੰਤਾ ਸੰਨੀ ਵਾਂਞੂ ਲੱਗ ਰਹੀ ਹੈ, ਅਰਥਾਤ ਚਿੰਤਾ ਸੰਨੀ ਵਾਂਞੂ ਲੋਹੇ ਨੂੰ ਉਲਟਾਂਦੀ ਪਲਟਾਉਂਦੀ ਰਹਿੰਦੀ ਹੈ, ਜਿਸ ਕਰਕੇ ਅੱਗ ਦਾ ਸੇਕ ਲਗਾਤਾਰ ਸਾੜਦਾ ਹੈ। ਇਸ ਤਰ੍ਹਾਂ ਮਨ ਸੜ ਸੜਕੇ ਮਨੂਰ ਹੋ ਗਿਆ ਹੈ। ਮਨੂਰ ਆਖਦੇ ਹਨ ਉਸ ਲੋਹੇ ਨੂੰ ਜੋ ਮਿੱਟੀ ਵਾਂਙ ਹੋ ਗਿਆ ਹੋਵੇ। ਪਰ ਨਿਰਾਸ ਨਾ ਹੋਵੋ ਹੇ ਲੋਕੋ। ਮਨੂਰ ਹੋਇਆ ਤੁਹਾਡਾ ਮਨ, ਮੁੜਕੇ ਲੋਹਾ ਹੀ ਨਹੀਂ, ਸਗੋਂ ਸੋਨਾ ਹੋ ਸਕਦਾ ਹੈ।

ਪ੍ਰਸ਼ਨ-ਤਰਕੀਬ ਕੀ ਹੈ ਮਨੂਰ ਨੂੰ ਸੋਨਾ ਬਣਾ ਲੈਣ ਦੀ?

ਉਤਰ-ਇਕ ਤਾਂ ਗੁਰੂ ਮਿਲੇ ਉਹੋ ਜਿਹਾ।

ਕਿਹੋ ਜਿਹਾ?

ਉਸ ਵਰਗਾ ਜੋ ਮਨੂਰ ਨੂੰ ਸੋਨਾ ਬਣਾ ਦੇਂਦਾ ਹੈ, ਉਹ ਹੈ ਪਾਰਸ। ਸੋ ਪਾਰਸ ਵਰਗਾ ਗੁਰੂ ਮਿਲੇ। ਅਰਥਾਤ ਉਹ ਗੁਰੂ ਜੋ ਮਾਨਸ ਤੋਂ ਦੇਵਤੇ ਬਣਾ ਸਕਦਾ ਹੋਵੇ*।

ਉਹ ਗੁਰੂ ਤੁਹਾਨੂੰ ਵਾਹਿਗੁਰੂ ਜੀ ਦਾ ਇਕ ਨਾਮ ਦੇਵੇ, ਨਾਮ ਕੈਸਾ? ਅੰਮ੍ਰਿਤ ਨਾਮ, ਅੰਮ੍ਰਿਤ ਵਰਗਾ ਮਿੱਠਾ, ਅੰਮ੍ਰਿਤ ਵਾਂਞੂ ਮੋਏ ਜਿਵਾ ਦੇਣ ਵਾਲਾ। ਉਸ ਨਾਮ ਦੇ ਸਿਮਰਨ ਨਾਲ ਤੁਹਾਡਾ ਮਨ ਤੇ ਸਰੀਰ ਮੁੜਕੇ ਪਵਿਤ੍ਰਤਾ ਤੇ ਸੁੱਚਤਾ ਦੇ ਟਿਕਾਉ ਵਾਲਾ ਹੋ ਜਾਏਗਾ।

❖❖❖

## ੬੨. ਠੱਗ ਤਾਰੇ।

**ਫੇਰ** ਉਸ ਥਾਂ ਤੋਂ ਗੁਰੂ ਜੀ ਅੱਗੇ ਟੁਰ ਪਏ। ਰਾਹ ਵਿਚ ਠੱਗ ਮਿਲ ਪਏ। ਗੁਰੂ ਜੀ ਦੇ ਚਿਹਰੇ ਉਤੇ ਵਾਹਿਗੁਰੂ ਜੀ ਦੇ ਨਾਮ ਦੀ ਲਾਲੀ ਸੀ, ਚਿਹਰਾ ਬੜਾ ਖਿੜਿਆ ਹੋਇਆ ਸੀ। ਠੱਗਾਂ ਨੇ ਸਮਝਿਆ

*ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥ (ਆਸਾ ਵਾ: ਮ: ੧)

ਕਿ ਇਸ ਦੇ ਪੱਲੇ ਬਹੁਤ ਧਨ ਹੈ, ਇਹ ਲਾਲੀ ਧਨ ਦੀ ਹੈ; ਤਦ ਚੁਫੇਰੇ ਆ ਖਲੋਤੇ। ਗਹੁ ਨਾਲ ਦੇਖਿਓ ਤਾਂ ਅੰਦਰੋਂ ਕੁਛ ਢਿੱਲੇ ਹੋ ਗਏ। ਗੁਰੂ ਜੀ ਨੇ ਪੁੱਛਿਆ: ਤੁਸੀਂ ਕੌਣ ਹੋ? ਤਦ ਇਕ ਠਗ ਦੇ ਮੂੰਹੋਂ ਸੱਚ ਨਿਕਲ ਗਿਆ: ਅਸੀਂ ਠੱਗ ਹਾਂ, ਤੈਨੂੰ ਮਾਰ ਦੇਣ ਵਾਸਤੇ ਆਏ ਹਾਂ। ਤਦ ਗੁਰੂ ਜੀ ਨੇ ਬਿਨਾਂ ਡਰੇ ਇਕ ਭਰਵੀਂ ਆਵਾਜ਼ ਵਿਚ ਆਖਿਆ: ਭਲਾ ਹੋਵੇ, ਬੇਸ਼ਕ ਮਾਰੋ, ਪਰ ਪਹਿਲਾਂ ਇਕ ਕੰਮ ਕਰ ਲਵੋ। ਤਦ ਉਹਨਾਂ ਪੁੱਛਿਆ: ਉਹ ਕੀ ਕੰਮ ਹੈ? ਜਦ ਗੁਰੂ ਜੀ ਨੇ ਕਿਹਾ: ਔਹ ਜੋ ਧੂਆਂ ਨਜ਼ਰ ਆਉਂਦਾ ਹੈ, ਓਥੋਂ ਅੱਗ ਲੈ ਆਓ ਤੇ ਸਾਨੂੰ ਮਾਰਕੇ ਇਨ੍ਹਾਂ ਪਈਆਂ ਲਕੜਾਂ ਵਿਚ ਰੱਖ ਕੇ ਓਸ ਅੱਗ ਨਾਲ ਲਕੜਾਂ ਨੂੰ ਬਾਲ ਦੇਵਿਓ। ਤਦ ਦੋ ਠੱਗਾਂ ਨੇ ਆਖਿਆ: ਅਸੀਂ ਕਈ ਲੋਕ ਮਾਰੇ ਹਨ, ਪਰ ਹੱਸਕੇ ਕਿਸੇ ਨਹੀਂ ਕਿਹਾ ਜੋ ਬੇਸ਼ਕ ਮਾਰੋ, ਤੇ ਜੋ ਏਨ੍ਹਾਂ ਬਹਾਨਾ ਕੀਤਾ ਹੈ ਤਾਂ ਸਾਡੇ ਕੋਲੋਂ ਬਚਕੇ ਇਹ ਕਿਥੇ ਜਾ ਸਕਦੇ ਹਨ? ਤਦ ਦੋ ਠੱਗ ਅੱਗ ਲੈਣ ਦੌੜੇ; ਉਥੇ ਚਿਖਾ ਬਲਦੀ ਪਈ ਸੀ। ਉਨ੍ਹਾਂ ਨੂੰ ਚਿਖਾ ਤੋਂ ਉਰੇ ਹੀ ਕੁਛ ਸੂਰਤਾਂ ਦਿੱਸੀਆਂ, ਜਿਨ੍ਹਾਂ ਨੂੰ ਲੋਕੀ ਦੇਉਤੇ ਆਖਦੇ ਹਨ ਤੇ ਕੋਈ ਫਰੇਸ਼ਤੇ ਆਖਦੇ ਹਨ। ਇਹ ਦਿੱਸਦੇ ਤਾਂ ਨਹੀਂ ਹੁੰਦੇ, ਪਰ ਇਨ੍ਹਾਂ ਠੱਗਾਂ ਨੂੰ ਦਿੱਸ ਪਏ। ਇਨ੍ਹਾਂ ਠੱਗਾਂ ਨੇ ਪੁੱਛਿਆ: ਤੁਸੀਂ ਕੌਣ ਹੋ ਤੇ ਕੀ ਪਏ ਕਰਦੇ ਹੋ? ਤਦ ਉਹਨਾਂ ਵਿਚੋਂ ਇਕ ਨੇ ਕਿਹਾ: ਇਹ, ਜਿਸ ਦੀ ਚਿਖਾ ਬਲਦੀ ਹੈ, ਬੜਾ ਭਾਰਾ ਪਾਪੀ ਸੀ, ਇਸ ਨੇ ਕੁੰਭੀ ਨਰਕ* ਵਿਚ ਪੈਣਾ ਸੀ; ਜਿਸ ਪਰਮੇਸ਼ੁਰ ਰੂਪ ਗੁਰੂ ਨੂੰ ਤੁਸੀਂ ਮਾਰਨ ਵਾਸਤੇ ਘੇਰ ਲਿਆ ਹੈ, ਉਸ ਦੀ ਨਜ਼ਰ ਇਸ ਦੀ ਚਿਖਾ ਪਰ ਪੈ ਗਈ। ਉਹਨਾਂ ਦੀ ਓਸ

---

*ਓਹ ਅਸਥਾਨ ਜਾਂ ਦਸ਼ਾ ਜਿਥੇ ਮੌਤ ਪਿਛੋਂ ਪਾਪੀਆਂ ਦੀ ਆਤਮਾ ਜਾਕੇ ਆਪਣੇ ਪਾਪਾਂ ਦਾ ਦੰਡ ਸਖਤ ਕਸ਼ਟ ਪੀੜਾਂ ਆਦਿ ਝੱਲਦੀ ਹੈ।

ਪਵਿਤ੍ਰ ਨਜ਼ਰ ਨਾਲ ਏਸ ਦੇ ਪਾਪ ਸਭ ਸੜ ਗਏ ਹਨ। ਹੁਣ ਏਸ ਨੂੰ ਸੁਰਗਾਂ ਵਿਚ ਲਿਜਾ ਰਹੇ ਹਾਂ। ਤਦ ਉਹ ਠੱਗ ਕੰਬਣ ਲਗ ਗਏ-ਤੇ ਸੋਚਣ ਲਗੇ ਕਿ ਜਿਸ ਨੂੰ ਅਸੀਂ ਮਾਰਨ ਲਗੇ ਹਾਂ ਓਹ ਕੇਡਾ ਮਹਾਂ ਪੁਰਖ ਹੈ। ਤਦ ਉਹ ਦੌੜ ਆਏ ਤੇ ਗੁਰੂ ਜੀ ਦੀ ਪੈਰੀਂ ਪੈ ਗਏ। ਬਾਕੀ ਠੱਗਾਂ ਨੇ ਪੁੱਛਿਆ: ਓ! ਇਹ ਕੀ ਹੋਇਆ? ਤਦ ਉਹਨਾਂ ਠੱਗਾਂ ਨੇ ਸਾਰੀ ਗੱਲ ਜੋ ਦੇਖੀ ਸੁਣੀ ਸੀ, ਕਹਿ ਸੁਣਾਈ। ਸੁਣਕੇ ਸਾਰੇ ਕੰਬ ਉਠੇ, ਹੱਥ ਜੋੜ ਕੇ ਬੇਨਤੀ ਕਰਨ ਲਗੇ: ਹੇ ਮਹਾਂ ਪੁਰਖ! ਅਸੀਂ ਬੜੇ ਪਾਪੀ ਹਾਂ, ਬੜੇ ਪਾਪ ਕਰਦੇ ਹਾਂ, ਸਾਡੇ ਪਾਪ ਦੂਰ ਕਰ ਕੇ ਬਖਸ਼। ਤਦ ਗੁਰੂ ਜੀ ਨੇ ਆਖਿਆ: ਇਹ ਜੋ ਪਾਪ ਕਰਮ ਕਰਦੇ ਹੋ ਛੋੜ ਦਿਓ, ਜੋ ਲੋਕਾਂ ਦਾ ਲੁੱਟਿਆ, ਠੱਗਿਆ ਧਨ ਤੁਹਾਡੇ ਪਾਸ ਹੈ, ਓਹ ਗ਼ਰੀਬਾਂ, ਲੋੜਵੰਦਾਂ, ਫਕੀਰਾਂ ਨੂੰ ਲੁਟਾ ਦਿਓ। ਕੋਈ ਧਰਮ ਦੀ ਕਿਰਤ ਖੇਤੀ ਬਾੜੀ ਆਦਿ ਕਰੋ, ਤਦ ਤੁਹਾਡੇ ਪਾਪ ਬਖਸ਼ੇ ਜਾਣਗੇ। ਤਦ ਉਨ੍ਹਾਂ ਨੇ ਗੁਰੂ ਕੀ ਆਗਿਜਾ ਮੰਨ ਲਈ। ਗੁਰੂ ਜੀ ਨੇ ਉਹਨਾਂ ਨੂੰ ਨਾਮ ਦਾਨ ਦਿੱਤਾ, ਧਰਮ ਦੀ ਕਿਰਤ ਤੇ ਲਾਇਆ ਤੇ ਪਾਪ ਦੀ ਥਾਂ ਪੁੰਨ ਕਰਮਾਂ ਵਿਚ ਜੋੜ ਦਿਤਾ। ਸਤਿਗੁਰੂ ਨੇ ਇਸ ਵੇਲੇ ਇਕ ਸ਼ਬਦ ਬੀ ਉਚਾਰਿਆ, ਜਿਸ ਦਾ ਪਾਠ ਇਹ ਹੈ :-

ਸਿਰੀ ਰਾਗੁ ਮਹਲਾ ੧॥

ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥ ਪਰ ਨਿੰਦਾ ਪਰਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ॥ ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ॥੧॥ ਬਾਬਾ ਬੋਲੀਐ ਪਤਿ ਹੋਇ॥ ਊਤਮ ਸੇ ਦਰ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ॥੧॥ਰਹਾਉ॥ ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥ ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥੨॥ ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ

ਪਰਵਾਣੁ॥ ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥
ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ॥੩॥ ਤਿਨ
ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ
ਸਮਾਇ॥ ਤਿਨਕਾ ਕਿਆ ਸਾਲਾਹਣਾ ਅਵਰ ਸੁਆਲਿਉ
ਕਾਇ॥ ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ॥੪॥੪॥

ਇਸ ਸ਼ਬਦ ਵਿਚ ਸਤਿਗੁਰੂ ਜੀ ਨੇ ਮਾੜੇ ਕਰਮ ਗਿਣੇ ਹਨ। ਲੋਭ ਨੂੰ ਕੁੱਤਾ, ਝੂਠ ਬੋਲਣ ਨੂੰ ਚੂਹੜਾ, ਠੱਗੀ ਨੂੰ ਮੁਰਦਾਰ ਖਾਣਾ, ਪਰਾਈ ਨਿੰਦਿਆ ਨੂੰ ਪਰਾਈ ਮੈਲ ਵਿਚ ਮੂੰਹ ਪਾਉਣਾ ਤੇ ਕ੍ਰੋਧ (ਗੁੱਸੇ) ਨੂੰ ਅਗਨੀ ਤੁੱਲ ਸਾੜਣ ਵਾਲਾ ਚੰਡਾਲ ਦੱਸਿਆ ਹੈ ਤੇ ਜਗਤ ਨੂੰ ਇਨ੍ਹਾਂ ਵਿਚ, ਹੋਰ ਰਸਾਂ ਕਸਾਂ ਤੇ ਆਪਣੀ ਮਹਿਮਾ ਵਿਚ ਰੁੱਝਾ ਹੋਇਆ ਲਿਖਿਆ ਹੈ।

ਸੋਨਾ, ਚਾਂਦੀ, ਸੁੰਦਰਤਾ, ਖੁਸ਼ਬੋਆਂ, ਘੋੜੇ, ਸੇਜਾ, ਮਹਲ ਮਾੜੀਆਂ, ਮਾਸ, ਮਿਠਾਈਆਂ ਸਰੀਰ ਦੇ ਰਸ ਗਿਣੇ ਹਨ ਤੇ ਦੱਸਿਆ ਹੈ ਕਿ ਜੋ ਇਨ੍ਹਾਂ ਰਸਾਂ ਕਸਾਂ ਵਿਚ ਖਚਿਤ ਹੈ ਉਹਦੇ ਹਿਰਦੇ ਵਿਚ ਨਾਮ ਦਾ ਵਾਸਾ ਕਿਵੇਂ ਹੋਵੇ? ਭਾਵ ਨਹੀਂ ਹੁੰਦਾ।

ਫੇਰ ਦੱਸਦੇ ਹਨ ਕਿ ਫਿੱਕਾ ਬੋਲਣਾ ਖੁਆਰ ਹੋਣਾ ਹੈ, ਬੋਲਣਾ ਓਹ ਚਾਹੀਏ ਜੋ ਬੋਲਿਆ ਪਰਵਾਣ ਹੋਵੇ, ਜਿਸ ਬੋਲਣ ਨਾਲ ਵਾਹਿਗੁਰੂ ਦੀ ਦਰਗਾਹ ਵਿਚ ਇੱਜ਼ਤ ਮਿਲੇ। ਭਲੇ ਓਹ ਹਨ ਜੋ ਉਸ ਦਾਤੇ ਨੂੰ ਚੰਗੇ ਲਗਦੇ ਹਨ। ਉਸ ਦੀ ਦਰਗਾਹ ਵਿਚ ਉਤਮ ਕੰਮ ਕਰਨ ਵਾਲੇ ਹੀ ਉਤਮ ਗਿਣੇ ਜਾਂਦੇ ਹਨ, ਮੰਦੇ ਕੰਮ ਕਰਨ ਵਾਲੇ ਤਾਂ ਰੋਂਦੇ ਰਹਿ ਜਾਣਗੇ।

ਜਿਨ੍ਹਾਂ ਦੇ ਹਿਰਦੇ ਵਿਚ ਵਾਹਿਗੁਰੂ ਵੱਸ ਰਿਹਾ ਹੈ ਸੁੱਚੀ ਅਕਲ ਤੇ ਇੱਜ਼ਤ ਵਾਲੇ ਉਹੋ ਹੀ ਹਨ ਤੇ ਸੱਚਾ ਧਨ ਬੀ ਉਹਨਾਂ ਦੇ ਹੀ ਪੱਲੇ ਹੈ। ਉਹਨਾਂ ਦੀ ਮਹਿਮਾਂ ਹੋ ਨਹੀਂ ਸਕਦੀ ਤੇ ਉਹਨਾਂ ਤੋਂ ਛੁਟ ਹੋਰ ਕੋਈ ਚੰਗਾ ਹੋ ਨਹੀਂ ਸਕਦਾ, ਕਿਉਂਕਿ ਮਿਹਰ ਤੋਂ ਵਾਂਜੇ ਹੋਏ ਮਨਮੁਖ ਤਾਂ ਨਾਮ ਦਾਨ ਆਦਿ ਭਲੇ ਕੰਮਾਂ ਵਿਚ ਲਗਦੇ ਹੀ ਨਹੀਂ।

ਸਤਿਗੁਰ ਜੀ ਜਿਵੇਂ ਥਾਂ ਥਾਂ ਫਿਰਕੇ ਭਲੇ ਪੁਰਖਾਂ ਨੂੰ ਰਾਹੇ ਪਾਉਂਦੇ, ਸਤਿਨਾਮ ਦਾ ਉਪਦੇਸ਼ ਦੇ ਦੇ ਕੇ ਤਾਰਦੇ ਸੇ, ਓਸੇ ਤਰ੍ਹਾਂ ਮਾੜੇ ਲੋਕਾਂ ਵਿਚ ਬੀ ਜਾ ਕੇ ਉਹਨਾਂ ਨੂੰ ਮਾੜੇ ਕੰਮਾਂ ਤੋਂ ਰੋਕ ਕੇ, ਧਰਮ ਦੀ ਕਿਰਤ ਵਿਚ ਲਗਾ ਦੇਂਦੇ ਸਨ, ਇਉਂ ਜੋ ਜਗਤ ਨੂੰ ਦੁੱਖ ਦਿੱਤਾ ਕਰਦੇ ਸਨ ਉਹਨਾਂ ਨੂੰ ਸੁਖ ਦੇਣ ਵਾਲੇ ਬਣਾ ਦਿੰਦੇ ਸੇ; ਅਤੇ ਨੇਕੀ ਤੇ ਵਾਹਿਗੁਰੂ ਦੇ ਪਿਆਰ ਵਿਚ ਜਗਾ ਕੇ ਉਹਨਾਂ ਦਾ ਪਾਰ ਉਤਾਰਾ ਕਰ ਦਿੱਤਾ ਕਰਦੇ ਸਨ।

❖❖❖

# ਗੁਰ ਬਾਲਮ ਗੀਤ

## ੧. ਗੁਰ ਨਾਨਕ ਗੁਰ ਨਾਨਕ ਤੂੰ

ਇਸ ਗੀਤ ਦੇ ਗਾਉਣ ਦੇ ਸੁਰ ਤਾਲ-
ਰਾਗ ਭੈਰਵੀ। ਤਾਰ-੩। ਗਤ-ਤਲਵਾੜਾ। ਮਾਤ੍ਰਾ-੮।
ਲਯ-ਵਿਚਲੇ ਮੇਲ ਦੀ। ਆ ਦਾ ਘਰ-'ਅਲਬੇਲਾ ਤੂੰ' ਪਰ ਹੈ।

X X
ਸੁਰ ਖਾਸ-ਸਾ ਰੇ ਰੇ ਗਾ ਮਾ ਪਾ ਧਾ ਨੀ।

ਨਦੀ ਕਿਨਾਰੇ ਕੂਕ ਪੁਕਾਰਾ;
ਉੱਮਲ ਉੱਮਲ ਬਾਂਹ ਉਲਾਰਾਂ
'ਸਾਂਈਆਂ' 'ਸਾਂਈਆਂ' ਹਕਲਾਂ ਮਾਰਾਂ
ਤੂੰ ਸਾਜਨ ਅਲਬੇਲਾ ਤੂੰ !

'ਤਰ ਕੇ ਆਵਾਂ' ਜੋਰ ਨ ਬਾਹੀਂ,
ਸੂਕੇ ਨਦੀ ਕਾਂਗ ਭਰ ਆਹੀ,
'ਤੁਰ ਕੇ ਆਵਾਂ' ਰਾਹ ਨ ਕਾਈ,
ਸਾਜਨ ਸਖਾ ਸੁਹੇਲਾ ਤੂੰ !

# ੨. ਗੁਰ ਨਾਨਕ ਜੱਗ ਆਇਆ

੧. ਰਾਗ-ਸੁਹਣੀ। ਤਾਲ-੩। ਗਤ-ਨਾ ਧੀ ਧਿ ਨਾ। ਮਾਤ੍ਰਾ-੮।
ਲਯ-ਚਲਤ। 'ਆ' ਦਾ ਘਰ-'ਆਇਆ' ਪਰ ਹੈ।

X

ਸੁਰ ਖਾਸ ਸਾ ਰੇ ਗਾ ਮਾ ਪਾ ਧਾ ਨੀ।

੨. ਰਾਗ-ਪ੍ਰਭਾਤੀ ਬਿਭਾਸ। ਤਾਰ-੫। ਮਾਤ੍ਰਾ-੧੫।
ਲਯ-ਬੈਠਵੀਂ। 'ਆ' ਦਾ ਘਰ 'ਚੱਲੀਏ' ਪਰ।
ਸੁਰ ਖਾਸ-ਸਾ ਰੇ ਗਾ ਪਾ ਧਾ ਨੀ।

ਚਲੋ ਨੀ ਸਹੀਓ! ਉਠ ਵੇਖਣ ਚਲੀਏ,
ਅਜ ਗੁਰ ਨਾਨਕ ਆਇਆ।
ਸੁਹਣੇ ਨੇ ਅਜ ਧਰਤੀ ਉੱਤੇ
ਅਰਸ਼ੋਂ ਫੇਰਾ ਪਾਇਆ।
ਮੱਥੇ ਨੂਰ, ਮਿਹਰ ਨੈਣਾਂ ਵਿਚ,
ਹਸਦਾ ਹਸਦਾ ਆਇਆ।
ਰੱਬ ਖਜ਼ਾਨਿਓਂ ਬਖ਼ਸ਼ਿਸ਼ ਲੈਕੇ
ਡੁਲ੍ਹਦਾ ਡੁਲ੍ਹਦਾ ਆਇਆ।
ਆਹੋ ਨੀ ਅਜ ਸਤਿਗੁਰ ਨਾਨਕ

'ਨਾਮ' ਲੁਟਾਵਣ ਆਇਆ।
ਝੋਲੀਆਂ ਭਰਨ ਅਸਾਡੀਆਂ ਆਇਆ,
ਹਰਿ ਗੁਣ ਗਾਂਦਾ ਆਇਆ।
ਮਾਲਾ ਮਾਲ ਹੋਊ ਉਹ ਸੁਹਣਾ,
ਜਿਸ ਸਿਰ ਹੱਥ ਉਸ ਲਾਇਆ।
ਬਾਹਰ ਹੀ ਨਹੀਂ ਆਯਾ ਸੁਹਣਾ,
ਹਿਰਦੇ ਵਿਚ ਲੰਘ ਆਇਆ।
ਘਰ ਘਰ, ਦਰ ਦਰ, ਫਿਰ ਫਿਰ ਸੋਹਣੇ
ਦਿਲ ਦਿਲ ਭਾਗ ਲਗਾਇਆ।
ਚੁੱਭੀ ਮਾਰ ਦਿਲੇ ਵਿਚ ਵੇਖੋ,
ਬੈਠਾ ਕਿਵੇਂ ਸੁਹਾਇਆ।
ਭਾਗ ਜਗੇ ਅਜ ਸਭ ਦੇ ਸਹੀਓ!
ਗੁਰੂ ਨਾਨਕ ਜਗ ਆਇਆ।
ਠਰ ਜਾਓ ਹੁਣ ਦਰਸ਼ਨ ਕਰਕੇ,
ਚਰਨੀਂ ਜਾਓ ਸਮਾਇਆ।

❖❖❖

## ੩. ਗੁਰੂ ਨਾਨਕ ਦਾ ਥੀ

ਅਪਣਾ ਕੋਈ ਨਹੀਂ ਹੈ ਜੀ,
ਅਪਣਾ ਕੋਈ ਨਹੀਂ ਹੈ ਜੀ,
ਗੁਰ ਨਾਨਕ ਦਾ ਥੀ ਵੇ ਬੰਦਿਆ!
ਗੁਰ ਨਾਨਕ ਦਾ ਥੀ। ੧.

ਆਪਣੇ ਸੁਖ ਨੂੰ ਮਿਲਦੇ ਸਾਰੇ,
ਘੋਲੀ ਸਦਕੇ ਜਾਂਦੇ ਵਾਰੇ,
ਦੁੱਖ ਪਿਆਂ ਕੋਈ ਆਇ ਨ ਦ੍ਵਾਰੇ
ਸਭ ਛਡ ਭਜਦੇ ਬੁੱਢੇ ਵਾਰੇ,

ਅਪਣਾ ਕੋਈ ਨਹੀਂ ਹੈ ਜੀ,
ਅਪਣਾ ਕੋਈ ਨਹੀਂ ਹੈ ਜੀ,
ਗੁਰ ਨਾਨਕ ਦਾ ਥੀ ਵੇ ਬੰਦਿਆ!
ਗੁਰ ਨਾਨਕ ਦਾ ਥੀ। ੨.

ਦਰਦ ਰਞਾਣਿਆਂ ਦਾ ਉਹ ਮੇਲੀ,
ਬੁੱਢੇ ਠੇਰਿਆਂ ਦਾ ਉਹ ਬੇਲੀ,
ਪੁੱਕਰ ਪੈਂਦਾ ਔਖੇ ਵੇਲੀਂ,
ਖੇੜ ਦਏ ਜਿਉਂ ਫੁੱਲ ਚੰਬੇਲੀ,

ਗੁਰ ਨਾਨਕ ਦਾ ਥੀ, ਵੇ ਬੰਦਿਆ!
ਗੁਰ ਨਾਨਕ ਦਾ ਥੀ।
ਅਪਣਾ ਕੋਈ ਨਹੀਂ ਹੈ ਜੀ,
ਅਪਣਾ ਕੋਈ ਨਹੀਂ ਹੈ ਜੀ, ੩.

'ਧੰਨ ਗੁਰ ਨਾਨਕ' ਲੱਲ ਲਗਾਈਂ
'ਧੰਨ ਗੁਰ ਨਾਨਕ' ਦਈਂ ਦੁਹਾਈ,
'ਗੁਰ ਨਾਨਕ' 'ਗੁਰ ਨਾਨਕ' ਗਾਈਂ,
ਕਦੇ ਨ ਤੈਨੂੰ ਉਹ ਛਡ ਜਾਈ,
ਗੁਰੁ ਨਾਨਕ ਦਾ ਥੀ, ਵੇ ਬੰਦਿਆ!
ਗੁਰ ਨਾਨਕ ਦਾ ਥੀ। ੪.

❖❖❖

ਮਾਈ ਵਿਰਾਈ ਜੀ ਦਾ 'ਦੂਸਰੇ ਸਤਿਗੁਰ ਨਾਨਕ' ਜੀ ਦੇ

ਅਰਪਨ

# ੪. ਸ੍ਵਾਗਤ ਸੋਹਿਲਾ

ਜਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਗੁਰੂ ਜਜੋਤਿ ਸ੍ਰੀ ਗੁਰੂ ਅੰਗਦ ਦੇਵ ਜੀ ਵਿਚ ਵਸਾਕੇ ਤੇ ਗੁਰਗਾਦੀ ਤੇ ਬਿਰਾਜਮਾਨ ਕਰਾਕੇ ਆਪਣਾ ਹੂਬਹੂ ਦੂਸਰਾ ਰੂਪ ਸਥਾਪਨ ਕਰ ਦਿੱਤਾ ਤਦ ਉਹਨਾਂ ਨੂੰ ਆਗਜਾ ਕੀਤੀ:-

"ਪੁਰਖਾ ਜੀ ਤੁਸੀਂ ਖਡੂਰ ਜਾਇ ਕੇ ਰਹੋ। ਮਾਈ ਵਿਰਾਈ ਦੇ ਘਰ ਸਾਡੇ ਬੈਠਣ ਦੀ ਮੰਜੀ ਹੈ। ਉਸ ਪਰ ਜਾਇਕੇ ਤੁਮ ਬੈਠੋ। ਮੇਰਾ ਸਿੰਘਾਸਨ ਵਹਾਂ ਹੈ, ਤੁਮ ਉਥੇ ਜਾਇਕੇ ਬੈਠੋ।"

(ਮਹਿਮਾ ਪ੍ਰਕਾਸ਼ ਵਾਰਤਕ)

ਜਦ ਇਸ ਆਗਜਾਨੁਸਾਰ ਗੁਰੂ ਗਾਦੀ ਨੂੰ ਪ੍ਰਾਪਤ ਗੁਰੂ ਨਾਨਕ ਦਾ ਸਰੂਪ ਹੋਏ ਗੁਰੂ ਅੰਗਦ ਦੇਵ ਜੀ ਖਹਿਰਿਆਂ ਦੇ ਖਡੂਰ ਪਹੁੰਚੇ, ਤਦ ਮਾਈ ਵਿਰਾਈ ਨੇ ਸਾਖਜਾਤ ਉਹੀ ਗੁਰੂ ਨਾਨਕ ਲਖ ਕੇ ਸਿੰਘਾਸਣ ਤੇ ਬਿਠਾਇਆ। ਉਸ ਪਰਮ ਪਾਵਨ ਗੁਰੂ-ਭਗਤ ਮਾਈ ਦੇ ਹਿਰਦੇ ਉਸ ਵੇਲੇ ਦੇ ਪ੍ਰੇਮ ਭਾਵ ਅੱਗੇ ਦਿੱਤੇ ਗੀਤ ਵਿਚ ਅੰਕਿਤ ਕਰਨ ਦਾ ਪ੍ਰਜਤਨ ਹੈ:-

(ਰਾਗ-ਸਿੰਧੀ ਕਾਫੀ। (ਤਾਲ-ਤਲਵਾੜਾ।)

ਗੀਤ।

ਸਹੀਓ ਨੀ ਗੁਰ ਨਾਨਕ ਆਇਆ,
ਪੁਰਿ ਕਰਤਾਰੋਂ, ਖਹਿਰੀਂ ਆਇਆ।
ਲੋਕੀਂ ਆਖਣ 'ਅੰਗਦ' ਨਾਉਂ,
ਓਹੋ ਨੀ ਇਹ 'ਨਾਨਕ ਰਾਉ।'
ਓਹੋ ਰੂਪ ਉਹੋ ਹੈ ਰੰਗ
ਨਖ ਸ਼ਿਖ ਓਹੀ ਅੰਗੋ ਅੰਗ।
ਓਹੀ ਨਾਨਕ ਹੈ ਟੁਰ ਆਇਆ,
ਨਹੀਂ ਨੀ ਉਸ ਨੇ ਰੂਪ ਵਟਾਇਆ।
ਨਵੇਂ ਰੂਪ ਤੇ ਨਵੇਂ ਦਿਦਾਰੇ,
ਪਰ ਓਹੋ ਦੇ ਓਹੋ ਸਾਰੇ।
ਆਪੀ ਨੇ ਇਹ ਸਾਜਿਆ ਆਪ,
ਨਾਨਕ ਅਪਣਾ ਨਾਮ ਅਲਾਪ।
ਕਰ ਸਿਆਨ ਲੈ ਗੁਰੂ ਪਛਾਣ,
ਆਨ ਬਾਨ ਓਹੋ ਹੈ ਸ਼ਾਨ।
ਗੁਰ ਅੰਗਦ ਨਾਨਕ ਹਰਿ ਸੋਇ,
ਕਰਕੇ ਭਿੰਨ ਨ ਜਾਣੋ ਕੋਇ।

❖❖❖

# ੫. ਗੁਰ ਨਾਨਕ ਆਇਆ !

(ਰਾਗ-ਆਸਾ ਜੋਗ ਮਿਸ੍ਰਤ।) (ਝਾਲ-ਤਲਵਾੜਾ*।)

ਟੇਕ-ਸਹੀਓ ਨੀ! ਗੁਰ ਨਾਨਕ ਆਇਆ।
ਗੁਰੁ ਨਾਨਕ ਗੁਰੁ ਨਾਨਕ ਆਇਆ।
ਨਾਦ ਉਠਜੋ: 'ਗੁਰ ਨਾਨਕ ਆਯਾ'।
ਸ਼ਬਦ ਹੁਯੋ: 'ਗੁਰੁ ਨਾਨਕ ਆਇਆ'।੧.
ਮੁਸ਼ਕ ਉਠੇ ਮੇਰੇ ਬਨ ਤੇ ਬੇਲੇ,
ਖਿੜ ਪਏ ਬਾਗੀਂ ਫੁੱਲ ਰੰਗੀਲੇ।
ਸਭ ਨੇ ਅਨਹਤ ਰਾਗ ਅਲਾਯਾ:
'ਗੁਰੁ ਨਾਨਕ ਗੁਰ ਨਾਨਕ ਆਯਾ'।੨.

ਜਾਗ ਪਏ ਪੰਛੀ ਅਖ ਖੋਲ੍ਹਣ
ਗਾਵਣ ਗੀਤ ਰੰਗੀਲੇ ਬੋਲਣ:-
'ਦੇਖੋ: ਅਹੁ ਗੁਰੁ ਨਾਨਕ ਆਯਾ,
'ਗੁਰੁ ਨਾਨਕ ਗੁਰੁ ਨਾਨਕ ਆਯਾ'।੩.

ਤਪੀਆਂ ਜੁੱਗਾਂ ਦਿਆਂ ਅਖ ਖੋਲੀ
ਤਜਾਰਗੀ ਮੌਨ, ਬੋਲ ਪਏ ਬੋਲੀ:-
'ਅਹੁ ਤੱਕੋ ਗੁਰੁ ਨਾਨਕ ਆਯਾ,
'ਗੁਰੁ ਨਾਨਕ ਗੁਰੁ ਨਾਨਕ ਆਯਾ'।੪.

---

*ਰਾਤ ਗਾਣੇ ਲਈ ਇਹ ਗੀਤ ਸੋਰਠ, ਤਾਲ ਝਪ ਵਿਚ ਬੀ ਗਾਇਆ ਜਾ ਸਕਦਾ ਹੈ।

ਦੁਖੀਆਂ ਕੰਨੀ ਪਈ ਬਲੇਲ:-
ਦੁਖਾਂ ਨੂੰ ਜੋ ਕਰੇ ਦਬੇਲ
'ਉਹ ਗੁਰੂ ਨਾਨਕ ਨਾਨਕ ਆਯਾ,
'ਸੁੱਖ ਸਬੀਲੀ ਨਾਲ ਲਿਆਯਾ'।੫.

ਕੂਕ ਉਠੀ ਦੁਨੀਆਂ ਪਈ ਗਾਵੇ,
ਮਸਤ ਅਲਸਤੀ ਤਾਨਾਂ ਲਾਵੇ:-
'ਧੁੰਦ ਹਨੇਰੇ ਹੋਏ ਦੂਰ
ਫੈਲ ਗਿਆ ਹੈ ਨੂਰੋ ਨੂਰ
'ਸਹੀਓ ਨੀ ਗੁਰੂ ਨਾਨਕ ਆਯਾ
'ਗੁਰੂ ਨਾਲਕ ਗੁਰੂ ਨਾਨਕ ਆਯਾ'।੬.

ਮੇਰਾ ਮੇਰਾ ਮੇਰਾ ਅਪਨਾ,
ਕਿਸੇ ਨ ਓਪ੍ਰਾ ਸਭ ਦਾ ਅਪਨਾ,
ਉਹ ਗੁਰੂ ਨਾਨਕ ਨਾਨਕ ਆਯਾ
'ਸਹੀਓ ਨੀ ਗੁਰੂ ਨਾਨਕ ਆਯਾ।੭.

❖❖❖

# ੬. "ਦੁਹਾਈ ਹੈ"

ਰਾਗ-ਜ਼ਿਲਾ। ਤਾਲ-੩। ਗਤ-ਤਲਵਾੜਾ। ਮਾਤ੍ਰਾ-੮।
ਲਯ-ਵਿਚਲੇ ਮੇਲ ਦੀ। 'ਆ' ਦਾ ਘਰ-'ਦੁਹਾਈ ਮੈਂ' ਪਰ ਹੈ।

X X
ਸੁਰ ਖਾਸ-ਸਾ ਰੇ ਗਾ ਮਾ ਪਾ ਧਾ ਨੀ।

ਗੁਰੂ ਨਾਨਕ! ਗੁਰੂ ਨਾਨਕ!
ਦਿਆਂ ਤੇਰੀ ਦੁਹਾਈ ਮੈਂ,
ਲਿਹੋ ਦਾਤਾ! ਬਚਾਈ ਮੈਂ,
ਲਿਹੋ ਦਾਤਾ! ਬਚਾਈ ਮੈਂ।

ਲਗੇ ਹਨ ਚੋਰ ਮੈਂ ਪਿੱਛੇ,
ਨਹੀਂ ਹਨ ਛੱਡਦੇ ਖਹਿੜਾ,
ਲਿਹੋ ਦਾਤਾ! ਬਚਾਈ ਮੈਂ।
ਲਿਹੋ ਦਾਤਾ! ਬਚਾਈ ਮੈਂ।

ਕੋਈ ਸੁਣਦਾ ਦੁਹਾਈ ਨਾਂ,
ਕੋਈ ਫਰਿਆਦ ਨਾਂ ਸੁਣਦਾ,
ਗੁਨਹਗਾਰਾਂ ਦੀ ਤੂੰ ਸੁਣਦਾ,
ਤੇਰੀ ਹੀ ਇਹ ਖ਼ੁਦਾਈ ਹੈ।

ਲਗਾ ਪਹਿਰੇ ਮੇਰੇ ਦੁਆਲੇ
ਤੂੰ 'ਅਣਦਿਖ-ਫੌਜ' ਅਪਣੀ ਦੇ,
ਜਿਵੇਂ ਵੀ ਹੋ ਸਕੇ ਹੁਣ ਤਾਂ
ਲਓ ਮਾਲਕ ਬਚਾਈ ਮੈਂ।

ਬਿਨਾਂ ਤੇਰੇ ਇਕੱਲਾ ਹਾਂ,
ਇਕੱਲਿਆਂ ਚੋਰ ਆ ਪੈਂਦੇ,
ਤੇਰੇ ਨਾਂ ਤੋਂ ਡਰਨ ਸਾਰੇ
ਦੁਹਾਈ ਤਾਂ ਮਚਾਈ ਮੈਂ।

ਤੇਰੀ ਦੋਹੀ ਗੁਰੂ ਨਾਨਕ!
ਦੁਹਾਈ ਹੈ, ਦੁਹਾਈ ਹੈ,
ਕਿ ਸਦਕੇ ਬਿਰਦ ਆਪਣੇ ਦੇ
ਲਿਹੋ ਮਾਲਕ! ਬਚਾਈ ਮੈਂ।

ਕਰੋ ਰੱਖਜਾ, ਕਰੋ ਰੱਖਜਾ,
ਲਿਹੋ ਦਾਤਾ! ਬਚਾਈ ਮੈਂ,
ਕਿਸੇ ਪਜਾਰੇ ਦੇ ਸਿਰ ਸਦਕੇ
ਲਿਹੋ ਦਾਤਾ! ਬਚਾਈ ਮੈਂ।

ਤੇਰੇ ਦਰ ਤੇ ਗੁਰੂ ਨਾਨਕ!
ਹੈ ਮੁੜ ਮੁੜਕੇ ਦੁਹਾਈ ਇਹ:-
ਲਿਹੋ ਮਾਲਕ! ਬਚਾਈ ਮੈਂ!
ਲਿਹੋ ਦਾਤਾ! ਬਚਾਈ ਮੈਂ।

❖❖❖